# ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਨੂੰ ਯੋਗਦਾਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸਮਾਜਿਕ ਵਿਗਿਆਨਾਂ ਦੀ ਫ਼ੈਕਲਟੀ ਅਧੀਨ

ਪੀਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**


**ਨਿਗਰਾਨ**

ਡਾ. ਮਲਕਿੰਦਰ ਕੌਰ

ਪ੍ਰੋਫ਼ੈਸਰ

**ਖੋਜਾਰਥੀ**

ਸਰਬਵੀਰ ਸਿੰਘ



**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**


2019

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸਰਬਵੀਰ ਸਿੰਘ ਨੇ ਪ੍ਰਸਤੁਤ ਖੋਜ-ਪ੍ਰਬੰਧ '**ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਨੂੰ ਯੋਗਦਾਨ**' ਮੇਰੀ ਨਿਗਰਾਨੀ ਅਧੀਨ ਸੰਪੂਰਨ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਆਪਣੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈ ਇਸ ਖੋਜ-ਪ੍ਰਬੰਧ ਨੂੰ ਪੀਐਚ. ਡੀ. ਦੀ ਡਿਗਰੀ ਲਈ ਯੋਗ ਸਮਝਦੇ ਹੋਏ, ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਪ੍ਰਵਾਨਗੀ ਦਿੰਦੀ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

ਮਿਤੀ: 11/02/2019

ਨਿਗਰਾਨ

ਮਲਕਿੰਦਰ ਕੌਰ

ਡਾ. ਮਲਕਿੰਦਰ ਕੌਰ

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦਾ ਹਾਂ ਕਿ **'ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਨੂੰ ਯੋਗਦਾਨ'** ਵਿਸ਼ੇ 'ਤੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਜਿਸ ਵਿਚ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ, ਡਿਪਲੋਮਾ ਜਾਂ ਸਰਟੀਫ਼ਿਕੇਟ ਦਿੱਤਾ ਗਿਆ ਹੋਵੇ।

**ਖੋਜਾਰਥੀ**

ਸਰਬਵੀਰ ਸਿੰਘ

# ਧੰਨਵਾਦ

ਅਕਾਲ ਪੁਰਖ ਵਾਹਿਗੁਰੂ ਦਾ ਮੈਂ ਅਤਿ ਧੰਨਵਾਦੀ ਅਤੇ ਰਿਣੀ ਹਾਂ ਜਿਨ੍ਹਾਂ ਨੇ ਇਹ ਖੋਜ-ਕਾਰਜ ਕਰਨ ਲਈ ਮੌਕਾ ਅਤੇ ਬਲ ਬਖਸ਼ਿਆ। ਮੇਰੇ ਨਿਗਰਾਨ ਪ੍ਰੋ. ਮਲਕਿੰਦਰ ਕੌਰ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸ਼ੁਰੂਆਤ ਤੋਂ ਲੈ ਕੇ ਸੰਪੂਰਨਤਾ ਤਕ ਯੋਗ ਅਗਵਾਈ ਦੇ ਨਾਲ-ਨਾਲ ਹੌਂਸਲਾ ਵੀ ਦਿੱਤਾ ਅਤੇ ਕਦੇ ਡੋਲਣ ਨਹੀਂ ਦਿੱਤਾ। ਵਿਭਾਗ ਦੇ ਮੁਖੀ ਪ੍ਰੋ. ਸਰਬਜਿੰਦਰ ਸਿੰਘ ਜੀ ਨੇ ਵੀ ਸਮੇਂ-ਸਮੇਂ 'ਤੇ ਸਾਥ ਦਿੱਤਾ ਅਤੇ ਅਗਵਾਈ ਵੀ ਦਿੱਤੀ।

ਮੇਰੀ ਮਾਤਾ ਸਰਦਾਰਨੀ ਰਛਪਾਲ ਕੌਰ ਅਤੇ ਪਿਤਾ ਸਵ. ਸ. ਹਰਨੇਕ ਸਿੰਘ ਜੀ ਨੇ ਮੇਰੇ ਜੀਵਨ ਵਿਚ ਸ਼ੁਰੂ ਤੋਂ ਹੀ ਹੀ ਵਿਦਿਆ ਪ੍ਰਾਪਤੀ ਲਈ ਚਿਣਗ ਲਾਈ ਅਤੇ ਸਖ਼ਤ ਮਿਹਨਤ ਕਰਦਿਆਂ ਮੁਸ਼ਕਿਲ ਹਾਲਾਤਾਂ ਦੇ ਬਾਵਜੂਦ ਮੇਰੀ ਸਹਾਇਤਾ ਕੀਤੀ ਜਿਸ ਕਰਕੇ ਮੈਂ ਉਨ੍ਹਾਂ ਦਾ ਦੇਣਦਾਰ ਰਹਾਂਗਾ। ਮੇਰੀ ਬੇਟੀ ਰਵਨੀਤ ਕੌਰ ਦਾ ਮੈਂ ਹਮੇਸ਼ਾਂ ਕਰਜ਼ਦਾਰ ਹਾਂ ਜਿਸ ਨੇ ਮੇਰੇ ਤੋਂ ਜੁਦਾਈ ਸਹਿੰਦਿਆਂ ਹੋਇਆਂ ਇਸ ਖੋਜ-ਕਾਰਜ ਨੂੰ ਸੰਪੂਰਨ ਕਰਨ ਲਈ ਆਪਣੇ ਬਚਪਨ ਦਾ ਸਮਾਂ ਦਿੱਤਾ। ਮੇਰੀ ਪਤਨੀ ਡਾ. ਗੁਰਵਿੰਦਰ ਕੌਰ ਨੇ ਵੀ ਮੇਰਾ ਪੂਰਨ ਰੂਪ ਵਿਚ ਸਾਥ ਦਿੱਤਾ।

ਮੇਰੇ ਛੋਟੇ ਭਰਾ ਵਰਗੇ ਦੋਸਤ ਸ. ਬੇਅੰਤ ਸਿੰਘ ਨੇ ਹਰ ਮੁਸ਼ਕਿਲ ਸਮੇਂ ਮੇਰੇ ਨਾਲ ਖੜ੍ਹ ਕੇ ਸਹਾਇਤਾ ਕੀਤੀ। ਹੋਰ ਵੀ ਮੇਰੇ ਸਾਥੀਆਂ ਅਤੇ ਸੰਬੰਧਿਤ ਲਾਇਬਰੇਰੀ ਸਟਾਫ਼ ਦਾ ਧੰਨਵਾਦ ਜਿਨ੍ਹਾਂ ਨੇ ਮੇਰਾ ਸਾਥ ਦਿੱਤਾ।

**ਸਰਬਵੀਰ ਸਿੰਘ**

# ਤਤਕਰਾ


| | ਪੰਨੇ |
|---|---|
| ਭੂਮਿਕਾ | i-xiii |
| ਅਧਿਆਇ ਪਹਿਲਾ: | 1–52 |
| ਅਕਾਲੀ ਕੌਰ ਸਿੰਘ: ਸਮਕਾਲੀਨ ਪ੍ਰਸਥਿਤੀਆਂ | |
| ਅਧਿਆਇ ਦੂਜਾ: | 53–106 |
| ਅਕਾਲੀ ਕੌਰ ਸਿੰਘ: ਜੀਵਨ ਤੇ ਸ਼ਖ਼ਸੀਅਤ | |
| ਅਧਿਆਇ ਤੀਜਾ: | 107–170 |
| ਅਕਾਲੀ ਕੌਰ ਸਿੰਘ: ਸਿੱਖ ਸਾਹਿਤ ਦਾ ਸਮੀਖਿਆਤਮਕ ਅਧਿਐਨ | |
| ਅਧਿਆਇ ਚੌਥਾ: | 171–211 |
| ਅਕਾਲੀ ਕੌਰ ਸਿੰਘ: ਸਮੁੱਚਾ ਯੋਗਦਾਨ | |
| ਸਾਰ ਅਤੇ ਸਥਾਪਨਾਵਾਂ | 212–215 |
| ਪੁਸਤਕ ਸੂਚੀ | 216–224 |

# ਭੂਮਿਕਾ

ਅਕਾਦਮਿਕ ਖੇਤਰ ਵਿਚ ਬਹੁਤ ਸਾਰੀਆਂ ਸ਼ਖ਼ਸੀਅਤਾਂ ਸਮੇਂ-ਸਮੇਂ 'ਤੇ ਵਡਮੁੱਲੇ ਯਤਨਾਂ ਸਦਕਾ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਯੋਗਦਾਨ ਪਾਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਯੋਗਦਾਨ ਦਾ ਆਪਣਾ-ਆਪਣਾ ਵਿਸ਼ਾ ਅਤੇ ਖੇਤਰ ਰਿਹਾ ਹੈ। ਵਖ਼ਤ ਦੀ ਰਮਜ਼ ਨੂੰ ਭਾਂਪਦਿਆਂ ਵਿਸ਼ਵ-ਚਿੰਤਕਾਂ ਨੇ ਬਹੁਮੁੱਲਾ ਯੋਗਦਾਨ ਦੇ ਕੇ ਮਨੁੱਖਤਾ ਲਈ ਰਾਹ ਪੱਧਰਾ ਕੀਤਾ ਜਿਸ ਨਾਲ ਅਕਾਦਮਿਕ ਜਗਤ ਅੰਦਰ ਇਨ੍ਹਾਂ ਚਿੰਤਕਾਂ ਦਾ ਵੀ ਇਕ ਨਿਵੇਕਲਾ ਤੇ ਵਿਸ਼ੇਸ਼ ਸਥਾਨ ਕਾਇਮ ਹੋ ਸਕਿਆ ਹੈ। ਹਥਲੇ ਖੋਜ-ਪ੍ਰਬੰਧ ਦਾ ਵਿਸ਼ਾ **ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਨੂੰ ਯੋਗਦਾਨ** ਹੈ।

ਸਾਹਿਤ ਨਿਰੰਤਰਤਾ ਵਿਚ ਵਹਿਣ ਵਾਲਾ ਅਤੇ ਵਿਭਿੰਨਤਾ ਵਾਲਾ ਵਰਤਾਰਾ ਹੈ ਇਸੇ ਤਹਿਤ ਭਾਰਤੀ ਸਾਹਿਤ ਅਤੇ ਪੰਜਾਬੀ ਸਾਹਿਤ ਵਿਚ ਕਈ ਤਰ੍ਹਾਂ ਦੇ ਵੱਖ-ਵੱਖ ਉਤਰਾਅ-ਚੜ੍ਹਾਅ ਅਤੇ ਬਦਲਾਅ ਆਉਂਦੇ ਰਹਿੰਦੇ ਸੀ ਅਤੇ ਰਹਿੰਦੇ ਹਨ। ਖ਼ਾਲਸਾ ਰਾਜ ਦੇ ਖੁੱਸ ਜਾਣ ਤੋਂ ਬਾਅਦ ਪੰਜਾਬੀ ਸਾਹਿਤ ਵਿਚ ਭਾਰੀ ਪਰਿਵਰਤਨ ਆਇਆ। ਪੱਛਮੀ ਚਿੰਤਨ ਦੀ ਆਮਦ ਨੇ ਇਸ ਦੇ ਨਵੇਂ ਆਯਾਮ (Dimensions) ਪੈਦਾ ਕੀਤੇ। ਪੰਜਾਬੀ ਸਾਹਿਤ ਦੀ ਕਾਲ-ਵੰਡ ਮੁਤਾਬਕ 1850-1947 ਈ. ਦੇ ਸਮੇਂ ਨੂੰ 'ਸੰਕ੍ਰਾਂਤੀ-ਕਾਲ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਕਿਉਂਕਿ ਇਸ ਸਮੇਂ ਇਸ ਲਈ ਇਹ ਸੰਕ੍ਰਾਂਤੀ ਕਾਲ ਜੋ ਲਗਭਗ ਸੌ ਸਾਲ ਦਾ ਸਮਾਂ ਬਣਦਾ ਹੈ ਪੰਜਾਬੀ ਸਾਹਿਤ ਦੇ ਨਾਲ-ਨਾਲ ਸਿੱਖੀ ਅਤੇ ਸਿੱਖ-ਸਾਹਿਤ ਦਾ ਵੀ ਸੰਕ੍ਰਾਂਤੀ ਕਾਲ ਮੰਨਣਯੋਗ ਹੈ। ਕਿਉਂਕਿ ਸਿੱਖ ਸਾਹਿਤ ਨੇ ਇਸ ਸਮੇਂ ਅਮੀਰੀ ਹਾਸਲ ਕੀਤੀ। ਇਸ ਵਿਚ ਨਵੀਆਂ ਵਿਧੀਆਂ ਰਾਹੀਂ ਖੋਜ ਆਰੰਭ ਹੋਈ ਜਿਸ ਸਦਕਾ ਗੁਰਬਾਣੀ ਦੇ ਟੀਕੇ, ਵਿਆਕਰਣ, ਸਿੱਖ ਇਤਿਹਾਸ, ਸਿੱਖ ਸਿਧਾਂਤ ਤੇ ਸੰਸਥਾਵਾਂ ਦੀ ਵਿਗਿਆਨਕ ਢੰਗ ਨਾਲ ਵਿਆਖਿਆ ਦਾ ਆਰੰਭ ਹੋਇਆ। ਸਿੱਖ ਸਾਹਿਤ ਦੇ ਰਚਣ ਸੰਬੰਧੀ ਕਈ ਕਾਰਨ ਵੀ ਬਣੇ ਜਿਵੇਂ- ਸਿਖਾਂ ਦੀ ਮਰਦਮਸ਼ੁਮਾਰੀ ਵਿਚ ਲਗਾਤਾਰ ਗਿਰਾਵਟ ਆਉਣੀ, ਸਿੱਖਾਂ ਵਲੋਂ ਧਰਮ ਪਰਿਵਰਤਨ, ਸਿੱਖ ਮਰਯਾਦਾ ਵਿਚ ਕੁਰੀਤੀਆਂ ਦਾ ਦਾਖ਼ਲ ਹੋਣਾ, ਗੁਰਬਾਣੀ ਦੀ ਗ਼ੈਰ ਸਿਧਾਂਤਕ ਵਿਆਖਿਆ, ਸਿੱਖਾਂ ਦਾ ਇੱਜ਼ਤ-ਮਾਣ ਖੁੱਸਿਆ ਆਦਿ।

ਇਹ ਸਿੱਖਾਂ ਲਈ ਅਤਿਅੰਤ ਬਿਖੜਾ ਸਮਾਂ ਸੀ। ਇਸ ਸਮੇਂ ਸਿੱਖਾਂ ਕੋਲ ਨਾ ਰਾਜਨੀਤਿਕ ਸੱਤਾ, ਨਾ ਭਾਸ਼ਾ, ਨਾ ਸਾਹਿਤ ਅਤੇ ਨਾ ਸਭਿਆਚਾਰ ਆਪਣਾ ਸੀ। ਸਗੋਂ ਸਿੱਖ ਕੌਮ ਆਪਣੇ ਆਪ ਨੂੰ ਲੁੱਟੀ ਹੋਈ ਮਹਿਸੂਸ ਕਰ ਰਹੀ ਸੀ। ਉਹ ਕੁਝ ਅਜਿਹੇ ਆਗੂਆਂ ਦੀ ਭਾਲ ਵਿਚ ਸੀ ਜੋ ਕੌਮ ਨੂੰ ਨਵੀਂ ਦਿਸ਼ਾ ਦੇ ਸਕਣ ਅਤੇ ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾ ਸਕਣ। ਇਸੇ ਸਮੇਂ ਵਿਚ ਸਿੱਖ-ਜਗਤ ਵਿਚ ਬਹੁਤ ਸਾਰੀਆਂ ਸ਼ਖ਼ਸੀਅਤਾਂ ਅਤੇ ਚਿੰਤਕਾਂ ਦਾ ਜਨਮ ਹੋਇਆ ਜਿਨ੍ਹਾਂ ਵਿਚ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਰਣਧੀਰ ਸਿੰਘ, ਭਾਈ ਵੀਰ ਸਿੰਘ, ਗਿਆਨੀ ਨਾਹਰ ਸਿੰਘ ਗੁੱਜਰਵਾਲ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਮਾਸਟਰ ਤਾਰਾ ਸਿੰਘ ਆਦਿ ਦੇ ਨਾਂ ਵਰਣਨਯੋਗ ਹਨ। ਇਨ੍ਹਾਂ ਹੀ ਉੱਘੀਆਂ ਸ਼ਖ਼ਸੀਅਤਾਂ ਅਤੇ ਚਿੰਤਕਾਂ ਵਿਚ ਅਕਾਲੀ ਕੌਰ ਸਿੰਘ ਦਾ ਨਾਂ ਵੀ ਸ਼ਾਮਲ ਹੈ ਜੋ ਕਿ ਸਾਡੇ ਅਧਿਐਨ ਦਾ ਕੇਂਦਰ-ਬਿੰਦੂ ਹੈ।

ਅਕਾਲੀ ਕੌਰ ਸਿੰਘ ਜੀ ਸਾਧੂ ਬਿਰਤੀ ਦੇ ਮਾਲਕ, ਸਮਾਜ ਸੁਧਾਰਕ, ਪੰਥ ਹਿਤੈਸ਼ੀ, ਕਸ਼ਮੀਰੀ ਜਨਤਾ ਦਾ ਦਰਦ ਰਖਣ ਵਾਲੇ, ਦੇਸ਼-ਭਗਤ, ਦੂਰਦਰਸ਼ੀ ਸਾਹਿਤਕਾਰ, ਸੂਝਵਾਨ ਸੰਪਾਦਕ, ਉੱਜਲ-ਦੀਦਾਰੀ, ਕਥਨੀ-ਕਰਨੀ ਦੇ ਪੂਰੇ ਆਲਮ ਬਾਅਮਲ ਪ੍ਰਚਾਰਕ, ਗ੍ਰਹਿਸਤ ਵਿਚ ਉਦਾਸ ਰਹਿਣ ਵਾਲੇ ਰਾਜ ਜੋਗੀ ਜੋ ਦਿਲ ਦੇ ਮੀਰ ਸਨ ਅਤੇ ਪੀਰ ਕਰਕੇ ਸਤਿਕਾਰੇ ਜਾਂਦੇ ਸਨ। ਅਕਾਲੀ ਕੌਰ ਸਿੰਘ ਇਕ ਉਚ-ਮੰਡਲੀ ਆਤਮਾ ਸੀ ਅਤੇ ਉਨ੍ਹਾਂ ਦਾ ਚਿੰਤਨ ਵਿਸ਼ਵ-ਪੱਧਰੀ ਸੀ। ਸਿੱਖ ਅਕਾਦਮਿਕਤਾ ਵਿਚ ਸੰਕੇਤਕ ਸਾਹਿਤ (Reference Literature) ਪੈਦਾ ਕਰਨ ਵਿਚ ਉਨ੍ਹਾਂ ਦਾ ਨਾਂ ਸਿਰੜੀ ਅਤੇ ਮੁਢਲੇ ਵਿਦਵਾਨਾਂ ਵਿਚ ਗਿਣਿਆ ਜਾਂਦਾ ਹੈ। ਤੁਕ-ਤਤਕਰੇ ਨੂੰ ਤਿਆਰ ਕਰਨ ਲਈ ਲਗਾਤਾਰ 13 ਸਾਲ ਦੀ ਘਾਲਣਾ ਦਾ ਪ੍ਰਤੱਖ ਪ੍ਰਮਾਣ ਹੈ।

ਅਕਾਲੀ ਕੌਰ ਸਿੰਘ ਦਾ ਜਨਮ 16 ਹਾੜ੍ਹ 1943 ਬਿ. (1886 ਈ.) ਨੂੰ ਪਿੰਡ ਚਕਾਰ (ਮੁਜਫਰਾਬਾਦ, ਕਸ਼ਮੀਰ) ਵਿਚ ਹੋਇਆ। ਇਨ੍ਹਾਂ ਦੇ ਪਿਤਾ ਭਾਈ ਮਹਾਂ ਸਿੰਘ ਅਤੇ ਮਾਤਾ ਕਰਮ ਕੌਰ ਜੀ ਸਨ। ਅਕਾਲੀ ਜੀ ਦੇ ਖ਼ਾਨਦਾਨ ਦਾ ਪਿੱਛਾ ਤ੍ਰਿਲੋਕੀ ਨਾਥ ਬ੍ਰਾਹਮਣ ਨਾਲ ਜਾ ਜੁੜਦਾ ਹੈ ਜੋ ਕਸ਼ਮੀਰ ਤੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਏ ਬ੍ਰਾਹਮਣਾਂ ਦੇ ਟੋਲੇ ਵਿਚ ਸ਼ਾਮਿਲ ਸੀ।।

ਪਹਿਲਾਂ ਅਕਾਲੀ ਜੀ ਨੇ ਦੁਪੱਟਾ ਪਿੰਡ ਦੇ ਨਿਵਾਸੀ ਬਾਵਾ ਮਹਾਂ ਸਿੰਘ ਬੇਦੀ ਤੋਂ ਸਿੱਖ ਧਰਮ-ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਸੰਸਕ੍ਰਿਤ, ਬ੍ਰਜ ਆਦਿ ਭਾਰਤੀ ਭਾਸ਼ਾਵਾਂ ਪੜ੍ਹੀਆਂ। ਨਾਲ-ਨਾਲ ਇਹ ਵੈਦਗੀ ਵੀ ਸਿੱਖਦੇ ਰਹੇ। ਫਿਰ ਇਨ੍ਹਾਂ ਨੇ ਪਿਸ਼ਾਵਰ ਦੇ ਪ੍ਰਸਿੱਧ ਵਿਦਵਾਨ ਗਿਆਨੀ ਬਾਘ ਸਿੰਘ ਜੀ ਨੂੰ ਆਪਣਾ ਵਿਦਿਆ-ਗੁਰੂ ਧਾਰਨ ਕੀਤਾ। ਹੌਲੀ-ਹੌਲੀ ਅਕਾਲੀ ਜੀ ਨੇ ਗੁਰਦੁਆਰਿਆਂ ਵਿਚ ਲੈਕਚਰ ਦੇਣੇ ਸ਼ੁਰੂ ਕੀਤੇ ਅਤੇ ਸਿੱਖ ਧਰਮ ਵਿਰੋਧੀ ਆਰੀਆ ਸਮਾਜ ਦੇ ਪ੍ਰਚਾਰ ਨੂੰ ਸੰਵਾਦਾਂ ਅਤੇ ਗੋਸ਼ਟੀਆਂ ਨਾਲ ਚੁਣੌਤੀ ਦੇਣ ਵਿਚ ਸਫਲ ਹੋਏ। 1906 ਈ. ਵਿਚ ਇਨ੍ਹਾਂ ਨੇ ਹਜ਼ੂਰ ਸਾਹਿਬ ਵਿਖੇ ਜਾ ਕੇ ਅੰਮ੍ਰਿਤ ਛਕਿਆ ਅਤੇ ਪੂਰਨ ਸਿੰਘ ਤੋਂ 'ਕੌਰ ਸਿੰਘ' ਨਿਹੰਗ ਬਣੇ। ਫਿਰ ਹਿੰਦੁਸਤਾਨ ਸਮੇਤ ਵਿਦੇਸ਼ਾਂ ਵਿਚ ਜਾ ਕੇ ਵੀ ਸਿੱਖੀ ਪ੍ਰਚਾਰ ਦੇ ਦੌਰੇ ਕੀਤੇ। 1907 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁਕ-ਤਤਕਰੇ ਦਾ ਕਾਰਜ ਆਰੰਭ ਕੀਤਾ ਜੋ ਕਿ ਉਨ੍ਹਾਂ ਨੇ ਅਨੇਕਾਂ ਸਮਸਿਆਵਾਂ ਨੂੰ ਪਾਰ ਕਰਦਿਆਂ 1923 ਈ. ਵਿਚ 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' ਨਾਂ ਅਧੀਨ ਛਪਵਾਇਆ।

1920 ਈ. ਵਿਚ ਅਕਾਲੀ ਜੀ ਆਪਣੇ ਪਿੰਡ ਪਰਤੇ ਅਤੇ ਉਸ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ। 1928 ਈ. ਵਿਚ ਚਕਾਰ ਵਿਚ **'ਗੁਰੂ ਨਾਨਕ ਆਸ਼ਰਮ'** ਦੀ ਸਥਾਪਨਾ ਕਰਕੇ ਬੱਚਿਆਂ ਵਿਚ ਸਿੱਖੀ ਦਾ ਪ੍ਰਚਾਰ ਆਰੰਭ ਕੀਤਾ ਅਤੇ ਵਿਦਿਆ ਦੇ ਪ੍ਰਸਾਰ ਲਈ ਪਿੰਡਾਂ ਵਿਚ ਸਕੂਲ ਖੋਲ੍ਹਣ ਤੋਂ ਇਲਾਵਾ ਬੱਚਿਆਂ ਲਈ ਚਕਾਰ ਵਿਚ **ਬੋਰਡਿੰਗ ਹਾਊਸ** ਬਣਾਇਆ। ਉਥੋਂ ਹੀ ਇਨ੍ਹਾਂ ਨੇ **ਆਸ਼ਰਮ ਸਮਾਚਾਰ** ਨਾਂ ਦਾ ਇਕ ਸੂਚਨਾ ਪੱਤਰ ਵੀ ਛਾਪਣਾ ਸ਼ੁਰੂ ਕੀਤਾ ਅਤੇ ਬਾਅਦ ਵਿਚ ਉਸ ਦਾ ਨਾਂ ਬਦਲ ਕੇ **ਕਸ਼ਮੀਰ ਸਿੱਖ ਸਮਾਚਾਰ** ਰੱਖ ਦਿੱਤਾ ਗਿਆ।

1925 ਈ. ਵਿਚ ਸੈਨਾਪਤਿ ਰਚਿਤ 'ਸ੍ਰੀ ਗੁਰ ਸੋਭਾ' ਦਾ ਪਹਿਲੀ ਵਾਰ ਸੰਪਾਦਨ ਕੀਤਾ, ਇਸਤਰੀ ਸੁਧਾਰ ਲਈ 'ਇਸਤਰੀ ਸੰਕਟ ਮੋਚਨ' ਦੀ ਰਚਨਾ ਕੀਤੀ ਅਤੇ ਪ੍ਰਕਾਸ਼ਿਤ ਕਰਵਾਈ। 1929 ਈ. ਵਿਚ ਭਾਈ ਗੁਰਦਾਸ ਜੀ ਦੇ ਕਬਿਤ ਸਵਈਏ ਦਾ ਤੁਕ-ਤਤਕਰਾ ਤਿਆਰ ਕਰਕੇ ਪ੍ਰਕਾਸ਼ਿਤ ਕਰਵਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਵੀ ਵਡਮੁੱਲੀਆਂ ਰਚਨਾਵਾਂ ਦੀ ਸਿਰਜਣਾ ਕੀਤੀ। ਸਾਹਿਤ ਨੂੰ

ਸੰਭਾਲਣ ਦੀ ਉਨ੍ਹਾਂ ਦੀ ਰੁਚੀ ਉਨ੍ਹਾਂ ਨੂੰ ਆਪਣੇ ਵਡੇਰਿਆਂ ਪਾਸੋਂ ਹੀ ਵਿਰਸੇ ਵਿਚ ਮਿਲੀ ਸੀ। ਅਕਾਲੀ ਜੀ ਦੇ ਸਾਹਿਤ ਸੰਭਾਲ (preserve) ਦੇ ਕਾਰਜ ਨੂੰ ਵੀ ਅਸੀਂ ਸਾਹਿਤਕ ਯੋਗਦਾਨ ਵਿਚ ਹੀ ਸ਼ਾਮਲ ਕੀਤਾ ਹੈ। ਗੁਰੂ ਨਾਨਕ ਆਸ਼ਰਮ ਚਕਾਰ ਦੀ ਲਾਇਬਰੇਰੀ ਵਿਚ ਅਕਾਲੀ ਜੀ ਨੇ ਅਨਮੋਲ ਸਾਹਿਤ ਦੀ ਇਕ ਉਚ-ਪੱਧਰੀ ਅਤੇ ਭਾਰੀ ਖੇਪ ਸੰਭਾਲੀ ਹੋਈ ਸੀ। 1947 ਦੀ ਵੰਡ ਦੇ ਹਾਲਾਤਾਂ ਸਮੇਂ ਹੀ ‘ਗੁਰੂ ਨਾਨਕ ਆਸ਼ਰਮ’ ਚਕਾਰ ਦੀ ਇਮਾਰਤ ਅਤੇ ਲਾਇਬਰੇਰੀ ਨੂੰ ਕਬਾਇਲੀਆਂ ਵਲੋਂ ਆਤਸ਼ਗੀਰਾਂ ਰਾਹੀਂ ਸਵਾਹ ਕਰ ਦਿੱਤਾ ਗਿਆ। ਜਿਸ ਦਾ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ।

ਕਸ਼ਮੀਰ ਉਪਰ ਹੋਏ ਕਬਾਇਲੀ ਹਮਲੇ ਵੇਲੇ ਇਹ ਪੰਜਾਬ ਆ ਗਏ, ਪਤਿਤ ਹੋਇਆਂ ਨੂੰ ਮੁੜ ਗੁਰਸਿੱਖੀ ਵਿਚ ਲਿਆਂਦਾਂ ਅਤੇ ਦਿਨ-ਰਾਤ ਕਸ਼ਮੀਰੀ ਸ਼ਰਨਾਰਥੀਆਂ ਨੂੰ ਮੁੜ-ਵਸਾਉਣ ਦੇ ਕਾਰਜ ਵਿਚ ਲੱਗ ਗਏ। ਇਸ ਕਾਰਜ ਵਿਚ ਲੱਗਿਆਂ ਨੂੰ ਉਨ੍ਹਾਂ ਨੂੰ 28 ਨਵੰਬਰ 1952 ਈ. ਨੂੰ ਬਿਮਾਰੀ ਨੇ ਘੇਰ ਲਿਆ ਅਤੇ 23 ਜਨਵਰੀ 1953 ਈ. ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਿਹਾਂਤ ਹੋ ਗਿਆ। ਇਨ੍ਹਾਂ ਨੇ ਪ੍ਰਯੰਤ ਜੀਵਨ ਮਾਨਵਤਾ ਲਈ ਵਿਭਿੰਨ ਪ੍ਰਕਾਰ ਦਾ ਕੀਮਤੀ ਯੋਗਦਾਨ ਦਿੱਤਾ। ਅਕਾਲੀ ਜੀ ਦੇ ਜੀਵਨ ’ਚੋਂ ਉਭਰ ਕੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਉਹ ਪੰਥਕ ਸ਼ਖ਼ਸੀਅਤ ਸਨ। ਉਨ੍ਹਾਂ ਦਾ ਹਰ ਕਾਰਜ ਪੰਥ ਨੂੰ ਸਮਰਪਿਤ ਸੀ। ਆਪਣੇ ਨਿਜੀ ਜੀਵਨ ਲਈ ਘਰ ਜਾਂ ਡੇਰਾ ਤਕ ਕਾਇਮ ਨਹੀਂ ਕੀਤਾ ਸਗੋਂ ਗੁਰਦੁਆਰਿਆਂ ਨੂੰ ਹੀ ਆਪਣੀ ਕਰਮ-ਭੂਮੀ ਬਣਾਇਆ। ਸਿੱਖੀ ਨੂੰ ਬਲਵਾਨ ਕਰਨ ਹਿਤ ਅਨੇਕਾਂ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਅਕਾਦਮਿਕ ਕਾਰਜਾਂ ਵਿਚ ਵਧ-ਚੜ੍ਹ ਕੇ ਯੋਗਦਾਨ ਪਾਇਆ। ਉਹ ਸਾਰੀ ਉਮਰ ਨਿਸ਼ਕਾਮ ਅਤੇ ਬੇਲਾਗ ਹੋ ਕੇ ਵਿਚਰੇ। ਇਸ ਤੋਂ ਆਪ ਦੇ ਪੂਰਨ ਗੁਰਸਿੱਖ ਦੀ ਤਸਵੀਰ ਉਘੜਦੀ ਹੈ।

## ਪੂਰਵ ਕਾਰਜਾਂ ਦਾ ਸਰਵੇਖਣ

ਹਥਲੇ ਖੋਜ-ਪ੍ਰਬੰਧ ਤੋਂ ਪਹਿਲਾਂ ਇਸ ਵਿਸ਼ੇ ਪੁਰ ਕੋਈ ਵੀ ਉਪਾਧੀ-ਸਾਪੇਖ ਖੋਜ-ਕਾਰਜ ਨਹੀਂ ਹੋਇਆ। ਅਕਾਲੀ ਕੌਰ ਸਿੰਘ ਨਾਲ ਸੰਬੰਧਿਤ 2 ਜੀਵਨੀਆਂ, ਵਿਕਲੋਤ੍ਰੇ ਲੇਖ ਅਤੇ ਮੋਨੋਗ੍ਰਾਫ ਮਿਲਦੇ ਹਨ ਜਿਨ੍ਹਾਂ

ਵਿਚ ਅਕਾਲੀ ਜੀ ਨਾਲ ਸੰਬੰਧਿਤ ਕਾਫੀ ਸਮਗਰੀ ਤਾਂ ਮਿਲਦੀ ਸੀ ਪਰ ਉਨ੍ਹਾਂ ਦੇ ਸਾਹਿਤ ਦਾ ਹੋਰ ਅਧਿਐਨ ਕਰਨ ਦੀ ਲੋੜ ਸੀ। ਅਕਾਲੀ ਜੀ ਦੇ ਜੀਵਨ ਅਤੇ ਰਚਨਾਵਾਂ ਦੇ ਵਿਭਿੰਨ ਪੱਖਾਂ ਅਤੇ ਦ੍ਰਿਸ਼ਟੀਕੋਣਾਂ ਨਾਲ ਵਾਚਣ ਦੀ ਲੋੜ ਨੂੰ ਅਸੀਂ ਮਹਿਸੂਸ ਕੀਤਾ। ਉਨ੍ਹਾਂ ਦਾ ਵਿਸ਼ਲੇਸ਼ਣਾਤਮਕ ਮਹੱਤਵ ਉਜਾਗਰ ਕਰਨਾ ਬਹੁਤ ਜ਼ਰੂਰੀ ਸੀ। ਇਸ ਤੋਂ ਪਹਿਲਾਂ ਅਕਾਲੀ ਕੌਰ ਸਿੰਘ ਸੰਬੰਧੀ ਸੂਚਨਾਨੁਮਾ ਕਾਰਜ ਹੀ ਮਿਲਦੇ ਸਨ। ਸ. ਅਤਰ ਸਿੰਘ ਭਾਗਵੰਤ ਜੀ ਨੇ ਅਕਾਲੀ ਕੌਰ ਸਿੰਘ ਦਾ 'ਜੀਵਨ ਚਰਿਤ੍ਰ ਅਕਾਲੀ ਕੌਰ ਸਿੰਘ' ਦੋ ਵਾਰੀ ਲਿਖ ਕੇ ਪ੍ਰਕਾਸ਼ਤ ਕਰਵਾਇਆ, ਗਿ. ਖੇਮ ਸਿੰਘ ਚਕਾਰਵੀ ਦੁਆਰਾ ਵੀ 'ਜੀਵਨਾਵਲੀ ਅਕਾਲੀ ਕੌਰ ਸਿੰਘ ਨਿਹੰਗ' ਲਿਖ ਕੇ ਪ੍ਰਕਾਸ਼ਤ ਹੋਇਆ ਅਤੇ ਇਕ ਮੋਨੋਗ੍ਰਾਫ ਪ੍ਰੋ. ਹਿੰਮਤ ਸਿੰਘ ਦੁਆਰਾ ਲਿਖਿਆ ਗਿਆ ਸੀ। ਇਹ ਸਮਗਰੀ ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਯੋਗਦਾਨ ਨੂੰ ਸਮਝਣ ਲਈ ਸੂਚਨਾ ਮਾਤਰ ਸੀ। ਇਨ੍ਹਾਂ ਵਿਚ ਪੂਰਨ ਰੂਪ ਵਿਚ ਵਿਸ਼ਲੇਸ਼ਣ ਅਤੇ ਮੁਲੰਕਣ ਨਹੀਂ ਕੀਤਾ ਗਿਆ ਸੀ। ਪ੍ਰੋ. ਹਿੰਮਤ ਸਿੰਘ ਨੇ ਅਕਾਲੀ ਕੌਰ ਸਿੰਘ ਨਾਲ ਜੁੜੇ ਬਹੁਤ ਸਾਰੇ ਉਪ ਵਿਸ਼ੇ ਦਿੱਤੇ ਸਨ ਜੋ ਸਿਰਫ਼ ਟਿੱਪਣੀ ਮਾਤਰ ਹੀ ਸਨ। ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਲੋੜੀਂਦੇ ਇਨ੍ਹਾਂ ਉਪ ਵਿਸ਼ਿਆਂ ਨੂੰ ਵੀ ਖੋਲ੍ਹਣ ਦਾ ਕਾਰਜ ਕੀਤਾ ਹੈ ਅਤੇ ਵਿਭਿੰਨ ਦ੍ਰਿਸ਼ਟੀਕੋਣਾਂ ਨਾਲ ਅਕਾਲੀ ਕੌਰ ਸਿੰਘ ਦੀਆਂ ਰਚਨਾਵਾਂ ਅਤੇ ਸਮੁੱਚੇ ਯੋਗਦਾਨ ਦਾ ਅਧਿਐਨ ਅਤੇ ਪ੍ਰਸਤੁਤ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ। ਸੰਭਾਵਿਤ ਪਤ੍ਰਿਕਾਵਾਂ ਵਿਚੋਂ ਅਕਾਲੀ ਜੀ ਦੀਆਂ ਖਿਲਰੀਆਂ ਲਿਖਤਾਂ ਨੂੰ ਲੱਭਣ ਦਾ ਯਤਨ ਕੀਤਾ ਹੈ ਅਤੇ ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਜੋ ਪ੍ਰਾਪਤ ਨਹੀਂ ਸਨ ਉਨ੍ਹਾਂ ਦੀ ਭਾਲ ਕੀਤੀ ਹੈ। ਸਾਨੂੰ ਉਨ੍ਹਾਂ ਦੀਆਂ ਕੁਝ ਰਚਨਾਵਾਂ ਅਜਿਹੀਆਂ ਵੀ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਬਾਰੇ ਪਹਿਲਾਂ ਕਿਤੋਂ ਵੀ ਕੋਈ ਸੂਚਨਾ ਪ੍ਰਾਪਤ ਨਹੀਂ ਸੀ। ਉਨ੍ਹਾਂ ਦੁਆਰਾ ਵੱਖ-ਵੱਖ ਵਿਸ਼ਿਆਂ ਉਪਰ ਲੇਖਾਂ ਅਤੇ ਨਿਬੰਧਾਂ ਦੀ ਰਚਨਾ ਵੀ ਕੀਤੀ ਗਈ ਸੀ ਜਿਨ੍ਹਾਂ ਨੂੰ ਅਸੀਂ ਖੋਜ ਕੇ ਵਰਗੀਕ੍ਰਿਤ ਕੀਤਾ ਹੈ ਅਤੇ ਵੰਨਗੀ ਦੇ ਰੂਪ ਵਿਚ ਇਸ ਖੋਜ-ਪ੍ਰਬੰਧ ਵਿਚ ਵੀ ਦਰਸਾਇਆ ਹੈ। ਪੂਰੇ ਖੋਜ-ਕਾਰਜ ਵਿਚ ਅਕਾਲੀ ਕੌਰ ਸਿੰਘ ਦਾ ਨਾਂ ਵਾਰ-ਵਾਰ ਦੁਹਰਾਅ ਵਿਚ ਆਉਣ ਕਰਕੇ ਅਸੀਂ ਕਈ ਥਾਈਂ 'ਅਕਾਲੀ ਜੀ' ਪਦ ਵੀ ਵਰਤਿਆ ਹੈ। ਉਨ੍ਹਾਂ ਦੇ ਬਹੁਤ ਸਾਰੇ ਇੰਨ-ਬਿੰਨ ਬਿਆਨਾਂ (statements) ਆਦਿਕ ਨੂੰ ਅਸੀ Italic ਕਰ ਕੇ ਪੇਸ਼ ਕੀਤਾ ਹੈ।

## ਖੋਜ-ਵਿਧੀ

ਧਰਮ ਅਧਿਐਨ ਦੇ ਖੇਤਰ ਵਿਚ ਬਹੁਤ ਸਾਰੀਆਂ ਵਿਧੀਆਂ ਵਰਤੀਆਂ ਜਾਂਦੀਆਂ ਹਨ। ਸਾਡੇ ਵਿਸ਼ੇ ਦਾ ਅਧਿਐਨ ਖੇਤਰ ਬਹੁ-ਪ੍ਰਕਾਰੀ ਹੋਣ ਕਰਕੇ ਇਸ ਨੂੰ ਸਮਝਣ ਅਤੇ ਸਪਸ਼ਟ ਰੂਪ ਵਿਚ ਪ੍ਰਸਤੁਤ ਕਰਨ ਲਈ ਅੰਤਰ-ਅਨੁਸਾਸ਼ਨੀ ਵਿਧੀ ਦੀ ਵਰਤੋਂ ਕੀਤੀ ਹੈ।

## ਖੋਜ-ਕਾਰਜ ਦਾ ਘੇਰਾ

ਹਥਲੇ ਖੋਜ-ਕਾਰਜ ਨੂੰ ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਵਿਭਿੰਨ ਖੇਤਰੀ ਯੋਗਦਾਨ ਦੇ ਅਧਿਐਨ ਤਕ ਸੀਮਿਤ ਰੱਖਿਆ ਗਿਆ ਹੈ। ਇਸ ਵਿਚ ਅਸੀਂ ਅਕਾਲੀ ਜੀ ਦੇ ਜੀਵਨ ਅਤੇ ਸਾਹਿਤ ਦੇ ਬਹੁਮੁੱਲੇ ਯੋਗਦਾਨ ਦਾ ਅਧਿਐਨ ਕਰਨ ਲਈ ਲੋੜੀਂਦੇ ਵਿਭਿੰਨ ਦ੍ਰਿਸ਼ਟੀਕੋਣਾਂ ਦੀ ਸਹਾਇਤਾ ਲਈ ਹੈ।

## ਖੋਜ ਸਮਸਿਆਵਾਂ

ਸਾਡੇ ਖੋਜ-ਕਾਰਜ ਵਿਚ ਸਭ ਤੋਂ ਪਹਿਲਾਂ ਵੱਡੀ ਸਮਸਿਆ ਇਹ ਆਈ ਕਿ ਅਕਾਲੀ ਕੌਰ ਸਿੰਘ ਦੀ ਜਨਮ ਭੂਮੀ (ਪਿੰਡ ਪਧਰ ਚਕਾਰ, ਜ਼ਿਲ੍ਹਾ ਮੁਜ਼ਫਰਾਬਾਦ) ਭਾਰਤ ਦੀ 1947 ਦੀ ਵੰਡ ਸਮੇਂ ਪਾਕਿਸਤਾਨ ਦੇ ਕਬਜ਼ੇ ਹੇਠ ਆ ਗਈ ਜਿਸ ਕਰਕੇ ਅਸੀਂ ਉਸ ਧਰਤੀ ਉਪਰ ਆਪਣੀ ਪਹੁੰਚ ਨਹੀਂ ਬਣਾ ਸਕੇ ਜਿਥੇ ਅਕਾਲੀ ਕੌਰ ਸਿੰਘ ਨੇ ਆਪਣਾ ਜੀਵਨ ਸ਼ੁਰੂ ਕੀਤਾ। ਇਥੇ ਹੀ ਉਨ੍ਹਾਂ ਨੇ ਵਿਦਿਆ ਦਾ ਬਹੁਤ ਹੀ ਵੱਡਾ ਕੇਂਦਰ ਗੁਰੂ ਨਾਨਕ ਆਸ਼ਰਮ ਚਕਾਰ ਸਥਾਪਤ ਕੀਤਾ ਸੀ ਜਿਹੜਾ ਅਕਾਲੀ ਕੌਰ ਸਿੰਘ ਦੇ ਬਹੁਤ ਹੀ ਵਡਮੁੱਲੇ ਯੋਗਦਾਨ ਨੂੰ ਆਪਣੇ ਅੰਦਰ ਸਮੋਈ ਬੈਠਾ ਸੀ ਜੋ ਕਿ ਵੰਡ ਸਮੇਂ ਕਬਾਇਲੀਆਂ ਦੁਆਰਾ ਸਾੜਿਆ ਗਿਆ ਸੀ। ਇਸ ਵਿਚ ਅਕਾਲੀ ਜੀ ਦੇ ਜੀਵਨ ਤੋਂ ਇਲਾਵਾ ਸਿੱਖ ਸਾਹਿਤ ਦਾ ਬਹੁਤ ਹੀ ਅਮੀਰ ਭੰਡਾਰ ਸੀ ਜੋ ਪ੍ਰਾਪਤ ਨਹੀਂ ਹੋ ਸਕਿਆ। ਜੋ ਪ੍ਰਾਪਤ ਹੋਇਆ ਉਹ ਸਿਰਫ਼ ਸੂਚਨਾ ਮਾਤਰ ਸੀ।

ਅਕਾਲੀ ਕੌਰ ਸਿੰਘ ਦੇ ਬਹੁਤ ਸਾਰੇ ਹਥ-ਲਿਖਤ ਕਾਗਜ਼-ਪੱਤਰ ਸਨ ਜਿਨ੍ਹਾਂ ਵਿਚੋਂ ਸਾਨੂੰ ਕੁਝ ਕੁ ਪ੍ਰਾਪਤ ਹੋਏ ਪਰ ਕਾਫ਼ੀ ਯਤਨ ਕਰਨ ਪੁਰ ਵੀ ਸਾਰੇ ਪ੍ਰਾਪਤ ਨਹੀਂ ਹੋ ਸਕੇ। ਸਾਨੂੰ ਇਸ ਦਾ ਕਾਰਨ ਇਹ ਜਾਪਦਾ ਹੈ ਕਿ ਅਕਾਲੀ ਜੀ ਨੇ ਸਮੁੱਚਾ ਜੀਵਨ ਚਕ੍ਰਵਰਤੀ ਹੋ ਕੇ ਬਿਤਾਇਆ ਅਤੇ ਦੂਜਾ ਕਾਰਨ ਇਹ ਵੀ

ਸੰਭਾਵਿਤ ਹੈ ਕਿ ਉਨ੍ਹਾਂ ਦਾ ਆਪਣਾ ਨਿੱਜੀ ਕੁਟੰਬ ਨਹੀਂ ਸੀ ਜੋ ਪੂਰਨ ਸਨੇਹ ਨਾਲ ਉਨ੍ਹਾਂ ਦੀ ਮਿਹਨਤ ਨੂੰ ਸੰਭਾਲ ਸਕਦਾ। ਵਿਸ਼ੇ ਲਈ ਸਹਾਇਕ ਬਹੁਤ ਸਾਰੇ ਵਿਅਕਤੀ ਜਿਨ੍ਹਾਂ ਦੀਆਂ ਗਵਾਹੀਆਂ ਹਥਲਾ ਖੋਜ-ਕਾਰਜ ਹੋਰ ਵਧੇਰੇ ਪ੍ਰਮਾਣਿਕ ਹੋ ਸਕਦਾ ਸੀ, ਪਰ ਉਹ ਸਾਡੇ ਕੋਲੋਂ ਵਿਛੜ ਗਏ। ਅਕਾਲੀ ਕੌਰ ਸਿੰਘ ਦੇ ਪਰਿਵਾਰ ਜਾਂ ਸਮਕਾਲ ਦੇ ਜੋ ਮੈਂਬਰ ਸਾਨੂੰ ਮਿਲੇ ਉਨ੍ਹਾਂ ਤੋਂ ਅਸੀਂ ਕਾਫ਼ੀ ਜਾਣਕਾਰੀ ਪ੍ਰਾਪਤ ਕੀਤੀ ਜਿਹੜੀ ਕਿ ਸਾਡੇ ਖੋਜ-ਕਾਰਜ ਲਈ ਕਾਫ਼ੀ ਸਹਾਇਕ ਸਾਬਤ ਹੋਈ। ਉਪਰੋਕਤ ਬਹੁਤ ਸਾਰੀਆਂ ਸਮਸਿਆਵਾਂ ਹੋਣ ਦੇ ਬਾਵਜੂਦ ਵੀ ਅਸੀਂ ਆਪਣੇ ਖੋਜ-ਪ੍ਰਬੰਧ ਦੇ ਵਿਸ਼ੇ ਅਤੇ ਮਨੋਰਥ ਨੂੰ ਪੂਰਾ ਕਰਨ ਦਾ ਯਤਨ ਕੀਤਾ ਹੈ।

## ਅਧਿਆਇ ਵੰਡ

ਇਸ ਖੋਜ-ਪ੍ਰਬੰਧ ਦਾ ਮੁੱਖ ਮੰਤਵ ਅਕਾਲੀ ਕੌਰ ਸਿੰਘ ਦੇ ਬਹੁਮੁੱਲੇ ਯੋਗਦਾਨ ਨੂੰ ਇਕ ਜਗ੍ਹਾ ਪ੍ਰਸਤੁਤ ਕਰਨਾ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨ ਅਤੇ ਸ਼ਖ਼ਸੀਅਤ ਨੂੰ ਸਮੇਂ ਅਤੇ ਹਾਲਾਤਾਂ ਰਾਹੀਂ ਸਮਝ ਕੇ ਦ੍ਰਿਸ਼ਟੀਗੋਚਰ ਕਰਨਾ ਵੀ ਹੈ। ਇਸ ਮਨੋਰਥ ਲਈ ਅਸੀਂ ਆਪਣੇ ਖੋਜ-ਪ੍ਰਬੰਧ ਨੂੰ ਨਿਮਨਲਿਖਤ ਚਾਰ ਅਧਿਆਇਆਂ ਵਿਚ ਵੰਡ ਕੇ ਕਾਰਜ ਕੀਤਾ ਹੈ:-

ਪਹਿਲਾ ਅਧਿਆਇ **'ਅਕਾਲੀ ਕੌਰ ਸਿੰਘ: ਸਮਕਾਲੀਨ ਪ੍ਰਸਥਿਤੀਆਂ'** ਹੈ ਜਿਸ ਦਾ ਮਨੋਰਥ ਅਕਾਲੀ ਕੌਰ ਸਿੰਘ ਦੇ ਜੀਵਨ ਪ੍ਰਸੰਗ ਨੂੰ ਸਮਝਣਾ ਹੈ। ਅਕਾਲੀ ਕੌਰ ਸਿੰਘ ਦਾ ਜਨਮ ਇਕ ਅਜਿਹੇ ਸਮੇਂ ਵਿਚ ਹੋਇਆ ਜਿਹੜਾ ਕਿ ਸਿੱਖ ਕੌਮ ਲਈ ਬਿਖੜਾ ਅਤੇ ਚੁਣੌਤੀ ਭਰਪੂਰ ਸੀ। ਅਜਿਹੇ ਕਾਲ ਵਿਚ ਅਕਾਲੀ ਜੀ ਦੀ ਕਿਹੋ ਜਿਹੀ ਭੂਮਿਕਾ ਰਹੀ, ਇਹ ਸਮਝਣ ਤੋਂ ਪਹਿਲਾਂ ਉਸ ਸਮੇਂ ਨੂੰ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਸੀ। ਇਸ ਕਰਕੇ ਅਸੀਂ ਕਸ਼ਮੀਰ ਦੀ ਧਰਤੀ ਜਿਥੋਂ ਦੇ ਅਕਾਲੀ ਕੌਰ ਸਿੰਘ ਜੰਮਪਲ ਸਨ, ਉਥੇ ਸਿੱਖੀ ਉਗਮਣ ਦੀ ਪਿੱਠਭੂਮੀ (ਸੰਖੇਪ ਮਾਤਰ) ਅਤੇ ਅਕਾਲੀ ਜੀ ਦੇ ਸਮਕਾਲ ਦੇ ਹਾਲਾਤਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਕਸ਼ਮੀਰ ਦੇ ਧਾਰਮਿਕ, ਰਾਜਨੀਤਿਕ, ਵਿਦਿਅਕ ਆਦਿ ਪ੍ਰਬੰਧ ਅਤੇ ਸਿੱਖ ਜਥੇਬੰਦੀਆਂ ਅਤੇ ਸਰਗਰਮੀਆਂ ਦਾ ਸੰਖੇਪ ਵੇਰਵਾ ਇਸ ਅਧਿਆਇ ਦਾ ਹਿੱਸਾ ਬਣਾਇਆ ਗਿਆ ਹੈ। ਇਸ ਦੇ ਨਾਲ-ਨਾਲ ਪੰਜਾਬ ਦੇ ਹਾਲਾਤਾਂ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਹਾਲਾਤਾਂ ਦੀ ਲੋਅ ਵਿਚ ਰੱਖ ਕੇ ਅਕਾਲੀ ਜੀ ਦੀ ਸ਼ਖ਼ਸੀਅਤ ਅਤੇ ਯੋਗਦਾਨ ਨੂੰ ਦੇਖਣ ਅਤੇ ਸਮਝਣ ਦਾ ਯਤਨ ਕੀਤਾ ਹੈ। ਇਸ

ਅਧਿਆਇ ਦੇ ਘੇਰੇ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਸਮਕਾਲੀਨ ਹਾਲਾਤਾਂ ਨੂੰ ਸੂਚਨਾ ਮਾਤਰ ਹੀ ਪੇਸ਼ ਕੀਤਾ ਗਿਆ ਹੈ।

ਦੂਜਾ ਅਧਿਆਇ '**ਅਕਾਲੀ ਕੌਰ ਸਿੰਘ: ਜੀਵਨ ਤੇ ਸ਼ਖ਼ਸੀਅਤ**' ਹੈ। ਇਸ ਅਧਿਆਇ ਵਿਚ ਅਸੀਂ ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਦਾ ਵਰਣਨ ਕੀਤਾ ਹੈ ਜਿਸ ਵਿਚ ਅਸੀਂ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਬਾਰੇ ਵੀ ਜਾਣਿਆ ਹੈ। ਅਕਾਲੀ ਜੀ ਦੇ ਪੂਰਵਜ ਕਸ਼ਮੀਰੀ ਬ੍ਰਾਹਮਣ ਸਨ ਜੋ ਗੁਰੂ ਤੇਗ਼ ਬਹਾਦਰ ਜੀ ਕੋਲ ਫਰਿਆਦੀ ਬਣ ਕੇ ਆਏ ਸਨ। ਅਧਿਆਇ ਵਿਚ ਉਨ੍ਹਾਂ ਦੇ ਜਨਮ ਤੋਂ ਲੈ ਕੇ ਅਖ਼ੀਰਲੇ ਸਮੇਂ ਨੂੰ ਸੰਖੇਪ ਅਤੇ ਤਰਤੀਬਵਾਰ ਵਰਣਨ ਕੀਤਾ ਹੈ ਜਿਸ ਵਿਚ ਜਨਮ, ਵਿਦਿਆ, ਵਿਆਹ, ਵਿਆਹੁਤਾ ਜੀਵਨ ਤੋਂ ਤਿਆਗ, ਪ੍ਰਚਾਰਕ ਦੌਰੇ, ਕਸ਼ਮੀਰ ਵਾਪਸੀ, ਸਾਹਿਤਕ ਅਤੇ ਸਮਾਜਿਕ ਕਾਰਜ, 1947 ਦੀ ਵੰਡ ਵੇਲੇ ਉਜੜਿਆਂ ਲਈ ਸੇਵਾਵਾਂ ਅਤੇ ਅਖ਼ੀਰਲੇ ਸਮੇਂ ਦੇ ਹਾਲ ਵਰਣਨ ਕੀਤੇ ਗਏ ਹਨ।

ਅਧਿਆਇ ਦੇ ਦੂਜੇ ਹਿੱਸੇ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਦੇ ਮੁਖ ਪਹਿਲੂਆਂ ਨੂੰ ਛੂਹਿਆ ਗਿਆ ਹੈ। ਜਿਸ ਵਿਚ ਅਸੀਂ ਇਹ ਦੇਖਣ ਦਾ ਯਤਨ ਕੀਤਾ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਦੇ ਕਿਹੜੇ ਵਿਸ਼ੇਸ਼ ਗੁਣ ਸਨ ਜਿਹੜੇ ਹਰ ਵਿਅਕਤੀ ਨੂੰ ਅਕਰਸ਼ਿਤ ਕਰਦੇ ਸਨ। ਉਹ ਸੁਯੋਗ ਪ੍ਰਚਾਰਕ/ਬੁਲਾਰੇ, ਜਾਗ੍ਰਿਤ ਬਿਰਤੀ ਵਾਲੇ, ਸਿਆਸੀ ਸੂਝ ਰੱਖਣ ਵਾਲੇ, ਉੱਘੇ ਲੀਡਰਾਂ ਨਾਲ ਸੰਬੰਧ ਰੱਖਣ ਵਾਲੇ, ਪੰਥ ਪ੍ਰਤਿ ਸੁਹਿਰਦ, ਧਰਮ ਨਿਰਪੇਖ, ਸਮੇਂ ਅਤੇ ਬਚਨ ਦੇ ਪਾਬੰਦ, ਨਿਧੜਕ, ਸਹਿਣਸ਼ੀਲ, ਨਿਮਰਤਾ ਦੇ ਧਾਰਨੀ, ਕਲਮ ਦੇ ਧਨੀ ਅਤੇ ਪ੍ਰੋੜ੍ਹ ਵਿਆਖਿਆਕਾਰ ਆਦਿ ਭਰਪੂਰ ਗੁਣਾਂ ਵਾਲੇ ਸਨ। ਇਨ੍ਹਾਂ ਗੁਣਾਂ ਦੇ ਸਦਕਾ ਹੀ ਸਭ ਧਰਮਾਂ ਅਤੇ ਜਥੇਬੰਦੀਆਂ ਆਦਿ ਦੇ ਲੋਕ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਕੋਈ ਵੀ ਗੁਰਮਤਿ ਦਾ ਖਰੜਾ ਉਨ੍ਹਾਂ ਦੀ ਸਹੀ ਪਏ ਬਿਨਾਂ ਮਨਜ਼ੂਰ ਨਹੀਂ ਸੀ ਕੀਤਾ ਜਾਂਦਾ ਇਸ ਗੱਲ ਦਾ ਪ੍ਰਮਾਣ ਸਿੱਖ ਰਹਿਤ ਮਰਯਾਦਾ ਤਿਆਰ ਕਰਨ ਵਾਲੀ 25 ਮੈਂਬਰੀ ਕਮੇਟੀ ਵਿਚ ਉਨ੍ਹਾਂ ਦੀ ਸ਼ਮੂਲੀਅਤ ਹੋਣਾ ਹੈ। ਇਸ ਤਰ੍ਹਾਂ ਅਸੀਂ ਇਸ ਅਧਿਆਇ ਵਿਚ ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਦੇ ਪ੍ਰਮੁੱਖ ਪਹਿਲੂਆਂ ਉਪਰ ਵਿਚਾਰ ਚਰਚਾ ਕੀਤੀ ਹੈ।

ਤੀਜਾ ਅਧਿਆਇ **'ਅਕਾਲੀ ਕੌਰ ਸਿੰਘ: ਸਾਹਿਤਕ ਯੋਗਦਾਨ ਦਾ ਵਿਵਰਣਾਤਕ ਅਤੇ ਸਮੀਖਿਆਤਮਕ ਅਧਿਐਨ'** ਹੈ। ਇਸ ਅਧਿਆਇ ਵਿਚ ਅਸੀਂ ਉਨ੍ਹਾਂ ਦੇ ਸਾਹਿਤਕ ਖੇਤਰ ਵਿਚ ਪਾਏ ਯੋਗਦਾਨ ਉਪਰ ਹੀ ਕੇਂਦ੍ਰਿਤ ਰਹੇ ਹਾਂ। ਅਕਾਲੀ ਕੌਰ ਸਿੰਘ ਦੀ ਸਾਹਿਤਕ ਸਿਰਜਣਾ ਅਤਿ ਗਹਿਰ ਗੰਭੀਰ ਅਤੇ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਹੋਇਆਂ ਕੀਤੀ ਹੈ। ਇਹੀ ਸੁਲਝੇ ਹੋਏ ਚਿੰਤਕ ਦੀ ਨਿਸ਼ਾਨੀ ਵੀ ਹੈ। ਉਨ੍ਹਾਂ ਦੀ ਕਲਮ ਜੀਵਨ ਭਰ ਹੀ ਚਲਦੀ ਰਹੀ ਹੈ। ਅਕਾਲੀ ਕੌਰ ਸਿੰਘ ਦੇ ਚਿੰਤਨ ਦਾ ਘੇਰਾ ਬਹੁਤ ਹੀ ਵਿਸ਼ਾਲ ਸੀ ਜਿਸ ਵਿਚ ਅਸੀਂ ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਤੁਕ-ਤਤਕਰਾ ਵਾਰਾਂ ਤੇ ਕਬਿਤ ਸ੍ਵਯੇ ਭਾਈ ਗੁਰਦਾਸ ਨੂੰ ਸ਼ਾਮਲ ਕਰ ਸਕਦੇ ਹਾਂ। ਇਨ੍ਹਾਂ ਦੋਨਾਂ ਰਚਨਾਵਾਂ ਦਾ ਕਾਰਜ ਬਹੁਤ ਹੀ ਸਖ਼ਤ ਘਾਲਣਾ ਭਰਿਆ ਕਾਰਜ ਸੀ ਜਿਹੜਾ ਅਕਾਲੀ ਕੌਰ ਸਿੰਘ ਨੇ ਬੜੀ ਮੁਸ਼ੱਕਤ ਅਤੇ ਮੁਸ਼ਕਲ ਪ੍ਰਸਥਿਤੀਆਂ ਵਿਚ ਕੀਤਾ। ਗੁਰਮਤਿ ਦੀ ਪ੍ਰਮਾਣਿਕ ਅਤੇ ਸਹੀ ਵਿਆਖਿਆ ਲਈ ਇਨ੍ਹਾਂ ਦੋਨੋਂ ਰਚਨਾਵਾਂ ਦਾ ਨਿਰਮਾਣ ਕੀਤਾ ਗਿਆ ਸੀ ਕਿਉਂਕਿ ਗੁਰਮਤਿ ਦੀ ਵਿਆਖਿਆ ਮਨਘੜਤ ਹੋਣੀ ਸ਼ੁਰੂ ਹੋ ਗਈ ਸੀ ਅਤੇ ਪੰਥ ਵਿਰੋਧੀਆਂ ਵਲੋਂ ਵਿਚਾਰਕ ਹਮਲੇ ਕੀਤੇ ਜਾ ਰਹੇ ਸਨ।

ਅਕਾਲੀ ਕੌਰ ਸਿੰਘ ਦੀਆਂ ਲਗਭਗ 13 ਮੁੱਖ ਰਚਨਾਵਾਂ ਹਨ ਜੋ ਪ੍ਰਾਪਤ/ਸੂਚਨਾ/ਥਹੁ-ਪਤੇ ਵਾਲੀਆਂ ਹਨ। ਇਨ੍ਹਾਂ ਰਚਨਾਵਾਂ ਦਾ ਅਸੀਂ ਵਿਵਰਣਾਤਮਕ ਅਧਿਐਨ ਕਰਦਿਆਂ ਹੋਇਆਂ ਇਨ੍ਹਾਂ ਦੇ ਮਹੱਤਵ ਨੂੰ ਉਜਾਗਰ ਕਰਨ ਅਤੇ ਸਮਝਣ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਜਿਥੇ ਅਮੀਰ ਸਾਹਿਤ ਦੀ ਸਿਰਜਣਾ ਕੀਤੀ ਉਸ ਦੇ ਨਾਲ-ਨਾਲ ਪੂਰਵ ਪੈਦਾ ਕੀਤੇ ਹੋਏ ਸਾਹਿਤ ਦੀ ਸੰਭਾਲ ਦਾ ਉਪਰਾਲਾ ਵੀ ਕੀਤਾ। ਸਾਹਿਤ ਦੀ ਸੰਭਾਲ ਲਈ ਉਨ੍ਹਾਂ ਨੇ ਭਾਰੀਆਂ ਕੀਮਤਾਂ ਉਤਾਰ ਕੇ ਵੀ ਕਈ ਖਰੜਿਆਂ ਨੂੰ ਹਾਸਲ ਕੀਤਾ।

ਅਕਾਲੀ ਕੌਰ ਸਿੰਘ ਨੇ ਜਿਥੇ ਮਹਤਵਪੂਰਨ ਰਚਨਾਵਾਂ ਦਾ ਕਾਰਜ ਕੀਤਾ ਉਸ ਦੇ ਨਾਲ ਉਨ੍ਹਾਂ ਨੇ ਇਕ ਅਖ਼ਬਾਰ 'ਕਸ਼ਮੀਰ ਸਿੱਖ ਸਮਾਚਾਰ' ਅਪ੍ਰੈਲ, 1930 ਵਿਚ ਚਕਾਰ (ਕਸ਼ਮੀਰ) ਤੋਂ ਜਾਰੀ ਕੀਤਾ। ਕਸ਼ਮੀਰ ਵਿਚੋਂ ਨਿਕਲਣ ਵਾਲਾ ਇਹ ਪਹਿਲਾਂ ਪੰਜਾਬੀ ਅਖਬਾਰ ਸੀ। ਇਸ ਦੇ ਸੰਪਾਦਕ ਤੇ ਸੰਚਾਲਕ ਅਕਾਲੀ ਕੌਰ ਸਿੰਘ ਨਿਹੰਗ ਸਨ। ਅਖ਼ਬਾਰ ਦੇ ਆਰੰਭ ਸਮੇਂ ਕਸ਼ਮੀਰ ਵਿਚ ਕੋਈ ਗੁਰਮੁਖੀ ਛਾਪਾਖਾਨਾ ਨਹੀਂ ਸੀ ਇਸ ਲਈ ਪਹਿਲਾਂ ਇਹ "ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ" ਵਿਚੋਂ ਛਪਦਾ ਸੀ। ਫਿਰ ਥੋੜ੍ਹੇ ਸਮੇਂ

ਲਈ ਰਾਵਲਪਿੰਡੀ ਦੇ ਇਕ ਛਾਪੇਖਾਨੇ ਵਿਚ ਛਪਦਾ ਰਿਹਾ। ਆਖਰ ਸ੍ਰੀਨਗਰ ਵਿਚ ਬਰੋਕਾ ਪ੍ਰੈਸ ਵਾਲਿਆਂ ਨਾਲ ਫੈਸਲਾ ਕਰ ਕੇ ਇਹ ਪੱਤਰ ਉਥੋਂ ਛਪਵਾਉਣਾ ਸ਼ੁਰੂ ਕਰ ਦਿੱਤਾ ਗਿਆ।

ਚੌਥਾ ਅਧਿਆਇ **'ਅਕਾਲੀ ਕੌਰ ਸਿੰਘ: ਸਮੁੱਚਾ ਯੋਗਦਾਨ'** ਹੈ। ਇਸ ਅਧਿਆਇ ਵਿਚ ਅਸੀਂ ਅਕਾਲੀ ਜੀ ਦੀਆਂ ਸਾਹਿਤਕ ਰਚਨਾਵਾਂ ਤੋਂ ਇਲਾਵਾ ਜੋ ਯੋਗਦਾਨ ਵੱਖ-ਵੱਖ ਖੇਤਰਾਂ ਵਿਚ ਅਤੇ ਵਿਭਿੰਨ ਵਿਧਾਵਾਂ ਨਾਲ ਪਾਇਆ ਗਿਆ ਉਸ ਬਾਰੇ ਚਰਚਾ ਕੀਤੀ ਹੈ। ਇਸ ਅਧਿਆਇ ਨੂੰ ਅਸੀਂ ਮੁੱਖ ਰੂਪ ਵਿਚ ਪੰਜ ਭਾਗਾਂ ਵਿਚ ਵੰਡਿਆ ਹੈ:

1. ਧਾਰਮਿਕ ਯੋਗਦਾਨ
2. ਸਮਾਜਿਕ ਯੋਗਦਾਨ
3. ਰਾਜਨੀਤਿਕ ਯੋਗਦਾਨ
4. ਵਿਦਿਅਕ ਯੋਗਦਾਨ
5. ਫੁਟਕਲ

ਧਾਰਮਿਕ ਯੋਗਦਾਨ ਵਿਚ ਉਨ੍ਹਾਂ ਦੇ ਪ੍ਰਚਾਰਕ ਦੌਰੇ ਸ਼ਾਮਲ ਕੀਤੇ ਹਨ। ਹਜ਼ੂਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ਼ੁਰੂ ਕਰਕੇ ਉਨ੍ਹਾਂ ਨੇ ਲਗਭਗ ਪੂਰੇ ਹਿੰਦੁਸਤਾਨ ਅਤੇ ਵਿਦੇਸ਼ਾਂ ਤਕ ਵੀ ਗੁਰਮਤਿ ਪ੍ਰਚਾਰ ਵਿਚ ਆਪਣਾ ਕੀਮਤੀ ਯੋਗਦਾਨ ਦਿੱਤਾ। ਉਨ੍ਹਾਂ ਨੇ ਅੰਮ੍ਰਿਤ ਸੰਚਾਰ, ਗੁਰੂ ਡੰਮ੍ਹ ਨੂੰ ਕੱਢਣਾ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ, ਗੁਰਦੁਆਰਿਆਂ ਵਿਚੋਂ ਮਨਮਤਿ ਰੋਕਣਾ ਅਤੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣਾ, ਸਿੰਘ ਸਭਾ ਲਹਿਰ ਵਿਚ ਵਿਸ਼ੇਸ਼ ਭਾਗੀਦਾਰੀ ਆਦਿ ਸੇਵਾਵਾਂ ਨਿਭਾ ਕੇ ਸਿੱਖ ਪੰਥ ਲਈ ਕਾਰਜ ਕੀਤੇ। ਉਨ੍ਹਾਂ ਨੇ ਸਿੱਖ ਰਹਿਤ ਮਰਯਾਦਾ ਤਿਆਰ ਕਰਨ ਵਿਚ ਵੀ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ।

ਸਮਾਜਿਕ ਯੋਗਦਾਨ ਵਿਚ ਦੱਸਿਆ ਗਿਆ ਹੈ ਕਿ ਅਕਾਲੀ ਜੀ ਨੇ ਪਾਕਿਸਤਾਨ ਵਿਚ ਰਹਿ ਚੁੱਕੀਆਂ ਅਬਲਾ ਇਸਤਰੀਆਂ ਨੂੰ ਛੁਡਾਇਆ, ਬੱਚਿਆਂ ਨੂੰ ਯਤੀਮ ਖਾਨਿਆਂ ਵਿਚ ਪਹੁੰਚਾਇਆ, ਸ਼ਰਨਾਰਥੀ ਕੈਂਪਾਂ ਵਿਚ ਪ੍ਰਬੰਧ ਕੀਤੇ ਅਤੇ ਉਨ੍ਹਾਂ ਲਈ ਰੁਜ਼ਗਾਰ ਆਦਿ ਦੇ ਪੁਖ਼ਤਾ ਪ੍ਰਬੰਧ ਕੀਤੇ। 1947 ਦੇ ਪੀੜਤਾਂ ਲਈ ਉਨ੍ਹਾਂ ਨੇ ਵਿਸ਼ੇਸ਼ ਪ੍ਰਬੰਧ ਕੀਤੇ ਜਿਸ ਵਿਚ ਉਨ੍ਹਾਂ ਨੇ 'ਸਿੱਖ ਪੀੜਤ ਪ੍ਰਵਾਰ ਸਹਾਇਕ ਕਮੇਟੀ'

ਬਣਾਈ ਅਤੇ ਉਨ੍ਹਾਂ ਨੇ ਆਪਣੀ ਸੇਵਾ ਪੂਰੀ ਤਨ-ਦੇਹੀ ਨਾਲ ਕੀਤੀ। ਕੁਰਖੇਤਰ ਦਾ ਕੈਂਪ ਪਟਿਆਲੇ ਲਿਆਉਣ ਲਈ ਉਨ੍ਹਾਂ ਨੇ ਉਚ ਅਧਿਕਾਰੀਆਂ ਕੋਲ ਸਾਈਕਲ ਉਪਰ ਹੀ ਚੱਕਰ ਕੱਟ-ਕੱਟ ਕੇ ਬੜੀ ਮਿਹਨਤ ਕੀਤੀ ਅਤੇ ਆਖਰ ਇਹ ਕੈਂਪ ਪਟਿਆਲਾ ਰਿਆਸਤ ਦੇ ਸੰਗਰੂਰ ਸ਼ਹਿਰ ਵਿਚ ਤਬਦੀਲ ਕਰਵਾ ਕੇ ਦਮ ਲਿਆ। 1947 ਦੇ ਬਟਵਾਰੇ ਵਿਚ ਜੋ ਉਜੜ ਗਏ ਸਨ ਅਤੇ ਮਰ ਗਏ ਸਨ ਉਨ੍ਹਾਂ ਦੇ ਰਿਕਾਰਡ ਦੀ ਸੰਭਾਲ ਕੀਤੀ। ਅਮਾਨ ਉਲਾ ਮੂਵਮੈਂਟ ਜੋ ਕਾਬਲ ਵਿਖੇ ਚਲੀ ਸੀ ਉਥੋਂ ਦੇ ਸਤਾਏ ਅਤੇ ਉਜੜੇ ਹੋਇਆਂ ਦਾ ਪ੍ਰਬੰਧ ਅਕਾਲੀ ਕੌਰ ਸਿੰਘ ਨੇ ਕਰਵਾਇਆ।

ਨਸ਼ਿਆਂ ਨੂੰ ਸਮਾਜ ਵਿਚੋਂ ਰੋਕਣ ਲਈ ਉਨ੍ਹਾਂ 'ਅਮਲ (ਨਸ਼ੇ) ਪ੍ਰਹਾਰੀ ਤੇ ਅੰਮ੍ਰਿਤ ਪ੍ਰਚਾਰੀ' ਜਥਾ ਕਾਇਮ ਕੀਤਾ ਜੋ ਮਾਲਵਾ ਖੇਤਰ ਵਿਚ ਕਾਰਜ ਕਰਦਾ ਸੀ। ਉਨ੍ਹਾਂ ਨੇ ਸ੍ਰੀ ਹਜ਼ੂਰ ਸਾਹਿਬ ਭੰਗ ਦਾ ਭੋਗ ਲਵਾਉਣ ਦੀ ਰਸਮ ਨੂੰ ਵੀ ਖਤਮ ਕਰਵਾਇਆ।

ਰਾਜਨੀਤਿਕ ਯੋਗਦਾਨ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਕਾਲੀ ਕੌਰ ਸਿੰਘ ਨੇ ਕਸ਼ਮੀਰੀ ਸਿੱਖਾਂ ਵਿਚ ਰਾਜਨੀਤਿਕ ਚੇਤਨਤਾ ਪੈਦਾ ਕੀਤੀ। ਅਕਾਲੀ ਜੀ ਨੇ ਸਮੇਂ-ਸਮੇਂ 'ਤੇ ਚੱਲੀਆਂ ਲਹਿਰਾਂ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਯੋਗਦਾਨ ਦੇ ਕੇ ਸੁਲਝੇ ਹੋਏ ਨੇਤਾ ਵਾਲੀ ਭੂਮਿਕਾ ਵੀ ਨਿਭਾਈ।

ਵਿਦਿਅਕ ਯੋਗਦਾਨ ਵਿਚ 'ਗੁਰੂ ਨਾਨਕ ਆਸ਼ਰਮ ਚਕਾਰ' ਤਿਆਰ ਕਰਨਾ ਹੀ ਆਪਣੇ ਆਪ ਵਿਚ ਇਕ ਮਿਸਾਲ ਹੈ। ਇਸ ਆਸ਼ਰਮ ਨੂੰ ਤਿਆਰ ਕਰਨ ਦਾ ਸੁਪਨਾ ਬਹੁਤ ਹੀ ਵਿਸ਼ਾਲ ਦ੍ਰਿਸ਼ਟੀ ਭਰਪੂਰ ਸੀ। ਲੜਕੀਆਂ ਦੀ ਵਿਦਿਆ ਦੀ ਕਮੀ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਮਿਤੀ ੭ ਭਾਦਰੋਂ ੨੦੦੦ ਨੂੰ 'ਪੰਜਾਬੀ ਗਰਲ ਮਿਡਲ ਸਕੂਲ' ਜਾਰੀ ਕਰਵਾਇਆ। ਇਸ ਦੇ ਨਾਲ-ਨਾਲ ਉਹ ਮੁਸਲਿਮ ਬੋਰਡਰਜ਼ ਦਾ ਵੀ ਖਿਆਲ ਰੱਖਦੇ ਸਨ ਅਤੇ ਉਨ੍ਹਾਂ ਦੇ ਚੰਗੇ ਪ੍ਰਬੰਧਾਂ ਲਈ ਵੀ ਯਤਨਸ਼ੀਲ ਸਨ। ਗੁਰੂ ਨਾਨਕ ਆਸ਼ਰਮ ਵਿਚ ਪੜ੍ਹੇ ਹੋਏ ਵਿਦਿਆਰਥੀਆਂ ਨੇ ਚੰਗੀ ਤਾਲੀਮ ਪ੍ਰਾਪਤ ਕਰ ਕੇ ਉਚ ਪਦਵੀਆਂ ਹਾਸਲ ਕੀਤੀਆਂ। ਅਕਾਲੀ ਕੌਰ ਸਿੰਘ ਦਾ ਉਚ ਦਰਜੇ ਦੀਆਂ ਲਾਇਬ੍ਰੇਰੀਆਂ ਬਣਾਉਣ ਦਾ ਪ੍ਰੋਗਰਾਮ ਵੀ ਸੀ ਅਤੇ ਉਨ੍ਹਾਂ ਨੇ ਚਕਾਰ ਵਿਚ ਬਹੁਤ ਹੀ ਅਮੀਰ ਲਾਇਬਰੇਰੀ ਵੀ ਤਿਆਰ ਕੀਤੀ ਹੋਈ ਸੀ।

ਇਸ ਖੋਜ-ਕਾਰਜ ਦੌਰਾਨ ਮੇਰਾ ਨਿਜੀ ਤਜਰਬਾ ਇਹ ਰਿਹਾ ਕਿ ਮੈਨੂੰ ਰੂਹਾਨੀਅਤ ਨਾਲ ਲਬਰੇਜ਼ ਅਤੇ ਪਰਉਪਕਾਰੀ ਆਤਮਾ ਅਕਾਲੀ ਕੌਰ ਸਿੰਘ ਨਿਹੰਗ ਜੀ ਦੇ ਜੀਵਨ ਨੂੰ ਬਹੁਤ ਹੀ ਨਜ਼ਦੀਕ ਤੋਂ ਵਾਚਣ ਦਾ ਮੌਕਾ ਮਿਲਿਆ ਜਿਸ ਨਾਲ ਮੈਨੂੰ ਮੇਰੀਆਂ ਅਣਗਿਣਤ ਊਣਤਾਈਆਂ ਦਾ ਅਹਿਸਾਸ ਹੋਇਆ। ਅਕਾਲੀ ਜੀ ਦਾ ਜੀਵਨ ਦਰਸ਼ਨ ਮੇਰੇ ਲਈ ਬਹੁਤ ਹੀ ਲਾਭਕਾਰੀ ਹੋਵੇਗਾ।

ਮੈਂ ਆਪਣੇ ਖੋਜ-ਪ੍ਰਬੰਧ ਦੀਆਂ ਅਨੇਕਾਂ ਸੀਮਾਵਾਂ ਤੋਂ ਪੂਰਨ ਤੋਰ 'ਤੇ ਸੁਚੇਤ ਹਾਂ। ਹਥਲੇ ਖੋਜ-ਕਾਰਜ ਦੀ ਪ੍ਰਿਵਿਰਤੀ ਅਨੁਸਾਰ ਇਹ ਬਹੁਤ ਹੀ ਉਲਝਿਆ ਅਤੇ ਪਸਰਿਆ ਹੋਇਆ ਵਿਸ਼ਾ ਹੈ ਜਿਸ ਕਰਕੇ ਇਸ ਦੇ ਸਾਰੇ ਪਹਿਲੂਆਂ ਨੂੰ ਵਿਚਾਰਨਾ ਸੰਭਵ ਨਹੀਂ। ਇਸ ਵਿਚ ਘਾਟਾਂ ਰਹਿਣੀਆਂ ਵੀ ਸੁਭਾਵਿਕ ਹਨ। ਫਿਰ ਵੀ ਉਮੀਦ ਹੈ ਕਿ ਇਹ ਖੋਜ-ਕਾਰਜ ਅਕਾਦਮਿਕਤਾ ਦਾ ਖੇਤਰ ਵਿਚ ਤਿਲਮਾਤਰ ਯੋਗਦਾਨ ਯੋਗਦਾਨ ਜ਼ਰੂਰ ਪਾਵੇਗਾ। ਅੰਤ ਵਿਚ ਹਲੀਮੀ ਸਹਿਤ ਇਹ ਖੋਜ-ਕਾਰਜ ਵਿਦਵਾਨਾਂ ਦੇ ਨਿਰੀਖਣ ਹਿਤ ਪੇਸ਼ ਕਰਦਾ ਹਾਂ।

# ਅਧਿਆਇ ਪਹਿਲਾ

## ਅਕਾਲੀ ਕੌਰ ਸਿੰਘ: ਸਮਕਾਲੀਨ ਪ੍ਰਸਥਿਤੀਆਂ

ਪੰਜਾਬੀ ਸਾਹਿਤ ਦੀ ਕਾਲ ਵੰਡ ਮੁਤਾਬਕ 1850-1947 ਦੇ ਸਮੇਂ ਨੂੰ ਸੰਕ੍ਰਾਂਤੀ ਕਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਕਾਲ ਸਿੱਖ ਜਗਤ ਵਿਚ ਬਹੁਤ ਸਾਰੀਆਂ ਤਬਦੀਲੀਆਂ ਅਤੇ ਸਰਗਰਮੀਆਂ ਭਰਿਆ ਸੀ। ਇਸ ਕਰਕੇ ਇਹ ਪੰਜਾਬੀ ਸਾਹਿਤ ਦੇ ਨਾਲ-ਨਾਲ ਸਿੱਖਾਂ ਦਾ ਵੀ ਸੰਕ੍ਰਾਂਤੀ ਕਾਲ ਮੰਨਿਆ ਜਾ ਸਕਦਾ ਹੈ। ਸਿੱਖਾਂ ਦੇ ਗ਼ੁਲਾਮ ਹੋਣ ਦੇ ਨਾਲ ਹੀ ਸਿੱਖਾਂ ਦੀ ਗਿਣਤੀ ਵਿਚ ਜ਼ੋਰਦਾਰ ਗਿਰਾਵਟ ਆਈ ਜੋ ਕਿ ਚਿੰਤਾ ਦਾ ਵਿਸ਼ਾ ਬਣੀ। ਅਜਿਹੇ ਮੁਸ਼ਕਲ ਸਮੇਂ ਵਿਚ ਬਹੁਤ ਸਾਰੀਆਂ ਪੰਥ-ਦਰਦੀ ਵਿਦਵਾਨ ਸ਼ਖ਼ਸੀਅਤਾਂ ਦਾ ਆਗਮਨ ਹੋਇਆ ਜਿਨ੍ਹਾਂ ਵਿਚ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਸਰ ਸੁੰਦਰ ਸਿੰਘ ਮਜੀਠੀਆ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਰਣਧੀਰ ਸਿੰਘ, ਗਿ. ਕਰਤਾਰ ਸਿੰਘ ਕੋਮਲ ਆਦਿ। ਇਸੇ ਹੀ ਕੜੀ ਵਿਚ ਕਸ਼ਮੀਰ ਦੀ ਧਰਤੀ ’ਤੇ ਪੈਦਾ ਹੋਏ ਅਕਾਲੀ ਕੌਰ ਸਿੰਘ ਸਨ ਜਿਨ੍ਹਾਂ ਨੇ ਸਿੱਖ ਪੰਥ ਲਈ ਅਨਿਕ ਭਾਂਤੀ ਯੋਗਦਾਨ ਦੇ ਕੇ ਆਪਣਾ ਨਿਵੇਕਲਾ ਸਥਾਨ ਸਥਾਪਤ ਕੀਤਾ। ਉਨ੍ਹਾਂ ਦੇ ਜੀਵਨ ਅਤੇ ਯੋਗਦਾਨ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਪਹਿਲਾਂ ਇਹ ਜਾਣ ਲਿਆ ਜਾਵੇ ਕਿ ਉਹ ਕਿਹੜੇ ਸਮੇਂ, ਸਥਾਨ ਤੇ ਪ੍ਰਸਥਿਤੀਆਂ ਵਿਚ ਵਿਚਰੇ। ਇਸ ਲਈ ਅਸੀਂ ਪਹਿਲੇ ਅਧਿਆਇ ਵਿਚ ਉਹ ਸਭ ਪ੍ਰਸਥਿਤੀਆਂ ਨੂੰ ਸਮਝਣ ਦਾ ਯਤਨ ਕਰਾਂਗੇ ਜਿਨ੍ਹਾਂ ਦਾ ਸੰਬੰਧ ਅਕਾਲੀ ਕੌਰ ਸਿੰਘ ਨਾਲ ਸਿੱਧਾ ਜਾਂ ਅਸਿੱਧਾ ਰਿਹਾ। ਇਨ੍ਹਾਂ ਪ੍ਰਸਥਿਤੀਆਂ ਨੂੰ ਸਮਝਣ ਲਈ ਅਸੀਂ ਅਕਾਲੀ ਕੌਰ ਸਿੰਘ ਦੀ ਜਨਮ ਭੂਮੀ ਜੰਮੂ-ਕਸ਼ਮੀਰ ਅਤੇ ਪੰਜਾਬ ਸਮੇਤ ਭਾਰਤ ਦੀਆ ਪ੍ਰਸਥਿਤੀਆਂ ਦਾ ਵਰਣਨ ਕਰਾਂਗੇ ਜਿਨ੍ਹਾਂ ਨੇ ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਕਾਰਜਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕੀਤਾ।

ਹਿੰਦੀ ਮਾਨਕ ਕੋਸ਼ ਅਨੁਸਾਰ ਪ੍ਰਸਥਿਤੀ ਦਾ ਅਰਥ ਹੈ- ਕਿਸੇ ਵਿਅਕਤੀ ਦੇ ਚਾਰੇ ਪਾਸੇ ਵਾਪਰਨ ਵਾਲੀਆਂ ਸਭ ਗੱਲਾਂ ਜਾਂ ਉਨ੍ਹਾਂ ਵਿਚੋਂ ਕੋਈ ਇਕ, ਜਿਸ ਤੋਂ ਨਿਰਾਸ਼ ਜਾਂ ਪ੍ਰੇਰਿਤ ਹੋ ਕੇ ਉਹ ਕੋਈ ਕਾਰਜ ਕਰਦਾ ਹੋਵੇ।[1]

---

[1] *ਹਿੰਦੀ ਮਾਨਕ ਕੋਸ਼*, ਉਦਰਿਤ, *ਕਲਹਨ ਕੀ ਰਾਜਤ੍ਰੰਗਨੀ ਮੇਂ ਰਾਜਨੀਤਿਕ ਪ੍ਰਸਥਿਤੀਆਂ*, ਪੰ. ੫.

ਅਧਿਆਇ ਦੇ ਪਹਿਲੇ ਹਿੱਸੇ ਵਿਚ ਅਸੀਂ ਜੰਮੂ-ਕਸ਼ਮੀਰ ਵਿਚ ਸਿੱਖੀ ਦਾ ਪ੍ਰਵੇਸ਼ ਅਤੇ ਉਥੋਂ ਦੀਆਂ ਪ੍ਰਸਥਿਤੀਆਂ ਉਪਰ ਚਾਨਣਾ ਪਾਵਾਂਗੇ ਅਤੇ ਦੂਜੇ ਹਿੱਸੇ ਵਿਚ ਪ੍ਰਮੁੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਲਹਿਰਾਂ ਦਾ ਵੇਰਵਾ ਦਿੱਤਾ ਜਾਵੇਗਾ।

ਰਿਆਸਤ ਜੰਮੂ ਅਤੇ ਕਸ਼ਮੀਰ ਦਾ ਰਕਬਾ 84471 ਵਰਗ ਮੀਲ ਹੈ। ਇਸ ਦੇ ਪੂਰਬ ਵਿਚ ਤਿਬਤ ਤੇ ਪੱਛਮ ਵਿਚ ਪਾਕਿਸਤਾਨ ਦੀ ਉੱਤਰ-ਪੱਛਮੀ ਸੀਮਾ ਪ੍ਰਾਂਤ ਹੈ। ਉੱਤਰ ਵਿਚ ਚੀਨ, ਅਫਗਾਨਿਸਤਾਨ ਅਤੇ ਭੂਤਪੂਰਵ ਸੋਵੀਅਤ ਯੂਨੀਅਨ ਦਾ ਇਲਾਕਾ ਪੈਂਦਾ ਹੈ। ਦੱਖਣ ਵਿਚ ਪੱਛਮੀ ਪੰਜਾਬ ਪਾਕਿਸਤਾਨ ਦਾ ਇਲਾਕਾ ਲਗਦਾ ਹੈ।

ਕਸ਼ਮੀਰੀ ਸਿੱਖਾਂ ਦਾ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਨੀਂਹ ਰੱਖਣ ਤੋਂ ਹੀ ਆਰੰਭ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਕਸ਼ਮੀਰ ਦੀ ਧਰਤੀ ਉਪਰ ਆਪਣੇ ਚਰਨ ਪਾਏ ਅਤੇ ਪਹਿਲਾਂ ਤੋਂ ਹੀ ਵਸਦੇ ਪੰਜਾਬੀ ਵਪਾਰੀ ਆਦਿ ਲੋਕ ਗੁਰੂ ਜੀ ਦੇ ਅਨੁਯਾਈ ਬਣੇ। ਉਸ ਤੋਂ ਪਿੱਛੋਂ ਗੁਰੂ ਹਰਿ ਰਾਇ ਸਾਹਿਬ ਜੀ*, ਗੁਰੂ ਹਰਿਗੋਬਿੰਦ ਸਾਹਿਬ** ਅਤੇ ਗੁਰੂ ਗੋਬਿੰਦ ਸਿੰਘ ਜੀ*** ਨੇ ਕਸ਼ਮੀਰ ਵਿਚ ਫੇਰੀ ਪਾਈ। ਬਾਕੀ ਗੁਰੂ ਸਾਹਿਬਾਨ ਵੀ ਸਿੱਖ ਧਰਮ ਦੇ ਪ੍ਰਚਾਰਕਾਂ ਰਾਹੀਂ ਸੰਪਰਕ ਵਿਚ ਰਹੇ ਅਤੇ ਗੁਰਮਤਿ

---

* "ਗੁਰੂ ਹਰਿ ਰਾਇ ਜੀ ਮਹਿਲ ਸਤਮਾਂ ਬੇਟਾ ਬਾਬਾ ਗੁਰਦਿਤਾ ਜੀ ਕਾ, ਸੰਮਤ ਸਤਰਾਂ ਸੈ ਸਤਾਰਾਂ ਕ੍ਰਿਸ਼ਨਾ ਪਖੇ ਜੇਠ ਮਾਸ ਕੀ ਪੰਚਮੀ ਕੇ ਦਿਹੁੰ ਸ੍ਰੀਨਗਰ ਆਏ। ਕਸ਼ਮੀਰ ਦੇਸ਼ ਮੇਂ, ਗੈਲੇ ਮਖਨ ਸ਼ਾਹ ਆਇਆ ਬੇਟਾ ਦਾਸੇ ਕਾ, ਪੋਤਾ ਬਿੰਨੇ ਕਾ, ਨਾਤੇ ਬਹੋੜੂ ਕੇ, ਬੰਸ ਸਾਉਨ ਕੀ, ਪੇਲੀਆ ਗੋਤਰ ਬਨਜਾਰਾ........। ('ਗੁਰੂ ਕੀਆਂ ਸਾਖੀਆਂ' ਕ੍ਰਿਤ ਭਾਈ ਸਰੂਪ ਸਿੰਘ ਕੌਸ਼ਿਸ਼, ਸੰਪਾਦਕ ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, 1991, ਪੰਨੇ 44-45)

** ਸਤ ਦਿਵਸ ਕਸ਼ਮੀਰ ਮੇਂ ਪਹੁੰਚੇ ਦੀਨਾ ਨਾਥ। (ਗੁਰ ਬਿਲਾਸ ਪਾ: 6 ਅਧਿਆਇ 6)

*** ......ਇਸੀ ਤੀਰਥ ਤੈ ਰਾਜਾ ਗਜੈ ਸਿੰਘ ਦੀ ਬੇਨਤੀ ਮਾਨ ਕੇ ਉਸ ਦੇ ਗੈਲ ਆਏ। ਬੈਸਾਖ ਸੁਦੀ ਪੂਰਨਮਾ ਕੇ ਦਿਵਸ ਪੁਰਮੰਡਲ ਤੀਰਥ ਜਾਇ ਪਹੁੰਚੇ। ਗੁਰੂ ਜੀ ਦਾ ਆਨਾ ਸੁਨ ਸਿੱਖ ਸੰਗਤਾਂ ਦਰਸ਼ਨ ਪਾਨੈ ਹੁਮ ਹੁਮਾਇ ਕੈ ਆਈਆਂ। ਕਾਈ ਪਾਰਾ ਵਾਰ ਨਾ ਰਹਾ। ਸਤਿਗੁਰੂ ਜੀ ਏਕ ਦਿਵਸ ਪੁਰਮੰਡਲ ਤੀਰਥ ਤੇ ਰਹਿ ਕੇ ਅਗਲੇ ਦਿਹੁੰ ਪਹਾੜਾਂ ਕੀ ਸੈਰ ਕਰਤੇ ਹੂਏ ਜੰਮੂ ਨਗਰੀ ਮੈਂ ਆਇ ਬਿਰਾਜੇ।

ਅਗਲੇ ਦਿਵਸ ਰਾਜਾ ਜੀ ਕੇ ਗੈਲ ਤਿਰਕੁਟਾ ਦੇਵੀ ਕਾ ਅਸਥਾਨ ਦੇਖਾ। ('ਗੁਰੂ ਕੀਆਂ ਸਾਖੀਆਂ' ਕ੍ਰਿਤ ਭਾਈ ਸਰੂਪ ਸਿੰਘ ਕੌਸ਼ਿਸ਼, ਸੰਪਾਦਕ ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, 1991, ਪੰ. 107)

ਉਪਦੇਸ਼ ਰਾਹੀਂ ਕਸ਼ਮੀਰੀ ਸੰਗਤਾਂ ਨੂੰ ਸਰਸ਼ਾਰ ਕਰਦੇ ਰਹੇ। ਗੁਰੂ ਅਰਜਨ ਦੇਵ ਜੀ ਨੇ ਭਾਈ ਮਾਧੋ ਜੀ ਨੂੰ ਗੁਰਮਤਿ ਪ੍ਰਚਾਰ ਲਈ ਕਸ਼ਮੀਰ ਭੇਜਿਆ:

ਮਾਧੋ ਸੋਢੀ ਕਾਸਮੀਰ ਗੁਰ ਸਿਖੀ ਦੀ ਚਾਲ ਚਲਾਈ।[2]

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰ ਤੋਂ ਆਏ ਪੰਡਤਾਂ ਦਾ ਧਰਮ ਬਚਾਇਆ ਜਿਸ ਨਾਲ ਕਸ਼ਮੀਰ ਅਤੇ ਸਿੱਖ ਗੁਰੂ ਸਾਹਿਬਾਨ ਦੀ ਪੁਰਾਣੀ ਗੰਢ ਹੋਰ ਵੀ ਪੀਡੀ ਹੋ ਗਈ। ਇਸ ਸ਼ਹਾਦਤ ਨਾਲ ਇਹ ਰਿਸ਼ਤਾ ਹੋਰ ਵੀ ਗਹਿਰਾ ਹੋ ਗਿਆ ਸੀ ਜਿਸਦਾ ਅੰਦਾਜ਼ਾ ਕਸ਼ਮੀਰ ਵਿਚ ਫੈਲੀ ਸਿੱਖੀ ਅਤੇ ਗੁਰੂ ਸਾਹਿਬ (ਦੇਹ ਸਰੂਪ) ਤੋਂ ਬਾਅਦ ਦੇ ਕਸ਼ਮੀਰ ਪ੍ਰਚਾਰਕਾਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਸਿੱਖ ਧਰਮ ਮੁਗ਼ਲ ਸਲਤਨਤ ਅੱਗੇ ਡਟ ਕੇ ਖਲੋ ਗਿਆ ਸੀ ਅਤੇ ਇਹ ਜੱਦੋ-ਜਹਿਦ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਵੀ ਬੜੇ ਜੋਸ਼ ਨਾਲ ਚਲਦੀ ਰਹੀ।

ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸਿੱਖ ਮਿਸਲਾਂ ਦੀ ਛਤਰ ਛਾਇਆ ਹੇਠ ਇਸ ਸੰਘਰਸ਼ ਨੇ ਕਾਫ਼ੀ ਜ਼ੋਰ ਫੜ ਲਿਆ। ਅਹਿਮਦ ਸ਼ਾਹ ਅਬਦਾਲੀ ਅਤੇ ਉਸ ਦੇ ਜਾਨਸ਼ੀਨਾਂ ਦੀ ਤਾਕਤ ਘਟਦੀ ਗਈ ਜਿਸ ਦੇ ਫਲਸਰੂਪ ਮਹਾਰਾਜਾ ਰਣਜੀਤ ਸਿੰਘ ਦੀ ਸਰਪ੍ਰਸਤੀ ਹੇਠ ਇਕ ਮਜ਼ਬੂਤ ਰਾਜ ਕਾਇਮ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਸਹਿਜੇ-ਸਹਿਜੇ ਪੰਜਾਬ, ਹਿਮਾਚਲ, ਜੰਮੂ-ਕਸ਼ਮੀਰ, ਮੁਲਤਾਨ, ਪਸ਼ੌਰ ਤੇ ਦੱਰਾ ਖ਼ੈਬਰ ਤਕ ਦੇ ਇਲਾਕੇ ਆਪਣੇ ਅਧੀਨ ਕਰ ਲਏ। ਤਕਰੀਬਨ ਇਕ ਸਦੀ ਦੇ ਸੰਘਰਸ਼ ਪਿੱਛੋਂ ਸਿੱਖਾਂ ਦੀ ਇਕ ਮਜ਼ਬੂਤ ਹਕੂਮਤ ਕਾਇਮ ਹੋ ਗਈ। ਕਸ਼ਮੀਰ ਦੀ ਭੂਗੋਲਿਕ ਸਥਿਤੀ ਨੂੰ ਮੁੱਖ ਰਖਦੇ ਹੋਏ ਕਸ਼ਮੀਰ ਘਾਟੀ ਦੀ ਡਿਫੈਂਸ ਨੂੰ ਮਜ਼ਬੂਤ ਕਰਨ ਲਈ ਪਹਿਲਾਂ ਰਾਜਾ ਸੁਖਜੀਵਨ ਮੱਲ ਗਵਰਨਰ ਕਸ਼ਮੀਰ (ਕਾਬਲ ਸਰਕਾਰ) ਤੇ ਬਾਅਦ ਵਿਚ ਸਿੱਖ ਰਾਜ ਵੇਲੇ ਕਈ ਹਜ਼ਾਰ ਸਿੱਖਾਂ ਨੂੰ ਪੰਜਾਬ ਵਿਚੋਂ ਲਿਜਾ ਕੇ ਕਸ਼ਮੀਰ ਘਾਟੀ ਅਤੇ ਮੁਜ਼ਫਰਾਬਾਦ ਦੇ ਇਲਾਕੇ ਵਿਚ ਵਸਾਇਆ ਗਿਆ ਸੀ।[3]

ਜਦੋਂ ਲਾਹੌਰ ਦਰਬਾਰ ਦੀਆਂ ਫੌਜਾਂ ਅੰਗਰੇਜ਼ਾਂ ਦੀਆਂ ਫੌਜਾਂ ਤੋਂ ਹਾਰ ਗਈਆਂ ਤਾਂ ਈਸਟ ਇੰਡੀਆ ਕੰਪਨੀ ਦਾ ਪੰਜਾਬ 'ਤੇ ਕਬਜ਼ਾ ਹੋ ਗਿਆ। ਮਹਾਰਾਜਾ ਗੁਲਾਬ ਸਿੰਘ ਨੇ ਆਪਣੀਆਂ ਫੌਜਾਂ ਲਾਹੌਰ ਦਰਬਾਰ

---

[2] ਭਾਈ ਗੁਰਦਾਸ, ਵਾਰ 11 ਪਉੜੀ 26.

[3] ਸਰਵਨ ਸਿੰਘ ਸ਼ਕਤੀਮਾਨ, *ਕਸ਼ਮੀਰ ਤੇ ਸਿੱਖ*, ਪੰ. xi

ਲਈ ਨਾ ਭੇਜ ਕੇ ਅੰਗਰਜ਼ਾਂ ਪ੍ਰਤਿ ਸਹਾਨੁਭੂਤੀ ਦਿਖਾਈ ਸੀ ਜਿਸ ਕਰਕੇ ਅੰਗਰੇਜ਼ਾਂ ਨੇ ਉਸ ਨੂੰ ਆਪਣਾ ਮਿੱਤਰ ਸਮਝ ਕੇ ਅਤੇ ਕੁਝ ਹੋਰ ਕਾਰਨਾਂ ਕਰਕੇ ਕਸ਼ਮੀਰ ਘਾਟੀ ਨੂੰ 75 ਲੱਖ (ਗੁਰੂ ਨਾਨਕ ਸ਼ਾਹੀ) ਰੁਪਏ ਵਿਚ ਰਾਜਾ ਗੁਲਾਬ ਸਿੰਘ ਨੂੰ ਇਸ ਅਹਿਦਨਾਮੇ ਤਹਿਤ ਵੇਚ ਦਿੱਤੀ ਜਿਸ ਨੂੰ ਅੰਮ੍ਰਿਤਸਰ ਸੰਧੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਵੈਸੇ ਤਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਮਹਾਰਾਜਾ ਗੁਲਾਬ ਸਿੰਘ ਡੋਗਰਾ ਦੀ ਕਾਰਗੁਜ਼ਾਰੀ ਤੋਂ ਖੁਸ਼ ਹੋ ਕੇ 1820 ਈ. ਵਿਚ ਉਸ ਨੂੰ ਜੰਮੂ ਦਾ ਰਾਜਾ ਮੁਕੱਰਰ ਕਰ ਦਿੱਤਾ ਸੀ। ਅੰਮ੍ਰਿਤਸਰ ਸੰਧੀ ਦੇ ਮੁਤਾਬਿਕ ਜੰਮੂ-ਕਸ਼ਮੀਰ ਦੀ ਪੂਰਬੀ ਸਰਹੱਦ ਰਾਵੀ ਦਰਿਆ, ਪੱਛਮੀ ਸਰਹੱਦ ਸਿੰਧ ਦਰਿਆ ਅਤੇ ਜਿਹਲਮ ਨਗਰ ਤੋਂ ਉਪਰ ਦਾ ਸਾਰਾ ਇਲਾਕਾ ਜਿਸ ਵਿਚ ਹਜ਼ਾਰਾ, ਮੁਜ਼ਫਰਾਬਾਦ, ਪੁਣਛ ਦਾ ਇਲਾਕਾ ਵੀ ਸ਼ਾਮਿਲ ਸੀ। ਇਸ ਤਰ੍ਹਾਂ ਰਾਜਾ ਗੁਲਾਬ ਸਿੰਘ ਇਕ ਵਿਸ਼ਾਲ ਰਿਆਸਤ ਦਾ ਮਹਾਰਾਜਾ ਬਣ ਗਿਆ ਤੇ ਇਸ ਵਿਸ਼ਾਲ ਰਿਆਸਤ ਦਾ ਨਾਂ 'ਜੰਮੂ ਅਤੇ ਕਸ਼ਮੀਰ' ਰੱਖਿਆ।[4]

ਸਿੱਖ ਰਾਜ ਦੇ ਖੁੱਸ ਜਾਣ ਤੋਂ ਬਾਅਦ ਡੋਗਰਾ ਸਰਕਾਰ ਸਿੱਖਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀ ਸੀ ਕਿਉਂਕਿ ਡੋਗਰਿਆਂ ਨੂੰ ਸਿੱਖ ਕੌਮ ਤੋਂ ਡਰ ਸੀ ਕਿਧਰੇ ਸਿੱਖ ਰਾਜ-ਭਾਗ 'ਤੇ ਮੁੜ ਕਾਬਜ਼ ਨਾ ਹੋ ਜਾਣ। ਇਸੇ ਕਾਰਨ ਨੂੰ ਧਿਆਨ ਵਿਚ ਰਖਦਿਆਂ ਡੋਗਰਾ ਰਾਜ ਦੇ ਕਰਮਚਾਰੀਆਂ ਵਲੋਂ ਸਿੱਖਾਂ ਉਪਰ ਹਰ ਤਰੀਕੇ ਨਾਲ ਤੇ ਹਰ ਸਮੇਂ ਨਜ਼ਰ ਰੱਖੀ ਜਾਂਦੀ ਸੀ।

ਸਰਕਾਰ ਦੀ ਫਾਇਲ ਨੰਬਰ 12/ਐਨ/280 of 1909 ਦਾ ਹਵਾਲਾ ਦੇ ਕੇ ਮਿਸਟਰ ਬਾਮਜ਼ੇ ਲਿਖਦਾ ਹੈ ਕਿ ਪੰਜਾਬ ਤੋਂ ਸ. ਅਜੀਤ ਸਿੰਘ ਤੇ ਸੂਫ਼ੀ ਅੰਬਾ ਪ੍ਰਸ਼ਾਦ ਕਸ਼ਮੀਰ ਆ ਰਹੇ ਸਨ ਤਾਂ ਅੰਗ੍ਰੇਜ਼ ਰੈਜ਼ੀਡੈਂਟ ਨੇ ਕਸ਼ਮੀਰ ਸਰਕਾਰ ਨੂੰ ਇਨ੍ਹਾਂ ਦੋਹਾਂ ਬੰਦਿਆਂ ਦੇ ਕਸ਼ਮੀਰ ਆਉਣ ਬਾਰੇ ਪਤਾ ਦਿੱਤਾ ਤੇ ਨਾਲ ਹੀ ਆਦੇਸ਼ ਦਿੱਤੇ ਕਿ ਇਨ੍ਹਾਂ ਦੋਹਾਂ 'ਤੇ ਕਸ਼ਮੀਰ ਦਾਖਲ ਹੋਣ ਤੋਂ ਬਾਅਦ ਨਜ਼ਰ ਰੱਖੀ ਜਾਏ। ਇਹ ਸੂਚਨਾ

[4] ਸਰਵਨ ਸਿੰਘ ਸ਼ਕਤੀਮਾਨ, *ਕਸ਼ਮੀਰ ਤੇ ਸਿੱਖ*, ਪੰ. 78.

ਮਿਲਦਿਆਂ ਹੀ ਡੋਗਰਾ ਸਰਕਾਰ ਨੇ ਇਨ੍ਹਾਂ ਦੇ ਕਸ਼ਮੀਰ ਦਾਖਲ ਹੋਣ ’ਤੇ ਪਾਬੰਦੀ ਲਗਾ ਦਿੱਤੀ। ਸਿੱਖ ਬਰਾਬਰ 1920 ਈ. ਤਕ ਇਸੇ ਤਰ੍ਹਾਂ ਆਪਣੇ ਦਿਨ ਬੇਬਸੀ ਤੇ ਬੇਕਸੀ ਨਾਲ ਗੁਜ਼ਾਰਦੇ ਰਹੇ।[5]

## ਜੰਮੂ ਅਤੇ ਕਸ਼ਮੀਰ ਰਿਆਸਤ ਦੇ ਡੋਗਰੇ ਮਹਾਰਾਜੇ

1. ਮਹਾਰਾਜਾ ਗੁਲਾਬ ਸਿੰਘ (1846 ਈ. ਤੋਂ 1857 ਈ.)
2. ਮਹਾਰਾਜਾ ਰਣਬੀਰ ਸਿੰਘ (1857 ਈ. ਤੋਂ 1885 ਈ.)
3. ਮਹਾਰਾਜਾ ਪ੍ਰਤਾਪ ਸਿੰਘ (1885 ਈ. ਤੋਂ 1925 ਈ.)
4. ਮਹਾਰਾਜਾ ਹਰੀ ਸਿੰਘ (1925 ਈ. ਤੋਂ 1949 ਈ.)
5. ਮਹਾਰਾਜਾ ਕਰਨ ਸਿੰਘ (29 ਅਪ੍ਰੈਲ 1949 ਈ. ਤੋਂ 13 ਨਵੰਬਰ 1949 ਈ.)

ਵਿਸ਼ੇ ਦੇ ਮਨੋਰਥ ਨੂੰ ਮੁੱਖ ਰਖਦਿਆਂ ਹੋਇਆਂ ਅਸੀਂ ਉਪਰੋਕਤ ਪੰਜਾਂ ਮਹਾਰਾਜਿਆਂ ਵਿਚੋਂ 1885 ਈ. ਤੋਂ 1949 ਈ. (ਮਹਾਰਾਜਾ ਪ੍ਰਤਾਪ ਸਿੰਘ, ਮਹਾਰਾਜਾ ਹਰੀ ਸਿੰਘ ਅਤੇ ਮਹਾਰਾਜਾ ਕਰਨ ਸਿੰਘ) ਦੇ ਰਾਜ ਪ੍ਰਬੰਧ ਬਾਰੇ ਸੰਖਿਪਤ ਜਾਣਕਾਰੀ ਦੇਵਾਂਗੇ:

**ਮਹਾਰਾਜਾ ਪ੍ਰਤਾਪ ਸਿੰਘ:** ਇਹ ਮਹਾਰਾਜਾ ਰਣਬੀਰ ਸਿੰਘ ਦਾ ਵੱਡਾ ਪੁੱਤਰ ਅਤੇ ਮਹਾਰਾਜਾ ਗੁਲਾਬ ਸਿੰਘ ਦਾ ਪੋਤਰਾ ਸੀ। ਇਹ ਮਹਾਰਾਜਾ ਬੜਾ ਧਰਮੀ ਸੀ ਅਤੇ ਬਹੁਤਾ ਸਮਾਂ ਪਾਠ-ਪੂਜਾ ਵਿਚ ਗੁਜ਼ਾਰਦਾ ਸੀ। ਇਸ ਦੇ 40 ਸਾਲ ਦੇ ਰਾਜ ਸਮੇਂ ਅੰਗਰੇਜ਼ਾਂ ਦੀ ਦਖ਼ਲ ਅੰਦਾਜ਼ੀ ਕਾਫ਼ੀ ਵਧ ਗਈ ਸੀ। ਫਿਰ ਵੀ ਇਸ ਮਹਾਰਾਜੇ ਨੇ ਵਿਕਾਸ ਦੇ ਕਈ ਕੰਮ ਸ਼ੁਰੂ ਕਰਵਾਏ ਜਿਨ੍ਹਾਂ ਵਿਚੋਂ 1886 ਈ. ਵਿਚ ਕੋਹਾਲਾ ਤੋਂ ਦੋਮੇਲ ਤਕ ਪੱਕੀ ਸੜਕ ਬਣਵਾਈ। ਇਸ ਤੋਂ ਇਲਾਵਾ ਦਰਿਆ ਜਿਹਲਮ ਉਤੇ ਦੋਮੇਲ ਅਤੇ ਕੋਹਾਲਾ ਦੇ ਸਥਾਨ ’ਤੇ ਪੱਕੇ ਪੁਲ ਵੀ ਬਣਵਾਏ। ਦੋਮੇਲ ਤੋਂ ਸ੍ਰੀਨਗਰ ਤਕ ਜਿਹਲਮ ਵੈਲੀ ਰੋਡ ਅਤੇ ਸ੍ਰੀਨਗਰ ਤੋਂ ਜੰਮੂ ਤਕ “ਕਾਰਟ ਰੋਡ” (B. C. Road) ਵੀ ਬਣਵਾਈ ਸੀ। ਇਸ ਤੋਂ ਇਲਾਵਾ ਸਿਆਲਕੋਟ ਤੋਂ ਜੰਮੂ ਤਕ ਰੇਲਵੇ ਲਾਈਨ ਵੀ ਵਿਛਵਾਈ ਸੀ।

---

[5] ਉਦਰਿਤ, ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਹਾਸ,* ਪੰ. 66.

**ਮਹਾਰਾਜਾ ਹਰੀ ਸਿੰਘ:** ਮਹਾਰਾਜਾ ਪ੍ਰਤਾਪ ਸਿੰਘ ਦਾ ਲੜਕਾ ਨਾ ਹੋਣ ਕਰਕੇ ਉਸ ਨੇ ਰਾਜ ਆਪਣੇ ਭਰਾ ਅਮਰ ਸਿੰਘ ਦੇ ਲੜਕੇ ਹਰੀ ਸਿੰਘ ਨੂੰ ਦੇ ਦਿੱਤਾ। 1926 ਈ. ਵਿਚ ਜਦੋਂ ਮਹਾਰਾਜਾ ਹਰੀ ਸਿੰਘ ਨੂੰ ਰਾਜ ਤਿਲਕ ਦਿੱਤਾ ਗਿਆ ਤਾਂ ਉਸ ਨੇ ਇਸ ਖੁਸ਼ੀ ਵਿਚ ਖ਼ਾਲਸਾ ਸਰਕਾਰ ਜ਼ਮੀਨਾਂ ਪਿੰਡਾਂ ਦੇ ਲੋਕਾਂ ਨੂੰ ਸ਼ਾਮਲਾਤ ਵਜੋਂ ਵੰਡੀਆਂ। ਆਪਣੀ ਰਿਆਸਤ ਦੇ ਲੋਕਾਂ ਨੂੰ ਸਰਕਾਰੀ ਨੌਕਰੀਆਂ ਵਿਚ ਵੱਧ ਤੋਂ ਵੱਧ ਸ਼ਾਮਿਲ ਕਰਨ ਵਾਸਤੇ ਅਤੇ ਰਿਆਸਤ ਤੋਂ ਬਾਹਰੋਂ ਅਮੀਰ ਲੋਕਾਂ ਦੇ ਗਲਬੇ ਨੂੰ ਰੋਕਣ ਲਈ ਸਟੇਟ ਸਬਜੈਕਟ ਸਖ਼ਤੀ ਨਾਲ ਲਾਗੂ ਕੀਤਾ। ਇਸ ਦੇ ਫ਼ਲਸਰੂਪ ਰਿਆਸਤੀ ਲੋਕਾਂ ਨੂੰ ਕਾਫ਼ੀ ਨੌਕਰੀਆਂ ਮਿਲ ਗਈਆਂ ਅਤੇ ਰਿਆਸਤ ਤੋਂ ਬਾਹਰ ਦੇ ਲੋਕਾਂ ਲਈ ਜ਼ਮੀਨ ਦਾ ਖਰੀਦਣਾ ਬੰਦ ਹੋ ਗਿਆ। ਮੁਜ਼ਾਇਰਾ ਐਕਟ ਲਾਗੂ ਕਰਕੇ ਮੁਜ਼ਾਰਿਆਂ ਨੂੰ ਜ਼ਮੀਨ ਦੇ ਮਾਲਕ ਬਣਾਇਆ। ਪ੍ਰਾਇਮਰੀ ਤਕ ਪੜ੍ਹਾਈ ਮੁਫ਼ਤ ਅਤੇ ਲਾਜ਼ਮੀ ਕਰਾਰ ਦਿੱਤੀ। ਮਹਾਰਾਜਾ ਹਰੀ ਸਿੰਘ ਦੇ ਰਾਜ ਕਾਲ ਵਿਚ 1925 ਈ. ਵਿਚ 700 ਦੇ ਲਗਭਗ ਸਕੂਲ ਸਨ ਅਤੇ 1947 ਈ. ਤਕ ਵਧ ਕੇ ਇਨ੍ਹਾਂ ਦੀ ਗਿਣਤੀ 3000 ਹੋ ਗਈ ਸੀ। 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤਮਾਕੂ ਪੀਣ ਦੀ ਕਾਨੂੰਨੀ ਤੌਰ 'ਤੇ ਮਨਾਹੀ ਕੀਤੀ ਗਈ। ਸ਼ਾਦੀ ਦੀ ਉਮਰ ਲੜਕੇ ਵਾਸਤੇ ਘੱਟੋ-ਘੱਟ 18 ਸਾਲ ਅਤੇ ਲੜਕੀ ਵਾਸਤੇ 14 ਸਾਲ ਕਾਨੂੰਨੀ ਤੌਰ 'ਤੇ ਮੁਕੱਰਰ ਕੀਤੀ ਗਈ ਸੀ।

ਮਹਾਰਾਜਾ ਹਰੀ ਸਿੰਘ ਦੇ ਕਾਲ ਵਿਚ ਸਰਕਾਰੀ ਨੌਕਰੀਆਂ ਵਿਚ ਡੋਗਰਾ, ਰਾਜਪੂਤ ਤੇ ਕਸ਼ਮੀਰੀ ਪੰਡਤਾਂ ਨੂੰ ਲਿਆ ਜਾਂਦਾ ਸੀ। ਬਹੁ ਗਿਣਤੀ ਦੇ ਮੁਸਲਮਾਨ ਅਤੇ ਘੱਟ ਗਿਣਤੀ ਦੇ ਸਿੱਖ ਪਿੰਡਾਂ ਵਿਚ ਵਸਦੇ ਸਨ। ਸਰਕਾਰ ਵਲੋਂ ਧਾਰਮਿਕ ਤੇ ਸਮਾਜੀ ਲਿਟਰੇਚਰ ਪੜ੍ਹਨ 'ਤੇ ਵੀ ਪਾਬੰਦੀ ਲਗਾਈ ਗਈ ਸੀ। ਇਥੋਂ ਤਕ ਕਿ ਧਾਰਮਿਕ ਸਥਾਨਾਂ 'ਤੇ ਇਕੱਠੇ ਹੋਣ ਸਮੇਂ ਸਰਕਾਰ ਦੀ ਨਿਗਰਾਨੀ ਹੁੰਦੀ ਸੀ।[6]

1934 ਈ. ਨੂੰ ਸਟੇਟ ਅਸੈਂਬਲੀ ਨੂੰ ਹੋਂਦ ਵਿਚ ਲਿਆਂਦਾ ਅਤੇ 75 ਮੈਂਬਰਾਂ ਵਿਚੋਂ 40 ਮੈਂਬਰ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਸਨ ਅਤੇ ਬਾਕੀ ਦੇ ਸਰਕਾਰੀ ਅਤੇ ਗ਼ੈਰ ਸਰਕਾਰੀ ਨਾਮਜ਼ਦ ਨੁਮਾਇੰਦੇ ਸਨ। ਮਹਾਰਾਜਾ ਹਰੀ ਸਿੰਘ ਨੇ ਆਪਣੇ ਰਾਜ ਕਾਲ ਸਮੇਂ ਕਈ ਡਿਸਪੈਂਸਰੀਆਂ ਅਤੇ ਹਸਪਤਾਲ ਖੋਲ੍ਹੇ ਜਿਨ੍ਹਾਂ ਵਿਚ ਜਨਰਲ ਹਸਪਤਾਲ ਸ੍ਰੀਨਗਰ ਅਤੇ ਜਨਰਲ ਹਸਪਤਾਲ ਜੰਮੂ ਵੀ ਸ਼ਾਮਲ ਸਨ ਜਿਹੜੇ ਕਿ

[6] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 58.

ਆਧੁਨਿਕ ਸਾਜ਼ੋ-ਸਮਾਨ ਵਾਲੇ ਸਨ। ਇਸ ਤੋਂ ਇਲਾਵਾ ਉਚ ਵਿਦਿਆ ਵਾਸਤੇ ਸ੍ਰੀ ਰਣਬੀਰ ਕਾਲਜ ਜੰਮੂ ਅਤੇ ਸ੍ਰੀ ਪ੍ਰਤਾਪ ਕਾਲਜ ਸ੍ਰੀਨਗਰ ਵਿਚ ਖੋਲ੍ਹੇ ਗਏ।

ਰਿਆਸਤੀ ਡਿਫੈਂਸ ਨੂੰ ਮੁੱਖ ਰੱਖਦੇ ਹੋਏ ਆਪਣੇ ਰਾਜ ਕਾਲ ਵਿਚ ਰਿਆਸਤੀ ਫੌਜ ਦੀ ਨਫਰੀ ਜ਼ਿਆਦਾ ਕੀਤੀ ਅਤੇ 1942 ਈ. ਵਿਚ 7, 8, 9 ਜੰਮੂ ਕਸ਼ਮੀਰ ਇਨਫੈਂਟਰੀ ਬਟਾਲੀਅਨ ਖੜ੍ਹੀਆਂ ਕੀਤੀਆਂ। ਉਸ ਤੋਂ ਪਹਿਲਾਂ 1930 ਈ. ਵਿਚ ਅਫਸਰ ਟ੍ਰੇਨਿੰਗ ਸਕੂਲ ਖੋਲ੍ਹਿਆ ਤਾਂ ਕਿ ਰਿਆਸਤੀ ਮਿਲਟਰੀ ਨੂੰ ਅੱਛੇ ਅਫਸਰ ਮੁਹੱਈਆ ਕੀਤੇ ਜਾਣ। ਆਰਮੀ ਹੈੱਡ ਕੁਆਰਟਰ ਸ੍ਰੀਨਗਰ ਵਿਚ ਖੋਲ੍ਹਿਆ ਗਿਆ ਅਤੇ ਜੰਮੂ ਬ੍ਰਿਗੇਡ ਜੰਮੂ ਅਤੇ ਸ੍ਰੀਨਗਰ ਬ੍ਰਿਗੇਡ ਸ੍ਰੀਨਗਰ ਵਿਚ ਕਾਇਮ ਕੀਤੇ ਗਏ।

ਕੁਝ ਰਾਜਨੀਤਿਕ ਕਾਰਨਾਂ ਕਰਕੇ ਮਹਾਰਾਜਾ ਹਰੀ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਹੀ ਰਾਜ ਗੱਦੀ ਤਿਆਗ ਕੇ ਆਪਣੇ ਲੜਕੇ ਡਾਕਟਰ ਕਰਨ ਸਿੰਘ ਨੂੰ ਦੇ ਦਿੱਤੀ ਸੀ। ਉਸ ਤੋਂ ਪਿੱਛੋਂ ਮਹਾਰਾਜਾ ਹਰੀ ਸਿੰਘ ਚਲੇ ਗਏ ਅਤੇ ਵਾਪਸ ਕਦੇ ਨਹੀਂ ਆਏ। 25 ਅਪ੍ਰੈਲ 1961 ਈ. ਨੂੰ ਬੰਬਈ ਵਿਖੇ ਸੁਰਗਵਾਸ ਹੋ ਗਏ।

**ਮਹਾਰਾਜਾ ਕਰਨ ਸਿੰਘ:** ਮਹਾਰਾਜਾ ਕਰਨ ਸਿੰਘ ਮਹਾਰਾਜਾ ਹਰੀ ਸਿੰਘ ਦਾ ਇਕਲੌਤਾ ਪੁੱਤਰ ਸੀ। ਇਸ ਦਾ ਜਨਮ 9 ਮਾਰਚ 1931 ਈ. ਨੂੰ ਫਰਾਂਸ ਦੇ ਸ਼ਹਿਰ 'ਕੈਨਸ' ਵਿਚ ਹੋਇਆ। ਮੁਢਲੀ ਪੜ੍ਹਾਈ ਕਾਨਵੈਂਟ ਸਕੂਲ ਸ੍ਰੀਨਗਰ ਤੋਂ ਕੀਤੀ ਉਸ ਤੋਂ ਬਾਅਦ ਹੋਰ ਪੜ੍ਹਾਈ ਦੇਹਰਾਦੂਨ ਸਕੂਲ ਤੋਂ ਕੀਤੀ। 1951 ਈ. ਵਿਚ ਬੀ.ਏ. ਜੰਮੂ ਕਸ਼ਮੀਰ ਯੂਨੀਵਰਸਿਟੀ ਤੋਂ ਅਤੇ ਐਮ. ਏ. ਦਿੱਲੀ ਯੂਨੀਵਰਸਿਟੀ ਤੋਂ ਹਾਸਲ ਕੀਤੀ। ਮਹਾਰਾਜਾ ਕਰਨ ਸਿੰਘ ਨੂੰ ਉਸ ਵੇਲੇ ਦੇ ਗ੍ਰਿਹ ਮੰਤਰੀ ਸਰਦਾਰ ਪਟੇਲ ਦੀ ਸਲਾਹ ਨਾਲ ਮਹਾਰਾਜਾ ਹਰੀ ਸਿੰਘ ਨੇ 29 ਅਪ੍ਰੈਲ 1949 ਈ. ਨੂੰ ਆਪਣੇ ਹੱਥੀਂ ਰਿਆਸਤ ਦੀ ਗੱਦੀ ਸੌਂਪ ਦਿੱਤੀ ਸੀ ਅਤੇ 14 ਨਵੰਬਰ 1949 ਈ. ਨੂੰ ਰਿਆਸਤ ਜੰਮੂ ਕਸ਼ਮੀਰ ਦੇ ਸਦਰੇ ਰਿਆਸਤ ਬਣਾਏ ਗਏ। ਉਸ ਤੋਂ ਬਾਅਦ ਮਹਾਰਾਜੇ ਦੀ ਪਦਵੀ ਖ਼ਤਮ ਹੋ ਗਈ।[7]

[7] ਸਰਵਨ ਸਿੰਘ ਸ਼ਕਤੀਮਾਨ, *ਕਸ਼ਮੀਰ ਤੇ ਸਿੱਖ*, ਪੰਨੇ 80-82.

## ਕਸ਼ਮੀਰੀ ਸਿੱਖਾਂ ਦੀ ਆਬਾਦੀ

ਸਰਵਨ ਸਿੰਘ ਸ਼ਕਤੀਮਾਨ ਨੇ 1941 ਈ. ਦੀ ਮਰਦਮ ਸ਼ੁਮਾਰੀ ਦੀ ਵਸੋਂ ਦੀ ਰਿਪੋਰਟ ਇਸ ਤਰ੍ਹਾਂ ਦਿੱਤੀ ਹੈ:

| | | |
|---|---|---|
| **ਮੁਸਲਮਾਨ** | : | 310247 |
| **ਸਿੱਖ** | : | 65903* |
| **ਈਸਾਈ** | : | 3086 |
| **ਹਿੰਦੂ** | : | 80965 |
| **ਬੋਧੀ** | : | 40696 |
| **ਜੈਨੀ ਤੇ ਹੋਰ** | : | 1519 |

Before the partition time in 1947, Sikh population was nearly 75,000. The above figures show that nearly 95% Sikh population was concentrated on border and remote area.[8]

## ਡੋਗਰਾ ਰਾਜ ਸਮੇਂ ਸਿੱਖਾਂ ਦੇ ਆਰਥਿਕ ਹਾਲਾਤ

ਸਿੱਖ ਰਾਜ ਸਮੇਂ ਸਿੱਖ ਫੌਜ ਵਿਚ ਸਿਪਾਹੀ ਜਮਾਂਦਾਰ ਤੇ ਸੂਬੇਦਾਰੀਆਂ ਦੇ ਪਦਾਂ ਉਪਰ ਸਨ। ਪਰਗਨਿਆਂ ਵਿਚ ਸਿੱਖ ਕੋਤਵਾਲ ਸਨ ਅਤੇ ਰਾਜ ਦਰਬਾਰ ਵਿਚ ਇੱਜ਼ਤ ਤੇ ਮਾਣ ਪ੍ਰਾਪਤ ਸੀ। ਡੋਗਰਾ ਰਾਜ ਦੇ ਸਥਾਪਤ ਹੋਣ ਦੇ ਨਾਲ ਹੀ ਬਦਲੇ ਦੀ ਭਾਵਨਾ ਦੇ ਤਹਿਤ ਸਿੱਖਾਂ ਉਪਰ ਤਰ੍ਹਾਂ- ਤਰ੍ਹਾਂ ਦੇ ਜ਼ੁਲਮ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਜ਼ੁਲਮਾਂ ਕਰਕੇ ਹੀ ਸ਼ਹਿਰ ਸ੍ਰੀਨਗਰ ਤੋਂ ਕਈ ਸਿੱਖ ਪਿੰਡਾਂ ਵਲ ਚਲੇ ਗਏ ਅਤੇ ਇਨ੍ਹਾਂ ਦੀਆਂ ਉਚ ਪਦਵੀਆਂ ਵੀ ਚਲੀਆਂ ਗਈਆਂ। ਸਿੱਖ ਬਹੁਤੇ ਪਿੰਡਾਂ ਵਿਚ ਆਬਾਦ ਸਨ, ਆਵਾਜਾਈ ਦੇ ਸਾਧਨ ਬਹੁਤ ਘੱਟ ਸਨ ਅਤੇ ਵਿਦਿਆ ਪੜ੍ਹਨ ਲਈ ਬਹੁਤ ਘੱਟ ਸਾਧਨ ਸਨ। ਸਰਕਾਰੀ ਨੌਕਰੀਆਂ ਵਿਚ ਪੰਡਤਾਂ ਤੇ ਡੋਗਰਿਆਂ ਨੂੰ ਭਰਤੀ ਕੀਤਾ ਜਾਂਦਾ ਸੀ। ਸਿੱਖਾਂ ਦਾ ਰੁਜ਼ਗਾਰ ਖੇਤੀਬਾੜੀ ਅਤੇ ਪਸ਼ੂ-

---

* 1947 ਈ. ਦੇ ਕਬਾਇਲੀ ਹਮਲੇ ਸਮੇਂ ਜੰਮੂ ਕਸ਼ਮੀਰ ਵਿਚ ਸਿੱਖਾਂ ਦੀ ਆਬਾਦੀ ਵਧ ਕੇ ਇਕ ਲੱਖ ਦੇ ਕਰੀਬ ਹੋ ਗਈ ਸੀ।

[8] Jasbir Singh Sarna, Sikhs in Kashmir, National Book Shop, Delhi, 1993, pp. 23-24.

ਪਾਲਣ ਸੀ। ਗਰਮੀ ਦੇ ਦਿਨਾਂ ਵਿਚ ਮੁਜ਼ਫਰਾਬਾਦ, ਪੁਣਛ ਤੇ ਕਸ਼ਮੀਰ ਦਾ ਸਿੱਖ ਆਪਣੇ ਪਸ਼ੂ ਆਦਿ ਲੈ ਕੇ ਪਹਾੜਾਂ ਦੀਆਂ ਉੱਚੀਆਂ ਮਾਲੀਆਂ ਵਲ ਚਲਾ ਜਾਂਦਾ ਸੀ।[9]

1901 ਈ. ਤੋਂ ਬਾਅਦ ਸਹਿਜੇ- ਸਹਿਜੇ ਇਕ ਪਰਿਵਰਤਨ ਆਉਣਾ ਸ਼ੁਰੂ ਹੋ ਗਿਆ। ਸਕੂਲਾਂ ਦੇ ਖੁਲ੍ਹਣ ਨਾਲ ਕੁਝ ਸਿੱਖ ਪੰਜਵੀਂ ਛੇਵੀਂ ਤਕ ਵੀ ਵਿਦਿਆ ਹਾਸਲ ਕਰਕੇ ਸਕੂਲਾਂ ਤੋਂ ਬਾਹਰ ਆਏ। ਪੰਜਾਬ ਤੋਂ ਕੁਝ ਹਿੰਦੂ ਤੇ ਸਿੱਖ ਅਫ਼ਸਰ ਨੌਕਰੀਆਂ ਦੇ ਸੰਬੰਧ ਵਿਚ ਕਸ਼ਮੀਰ ਆਉਣੇ ਸ਼ੁਰੂ ਹੋ ਗਏ। ਇਨ੍ਹਾਂ ਦੀਆਂ ਹਮਦਰਦੀਆਂ ਕਾਰਨ ਕੁਝ ਗਿਣਵੇਂ ਸਿੱਖਾਂ ਨੂੰ ਜੰਗਲਾਤ, ਮਾਲ, ਪੁਲਿਸ ਤੇ ਵਿਦਿਆ ਦੇ ਵਿਭਾਗਾਂ ਵਿਚ, ਫਾਰਿਸਟਗਾਰਡ ਮਾਸਟਰ, ਸਿਪਾਹੀ ਤੇ ਪਟਵਾਰੀ ਭਰਤੀ ਕੀਤਾ ਗਿਆ। ਰਾਵਲਪਿੰਡੀ ਸੜਕ ਦੇ ਸ਼ੁਰੂ ਹੋਣ ਮਗਰੋਂ ਕੁਝ ਸਿੱਖਾਂ ਨੇ ਡਰਾਇਵਰੀ ਦਾ ਕੰਮ ਵੀ ਪੇਸ਼ੇ ਵਜੋਂ ਅਪਣਾਇਆ। ਸਿੱਖਾਂ ਦੀ ਆਰਥਕ ਹਾਲਤ ਭਾਵੇਂ ਮਾੜੀ ਸੀ ਪਰ ਲੋਹੜੀ, ਦਿਵਾਲੀ ਤੇ ਵਿਸਾਖੀ ਚੜ੍ਹਦੀ ਕਲਾ ਵਿਚ ਮਨਾਉਂਦੇ ਸਨ। ਹੌਲੀ-ਹੌਲੀ ਸਿੱਖਾਂ ਨੂੰ ਫੌਜ ਵਿਚ ਵੀ ਭਰਤੀ ਕੀਤਾ ਜਾਣ ਲੱਗਾ।

1935 ਈ. ਵਿਚ ਸਿੱਖ ਕਾਲਜਾਂ ਵਿਚੋਂ ਪੜ੍ਹ ਕੇ ਬਾਹਰ ਆ ਚੁੱਕੇ ਸੀ। ਗੈਲੰਸੀ ਕਮਿਸ਼ਨ ਦੀ ਰਿਪੋਰਟ ਦੇ ਆਧਾਰ ’ਤੇ ਸਿੱਖਾਂ ਨੂੰ ਫਾਰਿਸਟਰ, ਥਾਣੇਦਾਰ, ਮਾਸਟਰ, ਰੇਂਜਰ ਤੇ ਐਗਰੀਕਲਚਰ ਅਸਿਸਟੈਂਟ ਦੇ ਪਦਾਂ ’ਤੇ ਵੀ ਲਗਾਇਆ ਗਿਆ। ਡਾਕਟਰੀ ਟ੍ਰੇਨਿੰਗ ਲਈ ਵੀ ਸਿੱਖਾਂ ਨੂੰ ਭੇਜਿਆ ਗਿਆ। ਪਿੰਡਾਂ ਵਿਚ ਕੁਝ ਸਿੱਖਾਂ ਨੇ ਅਖਰੋਟ, ਬਦਾਮ ਤੇ ਮੇਵੇ ਦੇ ਬੂਟੇ ਲਗਾ ਕੇ ਆਪਣੇ ਨਿੱਕੇ-ਨਿੱਕੇ ਬਾਗ ਬਣਾ ਕੇ ਆਪਣੀ ਆਮਦਨ ਦੇ ਸਾਧਨ ਬਣਾ ਲਏ। ਕੁਝ ਕੁ ਸਿੱਖ ਟ੍ਰਾਂਸਪੋਟਰ ਵੀ ਬਣ ਗਏ ਸਨ। 1947 ਈ. ਦੇ ਘੱਲੂਘਾਰੇ ਤੋਂ ਕੁਝ ਚਿਰ ਪਹਿਲਾਂ ਸਿੱਖਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਆ ਚੁੱਕਾ ਸੀ ਪਰ ਬਦਕਿਸਮਤੀ ਕਿ 1947 ਦੇ ਘੱਲੂਘਾਰੇ ਨੇ ਸਿੱਖਾਂ ਨੂੰ ਮੁੜ ਘਰੋਂ ਬੇਘਰ ਕਰ ਦਿੱਤਾ।[10]

---

[9] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 60.

[10] ਉਹੀ, ਪੰ. 61.

## ਡੋਗਰਾ ਰਾਜ ਸਮੇਂ ਸਿੱਖਾਂ ਦੇ ਵਿਦਿਅਕ ਹਾਲਾਤ

ਰਿਆਸਤ ਕਸ਼ਮੀਰ ਵਿਚ ਵਿਦਿਆ ਦੇ ਪ੍ਰਚਾਰ ਲਈ ਰਿਆਸਤ ਵਲੋਂ ਕੀਤੇ ਪ੍ਰਬੰਧ ਬੜੇ ਸੀਮਤ ਸਨ। ਉਸ ਸਮੇਂ ਦੀ ਡੋਗਰੀ ਸ਼ਾਹੀ ਸਰਕਾਰ ਵਲੋਂ ਰਿਆਸਤ ਦੀਆਂ ਦੋਹਾਂ ਰਾਜਧਾਨੀਆਂ (ਸ੍ਰੀਨਗਰ ਤੇ ਜੰਮੂ) ਦੇ ਕੇਵਲ ਦੋਹਾਂ ਕਾਲਜਾਂ ਤੋਂ ਛੁੱਟ ਜ਼ਿਲ੍ਹਾ ਪੱਧਰ 'ਤੇ ਕੁਝ ਕੁ ਮਿਡਲ ਸਕੂਲ ਅਤੇ ਪਿੰਡਾਂ ਵਿਚ ਟਾਵੇਂ-ਟਾਵੇਂ ਚਲ ਰਹੇ ਪ੍ਰਾਇਮਰੀ ਸਕੂਲ ਆਦਿ ਕੁਝ ਕੁ ਵਿਦਿਆ ਦੇ ਸਾਧਨ ਸਨ। ਇਸ ਸਮੇਂ ਯੂਰਪੀ ਮਿਸ਼ਨਰੀਆਂ ਵਲੋਂ ਕਾਇਮ ਕੀਤੇ ਗਏ ਵਿਦਿਅਕ ਅਦਾਰੇ ਜਿਵੇਂ ਸੇਂਟ ਜੋਸਫ਼ ਅਤੇ ਸੀ. ਐਮ. ਐਸ. ਵਿਦਿਆ ਦੇ ਖੇਤਰ ਵਿਚ ਕਾਫ਼ੀ ਸੇਵਾ ਕਰ ਰਹੇ ਸਨ।

ਪਰ ਰਿਆਸਤ ਦੇ ਦੂਰ ਦਰਾਜ਼ ਅਤੇ ਦੁਰਗਮ ਪਹਾੜੀ ਖੇਤਰ ਵਿਚ ਸਾਰੀ ਆਬਾਦੀ ਅਨਪੜ੍ਹਤਾ ਤੇ ਅਗਿਅਨਤਾ ਦੇ ਹਨੇਰੇ ਵਿਚ ਭਟਕ ਰਹੀ ਸੀ। ਪਹਾੜਾਂ ਵਿਚ ਵਸਦੇ ਸਿੱਖਾਂ ਦੀ ਵਸੋਂ ਵਿਚ ਕੁਝ ਕੁ ਗਿਣਵੇਂ ਹੀ ਸਿੱਖ ਗੁਰਮੁਖੀ ਅੱਖਰਾਂ ਤੋਂ ਜਾਣੂੰ ਸਨ। ਪਾਠ ਕਰਨਾ ਅਤੇ ਗੁਰਮਤਿ ਨੂੰ ਜਾਣਨਾ ਤਾਂ ਬੜੀ ਦੂਰ ਦੀ ਗੱਲ ਸੀ। ਇਹੋ ਜਿਹੀ ਅਵਸਥਾ ਨੂੰ ਦੇਖ ਕੇ ਅਕਾਲੀ ਜੀ ਨੇ ਪੰਜਾਬੀ ਅਤੇ ਇਸ ਦੇ ਰਾਹੀਂ ਗੁਰਮਤਿ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ ਲਈ ਕਿਸੇ ਚੰਗੇ ਵਿਦਿਅਕ ਆਸ਼ਰਮ ਦੀ ਲੋੜ ਅਨੁਭਵ ਕੀਤੀ। ਜ਼ਿਲ੍ਹਾ ਹੈੱਡ ਕੁਆਰਟਰਾਂ ਦੇ ਵਿਦਿਅਕ ਪ੍ਰਬੰਧਾਂ ਦੀ ਸੁਵਿਧਾ ਦਾ ਲਾਭ ਲੈਣ ਲਈ ਅੱਗੇ ਦੀ ਪੜ੍ਹਾਈ ਲਈ ਰਿਹਾਇਸ਼ ਦਾ ਕੋਈ ਪ੍ਰਬੰਧ ਨਹੀਂ ਸੀ ਹੁੰਦਾ। ਇਸੇ ਮਨੋਰਥ ਲਈ ਮੁਜ਼ੱਫਰਾਬਾਦ ਖਾਸ ਅਤੇ ਬਾਰਾਮੂਲਾ ਦੇ ਕੇਂਦਰੀ ਸਥਾਨਾਂ 'ਤੇ ਬੋਰਡਿੰਗ ਹਾਊਸ ਕਾਇਮ ਕੀਤੇ ਗਏ ਸਨ ਜਿਥੇ ਹਾਈ ਸਕੂਲਾਂ ਵਿਚ ਪੜ੍ਹਦੇ ਸਿੱਖ ਵਿਦਿਆਰਥੀਆਂ ਦੀ ਰਿਹਾਇਸ਼ ਦੇ ਪ੍ਰਬੰਧ ਕੀਤੇ ਗਏ।[11]

1890 ਈ. ਤਕ ਕਸ਼ਮੀਰ ਦਾ ਕੋਈ ਵੀ ਹਿੰਦੂ, ਮੁਸਲਮਾਨ ਜਾਂ ਸਿੱਖ ਦਸਵੀਂ ਪਾਸ ਨਹੀਂ ਹੋਇਆ ਸੀ। ਅਚਾਨਕ ਹੀ 1889-90 ਈ. ਵਿਚ ਕਸ਼ਮੀਰ ਦੀ ਸਰਕਾਰੀ ਜ਼ੁਬਾਨ ਫਾਰਸੀ ਦੀ ਥਾਂ ਉਰਦੂ ਅਤੇ ਅੰਗਰੇਜ਼ੀ ਕਰ ਦਿੱਤੀ ਗਈ। ਦਫ਼ਤਰਾਂ ਦੇ ਕੰਮ ਚਲਾਉਣ ਲਈ ਅੰਗਰੇਜ਼ਾਂ ਨੇ ਪੰਜਾਬ ਤੋਂ ਬਹੁਤ ਸਾਰੇ ਪੜ੍ਹੇ-ਲਿਖੇ ਨੌਜਵਾਨ ਭੇਜੇ ਜਿਨ੍ਹਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ।

---

[11] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰਨੇ 323-24.

ਮਿਸਟਰ ਬਾਮਜ਼ੇ ਆਪਣੀ ਪੁਸਤਕ 'ਹਿਸਟਰੀ ਆਫ ਕਸ਼ਮੀਰ' ਵਿਚ ਸਰਕਾਰੀ ਫਾਇਲ ਨੰਬਰ 24 ਆਫ 1991 ਦਾ ਹਵਾਲਾ ਦੇ ਕੇ ਲਿਖਦਾ ਹੈ:

> Rules were framed to hold competitive examination for appointments to state service. The rules were very stiff since no Kashmiri was even a matriculate then. Thus the Punjabis were imported in large numbers.[12]

ਇਨ੍ਹਾਂ ਨੌਕਰੀਆਂ ਦੇ ਸੰਬੰਧ ਵਿਚ ਹੀ ਬਹੁਤ ਸਾਰੇ ਪੰਜਾਬੀ ਸਿੱਖ ਵੀ ਪੰਜਾਬ ਤੋਂ ਕਸ਼ਮੀਰ ਆਏ। ਬਾਅਦ ਵਿਚ ਸ੍ਰੀਨਗਰ ਸ਼ਹਿਰ ਵਿਚ ਅੰਗਰੇਜ਼ ਔਰਤ ਨੇ 1905 ਈ. ਵਿਚ ਪਹਿਲਾ ਕਾਲਜ ਖੋਲ੍ਹਿਆ ਤੇ ਨਾਲ-ਨਾਲ ਹੀ ਜੰਮੂ ਵਿਚ 1908 ਈ. ਵਿਚ ਕਾਲਜ ਸ਼ੁਰੂ ਕੀਤਾ ਗਿਆ। ਇਨ੍ਹਾਂ ਕਾਲਜਾਂ ਦੇ ਨਾਲ ਹੀ ਬਾਰਾਮੂਲਾ ਵਿਚ ਅੰਗਰੇਜ਼ਾਂ ਨੇ ਸੇਂਟ ਜੋਸਫ਼ ਦੇ ਨਾਂ 'ਤੇ ਹਾਈ ਸਕੂਲ ਖੋਲ੍ਹਿਆ। ਕੁਝ ਸਮੇਂ ਬਾਅਦ ਸਰਕਾਰੀ ਪ੍ਰਾਇਮਰੀ ਤਕ ਸਕੂਲ ਖੋਲ੍ਹੇ ਗਏ ਤੇ ਕਿਸੇ ਕਿਸੇ ਵੱਡੇ ਕਸਬੇ ਵਿਚ ਮਿਡਲ ਤਕ ਵੀ ਸਕੂਲ ਖੋਲ੍ਹੇ ਗਏ। ਇਨ੍ਹਾਂ ਸਕੂਲਾਂ ਵਿਚ ਨੌਜਵਾਨਾਂ ਨੇ ਵਿਦਿਆ ਹਾਸਲ ਕਰਨ ਲਈ ਦਾਖਲੇ ਲਏ।[13]

ਇਸ ਤੋਂ ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਸ ਵੇਲੇ ਦੇ ਵਿਦਿਅਕ ਹਾਲਾਤ ਕੋਈ ਚੰਗੇ ਨਹੀਂ ਸਨ। 1919-20 ਈ. ਵਿਚ ਗੁਰਦੁਆਰਾ ਸੁਧਾਰ ਲਹਿਰ ਦੇ ਸੰਬੰਧ ਵਿਚ ਸ. ਹਰਬੰਸ ਸਿੰਘ ਅਟਾਰੀ ਅਤੇ ਉਨ੍ਹਾਂ ਦੇ ਸਾਥੀ ਬਾਰਾਮੂਲੇ ਕਸ਼ਮੀਰ ਆਏ ਤਾਂ ਉਨ੍ਹਾਂ ਦੇ ਉਪਰਾਲੇ ਨਾਲ ਇਥੋਂ ਦੇ ਪਤਵੰਤੇ ਸਿੱਖਾਂ ਨੇ ਸਿੱਖ ਬੱਚਿਆਂ ਦੀ ਬਾਰਾਮੂਲਾ ਵਿਖੇ ਰਿਹਾਇਸ਼ ਲਈ ਬੋਰਡਿੰਗ ਹਾਊਸ ਦੀ ਉਸਾਰੀ ਲਈ ਵੱਡਾ ਯੋਗਦਾਨ ਦਿੱਤਾ। ਇਸ ਬੋਰਡਿੰਗ ਹਾਊਸ ਦੇ ਲੰਗਰ ਲਈ ਸ. ਮੱਖਣ ਸਿੰਘ ਜੀ 'ਸ਼ਾਹ ਦਾਨੀ' ਚਕ ਸ਼ੁਤਲੂ ਵਾਲੇ ਦਿਲ ਖੋਲ੍ਹ ਕੇ ਮਾਇਕ ਸਹਾਇਤਾ ਭੇਜਦੇ ਸਨ। ਉਨ੍ਹਾਂ ਨੇ ਇਸ ਬੋਰਡਿੰਗ ਹਾਊਸ ਵਿਚ ਬੱਚਿਆਂ ਦੀ ਸਹੂਲਤ ਲਈ ਇਕ ਹਮਾਮ ਚਾਲੂ ਕਰਵਾਇਆ ਸੀ ਅਤੇ ਹਰ ਫੇਰੇ ਬੱਚਿਆਂ ਨੂੰ ਕੰਬਲ, ਕਿਤਾਬਾਂ, ਕਾਪੀਆਂ ਅਤੇ ਸਕੂਲ ਦੀਆਂ ਫੀਸਾਂ ਲਈ ਮਾਇਕ ਸਹਾਇਤਾ ਦਿੰਦੇ ਰਹਿੰਦੇ ਸਨ। ਇਸ ਬੋਰਡਿੰਗ ਹਾਊਸ ਦਾ ਸਦਕਾ ਬਾਰਾਮੂਲੇ ਨਾਲ ਲਗਦੇ ਪਿੰਡਾਂ ਦੇ ਸਿੱਖ ਨੌਜਵਾਨਾਂ ਨੇ ਵਿਦਿਆ ਹਾਸਿਲ ਕੀਤੀ। ਉਧਰ ਮੁਜ਼ਫਰਾਬਾਦ ਦੇ

---

[12] ਉਦਰਿਤ ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 56.

[13] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 56.

ਇਲਾਕੇ ਵਿਚ ਪਹਿਲਾਂ-ਪਹਿਲਾਂ ਕੋਈ ਹਾਈ ਸਕੂਲ ਜਾਂ ਮਿਡਲ ਸਕੂਲ ਨਹੀਂ ਸੀ। ਕੋਟਲੀ ਸਿੱਖਾਂ ਦਾ ਇਕ ਵੱਡਾ ਪਿੰਡ ਸੀ ਤੇ ਹਜ਼ਾਰੇ ਦੇ ਨਾਲ ਮਿਲਦਾ ਇਲਾਕਾ ਸੀ ਜਿਸ ਦੀ ਸਿੱਖ ਵਸੋਂ ਬਹੁਤ ਜ਼ਿਆਦਾ ਸੀ। ਹਜ਼ਾਰੇ ਵਾਲੇ ਪਾਸੇ ਆਉਣ-ਜਾਣ ਕਰਕੇ ਪਿੰਡ ਕੋਟਲੀ ਦੇ ਸਿੱਖਾਂ ਵਿਚ ਵਿਦਿਆ ਹਾਸਿਲ ਕਰਨ ਦਾ ਚਾਉ ਪੈਦਾ ਹੋ ਚੁੱਕਾ ਸੀ।[14]

ਇਸੇ ਹੀ ਲੜੀ ਤਹਿਤ ਅਤੇ ਸੋਚ-ਵਿਚਾਰ ਮਗਰੋਂ ਅਕਾਲੀ ਕੌਰ ਸਿੰਘ ਨੇ ਵੀ ਵਿਦਿਅਕ ਯੋਗਦਾਨ ਵੱਡੇ ਪੱਧਰ 'ਤੇ ਦਿੱਤਾ ਜਿਸ ਦਾ ਜ਼ਿਕਰ ਅਗਲੇ ਅਧਿਆਇਆਂ ਵਿਚ ਕੀਤਾ ਜਾਵੇਗਾ।

ਡੋਗਰਾ ਸਰਕਾਰ ਵਲੋਂ ਮੁਸਲਮਾਨਾਂ ਅਤੇ ਸਿੱਖਾਂ ਨਾਲ ਨੌਕਰੀਆਂ ਆਦਿਕ ਮਾਮਲਿਆਂ ਵਿਚ ਕਈ ਤਰ੍ਹਾਂ ਦੀਆਂ ਜ਼ਿਆਦਤੀਆਂ ਕੀਤੀਆਂ ਜਾਂਦੀਆਂ ਸਨ ਜਿਸ ਕਰਕੇ ਦੋਨਾਂ ਕੌਮਾਂ ਨੇ ਸਰਕਾਰ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ। ਸਿੱਖਾਂ ਵਲੋਂ ਕੌਮ ਨੂੰ ਸੇਧ ਦੇਣ ਲਈ ਕੁਝ ਜਮਾਤਾਂ ਹੋਂਦ ਵਿਚ ਲਿਆਂਦੀਆਂ ਜਿਨ੍ਹਾਂ ਨੇ ਉਸ ਸਮੇਂ ਸਿੱਖ ਕੌਮ ਦੀ ਅਗਵਾਈ ਕੀਤੀ।

## ਸਿੱਖ ਸਹਾਇਕ ਸਭਾ

ਸ. ਹਰਬੰਸ ਸਿੰਘ ਅਟਾਰੀ ਅਤੇ ਉਨ੍ਹਾਂ ਦੇ ਸਾਥੀ ਜੋ ਗੁਰਦੁਆਰਾ ਸੁਧਾਰ ਲਹਿਰ ਤਹਿਤ ਸਾਥੀਆਂ ਸਮੇਤ ਕਸ਼ਮੀਰ ਬਾਰਾਮੂਲੇ ਆਏ ਹੋਏ ਸਨ ਤਾਂ ਉਨ੍ਹਾਂ ਨਾਲ ਕੁਝ ਪਤਵੰਤਿਆਂ ਨੇ ਵਿਦਿਆ ਨੂੰ ਮੁੱਖ ਰੱਖ ਕੇ ਵਿਚਾਰਾਂ ਕੀਤੀਆਂ। ਪਿੱਛੋਂ ਸ. ਭਗਤ ਸਿੰਘ ਕਾਨਾਹਾਮਾ, ਭਾਈ ਘਨਈਆ ਸਿੰਘ, ਭਾਈ ਮਾਨ ਸਿੰਘ, ਸ. ਤਾਰਾ ਸਿੰਘ ਮੁਸਾਫਰ ਤੇ ਸ. ਅਮਰ ਸਿੰਘ ਚਕ ਗੂਜਰੀ ਨੇ ਮਹਾਰਾਜਾ ਪ੍ਰਤਾਪ ਸਿੰਘ ਤੋਂ ਬੋਰਡਿੰਗ ਹਾਊਸ ਦੀ ਉਸਾਰੀ ਦੀ ਮੰਗ ਕੀਤੀ। ਮਹਾਰਾਜਾ ਪ੍ਰਤਾਪ ਸਿੰਘ ਨੇ ਸਿੱਖ ਸਹਾਇਕ ਸਭਾ ਨਾਂ ਦੀ ਜਮਾਤ ਨੂੰ ਰਜਿਸਟਰ ਕਰਕੇ ਬੋਰਡਿੰਗ ਹਾਊਸ ਦੀ ਉਸਾਰੀ ਦੀ ਆਗਿਆ 1921-22 ਈ. ਨੂੰ ਦੇ ਦਿੱਤੀ। ਬੋਰਡਿੰਗ ਹਾਊਸ ਦੀ ਉਸਾਰੀ ਲਈ ਜ਼ਮੀਨ ਕਾਂਜਲੀਬਾਗ ਦੇ ਭਾਈ ਮਾਨ ਸਿੰਘ ਤੇ ਜੈਲਦਾਰ ਈਸ਼ਰ ਸਿੰਘ ਨੇ ਦਾਨ ਵਜੋਂ ਦਿੱਤੀ। ਬੋਰਡਿੰਗ ਦੀ ਉਸਾਰੀ ਵਿਚ ਗੁਰਮੁਖ ਸਿੰਘ ਇੰਜੀਨੀਅਰ, ਸ. ਚਾਨਣ ਸਿੰਘ ਅਤੇ ਮਲਿਕ ਹਰਦਿਤ ਸਿੰਘ ਨੇ ਕਾਫ਼ੀ ਯੋਗਦਾਨ ਦਿੱਤਾ। ਬੋਰਡਿੰਗ ਹਾਊਸ ਇਮਾਰਤ ਤਿਆਰ ਕਰਨ ਉਪਰੰਤ 1933

[14] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 75.

ਵਿਚ ਚਾਲੂ ਕੀਤਾ ਗਿਆ ਜਿਸ ਵਿਚ ਦਾਖਲੇ ਲੈਣ ਵਾਲੇ ਪਹਿਲੇ ਵਿਦਿਆਰਥੀ ਕਾਨਹਾਮੈ ਦੇ ਸ. ਰਘਬੀਰ ਸਿੰਘ ਤੇ ਸੁਦਾਗਰ ਸਿੰਘ ਸਨ। ਮੁਜਫਰਾਬਾਦ, ਅਨੰਤਨਾਗ, ਬਡਗਾਮ ਤੇ ਹੋਰ ਪਿੰਡਾਂ ਤੋਂ ਸਿੱਖ ਨੌਜਵਾਨਾਂ ਨੇ ਬਾਰਾਮੂਲੇ ਆ ਕੇ ਇਸ ਬੋਰਡਿੰਗ ਹਾਊਸ ਦਾ ਸਦਕਾ ਵਿਦਿਆ ਪ੍ਰਾਪਤ ਕੀਤੀ। ਪਹਿਲਾਂ ਪਹਿਲ ਬੋਰਡ ਦੀ ਸੁਪਰਵਿਜ਼ਨ ਦਾ ਕੰਮ ਆਪ ਸ. ਹਰਬੰਸ ਸਿੰਘ ਅਟਾਰੀ ਕਰਦੇ ਰਹੇ ਤੇ ਮਗਰੋਂ 1941 ਈ. ਤਕ ਮਾ. ਮਤਵਾਲ ਸਿੰਘ ਨੂੰ ਬੋਰਡਿੰਗ ਹਾਊਸ ਦਾ ਸੁਪਰਡੈਂਟ ਬਣਾਇਆ ਗਿਆ। ਉਨ੍ਹਾਂ ਤੋਂ ਬਾਅਦ ਗਿ. ਕਰਤਾਰ ਸਿੰਘ ਕੋਮਲ ਇਹ ਸੇਵਾ ਨਿਭਾਉਂਦੇ ਰਹੇ। 1947 ਈ. ਦੇ ਕਬਾਇਲੀ ਹਮਲੇ ਮਗਰੋਂ ਬੋਰਡਿੰਗ ਹਾਊਸ ਦੀ ਜ਼ਮੀਨ ਤੇ ਬਿਲਡਿੰਗ ਫੌਜ ਦੇ ਹੇਠ ਆ ਗਈ। ਸਿੱਖ ਸਹਾਇਕ ਸਭਾ ਵੀ ਕਾਗਜਾਂ ਤਕ ਸੀਮਤ ਰਹਿ ਗਈ। ਇਸ ਫੌਜ ਹੇਠਾਂ ਆਈ ਜ਼ਮੀਨ ਦਾ ਕਿਰਾਇਆ ਡਿਫੈਂਸ ਵਲੋਂ ਸਿੱਖ ਸਹਾਇਕ ਸਭਾ ਦੇ ਨਾਂ 'ਤੇ ਗੁਰਦੁਆਰਾ ਕਮੇਟੀ ਛੇਵੀਂ ਪਾਤਸ਼ਾਹੀ ਬਾਰਾਮੂਲਾ ਨੂੰ ਮਿਲਦਾ ਰਿਹਾ ਜੋ ਇਸ ਦਾ ਪ੍ਰਬੰਧ ਚਲਾਉਂਦੀ ਰਹੀ।

ਜੂਨ 1958 ਈ. ਵਿਚ ਮੁੜ ਰਾਜਿੰਦਰ ਸਿੰਘ ਠੇਕੇਦਾਰ, ਸ. ਨਿਰਮਲ ਸਿੰਘ ਬਾਲੀ ਕਾਂਜਲੀਬਾਗ, ਸ. ਮੋਹਨ ਸਿੰਘ ਬਾਲੀ ਕਾਂਜਲੀਬਾਗ, ਸ. ਸੁਦਾਗਰ ਸਿੰਘ ਕਾਨਲੀ ਬਾਗ ਤੇ ਸ. ਨਿਰੰਜਨ ਸਿੰਘ ਭਲਾ ਸ਼ਾਹਕੋਟ ਨੇ ਇਸ ਸਭਾ ਨੂੰ ਰਾਜਸੀ ਜਮਾਤ ਬਣਾਉਣ ਲਈ ਗੁਰਦੁਆਰਾ ਖੜਗ ਸਿੰਘ ਬਾਰਾਮੂਲਾ ਵਿਖੇ ਕਨਵੈਨਸ਼ਨ ਬੁਲਾਈ ਜਿਸ ਵਿਚ ਸ. ਬਚਨ ਸਿੰਘ ਪੰਛੀ ਨੇ ਵੀ ਸ਼ਮੂਲੀਅਤ ਕੀਤੀ ਪਰ ਰਾਜਸੀ ਹਾਲਾਤਾਂ ਕਾਰਨ ਇਹ ਸਭਾ ਅਗਾਂਹ ਨਾ ਵਧ ਸਕੀ।[15]

## ਗੁਰਦੁਆਰਾ ਸੋਪੁਰ ਦਾ ਮੋਰਚਾ

ਸਿੱਖਾਂ ਦੀ ਵਸੋਂ ਪਿੰਡਾਂ ਵਿਚ ਸੀ। ਆਵਾਜਾਈ ਦੇ ਸਾਧਨ ਬਿਲਕੁਲ ਨਹੀਂ ਸਨ। ਜਦੋਂ ਸਿੱਖ ਪਿੰਡਾਂ ਤੋਂ ਕਿਸੇ ਦਫ਼ਤਰੀ ਕੰਮ ਜਾਂ ਬਾਜ਼ਾਰ ਤੋਂ ਖਰੀਦ-ਫ਼ਰੋਖਤ ਕਰਨ ਲਈ ਸ਼ਹਿਰ ਅਉਂਦੇ ਤਾਂ ਉਨ੍ਹਾਂ ਦੇ ਠਹਿਰਨ ਲਈ ਕੋਈ ਜਗ੍ਹਾ ਨਹੀਂ ਸੀ ਹੁੰਦੀ ਜਿਸ ਕਰਕੇ ਉਨ੍ਹਾਂ ਨੂੰ ਹਰ ਸਮੇਂ ਔਕੜਾਂ ਆਉਂਦੀਆਂ ਸਨ। ਇਸ ਘਾਟ ਨੂੰ ਮੁੱਖ ਰੱਖ ਕੇ ਸੋਪੁਰ ਬਜ਼ਾਰ ਵਿਚ ਕੁਝ ਪੰਜਾਬੀ ਹਿੰਦੂ ਸਿੱਖਾਂ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ।

[15] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 67.

ਅਗਸਤ 1935 ਈ. ਵਿਚ ਕੁਝ ਕੱਟੜ ਹਿੰਦੂ ਲੋਕਾਂ ਨੇ ਗੁਰਦੁਆਰੇ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਨਾਲ ਰਾਮਾਇਣ ਦੀ ਪੋਥੀ ਰੱਖ ਕੇ ਸਵੇਰੇ-ਸ਼ਾਮੀ ਕਥਾ ਕਰਨੀ ਆਰੰਭ ਕਰ ਦਿੱਤੀ। ਇਸ ਦੇ ਨਾਲ-ਨਾਲ ਗੁਰਦੁਆਰੇ ਦੇ ਅਹਾਤੇ ਅੰਦਰ ਕੁਝ ਵਰਜਿਤ ਨਸ਼ੀਲੀਆਂ ਚੀਜ਼ਾਂ ਦਾ ਇਸਤੇਮਾਲ ਵੀ ਕਰਨ ਲੱਗੇ। ਗੁਰਦੁਆਰੇ ਦੇ ਗ੍ਰੰਥੀ ਭਾਈ ਕੇਸਰ ਸਿੰਘ ਤੇ ਇਨ੍ਹਾਂ ਉਪਰੋਕਤ ਸਿੰਘਾਂ ਤੋਂ ਗੁਰੂ ਘਰ ਦੀ ਬੇਅਦਬੀ ਜਦ ਸਹਾਰੀ ਨਾ ਗਈ ਤਾਂ ਉਨ੍ਹਾਂ ਬਾਰਾਮੂਲੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਦੀ ਕਮੇਟੀ ਨੂੰ ਹਾਲਾਤਾਂ ਤੋਂ ਜਾਣੂੰ ਕਰਵਾਇਆ।[16] ਕਮੇਟੀ ਨੇ ਜ਼ਿਲ੍ਹੇ ਭਰ ਦੇ ਮੁਖੀ ਪਤਵੰਤਿਆਂ ਦਾ ਇਕੱਠ ਕਰ ਕੇ ਉਨ੍ਹਾਂ ਤੋਂ ਮਤਾ ਪਾਸ ਕਰਵਾ ਕੇ ਸਰਕਾਰ ਖਿਲਾਫ ਮੋਰਚਾ ਸ਼ੁਰੂ ਕਰਨ ਦਾ ਫੈਸਲਾ ਕੀਤਾ। ਇਸ ਮੋਰਚੇ ਲਈ ਵੱਖ-ਵੱਖ ਜਥੇ ਭੇਜੇ ਗਏ ਅਤੇ ਇਸ ਵਿਚ ਬਹੁਤ ਨਾਮਵਰ ਸਿੱਖ ਹਸਤੀਆਂ ਨੇ ਹਿੱਸਾ ਪਾਇਆ।

ਸ. ਕਰਤਾਰ ਸਿੰਘ ਕੋਮਲ ਨੂੰ ਜੋ ਉਸ ਸਮੇਂ ਪੁਲਿਸ ਵਿਚ ਹੈਡ ਕਾਂਸਟੇਬਲ ਦੀ ਨੌਕਰੀ ’ਤੇ ਸਨ, ਉਨ੍ਹਾਂ ਨੂੰ ਨੌਕਰੀ ਤੋਂ ਮੁਕਤ ਕਰ ਦਿੱਤਾ ਗਿਆ। ਸ. ਸਾਧੂ ਸਿੰਘ ਇਛਾਹਾਮਾ ਨੂੰ ਦੋ ਮਹੀਨੇ ਦੀ ਸਜ਼ਾ ਦਿੱਤੀ ਗਈ।

ਮੋਰਚੇ ਦੀ ਕਾਮਯਾਬੀ ਲਈ ਉਸ ਸਮੇਂ ਦੀ ਸਰਕਾਰ ਨਾਲ ਤਿਆਗੀ ਬੁੱਧ ਸਿੰਘ ਤੇ ਭਾਈ ਘਨਈਆ ਸਿੰਘ ਨੇ ਗੱਲਬਾਤ ਕਰਕੇ ਸਿਖਾਂ ਦੀ ਮੰਗ ਪੂਰੀ ਕਰਨ ਲਈ ਪੂਰਾ ਮਿਲਵਰਤਨ ਦਿੱਤਾ ਜਿਸ ਦੇ ਫਲਸਰੂਪ ਸੋਪੁਰ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ ਨਾਲ ਸੰਬੰਧਿਤ ਕਰ ਕੇ ਸੇਵਾ ਸੰਭਾਲ ਸਿੱਖਾਂ ਨੂੰ ਸੌਂਪ ਦਿੱਤੀ ਗਈ।

## ਕਸ਼ਮੀਰ ਵਿਚ ਸਿੰਘ ਸਭਾ ਅਤੇ ਹੋਰ ਲਹਿਰਾਂ ਦੇ ਪ੍ਰਭਾਵ

1873 ਈ. ਵਿਚ ਪੰਜਾਬ ਵਿਚ ਚਲੀ ਸਿੰਘ ਸਭਾ ਲਹਿਰ ਦਾ ਪ੍ਰਭਾਵ ਕਸ਼ਮੀਰ ਤਕ ਵੀ ਪੁੱਜ ਗਿਆ। ਇਸ ਦੇ ਨਤੀਜੇ ਵਜੋਂ ਇਥੋਂ ਦੀ ਸਿੱਖੀ ਨੇ ਬ੍ਰਾਹਮਣੀ ਰਹੁ-ਰੀਤਾਂ ਨੂੰ ਤਿਆਗ ਦਿੱਤਾ। ਮੁਜ਼ੱਫਰਾਬਾਦ ਤੋਂ ਸੰਤ ਭਾਈ ਜੋਗਾ ਸਿੰਘ ਦੇ ਡੇਰੇ ਨੇ ਗੁਰਮਤਿ ਮਰਿਆਦਾ ਦੀ ਸੰਚਾਲਨਾ ਕੀਤੀ ਅਤੇ ਕਸ਼ਮੀਰ ਵਿਚ ਥਾਂ-ਥਾਂ ਸਿੰਘ ਸਭਾਵਾਂ ਕਾਇਮ ਹੋਈਆਂ ਤੇ ਪੂਰਨ ਗੁਰਮਤਿ ਦੇ ਪ੍ਰਚਾਰ ਨੇ ਜ਼ੋਰ ਪਕੜਿਆ।

---

[16] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 68.

ਅਕਾਲੀ ਜੀ ਨੇ ਯੁਵਾ ਅਵਸਥਾ ਤੋਂ ਹੀ ਗੁਰਮਤਿ ਮਰਿਆਦਾ ਲਹਿਰ ਦਾ ਪ੍ਰਭਾਵ ਕਬੂਲਦੇ ਹੋਏ ਸਿੱਖਾਂ ਨਾਲ ਜੁੜੀਆਂ ਫੋਕਟ ਤਾਂਤ੍ਰਿਕ ਤੇ ਬ੍ਰਾਹਮਣੀ ਰਸਮਾਂ ਨੂੰ ਦੂਰ ਕਰਨਾ ਆਪਣਾ ਉਦੇਸ਼ ਬਣਾ ਲਿਆ।

ਜੇਕਰ ਗਹੁ ਨਾਲ ਵਿਚਾਰਿਆ ਜਾਵੇ ਤਾਂ ਪੋਠੋਹਾਰ, ਸਰਹੱਦੀ ਸੂਬਾ ਅਤੇ ਕਸ਼ਮੀਰ ਵਿਚ ਨਿਰੰਤਰ ਚਲ ਰਹੀ ਗੁਰਮਤਿ ਪ੍ਰਚਾਰ ਦੀ ਲਹਿਰ ਦੇ ਪ੍ਰਭਾਵ ਕਾਰਨ ਇਥੋਂ ਦੀ ਸਿੱਖੀ ਰਹਿਤ ਮਰਿਆਦਾ ਅਤੇ ਗੁਰਮਤਿ ਦੇ ਅਸੂਲਾਂ ਵਿਚ ਤਿਆਰ ਬਰ ਤਿਆਰ ਤੇ ਪ੍ਰਪੱਕ ਰਹੀ ਹੈ। ਇੱਥੋਂ ਦੀ ਸਿੱਖੀ ਵਿਚ ਗੁਰਮਤਿ ਦੀ ਜਾਣਕਾਰੀ ਅਕਾਲੀ ਜੀ ਵਰਗੇ ਮਹਾਂਪੁਰਖਾਂ ਦੀ ਘਾਲਣਾ ਦੀ ਦੇਣ ਹੀ ਕਹੀ ਜਾ ਸਕਦੀ ਹੈ।[17]

ਕਸ਼ਮੀਰੀ ਸਿੱਖਾਂ ਦੀਆਂ ਬੁਨਿਆਦੀ ਧਾਰਮਿਕ ਲੋੜਾਂ ਪੰਜਾਬ ਨਾਲ ਜੁੜੀਆਂ ਹੋਣ ਕਰਕੇ ਧਾਰਮਿਕ ਰਹੁ-ਰੀਤ, ਮਰਿਆਦਾ, ਪ੍ਰਚਾਰਕ ਲਹਿਰਾਂ ਆਦਿ ਦੇ ਪ੍ਰਭਾਵ ਕਸ਼ਮੀਰ ਵਿਚ ਵੀ ਪ੍ਰਵੇਸ਼ ਕਰਦੇ ਰਹੇ। ਕਸ਼ਮੀਰ ਦੀਆਂ ਹੱਦਾਂ ਨਾਲ ਲਗਦੇ ਪੰਜਾਬ ਦੇ ਇਲਾਕੇ ਜਿਵੇਂ ਜੰਮੂ, ਮੀਰਪੁਰ, ਪੁਣਛ ਤੇ ਮੁਜਫਰਾਬਾਦ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਲਹਿਰਾਂ ਦੇ ਪ੍ਰਭਾਵਾਂ ਨੂੰ ਕਬੂਲਦੇ ਰਹੇ।

ਇਨ੍ਹਾਂ ਪ੍ਰਭਾਵਾਂ ਨੂੰ ਮੁੱਖ ਰਖਦੇ ਹੋਏ ਰਿਆਸਤ ਕਸ਼ਮੀਰ ਵਿਚ ਵੀ ਗੁਰਦੁਆਰਾ ਸੁਧਾਰ ਲਹਿਰ ਚੱਲੀ। ਕਸ਼ਮੀਰ ਤੋਂ ਗੁਰਦੁਆਰਾ ਸੁਧਾਰ ਲਹਿਰ ਵਿਚ ਜਥੇ ਜਾਂਦੇ ਰਹੇ ਅਤੇ ਆਪਣਾ ਯੋਗਦਾਨ ਪਾਉਂਦੇ ਸਨ। ਜ਼ਿਲ੍ਹਾ ਮੁਜਫਰਾਬਾਦ ਇਸ ਲਹਿਰ ਵਿਚ ਹਿੱਸਾ ਪਾਉਣ ਵਾਲਾ ਸਭ ਤੋਂ ਮੋਹਰੀ ਸੀ। ਨਲੂਛੀ ਮੁਜਫਰਾਬਾਦ ਤੋਂ ਲੈ ਕੇ ਬਾਰਾਮੂਲਾ ਤਕ ਗੁਰਦੁਆਰਿਆਂ ਵਿਚ ਪੁਰਾਣੇ ਗ੍ਰੰਥੀ ਤੇ ਕੀਰਤਨੀਏ ਆਪਣੀ ਅਜ਼ਾਰਾਦਾਰੀ ਤਿਆਗ ਕੇ ਮੁਲਾਜ਼ਮ ਦੇ ਰੂਪ ਵਿਚ ਸੇਵਾਦਾਰ ਨਿਯੁਕਤ ਕੀਤੇ ਗਏ। ਸ੍ਰੀਨਗਰ ਦੇ ਛੇਵੀਂ ਪਾਤਸ਼ਾਹੀ, ਕਾਠੀ ਦਰਵਾਜ਼ਾ, ਸ੍ਰੀਨਗਰ ਵਿਚ ਇਕ ਲੰਮੀ ਜੱਦੋ-ਜਹਿਦ ਤੋਂ ਬਾਅਦ ਜਦੋਂ ਰਿਆਸਤ ਵਿਚ ਵੀ ਗੁਰਦੁਆਰਾ ਐਕਟ ਪਾਸ ਹੋ ਕੇ ਲਾਗੂ ਹੋਇਆ ਤਾਂ ਗੁਰਦੁਆਰਾ ਛਟੀ ਪਾਤਸ਼ਾਹੀ ਅਤੇ ਸਿੰਘ ਸਭਾ ਗੁਰਦੁਆਰਾ ਅਮੀਰਾ ਕਦਲ ਵੀ ਮਹੰਤ ਸ਼ਾਹੀ ਤੋਂ ਪਾਕ ਹੋ ਗਏ।[18]

---

[17] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰ. 321.

[18] ਉਹੀ, ਪੰਨੇ 200-201.

## ਕਸ਼ਮੀਰ ਵਿਚ ਗੁਰਮਤਿ ਪ੍ਰਚਾਰ ਦਾ ਪ੍ਰਭਾਵ

ਜਦੋਂ ਕਸ਼ਮੀਰ ਵਿਚ ਗੁਰਮਤਿ ਦਾ ਜ਼ੋਰ (ਪ੍ਰਭਾਵ ਵਧਿਆ) ਹੋਇਆ ਤਾਂ ਇਸ ਸਮਾਜਿਕ ਤੇ ਧਾਰਮਿਕ ਉਥਲ ਪੁਥਲ ਦਾ ਅਸਰ ਰਿਆਸਤੀ ਸਿੱਖਾਂ ਉਤੇ ਪਿਆ ਤਾਂ ਇਥੋਂ ਦੇ ਡੇਰੇਦਾਰ ਕਰਾਮਾਤਾਂ ਦੀਆਂ ਕਟਾਰਾਂ ਲੈ ਕੇ ਅਕਾਲੀਆਂ 'ਤੇ ਟੁੱਟ ਪਏ ਸਨ। ਡੇਰੇਦਾਰਾਂ ਨੇ ਉਚੀ ਪੱਧਰ ਦੇ ਅਕਾਲੀਆਂ ਖਿਲਾਫ ਭੰਡੀ ਪ੍ਰਚਾਰ ਕਰਨਾ ਆਰੰਭ ਕਰ ਲਿਆ ਸੀ।[19]

ਹਰਨਾਮ ਸਿੰਘ ਦੁਖੀਆ ਦਾ ਇਹ ਵੀ ਵਿਚਾਰ ਹੈ ਕਿ- ਨੰਗਾਲੀ ਸਾਹਿਬ ਦੀ ਗੱਦੀ 'ਤੇ ਬਿਰਾਜਮਾਨ ਸਥਾਨਕ ਮਹੰਤ ਕੱਟੜ ਹਿੰਦੂ ਪਰਿਵਾਰਾਂ 'ਚੋਂ ਹੋਣ ਕਰਕੇ ਪੁਰਾਤਨ ਸੰਸਕਾਰਾਂ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕੇ। ਇਹ ਗੱਲ ਉਨ੍ਹਾਂ ਦੀ ਜਾਤ ਗੋਤ ਤੋਂ ਸਹੀ ਹੁੰਦੀ ਹੈ।[20]

## ਨਿਰੰਕਾਰੀ ਲਹਿਰ ਦਾ ਪ੍ਰਭਾਵ

ਸੰਤ ਭਾ. ਦਇਆ ਸਿੰਘ ਨੇ ਕਸ਼ਮੀਰ ਵਿਚ ਸਭ ਤੋਂ ਪਹਿਲਾਂ ਗੁਰਮਤਿ ਰੀਤੀ ਨਾਲ ਆਨੰਦ ਕਾਰਜ ਆਰੰਭਿਆ। ਗੁਰਮਤਿ ਆਨੰਦ ਵਿਆਹ ਸੰਤ ਦਰਬਾਰਾ ਸਿੰਘ ਨਿਰੰਕਾਰੀ ਸਪੁਤਰ ਬਾਬਾ ਦਿਆਲ ਜੀ ਨੇ ਪ੍ਰਚਲਤ ਕੀਤਾ ਸੀ। 11 ਮਈ 1917 ਈ. ਨੂੰ ਕੇਂਦਰੀ ਕੌਂਸਲ ਵਿਚ ਸਿੱਖ ਮੈਰਿਜ ਐਕਟ ਪਾਸ ਹੋਇਆ ਤੇ ਇਸ ਨੂੰ ਸਿੱਖਾਂ ਲਈ ਕਾਨੂੰਨੀ ਸ਼ਕਲ ਦਿੱਤੀ ਗਈ। ਕਸ਼ਮੀਰ ਵਿਚ ਗੁਰਮਤਿ ਆਨੰਦ ਕਾਰਜ ਸਭ ਤੋਂ ਪਹਿਲਾਂ ਭਾ. ਘਨੱਈਆ ਸਿੰਘ ਕਾਨਲੀਬਾਗ ਬਾਰਾਮੂਲੇ ਦਾ ਹੋਇਆ।

## ਕਸ਼ਮੀਰ ਵਿਚ ਗੁਰਮਤਿ ਪ੍ਰਚਾਰ ਅਤੇ ਅਕਾਲੀ ਕੌਰ ਸਿੰਘ

ਸੰਤ ਭਾਈ ਦਇਆ ਸਿੰਘ ਜੋ ਕਿ ਬਾਬਾ ਜੋਗਾ ਸਿੰਘ[#] ਦੇ ਸਪੁੱਤਰ ਸਨ ਉਨ੍ਹਾਂ ਨਾਲ ਮਿਲ ਕੇ ਅਕਾਲੀ ਕੌਰ ਸਿੰਘ ਨੇ ਗੁਰਮਤਿ ਪ੍ਰਚਾਰ ਵਿਚ ਸਾਥ ਦਿੱਤਾ। ਸੰਤ ਭਾਈ ਦਇਆ ਸਿੰਘ ਨੇ ਕਈ ਹੋਰ ਪ੍ਰਸਿੱਧ ਸਿੱਖਾਂ ਦੇ

---

[19] ਹਰਨਾਮ ਸਿੰਘ ਦੁਖੀਆ, *ਧੁਖਦੀ ਅੱਗ,* ਪੰ. 52.

[20] ਉਹੀ

[#] ਬਾਬਾ ਜੋਗਾ ਸਿੰਘ ਪਿੰਡ ਪੋਤ ਜ਼ਿਲ੍ਹਾ ਮੋਗਾ ਦੇ ਰਹਿਣ ਵਾਲੇ ਸਨ ਅਤੇ ਬਾਅਦ ਵਿਚ ਕਸ਼ਮੀਰ ਵਿਚ ਆ ਗਏ ਸਨ। ਇਨ੍ਹਾਂ ਨੇ ਕਸ਼ਮੀਰ ਵਿਚ ਗੁਰਮਤਿ ਦਾ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਕਰਵਾਇਆ।

ਸਾਥ ਵਿਚ ਗੁਰਮਤਿ ਮਰਿਆਦਾ ਲਹਿਰ ਦੀ ਸੰਚਾਲਨਾ ਕੀਤੀ। ਵਖ-ਵਖ ਇਲਾਕਿਆਂ ਵਿਚੋਂ ਕੁਝ ਪ੍ਰਸਿੱਧ ਨਾਂ ਹਨ- ਸ੍ਰ. ਠਾਕਰ ਸਿੰਘ ਅਕਾਲੀ ਬਾਂਡੀ ਜਮੇਦਾਰਾਂ ਪਿੰਡ ਕੋਟਲੀ, ਅਕਾਲੀ ਕੌਰ ਸਿੰਘ, ਭਾ. ਗੋਕਲ ਸਿੰਘ ਬਾਰਾਮੂਲਾ, ਡਾ. ਲਾਲ ਸਿੰਘ ਚੱਕ ਗੂਜਰੀ, ਸ੍ਰ. ਹਰਦਿਆਲ ਸਿੰਘ ਦਰਦਪੁਰਾ, ਭਾ. ਹਰੀ ਸਿੰਘ ਗ੍ਰੰਥੀ ਸਿੰਘ ਪੁਰਾ ਬਾਰਾਮੂਲਾ, ਸ੍ਰ. ਮੋਹਰ ਸਿੰਘ ਤੇ ਜਮਾਂਦਾਰ ਪ੍ਰਤਾਪ ਸਿੰਘ ਕਾਨਾਹਾਮਾ, ਸ੍ਰ. ਜਵਾਹਰ ਸਿੰਘ ਚਫੜਾ ਇਛਾਹਾਮਾ, ਬੇਰਵਾ, ਸ੍ਰ. ਊਧਮ ਸਿੰਘ ਗਾਮੇਰਾਜ ਤਰਾਲ ਬਾਗ, ਪੁਣਛ ਦੇ ਸ੍ਰ. ਜੋਧ ਸਿੰਘ ਨਾਇਬ ਸੂਬੇਦਾਰ ਪਿੰਡ ਚੌਕੀ, ਸ੍ਰ. ਨਰੈਣ ਸਿੰਘ ਕੋਟੜੀ ਬਾਗ, ਭਾ. ਅਰਜਨ ਸਿੰਘ ਪਿੰਡ ਧੜਿਆਂ ਆਦਿ।

ਡੇਰਿਆਂ ਦੀ ਘਾਲਣਾ ਤੋਂ ਛੁੱਟ ਵਿਅਕਤੀਗਤ ਤੌਰ 'ਤੇ ਵੀ ਗੁਰਮਤਿ ਦੇ ਪ੍ਰਚਾਰ ਲਈ ਉੱਦਮ ਕੀਤੇ ਗਏ। ਗੁਰਮਤਿ ਪ੍ਰਚਾਰ ਦਾ ਵਿਰਸਾ ਪੱਕੀਆਂ ਨੀਹਾਂ 'ਤੇ ਮਹਾਂਪੁਰਸ਼ਾਂ ਨੇ ਕਾਇਮ ਕੀਤਾ ਸੀ ਜਿਸ ਦੇ ਪ੍ਰਭਾਵ ਨੂੰ ਮੁੱਖ ਰੱਖ ਕੇ ਵਿਅਕਤੀਗਤ ਤੌਰ 'ਤੇ ਕੁਝ ਮਹਾਂਪੁਰਸ਼ਾਂ ਨੇ ਇਸ ਲਹਿਰ ਵਿਚ ਆਪਣਾ ਯੋਗਦਾਨ ਪਾਇਆ ਉਨ੍ਹਾਂ ਵਿਚ ਅਕਾਲੀ ਕੌਰ ਸਿੰਘ ਨਿਹੰਗ (ਚਕਾਰ) ਦਾ ਯੋਗਦਾਨ ਬੜਾ ਮਹਤਵਪੂਰਨ ਹੈ।[21]

ਗੁਰੂ ਹਰਿਗੋਬਿੰਦ ਖਾਲਸਾ ਬੋਰਡਿੰਗ ਹਾਊਸ ਵਿਚੋਂ ਸੈਂਕੜੇ ਸਿੱਖ ਵਿਦਿਆਰਥੀ ਸਿਖਿਅਤ ਹੋ ਕੇ ਨਿਕਲੇ। ਇਸੇ ਬੋਰਡਿੰਗ ਹਾਊਸ ਵਿਚ ਅਕਾਲੀ ਕੌਰ ਸਿੰਘ, ਭਾਈ ਜੋਧ ਸਿੰਘ, ਸ੍ਰ. ਸ਼ੇਰ ਸਿੰਘ ਐਮ. ਐਸ. ਸੀ. ਆਦਿ ਆਲਮ ਲੋਕ ਵਿਦਿਆਰਥੀਆਂ ਨੂੰ ਗੁਰਮਤਿ ਦੀ ਜਾਣਕਾਰੀ ਦਿੰਦੇ ਰਹੇ।

## ਕਸ਼ਮੀਰੀ ਸਿੱਖਾਂ ਦੀਆਂ ਰਾਜਨੀਤਿਕ ਸਰਗਰਮੀਆਂ/ਗੁਰਦੁਆਰਾ ਸੁਧਾਰ ਲਹਿਰ

ਪੰਜਾਬ ਵਿਚ ਜਦੋਂ ਵੀ ਗੁਰਦੁਆਰਾ ਸੁਧਾਰ ਲਹਿਰ ਚੱਲੀ ਅਤੇ ਉਸ ਲਹਿਰ ਦਾ ਅਸਰ ਰਿਆਸਤ ਵਿਚ ਵੀ ਹੋਇਆ। ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਖਤਮ ਕਰ ਕੇ ਸੈਂਕੜੇ ਸਿੱਖ ਰਿਆਸਤ ਵਿਚ ਵਾਪਸ ਆਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 15 ਨਵੰਬਰ 1920 ਨੂੰ ਹੋਂਦ ਵਿਚ ਆਈ। ਜੰਮੂ

[21] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ,* ਪੰਨੇ 260-61.

ਕਸ਼ਮੀਰ ਤੋਂ ਵੀ ਕਮੇਟੀ ਲਈ ਕੁਝ ਮੈਂਬਰ ਲਏ ਗਏ ਸਨ ਜਿਨ੍ਹਾਂ ਵਿਚੋਂ ਸ.ਤੀਰਥ ਸਿੰਘ ਅਰਜਾਖੀਏ, ਤਹਿਸੀਲਦਾਰ ਕਠੂਆ ਆਦਿ ਖਾਸ ਵਰਣਨ ਯੋਗ ਹਨ।[22]

ਪੰਜਾਬ ਵਿਚ ਅਕਾਲੀ ਅੰਦੋਲਨ ਤੇ ਗੁਰਦੁਆਰਾ ਸੁਧਾਰ ਲਹਿਰ ਕਾਰਨ ਉਠੇ ਹੋਏ ਨਵੇਂ ਵਿਚਾਰ ਲੈ ਕੇ ਜਦ ਰਿਆਸਤ ਵਿਚ ਥਾਂ-ਥਾਂ ’ਤੇ ਸਿੱਖ ਸਾਹਮਣੇ ਆਏ ਤਾਂ ਇਨ੍ਹਾਂ ਸਿੱਖਾਂ ਨਾਲ ਮਹੰਤਾਂ, ਡੇਰੇਦਾਰਾਂ ਆਦਿਕ ਵਲੋਂ ਕਈ ਤਰ੍ਹਾਂ ਦੀਆਂ ਬਦਸਲੂਕੀਆਂ ਹੋਈਆਂ ਜਿਨ੍ਹਾਂ ਦਾ ਵਰਣਨ ਹਰਨਾਮ ਸਿੰਘ ਦੁਖੀਆ ਨੇ ਵਿਸਤਾਰ ਸਹਿਤ ਕੀਤਾ ਹੈ।[23]

ਇਨ੍ਹਾਂ ਵਿਚੋਂ ਇਕ ਘਟਨਾ ਇਸ ਤਰ੍ਹਾਂ ਹੈ, ਪਿੰਡ ਭੋਠ ਭਾਈਆਂ ਬਾਗ ਵਿਚ ਜਦ ਭਗਤ ਸਿੰਘ ਜੀ ਦੀ ਭੈਣ ਚਾਂਦ ਕੌਰ ਦੀ ਸ਼ਾਦੀ ਸ. ਜੁਆਲਾ ਸਿੰਘ ਜੀ ਨਾਲ ਸ੍ਰੀਮਾਨ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਗੁਰ ਮਰਯਾਦਾ ਅਨੁਸਾਰ ਕਰਾਈ ਤਾਂ ਨੰਗਾਲੀ ਸਾਹਿਬ ਦੇ ਮਹੰਤਾਂ ਨੇ ਬਾਗ ਦੀਆਂ ਸਿੱਖ ਸੰਗਤਾਂ ਨੂੰ ਪਿੰਡ ਭੋਠ ਭਾਈਆਂ ਤੇ ਅਕਾਲੀ ਜੀ ਦੇ ਖਿਲਾਫ ਇਹ ਕਹਿ ਕੇ ਉਕਾਸਾਇਆ ਸੀ ਕਿ ਇਨ੍ਹਾਂ ਭਾਈਆਂ ਨੇ ਅਕਾਲੀ ਕੌਰ ਸਿੰਘ ਜੀ ਤੋਂ ਸਿੰਘ ਸਭਾਈਆਂ ਵਾਲਾ ਵਿਆਹ ਪੜ੍ਹਾ ਕੇ ਸਿੱਖ ਭਾਈਚਾਰੇ ਵਿਚ ਉਲਟੀ ਰੀਤ ਚਲਾਈ ਹੈ। ਉਸ ਸਮੇਂ ਦੇ ਮਹੰਤ ਨੇ ਅਕਾਲੀ ਜੀ ਨੂੰ ਅਕਾਲੀ ਕੌੜ ਸਿੰਘ ਤਕ ਵੀ ਕਹਿ ਦਿੱਤਾ।[24]

1925 ਸੀ. ਈ.* ਵਿਚ ਗੁਰਦੁਆਰਾ ਛੇਵੀਂ ਪਾਤਸ਼ਾਹੀ ਨਲੂਛੀ, ਮੁਜ਼ੱਫਰਾਬਾਦ ਵਿਚ ਪਹਿਲੀ ‘ਅਕਾਲੀ ਸਿਆਸੀ ਕਾਨਫ਼ਰੰਸ’ (First Akali Political Conference) ਸ੍ਰ. ਜਥੇਦਾਰ ਧੀਰਜ ਸਿੰਘ ਕੋਟਲੀ (ਮੁਜ਼ੱਫਰਾਬਾਦ) ਦੀ ਪ੍ਰਧਾਨਗੀ ਹੇਠ ਹੋਈ।[25] ‘ਰਜਵਾੜੀ ਸ਼ਾਹੀ’ ਆਪਣੇ ਜੋਬਨ ’ਤੇ ਸੀ। ਇਥੋਂ ਹੀ ਕਸ਼ਮੀਰੀ ਸਿੱਖਾਂ ਦੀ ਸਿਆਸੀ ਬੇਦਾਰੀ ਦਾ ਆਰੰਭ ਹੁੰਦਾ ਹੈ! ਪ੍ਰੈਸ ਤੇ ਪਲੇਟਫਾਰਮ ਦਾ ਨਾਂ ਤਕ ਨਹੀਂ ਸੀ।

---

[22] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ*, ਪੰ. 122

[23] ਹਰਨਾਮ ਸਿੰਘ ਦੁਖੀਆ, *ਘੁਖਦੀ ਅੱਗ*, ਪੰਨੇ 44-53.

[24] ਉਹੀ, ਪੰਨੇ 52-53.

* ਇਥੇ ਸੀ. ਈ. ਦਾ ਪੂਰਾ ਨਾਮ Common Era ਹੈ ਜੋ ਚਾਲੂ ਵਰ੍ਹੇ ਲਈ ਜਸਬੀਰ ਸਿੰਘ ਸਰਨਾ ਨੇ ਵਰਤਿਆ ਹੈ ਅਤੇ ਨਵੀਂ ਪ੍ਰਪਾਟੀ ਪਾਈ ਹੈ।

[25] Jasbir Singh Sarna, Sikhs in Kashmir, National Book Shop, Delhi, 1993, pp. 34.

ਇਸੇ ਕਾਨਫ਼ਰੰਸ ਵਿਚ ਪਹਿਲੀ ਵਾਰ ਗਿਆਨੀ ਜਾਗਰ ਸਿੰਘ ਨੇ 'ਕਸ਼ਮੀਰ ਛੋੜ ਦੋ' ਦਾ ਨਾਅਰਾ ਮਾਰਿਆ ਸੀ। ਪ੍ਰੈਸ ਤੇ ਪਲੇਟਫਾਰਮ ਦੀ ਆਜ਼ਾਦੀ ਦਾ ਮਤਾ ਇਸੇ ਕਾਨਫ਼ਰੰਸ ਵਿਚ ਪਾਸ ਕੀਤਾ ਗਿਆ ਸੀ। ਗੁਰਦੁਆਰਿਆਂ ਵਿਚ ਮਹੰਤਸ਼ਾਹੀ ਅਤੇ ਮਨਮਤਿ ਦੇ ਖਾਤਮੇ ਦਾ ਐਲਾਨ ਵੀ ਇਸੇ ਕਾਨਫ਼ਰੰਸ ਵਿਚ ਕੀਤਾ ਗਿਆ। ਇਸਦਾ ਨਤੀਜਾ ਇਹ ਹੋਇਆ ਕਿ ਗਿਆਨੀ ਉਜਾਗਰ ਸਿੰਘ ਦੇ ਖਿਲਾਫ 124 ਐਫ ਦੇ ਤਹਿਤ ਮੁਕੱਦਮਾ ਕੀਤਾ ਗਿਆ ਅਤੇ ਤਿੰਨ ਸਾਲ ਕੈਦੇ ਬਾ ਮੁਸ਼ੱਕਤ ਵਿਚ ਰਹੇ। ਇਸ ਕਾਨਫ਼ਰੰਸ ਤੋਂ ਬਾਅਦ ਹੀ ਟੱਟੂ ਮੈਦਾਨ ਸ੍ਰੀਨਗਰ ਵਿਚ ਵੀ ਭਾਰੀ ਕਾਨਫ਼ਰੰਸ ਹੋਈ ਜਿਸ ਵਿਚ ਸਿੱਖ ਹੱਕਾਂ ਪ੍ਰਤਿ ਜਾਗਰੂਕ ਹੋਣ ਲਈ ਇਕ ਅਹਿਮ ਭੂਮਿਕਾ ਨਿਭਾਈ ਗਈ ਸੀ। ਇਸੇ ਤਰ੍ਹਾਂ ਦੀਆਂ ਹੋਰ ਅਕਾਲੀ ਕਾਨਫ਼ਰੰਸਾਂ ਬਾਰਾਮੂਲਾ, ਸੋਪੁਰ ਵਿਚ ਹੋਈਆਂ ਜਿਥੇ ਸਿਆਸੀ ਅਤੇ ਹੋਰ ਮੰਗਾਂ ਨੂੰ ਸਨਮੁਖ ਰੱਖ ਕੇ ਸਿੱਖਾਂ ਵਿਚ ਸਿਆਸੀ ਬੇਦਾਰੀ (ਜਾਗਣ ਦੀ ਹਾਲਤ, ਗਿਆਨਵਸਥਾ) ਲਿਆਂਦੀ ਗਈ। 1931 ਸੀ. ਈ. ਵਿਚ ਰਿਆਸਤ ਦੇ ਲੋਕ ਸ਼ਖ਼ਸੀ ਰਾਜ ਤੋਂ ਤੰਗ ਆ ਗਏ ਸਨ ਅਤੇ ਸਮੇਂ ਨੇ ਅਜਿਹੀ ਕਰਵਟ ਲਈ ਕਿ ਕਈ ਸ਼ਤਾਬਦੀਆਂ ਤੋਂ ਗੁਲਾਮੀ ਦੀਆਂ ਜੰਜ਼ੀਰਾਂ ਹਿੱਲਣ ਲੱਗੀਆਂ। 1931 ਸੀ. ਈ. ਵਿਚ ਮਹਰਾਜ ਗੰਜ ਵਿਚ ਸਿੱਖਾਂ ਦਾ ਕਾਫੀ ਨੁਕਸਾਨ ਹੋਇਆ।[26]

1935 ਈ. ਵਿਚ ਗ੍ਰੇਟ ਬ੍ਰਟੇਨ ਸਰਕਾਰ ਨੇ ਇਕ ਤਹਿਕੀਕਾਤ ਕਮਿਸ਼ਨ (commission Inquiry) ਕੀਤਾ ਤਾਂ ਜੋ ਹਿੰਦੁਸਾਨ ਵਿਚ ਰਹਿ ਰਹੇ ਫ਼ਿਰਕਿਆਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਣ। ਇਸ ਨੂੰ ਗਲੈਂਸੀ ਕਮਿਸ਼ਨ (Glancy Commission) ਵੀ ਕਿਹਾ ਜਾਂਦਾ ਸੀ। ਇਸ ਕਮਿਸ਼ਨ ਨੂੰ ਸਿੱਖਾਂ ਦਾ ਵਫਦ ਵੀ ਮਿਲਿਆ ਅਤੇ ਸ. ਗੁਰਬਖਸ਼ ਸਿੰਘ ਸਰਨਾ (ਕਾਂਜਲੀਬਾਗ) ਨੇ ਸਮ੍ਰਿਤੀ ਪੱਤਰ (Memorandum) ਦਾ ਖਰੜਾ ਤਿਆਰ ਕੀਤਾ ਜੋ ਗਲੈਂਸੀ ਕਮਿਸ਼ਨ ਅੱਗੇ ਰੱਖਿਆ ਗਿਆ ਸੀ।

[26] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ*, ਪੰ. 123.

1938 ਸੀ. ਈ. ਵਿਚ ਸਿੱਖ 'ਨੈਸ਼ਨਲ ਕਾਨਫ਼ਰੰਸ' ਵਿਚ ਸ਼ਾਮਲ ਹੋ ਗਏ। ਨੈਸ਼ਨਲ ਕਾਨਫ਼ਰੰਸ ਇਕ ਵੱਡੀ ਕਾਨਫ਼ਰੰਸ ਕਰਨਾ ਚਾਹੁੰਦੀ ਸੀ ਪਰ 'ਰਜਵਾੜਾਸ਼ਾਹੀ' ਨੇ ਸ੍ਰੀਨਗਰ ਵਿਚ ਦਫਾ 144 ਲਾ ਦਿੱਤੀ ਜਿਸ ਕਾਰਨ ਸੈਂਕੜੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਸ ਵਿਚ ਸਿੱਖ ਨੌਜਵਾਨ ਵੀ ਗ੍ਰਿਫਤਾਰ ਹੋਏ।[27]

1 ਨਵੰਬਰ 1939 ਈ. ਨੂੰ ਦੂਜੀ ਸੰਸਾਰ ਜੰਗ ਸ਼ੁਰੂ ਹੋਈ। ਇਸ ਨਾਲ ਹੀ ਨੈਸ਼ਨਲ ਕਾਨਫ਼ਰੰਸ ਨੇ ਸਿਆਸੀ ਬੇਦਾਰੀ ਪੈਦਾ ਕਰਕੇ ਅਨੰਤਨਾਗ ਕਸ਼ਮੀਰ ਵਿਚ ਪਹਿਲੀ ਕਾਨਫ਼ਰੰਸ ਕੀਤੀ। ਇਸ ਕਾਨਫ਼ਰੰਸ ਵਿਚ ਨਵੇਂ ਕਸ਼ਮੀਰ ਦੀ ਬੁਨਿਆਦ ਰੱਖੀ ਗਈ। ਇਸ ਦੌਰ ਸਮੇਂ ਹਕੂਮਤ ਦੇ ਕੁਝ ਚਾਪਲੂਸ ਤੇ ਸਰਕਾਰੀ ਪਿੱਠੂ ਸਿੱਖ ਖਾਨਦਾਨਾਂ ਨੂੰ ਛੱਡ ਕੇ ਰਿਆਸਤ ਜੰਮੂ ਕਸ਼ਮੀਰ ਦੇ ਸਿੱਖਾਂ ਨੇ ਇਕ ਮੁਠ ਹੋ ਕੇ ਸਰਗਰਮੀ ਨਾਲ ਨੈਸ਼ਨਲ ਕਾਨਫ਼ਰੰਸ ਦਾ ਸਾਥ ਦਿੱਤਾ।

1938 ਈ. ਤੋਂ ਲੈ ਕੇ 1946 ਈ. ਤਕ ਛੋਟੀਆਂ ਮੋਟੀਆਂ ਜੱਦੋ-ਜਹਿਦਾਂ ਅਤੇ ਤਹਿਰੀਕਾਂ ਚਲਦੀਆਂ ਰਹੀਆਂ ਜਿਨ੍ਹਾਂ ਵਿਚ ਰਿਆਸਤੀ ਸਿੱਖ ਨੈਸ਼ਨਲ ਕਾਨਫ਼ਰੰਸ ਦੇ ਝੰਡੇ ਹੇਠ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਕਰਦੇ ਰਹੇ।[28]

1946 ਈ. ਵਿਚ 'ਨੈਸ਼ਨਲ ਕਾਨਫ਼ਰੰਸ' ਰਜਵਾੜਾਸ਼ਾਹੀ ਦੇ ਖਿਲਾਫ ਵੱਡੀ ਤਹਿਰੀਕ ਵਜੋਂ ਉੱਠ ਖੜ੍ਹੀ ਹੋਈ। ਦੂਜੀਆਂ ਕੌਮਾਂ ਵਾਂਗ ਰਿਆਸਤ ਦੇ ਸਿੱਖਾਂ ਨੇ ਜਥੇਦਾਰ ਕਪੂਰ ਸਿੰਘ ਦੀ ਰਹਿਨੁਮਾਈ ਹੇਠ ਨੈਸ਼ਨਲ ਕਾਨਫ਼ਰੰਸ ਦਾ ਸਾਥ ਦੇਣ ਦਾ ਐਲਾਨ ਕੀਤਾ। ਇਸ ਤਹਿਰੀਕ ਵਿਚ ਅਨੇਕਾਂ ਸਿੱਖ ਜਿਵੇਂ ਸ. ਬੁੱਧ ਸਿੰਘ ਤਿਆਗੀ, ਸ. ਸੰਤ ਸਿੰਘ ਤੇਗ ਆਦਿ ਜੇਲ੍ਹਾਂ ਵਿਚ ਗਏ।

1947 ਈ. ਦੇ ਘੱਲੂਘਾਰੇ ਦਾ ਮਾਲੀ ਤੇ ਜਾਨੀ ਨੁਕਸਾਨ ਸਭ ਤੋਂ ਵੱਧ ਰਿਆਸਤੀ ਸਿੱਖਾਂ ਨੂੰ ਸਹਿਣਾ ਪਿਆ ਕਿਉਂਕਿ ਸਿੱਖ ਡੋਗਰਾ ਰਾਜ ਦੇ ਜ਼ੁਲਮ ਸਿਤਮ ਕਾਰਨ ਦੂਰ-ਦੁਰਾਡੇ ਸਰਹੱਦਾਂ 'ਤੇ ਆਬਾਦ ਹੋ ਚੁੱਕੇ ਸਨ। ਕਬਾਇਲੀਆਂ ਨੇ ਖੁਰਸ਼ੀਦ ਅਨਵਰ ਦੀ ਅਗਵਾਈ ਵਿਚ ਪੂਰੇ ਕਸ਼ਮੀਰ ਵਿਚ ਜ਼ੁਲਮ, ਜਬਰ ਅਤੇ ਬਰਬਾਦੀ ਦੀ ਹਨੇਰੀ ਝੁਲਾਅ ਦਿੱਤੀ। ਉਸ ਨੇ ਇਹ ਬਿਆਨ ਐਬਟਾਬਾਦ, ਰਾਵਲਿਪੰਡੀ ਅਤੇ

---

[27] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ*, ਪੰ. 124.

[28] Mohammad Yasin (Ed.), *History of the freedom Struggle in Jammu and Kashmir*, pp. 167-69.

ਕਰਾਚੀ ਵਿਚ ਹੋਈਆਂ ਪ੍ਰੈਸ ਕਾਨਫ਼ਰੰਸਾਂ ਵਿਚ ਦਿੱਤਾ ਕਿ ਅਗਰ ਕਬਾਇਲੀਆਂ ਨਾਲ ਕਸ਼ਮੀਰੀ ਸਿੱਖਾਂ ਦਾ ਟਾਕਰਾ ਨਾ ਹੁੰਦਾ ਤਾਂ ਕਸ਼ਮੀਰ 'ਤੇ ਪਾਕਿਸਤਾਨ ਦਾ ਕਬਜ਼ਾ ਹੋ ਜਾਂਦਾ।[29]

## ਰਿਆਸਤ ਕਸ਼ਮੀਰ ਦੀ ਦੁਬਿਧਾ

ਵਾਇਸਰਾਏ ਹਿੰਦ ਦੀ 25 ਜੁਲਾਈ 1947 ਦੀ ਰੂਲਰਜ਼ ਕਾਨਫ਼ਰੰਸ ਵਿਚ ਭਾਰਤੀ ਰਾਜਿਆਂ ਨੂੰ ਕਰਵਾਈ ਚੇਤਾਵਨੀ ਕਿ 'ਸਾਰੇ ਰਾਜੇ ਇਕ ਹਫਤੇ ਦੇ ਅੰਦਰ-ਅੰਦਰ ਆਪਣੇ ਫੈਸਲੇ ਦਾ ਐਲਾਨ ਕਰ ਦੇਣ ਕਿ ਉਹ ਹਿਦੁਸਤਾਨ ਨਾਲ ਸ਼ਾਮਲ ਹੋਣਗੇ ਜਾਂ ਪਾਕਿਸਤਾਨ ਨਾਲ ਰਲਣਗੇ।' ਇਸ ਐਲਾਨ ਪਿੱਛੋਂ ਹਕੂਮਤ ਰਿਆਸਤ ਜੰਮੂ ਵਾ ਕਸ਼ਮੀਰ ਵਲੋਂ ਪ੍ਰਗਟ ਕੀਤਾ ਗਿਆ ਕਿ "ਫਿਲਹਾਲ ਇਹ ਹਕੂਮਤ ਅਲਹਿਦਾ ਰਹੇਗੀ ਅਤੇ ਬਾਅਦ ਵਿਚ ਆਮ ਰੱਯਤ ਦੀ ਰਾਏ ਪੁਰ ਕਿਸੀ ਵਲ ਹੋਵੇਗੀ। ਸੋ ਇਵੇਂ ਰਿਆਸਤ ਜੰਮੂ ਵਾ ਕਸ਼ਮੀਰ ਅਤੇ ਰਿਆਸਤ ਹੈਦਰਾਬਾਦ ਦੋਵੇਂ ਕਿਸੀ ਤਰਫ਼ ਨਾ ਹੋਈਆਂ।[30]

ਅਕਤੂਬਰ ਦੇ ਆਖਰੀ ਹਫ਼ਤੇ ਕਬਾਇਲੀਆਂ ਨੇ ਲੁੱਟ ਮਾਰ ਕੀਤੀ ਅਤੇ 24 ਅਕਤੂਬਰ ਨੂੰ ਮਹਾਰਾਜਾ ਨੇ ਹਿੰਦੇਸਤਾਨ ਨਾਲ ਸ਼ਾਮਲ ਹੋਣ ਦਾ ਐਲਾਨ ਕੀਤਾ। 25 ਅਤੇ 26 ਅਕਤੂਬਰ ਨੂੰ ਹਵਾਈ ਜਹਾਜ਼ਾਂ ਰਾਹੀਂ ਸ੍ਰੀਨਗਰ ਹਵਾਈ ਅੱਡੇ ਰਾਹੀਂ ਫੌਜ ਉਤਾਰੀ ਗਈ।[31] ਫਸਟ ਪਟਿਆਲਾ ਅਤੇ ਨਾਭਾ ਨੇ ਅਕਾਲੀ ਜੀ ਦੀ ਪ੍ਰੇਰਨਾ ਸਦਕਾ ਹੀ ਕਸ਼ਮੀਰ ਨੂੰ ਆਜ਼ਾਦ ਕਰਵਾਇਆ। ਜੇਲ੍ਹਾਂ ਦੇ ਪੰਛੀ ਮਹਾਤਮਾ ਗਾਂਧੀ, ਨਹਿਰੂ, ਸ਼ੇਖ ਅਬਦੁੱਲਾ ਆਦਿ ਤਾਂ ਕਸ਼ਮੀਰ ਤੋਂ ਹੱਥ ਧੋਣ ਦੇ ਨੁਕਤੇ ਉਪਰ ਪਹੁੰਚ ਚੁੱਕੇ ਸਨ, ਜੇਕਰ ਕਸ਼ਮੀਰ ਦੇ ਸ਼ਹੀਦ ਸਿੱਖਾਂ ਦੀਆਂ ਲਾਸ਼ਾਂ ਅਤੇ ਖ਼ੂਨ ਦੇ ਨਿਸ਼ਾਨ ਉਨ੍ਹਾਂ ਦੀਆਂ ਨਜ਼ਰਾਂ ਵਿਚ ਨਾ ਪੈਂਦੇ ਅਤੇ ਜੇਕਰ ਅਕਾਲੀ ਕੌਰ ਸਿੰਘ ਨਹਿਰੂ ਦੀ ਗੈਰ ਹਾਜ਼ਰੀ ਦਾ ਫਾਇਦਾ ਉਠਾ ਕੇ ਐਕਟਿੰਗ ਪ੍ਰਾਇਮ ਮਨਿਸਟਰ ਸ੍ਰ. ਪਟੇਲ ਅਤੇ ਮਹਾਰਾਜਾ ਯਾਦਵਿੰਦਰ ਸਿੰਘ ਰਾਹੀਂ ਕਸ਼ਮੀਰ ਵਿਚ ਬੁਰੇ-ਹਾਲ ਸਿੱਖ ਭਾਈਚਾਰੇ ਦੀ ਸੰਭਾਲ ਅਤੇ ਜ਼ੁਲਮ ਦੇ ਨਾਸ਼ ਲਈ ਸਿੱਖ ਫੌਜ ਨਾ ਭਿਜਵਾਉਂਦੇ। ...............ਜਦ ਪਟਿਆਲੇ ਦੀ ਸਿਖ ਫੌਜ

---

[29] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼*, ਪੰ. 124.

[30] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 140.

[31] ਭਾਗ ਜੀ ਦੀ ਡਾਇਰੀ, ਉਦਰਿਤ, ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰ. 146.

ਬਾਰਾਮੂਲਾ ਉੜੀ ਓਕ ਪਹੁੰਚ ਗਈ ਸੀ ਤਾਂ ਕੇਂਦਰੀ ਮੁਲਕ ਅਤੇ ਰਿਆਸਤ ਦੀ ਸਿਆਸਤ, (ਜਿਸ ਵਿਚ ਕ੍ਰਮਵਾਰ ਜਵਾਹਰ ਲਾਲ ਨਹਿਰੂ ਅਤੇ ਸ਼ੇਖ ਅਬਦੁੱਲਾ ਸਿਰਕੱਢ ਸਨ), ਇਸ ਗੱਲ ਉੱਤੇ ਅੰਦਰ ਖਾਤੇ ਤੁਲੇ ਹੋਏ ਸਨ ਕਿ ਕਸ਼ਮੀਰ ਨੂੰ ਸਿੱਖ ਰਫਿਊਜੀਆਂ ਤੋਂ ਖਾਲੀ ਕਰ ਲਿਆ ਜਾਵੇ ਤਾਂ ਜੋ ਇਹ ਮੁੜ ਕਸ਼ਮੀਰ ਵਸਣ ਦੀ ਥਾਂ ਪੰਜਾਬ, ਹਿੰਦੁਸਤਾਨ ਅਤੇ ਜੰਮੂ ਆਦਿ ਚਲੇ ਜਾਣ।[32] ਕਸ਼ਮੀਰ ਵਾਦੀ ਦੇ ਸਿੱਖਾਂ ਅੰਦਰ ਘਰਾਂ ਨੂੰ ਨਿਆਸਰਾ ਅਤੇ ਨਿਰਮੋਹੇ ਰੂਪ ਵਿਚ ਨਾ ਛੱਡਣ ਦੀ ਚਾਹਤ ਨੇ ਉਨ੍ਹਾਂ ਨੂੰ ਘਰੋਂ ਬੇਘਰ ਹੋਣ ਤੋਂ ਬਚਾ ਲਿਆ। ਉਨ੍ਹਾਂ ਦੇ ਮਨ ਦੀ ਇਹ ਇੱਛਾ ਏਨੀ ਪ੍ਰਬਲ ਸੀ ਕਿ ਸਮੇਂ ਦੇ ਗੈਰ-ਸਿੱਖ ਲੀਡਰਾਂ ਦੇ ਮਨਸੂਬੇ ਵੀ ਇਸ ਅੱਗੇ ਕਾਮਯਾਬ ਨਾ ਹੋ ਸਕੇ।

## ਧਾਰਮਿਕ ਜਥੇਬੰਦੀਆਂ ਅਤੇ ਸੰਸਥਾਵਾਂ

ਅਕਾਲੀ ਕੌਰ ਸਿੰਘ ਦੇ ਸਮਕਾਲ ਜੰਮੂ ਕਸ਼ਮੀਰ ਵਿਚ ਸਿੱਖਾਂ ਦੀਆਂ ਅਨੇਕਾਂ ਧਾਰਮਿਕ ਜਥੇਬੰਦੀਆਂ ਅਤੇ ਸੰਸਥਾਵਾਂ ਵੀ ਹੋਂਦ ਵਿਚ ਆਈਆਂ ਜਿਨ੍ਹਾਂ ਵਿਚੋਂ ਬਹੁਤੀਆਂ ਵਿਚ ਅਕਾਲੀ ਕੌਰ ਸਿੰਘ ਦਾ ਸਿੱਧਾ ਅਤੇ ਅਸਿੱਧਾ ਸੰਬੰਧ ਰਿਹਾ। ਇਨ੍ਹਾਂ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਸਿੱਖਾਂ ਦੀ ਧਾਰਮਿਕ, ਵਿਦਿਅਕ, ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਪੱਖਾਂ ਤੋਂ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਧਾਰਮਿਕ ਜਥੇਬੰਦੀਆਂ ਅਤੇ ਸੰਸਥਾਵਾਂ ਦਾ ਵੇਰਵਾ ਨਿਮਨ ਲਿਖਤ ਦਿੱਤਾ ਜਾਂਦਾ ਹੈ:

## ਕਸ਼ਮੀਰ ਵਿਚ ਸਿੰਘ ਸਭਾ

ਸਿੰਘ ਸਭਾ ਲਹਿਰ ਦਾ ਨਿਸ਼ਾਨਾ/ਮੰਤਵ ਗੁਰਮਤਿ ਦਾ ਪ੍ਰਚਾਰ ਅਤੇ ਸਿੱਖੀ ਅਸੂਲਾਂ ਵਿਚ ਪਾਬੰਦ ਰਹਿਣਾ। ਗੁਰਬਾਣੀ, ਗੁਰ ਇਤਿਹਾਸ ਅਤੇ ਗੁਰੂਆਂ ਵੱਲੋਂ ਕਾਇਮ ਕੀਤੀਆਂ ਰਵਾਇਤਾਂ ਦਾ ਪ੍ਰਚਾਰ ਅਤੇ ਇਨ੍ਹਾਂ ਦੇ ਪਾਬੰਦ ਰਹਿਣਾ।

ਪੁਣਛ ਦੀ ਉਪ ਰਿਆਸਤ ਪੋਠੋਹਾਰ ਦੇ ਨਾਲ ਲਗਦੀ ਸੀ ਅਤੇ ਪੰਜਾਬ ਵਿਚ ਚਲੀਆਂ ਸਿੰਘ ਸਭਾ ਤੇ ਗੁਰਦੁਆਰਾ ਸੁਧਾਰ ਲਹਿਰਾਂ ਜ਼ਿਲ੍ਹਾ ਮੁਜ਼ਫਰਾਬਾਦ ਤੇ ਪੁਣਛ ਰਾਹੀਂ ਹੀ ਰਿਆਸਤ ਦੇ ਅੰਦਰ ਦਾਖਲ

---

[32] ਹਿੰਮਤ ਸਿੰਘ, *ਕਸ਼ਮੀਰ ਲਈ ਕੁਰਬਾਨੀ*, ਪੰ.xvi (ਭੂਮਿਕਾ)

ਹੋਈਆਂ ਸਨ। ਮੁਜ਼ਫਰਾਬਾਦ ਇਨ੍ਹਾਂ ਲਹਿਰਾਂ ਦਾ ਮੋਢੀ ਸੰਚਾਲਕ ਰਿਹਾ ਹੈ। ਇਸ ਸੰਬੰਧ ਮੁਜ਼ਫਰਬਾਦ ਵਿਚ ਬਾਬਾ ਜੋਗਾ ਸਿੰਘ ਦੇ ਕਾਇਮ ਕੀਤੇ ਡੇਰੇ ਦਾ ਬੜਾ ਮਹਤਵਪੂਰਨ ਭਾਗ ਹੈ।

ਰਿਆਸਤ ਵਿਚ ਸਿੰਘ ਸਭਾਵਾਂ ਕਾਇਮ ਹੋਈਆਂ। ਕਸ਼ਮੀਰ ਵਿਚ ਇਸ ਲਹਿਰ ਨੂੰ ਗੁਰ-ਮਰਿਆਦਾ ਦਾ ਨਾਂ ਦਿੱਤਾ ਗਿਆ। ਇਹ ਸਮਾਂ ਸਿੱਖਾਂ ਦੀ ਅਧੋਗਤੀ ਦਾ ਸਮਾਂ ਸੀ ਆਪਣੇ ਰਾਜ ਦੇ ਖੁੱਸ ਜਾਣ ’ਤੇ ਸਥਿਤੀ ਪ੍ਰਤਿਕੂਲ ਹੋ ਗਈ ਸੀ। ਜ਼ਿੰਦਗੀ ਦਾ ਅਮਨ ਚੈਨ ਖੁੱਸ ਗਿਆ ਸੀ ਤੇ ਆਪਣੀ ਹੋਂਦ ਨੂੰ ਸਥਿਰ ਰੱਖਣ ਲਈ ਕੋਈ ਅਗਵਾਈ ਵੀ ਨਹੀਂ ਸੀ। ਇਸ ਦੇ ਪਰਿਣਾਮ ਵਜੋਂ ਬ੍ਰਾਹਮਣੀ ਰਹੁ-ਰੀਤਾਂ ਤੇ ਕਰਮ ਕਾਂਡ ਸਿੱਖ ਜਨਤਾ ਨੂੰ ਆਪਣੀ ਪਕੜ ਵਿਚ ਲੈ ਰਹੇ ਸਨ। ਜੰਮਣ-ਮਰਨ ਤੇ ਵਿਆਹ ਆਦਿ ਕਾਰਜ ਪ੍ਰੋਹਿਤਾਂ ਤੋਂ ਬਿਨਾਂ ਨਹੀਂ ਹੁੰਦੇ ਸਨ। ਉਨ੍ਹੀਵੀਂ ਸਦੀ ਦੇ ਅੱਧ ਤੋਂ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਤਕ ਸਿੱਖਾਂ ਦੇ ਜੀਵਨ ਵਿਚ ਤਰ੍ਹਾਂ-ਤਰ੍ਹਾਂ ਦੇ ਵਹਿਮ-ਭਰਮ ਪ੍ਰਵੇਸ਼ ਕਰ ਚੁੱਕੇ ਸਨ। ਹਰਨਾਮ ਸਿੰਘ ਦੁਖੀਆ ਨੇ ਇਸ ਸਥਿਤੀ ਬਾਰੇ ਇਸ ਤਰ੍ਹਾਂ ਲਿਖਿਆ ਹੈ- ਵਡੇਰੀ ਉਮਰ ਦੇ ਸਿੱਖ ਜਨੇਊ ਪਹਿਨਦੇ ਤੇ ਲੰਗੋਟ ਚਾੜ੍ਹ ਕੇ ਇਸ਼ਨਾਨ ਕਰਦੇ। ਬੱਚੇ ਦੇ ਜਨਮ ’ਤੇ ਪਰਸੂਤਾ ਇਸਤਰੀ ਨੂੰ ਗੋ-ਮੂਤਰ ਪਿਲਾਇਆ ਜਾਂਦਾ। ਗੋਹੇ ਨਾਲ ਚੌਂਕੇ ਨੂੰ ਲਿੰਬਣਾ ਪਵਿਤਰਤਾ ਦੀ ਨਿਸ਼ਾਨੀ ਮੰਨੀ ਜਾਂਦੀ।[33]

ਕਸ਼ਮੀਰ ਵਿਚ ਗੁਰਮਤਿ ਮਰਿਆਦਾ ਲਹਿਰ ਦਾ ਕਈ ਕੱਟੜ ਵਿਰੋਧੀਆਂ ਨੇ ਵਿਰੋਧ ਵੀ ਕੀਤਾ ਪਰ ਪੰਜਾਬ ਵਿਚੋਂ ਸ਼ੁਰੂ ਹੋਈ ਲਹਿਰ ਦਾ ਪ੍ਰਭਾਵ ਕਬੂਲਣ ਵਾਲੇ ਸਿੱਖਾਂ ਜਿਨ੍ਹਾਂ ਵਿਚ ਅਕਾਲੀ ਕੌਰ ਸਿੰਘ ਦਾ ਨਾਂ ਵੀ ਸ਼ਾਮਲ ਹੈ ਨੇ ਵਿਰੋਧਤਾ ਦੇ ਹੁੰਦੇ ਹੋਏ ਵੀ ਆਪਣੇ ਮਿਸ਼ਨ ਨੂੰ ਅੱਗੇ ਤੋਰਿਆ। ਉਨ੍ਹਾਂ ਦੇ ਪਰਿਸ਼ਰਮ ਦੇ ਪਰਿਣਾਮ ਕੱਟੜ ਵਿਰੋਧੀ ਵੀ ਸਹਿਜੇ-ਸਹਿਜੇ ਗੁਰਮਤਿ ਦੇ ਦਾਇਰੇ ਵਿਚ ਪ੍ਰਵੇਸ਼ ਕਰਦੇ ਗਏ।

## ਸ੍ਰੀ ਗੁਰੂ ਸਿੰਘ ਸਭਾ, ਪੁਣਛ

ਜਿਹੜੇ ਸਮੇਂ ਦੌਰਾਨ ਖਾਲਸਾ ਦੀਵਾਨ ਲਾਹੌਰ ਅਤੇ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਹੋਂਦ ਵਿਚ ਆਈਆਂ ਉਸੇ ਸਮੇਂ ਵਿਚ ਹੀ 1890 ਈ. ਨੂੰ ਕਸ਼ਮੀਰ ਵਿਚ ਗੁਰਮਤਿ ਅਤੇ ਸਿੱਖ ਪ੍ਰਚਾਰ ਦੇ ਘਾਟੇ ਨੂੰ ਪੂਰਾ ਕਰਨ

---

[33] ਹਰਨਾਮ ਸਿਘ ਦੁਖੀਆ, *ਪਹਾੜਾਂ ਵਿਚ ਸਿੱਖੀ ਜੀਵਨ*, ਪੰ. 22 ਉਦਰਿਤ, ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰ. 258.

ਲਈ ਪੁਣਛ ਵਿਚ ਸਿੰਘ ਸਭਾ ਕਾਇਮ ਹੋਈ।[34] ਇਸ ਸਭਾ ਦੇ ਮੁਢਲੇ ਸੰਚਾਲਕ ਸ. ਕਰਤਾਰ ਸਿੰਘ ਪੁਣਛ, ਸ. ਹੀਰਾ ਸਿੰਘ, ਸ. ਅਟੱਲ ਸਿੰਘ, ਸ. ਸਾਧੂ ਸਿੰਘ ਅਤੇ ਸ. ਗੁਰਦਿਤ ਸਿੰਘ ਸਨ। ਹਫਤੇ ਵਿਚ ਇਕ ਵਾਰ ਸ. ਅਟਲ ਸਿੰਘ ਦੇ ਗੁਰਦੁਆਰੇ ਸਭਾ ਲਗਦੀ ਸੀ। ਬਾਅਦ ਵਿਚ ਇਸ ਸਭਾ ਦਾ ਕੰਮ ਬਹੁਤਾ ਉਤਸ਼ਾਹ ਭਰਿਆ ਨਾ ਰਿਹਾ।

1912 ਈ. ਨੂੰ ਦੁਬਾਰਾ ਇਹੀ ਸਭਾ ਸਰਗਰਮੀ ਨਾਲ ਸ਼ੁਰੂ ਕੀਤੀ ਗਈ[35] ਜਿਸ ਦੇ ਸੰਚਾਲਕਾਂ ਵਿਚ ਸ. ਧਿਆਨ ਸਿੰਘ, ਸ. ਕਿਸ਼ਨ ਸਿੰਘ, ਸ. ਸੰਤ ਸਿੰਘ, ਸ. ਸੰਤ ਸਿੰਘ ਸਪੁੱਤਰ ਸ. ਭੰਮਾ ਸਿੰਘ, ਸ. ਭਗਵਾਨ ਸਿੰਘ ਸਨ। ਉਸ ਸਮੇਂ ਗੁਰਪੁਰਬ ਜੋੜ ਮੇਲਾ ਆਦਿ ਕਰਨ ਲਈ ਕੋਈ ਨਿਯਤ ਥਾਂ ਨਹੀਂ ਸੀ ਇਸ ਲਈ ਸਭਾ ਨੇ 1922 ਈ. ਨੂੰ ਮੀਟਿੰਗ ਕਰ ਕੇ ਗੁਰਦੁਆਰਾ ਸਾਹਿਬ ਬਣਾਉਣ ਦਾ ਮਤਾ ਪਾਸ ਕੀਤਾ। ਇਕ ਕਮੇਟੀ ਹੋਂਦ ਵਿਚ ਆਈ ਜਿਸ ਵਿਚ ਸ. ਧਿਆਨ ਸਿੰਘ, ਸ. ਸ਼ੇਰ ਸਿੰਘ ਬੰਦਰਾਹ, ਸ. ਸੰਤ ਸਿੰਘ, ਸ. ਸੋਹਣ ਸਿੰਘ, ਸ. ਮੋਹਣ ਸਿੰਘ, ਸ. ਭਗਵਾਨ ਸਿੰਘ ਅਤੇ ਸ. ਰਤਨ ਸਿੰਘ ਸ਼ਾਮਿਲ ਸਨ। ਇਸ ਤੋਂ ਪਹਿਲਾਂ ਸ. ਫੂਲਾ ਸਿੰਘ ਤੇ ਸ. ਜਗਤ ਸਿੰਘ ਨੇ ਸ. (ਸੰਤ) ਮੋਹਰ ਸਿੰਘ ਦੇ ਉਤਸ਼ਾਹ ਸਦਕਾ ਇਕ ਕਮਰਾ ਤਿਆਰ ਕੀਤਾ ਸੀ। ਲਾਲਾ ਮਨੀਰਾਮ ਨੇ ਆਪਣੀ ਜਗ੍ਹਾ ਗੁਰਦੁਆਰੇ ਨੂੰ ਅਰਦਾਸ ਕਰਾਈ। ਇਸ ਗੁਰਦੁਆਰੇ ਦਾ ਨਕਸ਼ਾ ਬਾਬੂ ਹਰੀ ਚੰਦ 'ਦਤ' ਉਵਰਸੀਅਰ ਨੇ ਤਿਆਰ ਕੀਤਾ ਸੀ। ਰਾਜਾ ਸੁਖਦੇਵ ਸਿੰਘ ਅਤੇ ਪੰਡਤ ਅਨੰਤ ਰਾਮ ਨੇ ਵੀ ਇਸ ਗੁਰਦੁਆਰੇ ਲਈ ਮਦਦ ਦਿੱਤੀ। ਇਸ ਗੁਰਦੁਆਰੇ ਦੀ ਸੰਗੇ-ਬੁਨਿਆਦ 1923 ਈ. ਨੂੰ ਸ. ਧਿਆਨ ਸਿੰਘ ਨੇ ਰੱਖੀ। ਸਰਕਾਰ ਨੇ ਐਡਵਾਈਜ਼ਰ ਕਪਤਾਨ ਹਾਰਵੇ (ਯੂਰਪੀਨ) ਨੇ ਵੀ ਇਸ ਗੁਰਦੁਆਰੇ ਲਈ ਨਗਦ ਮਦਦ ਦਿੱਤੀ। ਇਸ ਗੁਰਦੁਆਰੇ ਦੀ ਸੇਵਾ ਹਿੰਦੂ ਅਤੇ ਮੁਸਲਮਾਨਾਂ ਨੇ ਵੀ ਕੀਤੀ। ਤਸੀਲ ਬਾਗ, ਸ਼ੁਦਨੁਤੀ, ਮਹਿੰਡਰ, ਹਵੇਲੀ ਆਦਿ ਦੀਆਂ ਸਿੱਖ ਸੰਗਤਾਂ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਸ. ਸੋਹਣ ਸਿੰਘ ਤੇ ਸ. ਰਾਮ ਸਿੰਘ ਨੇ ਇਸ ਦੀ ਸੇਵਾ ਸੇਵਾਦਾਰ ਵਜੋਂ ਨਿਭਾਈ। ਭਾਈ ਮੰਗਲ ਸਿੰਘ ਸਾਸਨ ਨੇ ਵੀ ਯੋਗਦਾਨ ਪਾਇਆ। 1923 ਈ. ਤੋਂ ਲੈ ਕੇ 1926 ਈ. ਤਕ ਦੀ ਸੇਵਾ ਨਾਲ ਗੁਰਦੁਆਰਾ ਸਾਹਿਬ ਤਿਆਰ ਹੋ ਗਿਆ ਅਤੇ 1926 ਈ. ਨੂੰ ਭਾਰੀ ਇਕੱਠ ਕਰ ਕੇ ਜੋਸ਼ੋ-ਖਰੋਸ਼ ਨਾਲ ਸਿੰਘ ਸਭਾ ਦਾ

---

[34] ਬੁਧ ਸਿੰਘ ਪੁਣਛ, *ਚੋਣਵੇਂ ਰਤਨ*, ਪੰ. 277.

[35] ਉਹੀ

ਉਦਘਾਟਨ ਕੀਤਾ ਗਿਆ। ਉਸ ਸਮੇਂ ਯੂਰਪੀਨ ਅੰਗਰੇਜ਼ ਅਫ਼ਸਰ ਅਤੇ ਉਨ੍ਹਾਂ ਦੇ ਪਰਿਵਾਰ ਵੀ ਸ਼ਾਮਿਲ ਹੋਏ। ਰਾਜਾ ਸੁਖਦੇਵ ਸਿੰਘ ਨੇ ਚਾਲੀ ਕਨਾਲ ਜ਼ਮੀਨ[36] ਗੁਰਦੁਆਰਾ ਸਾਹਿਬ ਦੇ ਨਾਂ ਲਗਵਾਈ।[37]

## ਸਿੱਖ ਸਹਾਇਕ ਸਭਾ, ਕਸ਼ਮੀਰ

ਇਹ ਸਭਾ 1922-23 ਈ. ਨੂੰ ਬਾਰਾਮੂਲਾ (ਕਸ਼ਮੀਰ) ਵਿਖੇ ਹੋਂਦ ਵਿਚ ਆਈ। ਭਾਈ ਮਾਨ ਸਿੰਘ ਬਾਲੀ ਅਤੇ ਭਾਈ ਘਨਈਆ ਸਿੰਘ ਕਾਂਜਲੀ ਬਾਗ਼ ਵਾਲਿਆਂ ਨੇ ਕਾਫੀ ਜ਼ਮੀਨ ਸਿੱਖਾਂ ਦੇ ਵਿਦਿਅਕ ਖੇਤਰ ਵਾਸਤੇ ਅਰਦਾਸ ਕਰਵਾਈ। ਬਾਅਦ ਵਿਚ ਇਹ ਸਭਾ ਮਹਾਰਾਜਾ ਪ੍ਰਤਾਪ ਸਿੰਘ ਦੇ ਅਹਿਦ ਵਿਚ ਰਜਿਸਟਰ ਕੀਤੀ ਗਈ ਸੀ।

ਇਸੇ ਥਾਂ ਬਾਰਾਮੂਲਾ ਵਿਚ ਹੀ ਗੁਰੂ ਹਰਿਗੋਬਿੰਦ ਸਾਹਿਬ ਬੋਰਡਿੰਗ ਹਾਊਸ ਤਿਆਰ ਕੀਤਾ ਗਿਆ ਅਤੇ ਨਿਗਰਾਨੀ ਦਾ ਕਾਰਜ ਪੰਥ ਦੇ ਹੀਰੇ ਸ. ਹਰਬੰਸ ਸਿੰਘ ਅਟਾਰੀ ਨੇ ਕੀਤਾ। ਬਹੁਤ ਸਾਰੇ ਸਿੱਖ ਨੌਜਵਾਨ ਜਿਨ੍ਹਾਂ ਨੇ ਜੀਵਨ ਵਿਚ ਉੱਚੀਆਂ ਮੰਜ਼ਿਲਾਂ ਹਾਸਲ ਕੀਤੀਆਂ ਉਹ ਇਸੇ ਬੋਰਡਿੰਗ ਹਾਊਸ ਦੀ ਹੀ ਪੈਦਾਵਰ ਸਨ।

ਇਸੇ ਨਾਮ ਦੀ ਸਭਾ 1971 ਈ. ਵਿਚ ਵੀ ਮੁੜ ਸ਼ੁਰੂ ਕੀਤੀ ਗਈ ਸੀ[38] ਜਿਸ ਦਾ ਮੁੱਖ ਟੀਚਾ ਵਿਧਵਾਵਾਂ, ਯਤੀਮਾਂ ਅਤੇ ਬੇਸਹਾਰਿਆਂ ਨੂੰ ਆਰਥਿਕ ਤੌਰ 'ਤੇ ਸਹਾਇਤਾ ਦੇ ਕੇ ਆਪਣੇ ਪੈਰਾਂ 'ਤੇ ਖੜ੍ਹੇ ਕਰਨਾ ਸੀ।

## ਗੁਰਮੁਖੀ ਕੰਨਿਆ ਪਾਠਸ਼ਾਲਾ, ਪੁਣਛ

1923 ਈ. ਨੂੰ ਇਹ ਪਾਠਸ਼ਾਲਾ ਪੁਣਛ ਸ਼ਹਿਰ ਅੰਦਰ ਹੋਂਦ ਵਿਚ ਆਈ[39] ਅਤੇ ਇਹ ਪਹਿਲੀ ਸਭਾ ਸੀ ਜਿਸ ਨੇ ਸਿੱਖ ਹਕੂਕਾਂ ਵਾਸਤੇ ਨੁਮਾਇੰਦਗੀ ਕੀਤੀ। ਇਸ ਨੇ ਸ਼ਹਿਰ ਦੇ ਹਾਈ ਸਕੂਲ ਵਿਚ ਗੁਰਮੁਖੀ

---

[36] ਬੁਧ ਸਿੰਘ ਪੁਣਛ, *ਚੋਣਵੇਂ ਰਤਨ*, ਪੰ. 277.

[37] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ*, ਪੰਨੇ 140-41.

[38] Jasbir Singh Sarna, *Sikhs in Kashmir*, pp. 41.

[39] ਬੁਧ ਸਿੰਘ ਪੁਣਛ, *ਚੋਣਵੇਂ ਰਤਨ*, ਪੰ. 280.

(ਪੰਜਾਬੀ) ਲਾਗੂ ਕਰਵਾਈ। ਇਹ ਪਾਠਸ਼ਾਲਾ ਅਕਾਲੀ ਕੌਰ ਸਿੰਘ ਅਤੇ ਸੰਤ ਮੰਗਲ ਸਿੰਘ ਨੰਗਾਲੀ ਵਾਲਿਆਂ ਦੀ ਪ੍ਰੇਰਨਾ ਸਦਕਾ ਕਾਇਮ ਹੋਈ ਸੀ। ਇਸ ਪਾਠਸ਼ਾਲਾ ਦੇ ਪ੍ਰਧਾਨ ਮਹੰਤ ਮੰਗਲ ਸਿੰਘ ਅਤੇ ਮੈਨੇਜਰ ਸ. ਧਿਆਨ ਸਿੰਘ ਸਨ। ਇਸ ਪਾਠਸ਼ਾਲਾ ਨੇ ਤ੍ਰੋਟੀ ਧਰਮਸ਼ਾਲ ਅਤੇ ਮਿਸ਼ਰਤ ਧਰਮਸ਼ਾਲਾ ਭਾਨਤੀਨ ਨੂੰ ਸਹਾਇਤਾ ਦਿੱਤੀ।

ਇਸ ਪਾਠਸ਼ਾਲਾ ਵਿਚ ਸਿੱਖ ਲੜਕੀਆਂ ਨੂੰ 30 ਰੁਪਏ ਪ੍ਰਤਿ ਮਹੀਨਾ ਸਰਕਾਰ ਵਲੋਂ ਅਤੇ 5 ਰੁਪਏ ਪ੍ਰਤਿ ਮਹੀਨਾ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਲੋਂ ਵਜ਼ੀਫੇ ਵੀ ਦਿੱਤੇ ਜਾਂਦੇ ਸਨ। ਇਸੇ ਸਭਾ ਨੇ ਬਾਗ ਦੇ ਮਿਡਲ ਸਕੂਲ ਵਿਚ ਪੰਜਾਬੀ ਦੀ ਪੜ੍ਹਾਈ ਵੀ ਸ਼ੁਰੂ ਕਰਵਾਈ।[40]

## ਇਸਤਰੀ ਸਤਿਸੰਗ ਸਭਾ, ਪੁਣਛ

ਇਹ ਸਭਾ 1923-24 ਈ. ਨੂੰ ਬਣੀ।[41] ਇਹ ਸਭਾ ਅਕਾਲੀ ਕੌਰ ਸਿੰਘ ਨੇ ਇਸਤਰੀਆਂ ਦੇ ਸੁਧਾਰ ਲਈ ਕਾਇਮ ਕੀਤੀ ਸੀ। ਇਸ ਸਭਾ ਦੀ ਪ੍ਰਧਾਨ ਮਾਈ ਰੁਕੋ ਅਤੇ ਸਕੱਤਰ ਮਾਈ ਭਾਈਆਂ ਨੂੰ ਨਾਮਜ਼ਦ ਕੀਤਾ ਗਿਆ। ਇਨ੍ਹਾਂ ਤੋਂ ਪਿੱਛੋਂ ਮਾਈ ਬਿਸ਼ਨ ਕੌਰ ਤੇ ਬੀਬੀ ਕਿਸ਼ਨ ਕੌਰ ਸੇਵਾ ਨਿਭਾਉਂਦੇ ਰਹੇ। ਇਸ ਸਭਾ ਦੁਆਰਾ ਹਫ਼ਤਾਵਰੀ ਪ੍ਰੋਗਰਾਮ ਆਯੋਜਿਤ ਕਰਕੇ ਗੁਰਬਾਣੀ ਦੇ ਆਸਰੇ ਅਤੇ ਪ੍ਰਚਾਰ ਰਾਹੀਂ ਵਹਿਮਾਂ ਅਤੇ ਪਖੰਡਾਂ ਦਾ ਪਰਹਾਰ ਕਰ ਕੇ ਇਸਤਰੀਆਂ ਦੇ ਸੁਧਾਰ ਲਈ ਅਹਿਮ ਰੋਲ ਨਿਭਾਇਆ। ਗੁਰਦੁਆਰਾ ਸਾਹਿਬ ਦੀ ਉਸਾਰੀ ਸਮੇਂ ਵੀ ਇਸ ਸਭਾ ਦੀਆਂ ਇਸਤਰੀਆਂ ਨੇ ਉਤਸ਼ਾਹ ਪੂਰਨ ਭਾਗ ਲਿਆ।

## ਗੁਰੂ ਨਾਨਕ ਆਸ਼ਰਮ ਚਕਾਰ

ਅਕਾਲੀ ਕੌਰ ਸਿੰਘ ਨੇ ਕਸ਼ਮੀਰ ਵਿਚ ਵਿਦਿਆ ਦੀ ਕਮੀ ਨੂੰ ਮਹਿਸੂਸ ਕਰ ਕੇ ਚਕਾਰ ਵਿਖੇ ਗੁਰੂ ਨਾਨਕ ਆਸ਼ਰਮ 1928[42] ਈ. ਵਿਚ ਕਾਇਮ ਕੀਤਾ। ਆਸ਼ਰਮ ਦਾ ਟੱਕ ਪੰਜਾਂ ਪਿਆਰਿਆਂ ਨੇ ਲਾਇਆ। ਇਹ ਆਸ਼ਰਮ ਅਸਲ ਵਿਚ ਬੋਰਡਿੰਗ ਸੀ ਜਿਥੇ ਦੂਰ-ਦੁਰਾਡਿਆਂ ਤੋਂ ਬੱਚੇ ਵਿਦਿਆ ਹਾਸਲ ਕਰਨ ਲਈ ਆ ਕੇ

---

[40] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ*, ਪੰ.142.

[41] ਬੁਧ ਸਿੰਘ ਪੁਣਛ, *ਚੋਣਵੇਂ ਰਤਨ*, ਪੰ. 280.

[42] ਹਿੰਮਤ ਸਿੰਘ, *ਜੀਵਨ ਵਿਅਕਤਿਤ੍ਵ ਤੇ ਸਾਹਿਤ ਰਚਨਾ*, ਪੰ. 16.

ਰਹਿਣ ਲੱਗੇ ਸਨ। ਅਸ਼ਰਮ ਦੇ ਆਰੰਭਕ ਦਿਨਾਂ ਵਿਚ ਪੰਜਾਬ ਦੇ ਪ੍ਰਮੁੱਖ ਨੇਤਾ ਅਤੇ ਵਿਦਵਾਨ ਚਕਾਰ ਵਿਖੇ ਆਏ ਜਿਨ੍ਹਾਂ ਵਿਚ ਪ੍ਰੋ. ਗੰਗਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਸ. ਈਸ਼ਰ ਸਿੰਘ ਮਝੈਲ ਆਦਿ ਪ੍ਰਮੁਖ ਸਨ।

ਅਕਾਲੀ ਜੀ ਨੇ ਇਸੇ ਆਸ਼ਰਮ ਵਿਚ ਇਕ ਅਮੀਰ ਅਤੇ ਵਿਸ਼ਾਲ ਲਾਇਬਰੇਰੀ ਕਾਇਮ ਕੀਤੀ ਸੀ ਜਿਸ ਵਿਚ 7000 ਦੇ ਕਰੀਬ ਦੁਰਲੱਭ ਖਰੜੇ, ਪੁਸਤਕਾਂ, ਗ੍ਰੰਥ ਆਦਿ ਜਮ੍ਹਾਂ ਕੀਤੇ ਹੋਏ ਸਨ।[43]

1947 ਈ. ਵਿਚ ਕਬਾਇਲੀਆਂ ਨੇ ਇਹ ਵੱਡਾ ਅਤੇ ਅਣਮੁੱਲਾ ਖਜ਼ਾਨਾ ਅਗਨ ਭੇਟ ਕਰ ਕੇ ਨੇਸਤੋ-ਨਾਬੂਦ ਕਰ ਦਿੱਤਾ। ਇਸੇ ਆਸ਼ਰਮ ਵਿਚੋਂ ਹੀ 'ਕਸ਼ਮੀਰ ਸਿੱਖ ਸਮਾਚਾਰ' ਨਾਂ ਦਾ ਅਖਬਾਰ ਅਕਾਲੀ ਜੀ ਕੱਢਦੇ ਰਹੇ। ਇਸ ਆਸ਼ਰਮ ਵਿਚ ਹਰ ਮਜ਼ਹਬ ਦੇ ਬੱਚਿਆਂ ਨੂੰ ਬਿਨਾਂ ਵਿਤਕਰੇ ਵਿਦਿਆ ਦਿੱਤੀ ਜਾਂਦੀ ਸੀ।

## ਸ਼੍ਰੋਮਣੀ ਖਾਲਸਾ ਦਰਬਾਰ

ਰਿਆਸਤ ਵਿਚ ਜਿਥੇ ਬਹੁਤ ਸਾਰੀਆਂ ਧਾਰਮਿਕ ਜਥੇਬੰਦੀਆਂ ਅਤੇ ਸੰਸਥਾਵਾਂ ਕਾਇਮ ਹੋਈਆਂ ਉਥੇ ਇਕ ਸਿਆਸੀ ਜਥੇਬੰਦੀ ਵੀ 4 ਅਗਸਤ 1941 ਈ. ਨੂੰ ਹੋਂਦ ਵਿਚ ਆਈ।[44] ਜਥੇਦਾਰ ਕਪੂਰ ਸਿੰਘ ਇਸ ਜਥੇਬੰਦੀ ਦੇ ਮੁਢਲੇ ਪ੍ਰਧਾਨ ਸਨ। ਇਨ੍ਹਾਂ ਤੋਂ ਬਿਨਾਂ ਇਸ ਜਥੇਬੰਦੀ ਦੇ ਮੁਢਲੇ ਬਾਗਬਾਨਾਂ ਵਿਚ ਸ੍ਰ. ਮੋਹਨ ਸਿੰਘ ਨਿਰਮਾਣ, ਸ੍ਰ. ਕਰਤਾਰ ਸਿੰਘ ਕੋਮਲ, ਸ੍ਰ. ਸੰਤ ਸਿੰਘ ਤੇਗ, ਗਿਆਨੀ ਸੰਤ ਸਿੰਘ ਉਪਲਨਾ, ਸ੍ਰ ਸਾਧੂ ਸਿੰਘ ਚਾਰਲੀ ਘੁੰਡ, ਸ੍ਰ. ਬੁਧ ਸਿੰਘ ਸੋਦਵੀਂ. ਸ੍ਰ. ਰਤਨ ਸਿੰਘ, ਸ੍ਰ. ਬੁੱਧ ਸਿੰਘ ਤਿਆਗੀ, ਸੰਤ ਦਰਬਾਰਾ ਸਿੰਘ, ਸ੍ਰ. ਭਗਤ ਸਿੰਘ ਕਾਨਾਹਾਮਾ, ਸ੍ਰ. ਕਪੂਰ ਸਿੰਘ ਸ਼ਿੜਾਕਾਵਾੜਾ, ਜ਼ੈਲਦਾਰ ਘਨਿਆ ਸਿੰਘ ਬਡਗਾਮ, ਸ੍ਰ. ਲੋਚਨ ਸਿੰਘ ਅਨੰਤਨਾਗ, ਸੰਤ ਗੁਰਬਖਸ਼ ਸਿੰਘ ਡੰਨਾ, ਸ੍ਰ. ਅਮਰ ਸਿੰਘ ਚੱਕ ਸ਼ਤਲੂ, ਰਾਗੀ ਮੰਗਤ ਸਿੰਘ ਸਿੰਘ ਪੁਰਾ ਆਦਿ ਵਰਣਨਯੋਗ ਹਨ।[45]

---

[43] ਹਿੰਮਤ ਸਿੰਘ, *ਜੀਵਨ ਵਿਅਕਤਿਤ੍ਵ ਤੇ ਸਾਹਿਤ ਰਚਨਾ,* ਪੰ. 17.

[44] Jasbir Singh Sarna, *Sikhs in Kashmir*, 1993, pp. 39.

[45] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ,* ਪੰ.143.

1947 ਈ. ਦੇ ਘਲੂਘਾਰੇ ਅਤੇ ਜਥੇਦਾਰ ਕਪੂਰ ਸਿੰਘ ਦੀ ਸ਼ਹੀਦੀ ਮਗਰੋਂ ਮਾਰਚ-ਅਪ੍ਰੈਲ 1948 ਈ. ਨੂੰ ਸ਼੍ਰੋਮਣੀ ਖਾਲਸਾ ਦਰਬਾਰ ਨੂੰ ਪੁਨਰ ਸੁਰਜੀਤ ਕਰਨ ਦੇ ਉਪਰਾਲੇ ਕੀਤੇ ਗਏ। ਸ੍ਰ. ਸੰਤ ਸਿੰਘ ਤੇਗ ਨੂੰ ਆਬੂਰੀ ਪ੍ਰਧਾਨ ਥਾਪਿਆ ਗਿਆ। ਲੋਕਾਂ ਵਿਚ ਸ੍ਰ. ਕਪੂਰ ਸਿੰਘ ਦੇ ਜ਼ਿੰਦਾ ਹੋਣ ਦੀ ਚਰਚਾ ਚਲ ਰਹੀ ਸੀ। ਮੌਕੇ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਬਟੋਤ (ਜੰਮੂ) ਵਿਚ ਕੁਝ ਸਿੱਖਾਂ ਨੇ ਇਕੱਠ ਕਰ ਕੇ ਦੁਬਾਰਾ ਸ਼੍ਰੋਮਣੀ ਖਾਲਸਾ ਦਰਬਾਰ ਨੂੰ ਸੁਰਜੀਤ ਕੀਤਾ ਜਿਸ ਦੇ ਪ੍ਰਧਾਨ ਸ੍ਰ. ਬਲਵੰਤ ਸਿੰਘ (ਰਿਟਾ: ਐਸ. ਪੀ.) ਬਾਰਾਮੂਲਾ ਅਤੇ ਗਿ: ਤਾਰਾ ਸਿੰਘ ਸ਼ਾਂਤ ਨੂੰ ਕ੍ਰਮਵਾਰ ਪ੍ਰਧਾਨ ਅਥੇ ਜਨਰਲ ਸਕੱਤਰ ਥਾਪਿਆ ਗਿਆ। ਇਸ ਤਰ੍ਹਾਂ ਇਕ ਦਹਾਕੇ ਬਾਅਦ ਇਸ ਜਥੇਬੰਦੀ ਦੀ ਦੁਬਾਰਾ ਚੜ੍ਹਤ ਹੋਈ। ਇਕ ਪੰਥਕ ਅਖ਼ਬਾਰ 'ਰਣਜੀਤ' ਜਾਰੀ ਹੋਇਆ ਜਿਸ ਦੇ ਸੰਪਾਦਕ ਗਿ: ਤਾਰਾ ਸਿੰਘ ਸ਼ਾਂਤ ਸਨ। ਸ੍ਰ. ਬਸੰਤ ਸਿੰਘ ਸਾਬਰ ਨੇ ਵੀ ਆਪਣਾ ਅਖ਼ਬਾਰ 'ਪੰਥ ਸੇਵਕ' ਸ਼ੁਰੂ ਕੀਤਾ।[46] ਸ੍ਰ. ਬਲਵੰਤ ਸਿੰਘ ਦੇ ਪ੍ਰਲੋਕ ਗਮਨ ਤੋਂ ਬਾਅਦ ਖਾਲਸਾ ਦਰਬਾਰ ਮੁੜ ਕਮਜ਼ੋਰ ਹੋ ਗਿਆ। ਗਿ: ਤਾਰਾ ਸਿੰਘ ਸ਼ਾਂਤ ਅਤੇ ਸ੍ਰ. ਬਸੰਤ ਸਿੰਘ ਸਾਬਰ ਮੁੜ ਰਿਆਸਤੀ ਅਕਾਲੀ ਦਲ ਦੇ ਹਿਮਾਇਤੀ ਬਣ ਗਏ।

## ਰਿਆਸਤੀ ਅਕਾਲੀ ਦਲ

ਸ੍ਰ. ਸੰਤ ਸਿੰਘ ਤੇਗ, ਸ੍ਰ. ਤਾਰਾ ਸਿੰਘ ਸ਼ਾਂਤ, ਸ੍ਰ. ਰਾਮ ਸਿੰਘ ਮੈਰਾ ਅਤੇ ਗਿ. ਜ਼ੋਰਾਵਰ ਸਿੰਘ ਆਦਿ ਨੇ 1950 ਈ.[47] ਵਿਚ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨਾਲ ਅੰਮ੍ਰਿਤਸਰ ਵਿਖੇ ਜਾ ਕੇ ਇਕ ਅਹਿਮ ਮੁਲਾਕਾਤ ਕੀਤੀ। ਇਸ ਮੀਟਿੰਗ ਵਿਚ ਹੋਰ ਨੁਕਤਿਆਂ ਤੋਂ ਇਲਾਵਾ ਰਿਆਸਤ ਵਿਚ 'ਸ਼੍ਰੋਮਣੀ ਅਕਾਲੀ ਦਲ' ਦੀ ਸ਼ਾਖ ਖੋਲ੍ਹਣ ਦੀ ਬੇਨਤੀ ਕੀਤੀ। ਮਾਸਟਰ ਤਾਰਾ ਸਿੰਘ ਨੇ ਇਹ ਬੇਨਤੀ ਪ੍ਰਵਾਨ ਕਰ ਲਈ। 1947 ਈ. ਦੇ ਉਜੜੇ ਹੋਏ ਸਿੱਖਾਂ ਲਈ ਮਾਸਟਰ ਤਾਰਾ ਸਿੰਘ ਨੇ ਰਿਆਸਤੀ ਸਿੱਖਾਂ ਦੇ ਹੱਕਾਂ ਲਈ ਅਨੇਕਾਂ ਬਿਆਨ ਦਿੱਤੇ ਅਤੇ ਪੰਥਕ ਪ੍ਰੈਸ ਵਿਚ ਲਗਾਤਾਰ ਅਵਾਜ਼ ਉਠਾਉਂਦੇ ਰਹੇ।

---

[46] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼,* ਪੰ.143.

[47] Jasbir Singh Sarna, *Sikhs in Kashmir*, pp. 39.

ਰਿਆਸਤ ਵਿਚ ਅਕਾਲੀ ਦਲ ਦੀਆਂ ਬਹੁਤ ਸਾਰੀਆਂ ਯੂਨਿਟਾਂ ਕਾਇਮ ਕੀਤੀਆਂ ਗਈਆਂ। ਨਗਰੋਟਾ ਕੈਂਪ ਵਿਚ ਸਿੱਖ ਸ਼ਰਨਾਰਥੀਆਂ ਨਾਲ ਕਈ ਤਰ੍ਹਾਂ ਦੇ ਵਿਤਕਰੇ ਕੀਤੇ ਜਾ ਰਹੇ ਸਨ ਜਿਸ ਦੇ ਪ੍ਰਤਿਕਰਮ ਵਜੋਂ ਅਕਾਲੀ ਦਲ ਨੇ ਮੋਰਚਾ ਲਾ ਕੇ ਗ੍ਰਿਫਤਾਰੀਆਂ ਦਿੱਤੀਆਂ। ਮਾਸਟਰ ਤਾਰਾ ਸਿੰਘ ਦੇ ਦਖ਼ਲ ਨਾਲ ਸਿੱਖਾਂ ਦਾ ਸ਼ੇਖ ਅਬਦੁੱਲਾ ਸਰਕਾਰ ਨਾਲ ਸਮਝੌਤਾ ਹੋ ਸਕਿਆ।

ਇਸੇ ਸਮੇਂ ਦੌਰਾਨ ਹੀ ਪੰਜਾਬ ਵਿਚ 'ਪੰਜਾਬੀ ਸੂਬਾ' ਲਹਿਰ ਜ਼ੋਰਾਂ 'ਤੇ ਸੀ ਅਤੇ ਰਿਆਸਤ ਵਿਚ ਵੀ ਕੌਮੀ ਜਜ਼ਬਾ ਪੂਰਾ ਜੋਬਨ 'ਤੇ ਸੀ ਅਤੇ ਠਾਠਾਂ ਮਾਰ ਰਿਹਾ ਸੀ ਜਿਸ ਸਦਕਾ ਰਿਆਸਤੀ ਅਕਾਲੀ ਦਲ ਨੂੰ ਕਾਫ਼ੀ ਵੱਡਾ ਹੁੰਗਾਰਾ ਮਿਲਿਆ।

ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਯੂਨਿਟਾਂ ਰਿਆਸਤ ਵਿਚ 1947 ਈ. ਤੋਂ ਪਹਿਲਾਂ ਵੀ ਮੌਜੂਦ ਸਨ। ਜੰਮੂ ਵਿਚ ਅਕਾਲੀ ਜੱਥਾ ਚੰਗਾ ਸਰਗਰਮ ਸੀ ਜਿਸ ਦੇ ਜੱਥੇਦਾਰ ਸ੍ਰ. ਗੋਪਾਲ ਸਿੰਘ ਸਨ। ਇਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਸਮੇਂ ਜੰਮੂ ਤੋਂ ਜਥੇ ਸਮੇਤ ਗ੍ਰਿਫਤਾਰੀ ਦਿੱਤੀ ਸੀ। ਇਸੇ ਤਰ੍ਹਾਂ ਮਜ਼ੱਫਰਾਬਾਦ ਵਿਚ ਖਾਲਸਾ ਦਰਬਾਰ ਤੋਂ ਪਹਿਲਾਂ ਵੀ 'ਅਕਾਲੀ ਜੱਥਾ' ਮੌਜੂਦ ਸੀ ਜਿਸ ਨੇ ਜਥੇਦਾਰ ਕਪੂਰ ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਨਲੂਛੀ ਮਹੰਤਾਂ ਪਾਸੋਂ ਆਜ਼ਾਦ ਹੋਇਆ ਸੀ। ਇਹੋ ਜਿਹਾ ਜੱਥਾ ਪੁਣਛ ਵਿਚ ਵੀ ਮੌਜੂਦ ਸੀ। ਇਸੇ ਤਰ੍ਹਾਂ ਦਾ ਅਕਾਲੀ ਦਲ 1947 ਈ. ਤੋਂ ਪਹਿਲਾਂ ਬਾਰਾਮੂਲਾ (ਕਸ਼ਮੀਰ) ਵਿਚ ਵੀ ਮੌਜੂਦ ਸੀ ਜਿਸ ਦੇ ਪ੍ਰਧਾਨ ਸ੍ਰ. ਗੰਗਾ ਸਿੰਘ ਚਰਾਲੀਘੁੰਡ ਅਤੇ ਸਕੱਤਰ ਸ੍ਰ. ਰੰਗੀਲ ਸਿੰਘ ਠੇਕੇਦਾਰ (ਭਟਪੁਰਾ) ਸਨ।[48]

## ਸਿੱਖ ਸਟੂਡੈਂਟਸ ਫੈਡਰੇਸ਼ਨ

ਰਿਆਸਤ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਹੋਂਦ ਦਾ ਸਮਾਂ 1952-53 ਈ. ਕਿਹਾ ਜਾ ਸਕਦਾ ਹੈ। ਜੰਮੂ ਯੂਨਿਟ ਦੀ ਹੋਂਦ ਇਸ ਤੋਂ ਪਹਿਲਾਂ ਦੀ ਹੈ। ਸ੍ਰ. ਹਰਚਰਨ ਸਿੰਘ ਬਾਹਰੀ ਅਤੇ ਸ੍ਰ. ਪ੍ਰਦੁੱਮਣ ਸਿੰਘ ਆਜ਼ਾਦ ਦੇ ਯਤਨਾਂ ਸਦਕਾ ਹੀ ਇਹ ਯੂਨਿਟ ਕਸ਼ਮੀਰ ਵਿਚ ਕਾਇਮ ਹੋ ਸਕਿਆ। ਇਸ ਦੇ ਬਾਗਬਾਨਾਂ ਵਿਚ ਸ੍ਰ. ਮੋਹਣ ਸਿੰਘ, ਸ੍ਰ. ਅਨੂਪ ਸਿੰਘ, ਸ੍ਰ. ਆਇਆ ਸਿੰਘ, ਸ੍ਰ. ਸੁਰਜੀਤ ਸਿੰਘ, ਸ੍ਰ. ਹਰਭਜਨ ਸਿੰਘ,

---

[48] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ਼,* ਪੰ.145.

ਸ੍ਰ. ਧਰਮਬੀਰ ਸਿੰਘ, ਸ੍ਰ. ਕਰਨਜੀਤ ਸਿੰਘ, ਸ੍ਰ. ਸਰਨ ਸਿੰਘ, ਸ੍ਰ. ਕਿਸ਼ਨਜੀਤ ਸਿੰਘ ਮਹਿਤਾ, ਸ੍ਰ. ਫੌਜਵੰਤ ਸਿੰਘ ਮਹਿਤਾ, ਸ੍ਰ. ਨਰਿੰਦਰ ਸਿੰਘ ਖਾਲਸਾ ਹੋਟਲ, ਸ੍ਰ. ਕੀਰਤ ਸਿੰਘ ਇਨਕਲਾਬੀ, ਸ੍ਰ. ਅਮਰਜੀਤ ਸਿੰਘ, ਸ੍ਰ. ਪ੍ਰਿਥੀਪਾਲ ਸਿੰਘ ਬੇਤਾਬ ਆਦਿ ਵਰਣਨਯੋਗ ਹਨ।[49]

ਅਕਾਲੀ ਕੌਰ ਸਿੰਘ ਦੇ ਸਮਕਾਲ ਦੀਆਂ ਇਨ੍ਹਾਂ ਜਥੇਬੰਦੀਆਂ ਅਤੇ ਸੰਸਥਾਵਾਂ ਤੋਂ ਇਲਾਵਾ ਬਾਅਦ ਦੀਆਂ ਹੋਰ ਵੀ ਜਥੇਬੰਦੀਆਂ/ਸੰਸਥਾਵਾਂ ਸਨ ਜਿਨ੍ਹਾਂ ਵਿਚ 'ਕਸ਼ਮੀਰ ਸਿੱਖ ਯੂਥ ਫੈਡਰੇਸ਼ਨ' (1962-63), 'ਕਸ਼ਮੀਰ ਸਿੱਖ ਸਰਬਮੀਤ ਸਭਾ' (1961), 'ਪੰਥਕ ਪਾਰਟੀ' (1972), 'ਸਿੱਖ ਮਿਸ਼ਨਰੀ ਕਾਲਜ', ਜੰਮੂ ਕਸ਼ਮੀਰ (1972), 'ਜੰਮੂ ਕਸ਼ਮੀਰ ਸਿੱਖ ਗੁਰਦੁਆਰਾ ਬੋਰਡ' (1975-76), 'ਪੰਥਕ ਯੂਥ ਫਰੰਟ' (1975), 'ਕਸ਼ਮੀਰ ਯੂਥ ਅਕਾਲੀ ਦਲ' ਆਦਿ। ਇਥੇ ਅਸੀਂ ਸਿਰਫ ਅਕਾਲੀ ਜੀ ਦੇ ਸਮਕਾਲੀ ਸਮੇਂ ਅਤੇ ਵਿਸ਼ੇ ਦੀ ਸੀਮਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਨ੍ਹਾਂ ਦੀ ਵਿਸਤ੍ਰਿਤ ਚਰਚਾ ਵਿਚ ਨਹੀਂ ਜਾਵਾਂਗੇ।

ਜੰਮੂ-ਕਸ਼ਮੀਰ ਤੋਂ ਇਲਾਵਾ ਪੰਜਾਬ ਅਤੇ ਭਾਰਤ ਵਿਚ ਅਕਾਲੀ ਕੌਰ ਸਿੰਘ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਿੱਖ ਧਰਮ ਅਤੇ ਅਨਯ ਮਤਾਂ ਦੀਆਂ ਪ੍ਰਮੁੱਖ ਲਹਿਰਾਂ ਅਤੇ ਹਾਲਾਤਾਂ ਆਦਿਕ ਦਾ ਵੇਰਵਾ ਇਥੇ ਦਿੱਤਾ ਜਾ ਰਿਹਾ ਹੈ:

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਸਰਦਾਰਾਂ ਦੀ ਹੈਸੀਅਤ ਸੁੰਗੜ ਕੇ ਨਿਗੂਣੀ ਰਹਿ ਗਈ ਸੀ। ਉਨ੍ਹਾਂ ਨੂੰ ਸਿਰਫ ਫੌਜ ਤੱਕ ਹੀ ਸੀਮਤ ਕਰ ਦਿੱਤਾ ਸੀ।[50] ਸੋ ਜਿਸ ਵਰਗ ਦੀ ਬਹਾਦਰੀ ਤੇ ਕੁਰਬਾਨੀਆਂ ਦੇ ਸਿਰ 'ਤੇ ਖਾਲਸਾ ਰਾਜ ਹੋਂਦ ਵਿਚ ਆਇਆ ਸੀ, ਉਸ ਨੂੰ ਰਾਜਸੀ ਢਾਂਚੇ ਵਿਚ ਅਹਿਮ ਪੁਜ਼ੀਸਨਾਂ ਤੋਂ ਲਾਂਭੇ ਕਰ ਦਿੱਤਾ ਸੀ। ਇਸ ਨਾਲ ਸਿੱਖ ਸਰਦਾਰਾਂ ਦੇ ਮਨਾਂ ਅੰਦਰ ਰੰਜਸ਼ ਪੈਦਾ ਹੋਣਾ ਸੁਭਾਵਿਕ ਸੀ। ਦੂਸਰਾ ਇਹ ਵੀ ਮਹਤਵਪੂਰਨ ਸੀ ਕਿ ਫਾਰਸੀ ਉਸ ਸਮੇਂ ਦੀ ਸਰਕਾਰੀ ਭਾਸ਼ਾ ਸੀ, ਦੀ ਅਰਬੀ ਸਕਾਲਰ ਪੈਦਾ ਕਰਨ ਵਿਚ ਵੱਡੀ ਦੇਣ ਸਮਝੀ ਜਾਂਦੀ ਸੀ। ਫਾਰਸੀ ਪੜ੍ਹੇ ਹੋਏ ਵਿਅਕਤੀਆਂ ਨੂੰ

---

[49] ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ*, ਪੰ.146.

[50] Dr. Ganda singh, *The Punjab past and present*, April 1981, p.150.

ਆਸਾਨੀ ਨਾਲ ਨੌਕਰੀ ਮਿਲ ਜਾਂਦੀ ਸੀ।[51] ਇਸ ਤਰ੍ਹਾਂ ਦੇ ਦੋਸ਼ਪੂਰਨ ਆਧਾਰ 'ਤੇ ਸਿਰਜੇ ਸ਼ਾਹੀ ਦਰਬਾਰ ਅੰਦਰ ਆਪਸੀ ਹਿੱਤਾਂ ਤੇ ਮਨੋਰਥ ਦੀ ਸਾਂਝ ਪੈਦਾ ਹੋ ਸਕਣੀ ਮੁਸ਼ਕਿਲ ਸੀ। ਅਲੱਗ ਅਲੱਗ ਧਾਰਮਿਕ ਤੇ ਨਸਲੀ ਸਭਿਆਚਾਰਕ ਪਿਛੋਕੜ ਵਾਲੇ ਵਿਅਕਤੀਆਂ ਵਿਚਕਾਰ ਆਪਸੀ ਏਕਤਾ ਦਾ ਕੋਈ ਆਧਾਰ, ਸਿਧਾਂਤਕ ਜਾਂ ਭਾਵਨਾਤਮਿਕ ਨਹੀਂ ਸੀ।[52] ਇਸ ਗੱਲ ਨੂੰ ਅੰਗਰੇਜ਼ਾਂ ਨੇ ਬਹੁਤ ਛੇਤੀ ਭਾਂਪ ਲਿਆ ਸੀ। ਜਿਸ ਕਰਕੇ ਅੰਗਰੇਜ਼ਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਈ, ਤਾਂ ਜੋ ਲੋਕਾਂ ਦਾ ਧਿਆਨ ਸੁਤੰਤਰਤਾ ਵੱਲੋਂ ਮੋੜ ਕੇ ਇਨ੍ਹਾਂ ਨੂੰ ਦੋ ਦਿਸ਼ਾਵਾਂ ਵੱਲ ਪਰਿਵਰਤਿਤ ਕਰ ਦਿੱਤਾ। ਪਹਿਲੀ ਨੀਤੀ ਵੱਖ ਵੱਖ ਜਾਤੀਆਂ ਦੇ ਸਾਂਝੇ ਕੌਮੀ ਭਾਵਾਂ ਨੂੰ ਇਕੱਤਰ ਹੋਣ ਦੇ ਸਾਰੇ ਸਾਧਨਾਂ ਤੋਂ ਵਾਂਝਿਆ ਕਰਨਾ ਸੀ ਤਾਂ ਜੋ ਉਹ 1857 ਈਸਵੀ ਦੇ ਗਦਰ ਵਾਂਗ ਕਿਸੇ ਨਵੇਂ ਉਪਦਰ ਨੂੰ ਖੜ੍ਹਾ ਕਰਨ ਬਾਰੇ ਸੋਚ ਵੀ ਨਾ ਸਕਣ। ਫੁੱਟ ਪਾਉ ਨੀਤੀ ਨਾਲ ਇਨ੍ਹਾਂ ਨੇ ਭਾਰਤ ਦਾ ਹਰ ਫਿਰਕਾ, ਧਰਮ ਤੇ ਕਬੀਲਾ ਇੱਕ ਦੂਜੇ ਦੇ ਵੈਰੀ ਬਣਾ ਦਿਤੇ। ਹਰੇਕ ਦੁਆਰਾ ਆਪਣੇ ਫਿਰਕੇ ਜਾਂ ਧਰਮ ਨੂੰ ਉਤਮ ਸਿੱਧ ਕਰਨ ਵਾਲੀ ਨੀਤੀ ਨੇ ਬਹੁਤ ਹੀ ਘਿਰਣਾ ਭਰਿਆ ਤੇ ਅਸੁਖਾਵਾਂ ਵਾਤਾਵਰਨ ਪੈਦਾ ਕਰ ਦਿੱਤਾ।[53] ਜਿਸ ਕਾਰਨ ਹਿੰਦੀ ਭਾਸ਼ਾ 'ਤੇ ਹਿੰਦੂਆਂ, ਉਰਦੂ, ਅਰਬੀ ਤੇ ਮੁਸਲਮਾਨਾਂ ਨੇ ਆਪਣਾ ਹੱਕ ਸਮਝਿਆ ਤੇ ਸਿੱਖਾਂ ਨੇ ਪੰਜਾਬੀ ਭਾਸ਼ਾ ਨੂੰ ਮਾਣ ਸਮਝਿਆ। ਸਿੱਖਾਂ ਲਈ ਇਸ ਭਾਸ਼ਾ ਨੂੰ ਅਪਣਾਉਣਾ ਜ਼ਰੂਰੀ ਸੀ ਕਿਉਂਕਿ ਉਨ੍ਹਾਂ ਦਾ ਧਾਰਮਿਕ ਗ੍ਰੰਥ ਇਸ ਭਾਸ਼ਾਦੀ ਲਿਪੀ ਗੁਰਮੁਖੀ ਵਿਚ ਲਿਖਿਆ ਹੋਇਆ ਸੀ। ਦੂਜੀ ਨੀਤੀ ਸੀ ਆਰਥਿਕ ਨੀਤੀਆਂ ਤੇ ਯੋਜਨਾਵਾਂ ਦੇ ਆਧਾਰ 'ਤੇ ਸਮਾਜ ਨੂੰ ਨਵੀਆਂ ਸ਼੍ਰੇਣੀਆਂ ਵਿਚ ਵੰਡਣਾ। ਜਿਸ ਨਾਲ ਇਕ ਸ਼੍ਰੇਣੀ ਦੇ ਆਰਥਿਕ ਹਿਤ ਦੂਜੀ ਨਾਲ ਟਕਰਾਉਣ ਲੱਗੇ ਤੇ ਹਰ ਸ਼੍ਰੇਣੀ ਆਪਣੇ ਹਿਤਾਂ ਲਈ ਦੂਜੀ ਨੂੰ ਵਰਤਣ ਲੱਗੀ ਤੇ ਆਪੋ-ਧਾਪੀ ਪੈ ਗਈ। ਇਸ ਵਿਚ ਅੰਗਰੇਜ਼ਾਂ ਦੇ ਸਿੱਧੇ ਆਰਥਿਕ ਹਿਤ ਲੁਕੇ ਹੋਏ ਸਨ। ਆਪਣੇ ਹਿੱਤਾਂ ਦੀ ਰਾਖੀ ਲਈ ਲਈ ਅੰਗਰੇਜ਼ਾਂ ਨੇ ਅਨੇਕਾਂ ਤਰੀਕਿਆਂ ਨੂੰ ਵਰਤਿਆ। ਅੰਗਰੇਜ਼ਾਂ ਦੀ ਵੀਚਾਰ ਸੀ ਕਿ ਪੱਤਰਕਾਰੀ ਰਾਹੀਂ ਭਾਰਤ ਦੇ ਪੜ੍ਹੇ ਲਿਖੇ ਤੇ ਆਮ ਲੋਕਾਂ ਤਕ ਈਸਾਈ ਧਰਮ

---

[51] ਗੁਰਬਚਨ ਸਿੰਘ ਨਈਅਰ (ਡਾ.), *ਮਹਾਰਾਜਾ ਰਣਜੀਤ ਸਿੰਘ ਕਾਲ: ਕੁਝ ਅਣਗੌਲੇ ਤੱਥ*, ਪੰ. 72.

[52] ਅਜਮੇਰ ਸਿੰਘ, *ਕਿਸ ਬਿਧ ਰੁਲੀ ਪਾਤਸ਼ਾਹੀ*, ਪੰ. 44.

[53] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਲਿਤ ਪੰਜਾਬੀ ਸਾਹਿਤ, ਸਰਵੇਖਣ ਅਤੇ ਮੁਲਾਂਕਣ*, ਪੰਨੇ 232-233.

ਦਾ ਸਾਹਿਤ ਪਹੁੰਚਾਇਆ ਜਾਵੇ ਤਾਂ ਕਿ ਉਹ ਈਸਾਈ ਧਰਮ ਵੱਲ ਖਿੱਚੇ ਜਾਣ। ਇਸ ਤਰ੍ਹਾਂ ਈਸਾਈਅਤ ਦਾ ਪ੍ਰਚਾਰ ਜ਼ਿਆਦਾ ਹੋਵੇਗਾ। ਇਸੇ ਲਈ ਅੰਗਰੇਜ਼ਾਂ ਨੇ ਪਹਿਲਾਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਪਿੰਟਿੰਗ ਪ੍ਰੈਸਾਂ ਖੋਲ੍ਹੀਆਂ ਅਤੇ ਫਿਰ ਪੰਜਾਬ ਵੱਲ ਰੁਖ ਕੀਤਾ।

## ਨਿਰੰਕਾਰੀ ਲਹਿਰ

ਇਨ੍ਹਾਂ ਦੇ ਵਿਰੋਧ ਵਜੋਂ ਸਿੱਖ ਸਮਾਜ ਵੱਲੋਂ ਸਮੇਂ-ਸਮੇਂ ਕਈ ਲਹਿਰਾਂ ਚਲਾਈਆਂ ਗਈਆਂ ਜਿਵੇਂ; ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਅਕਾਲੀ ਲਹਿਰ ਆਦਿਕ। ਇਨ੍ਹਾਂ ਸਾਰੀਆਂ ਲਹਿਰਾਂ ਦਾ ਮੁਢ ਨਿਰੰਕਾਰੀ ਲਹਿਰ ਤੋਂ ਬੱਝਾ। ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਜੀ ਸਨ। ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ, "ਬੁਤ-ਪੂਜਾ ਤੋਂ ਮਨਾਹੀ, ਸੂਤਕ-ਪਾਤਕ ਦਾ ਖੰਡਨ, ਇਕਾਦਸ਼ੀ ਆਦਿ ਦੇ ਬ੍ਰਤ, ਵਿਆਹ-ਸ਼ਾਦੀਆਂ ਦੇ ਫ਼ਜ਼ੂਲ ਖ਼ਰਚ ਤੇ ਨਾਚ-ਮੁਜਰਿਆਂ ਤੋਂ ਰੋਕ ਤੇ ਕਈ ਹੋਰ ਭੈੜੀਆਂ ਰਸਮਾਂ ਦੇ ਸੁਧਾਰ ਇਸ ਸਮੇਂ ਉਨ੍ਹਾਂ ਦੀਆਂ ਸਰਗਰਮੀਆਂ ਦੇ ਨਿਸ਼ਾਨੇ ਸਨ। ਇਸ ਲਈ ਉਨ੍ਹਾਂ ਨੇ ਐਲਾਨੀਆ ਕਹਿਣਾ ਸ਼ੁਰੂ ਕਰ ਦਿੱਤਾ ਕਿ-  ਸਿੰਘੋ ਗੁਰੂ ਦਿਓ! ਜੇ ਬਚਣਾ ਹੈ ਤਾਂ ਇਹ ਨੁਕਸਾਨਦਾਰ ਗੱਲਾਂ ਛੱਡੋ। ਕੋਈ ਐਬ ਨਾ ਕਰੋ ਤੇ ਨਸ਼ੀਲੀਆਂ ਚੀਜ਼ਾਂ ਨਾ ਵਰਤੋ। ਸ਼ਰਾਬ ਪੀਣੀ ਹਰੇਕ ਸਿੱਖ ਲਈ ਗੁਨਾਹ ਹੈ। ਏਕਣ ਹੀ ਮਾਸ ਖਾਣਾ ਵੀ ਅੱਛਾ ਨਹੀਂ; ਕਿਸੇ ਦੇਵੀ-ਦੇਵਤੇ, ਤਟ-ਤੀਰਥ, ਮੜ੍ਹੀ-ਮਸਾਣੀ, ਜਾਦੂ-ਟੂਣੇ, ਸਾਧੂ-ਫ਼ਕੀਰ ਤੇ ਪੀਰ-ਪੈਗੰਬਰ ਨੂੰ ਨਾ ਮੰਨੋ; ਨਿਰੰਕਾਰ (ਅਕਾਲ ਪੁਰਖ) ਤੋਂ ਛੁਟ ਕੋਈ ਵੱਡਾ ਨਹੀਂ, ਇਸ ਲਈ ਬਣਾਉਟੀ ਰੱਬਾਂ ਅੱਗੇ ਨੱਕ ਨਾ ਰਗੜੋ। ਅਰਦਾਸਾ ਸੋਧਣ ਲਗੇ-ਪ੍ਰਿਥਮੈ ਸਤਿ ਨਿਰੰਕਾਰ ਜੀ ਸਿਮਰਕੈ ਆਖੋ, ਕਿਉਂਕਿ ਇਹੋ ਅਸਲ ਅਰਦਾਸਾ ਜਾਂ ਬੇਨਤੀ ਹੈ। ਆਪਣੇ ਬੱਚੇ ਬੱਚੀਆਂ ਦੇ ਵਿਆਹ ਗੁਰਮਤਿ ਅਨੁਸਾਰ ਕਰੋ।[54] ਇਸ ਤੋਂ ਇਲਾਵਾ ਇਸ ਲਹਿਰ ਵਿਚ ਵਿਆਹ ਮੌਕੇ ਗੰਦੇ ਗੀਤਾਂ, ਕੰਜਰੀ ਨਾਚਾਂ ਅਤੇ ਮਰਨ ਵੇਲੇ ਪਿੱਟ ਸਿਆਪਾ, ਪਿੰਡ ਪੱਤਲ, ਦੀਵਾ, ਫੁੱਲ ਚੁਗਣੇ, ਮੜ੍ਹੀਆਂ ਫੋਲਣੀਆਂ ਆਦਿਕ ਤੋਂ ਮਨਾਹੀ ਸੀ। ਇਸ ਲਹਿਰ ਨੇ ਕਾਫੀ ਪ੍ਰਚਾਰ ਕੀਤਾ। ਇਸ ਲਹਿਰ ਤੋਂ ਸਿੱਖਾਂ ਦੇ ਨਾਲ ਨਾਲ ਹਿੰਦੂ ਤੇ ਮੁਸਲਿਮ ਵੀ ਪ੍ਰਭਾਵਿਤ ਹੋਏ। ਇਸ ਦੇ ਪ੍ਰਚਾਰ ਦੀ ਮਹਿਮਾ ਸੁਣ ਕੇ ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਜੀ ਦੇ ਦਰਸ਼ਨ ਕੀਤੇ ਅਤੇ ਕਾਫੀ ਜਾਗੀਰ ਵੀ ਦਿੱਤੀ। ਪੰਡਤ ਤੇ ਅਨਮਤੀ ਸਿੱਖ ਇਸ ਦੀ

[54] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਪੰਨੇ 16-17.

ਵਿਰੋਧਤਾ ਕਰਦੇ ਸਨ। ਇਹ ਲਹਿਰ ਬਹੁਤ ਹੀ ਸ਼ਾਂਤਮਈ ਸੀ। ਇਸ ਦੇ ਪ੍ਰਵਰਤਕ ਤੇ ਪੈਰੋਕਾਰ ਸ਼ਾਂਤਮਈ ਸਨ। ਅੰਗਰੇਜ਼ਾਂ ਦੀਆਂ ਵਧੀਕੀਆਂ ਦਾ ਵਿਦਰੋਹ ਕਰਨ ਦੀ ਥਾਂ ਸਿੱਖੀ ਪ੍ਰਚਾਰ ਵਲ ਵਧੇਰੇ ਧਿਆਨ ਦਿੱਤਾ ਜਾਂਦਾ ਸੀ। ਇਸ ਕਰਕੇ ਅੰਗਰੇਜ਼ਾਂ ਵੱਲੋਂ ਇਸ ਦੇ ਕੰਮਾਂ ਵਿਚ ਕੋਈ ਵਿਘਨ ਨਾ ਪਾਇਆ ਗਿਆ।

## ਨਾਮਧਾਰੀ ਲਹਿਰ

ਇਸ ਤੋਂ ਅਗਲੀ ਲਹਿਰ ਨਾਮਧਾਰੀ ਲਹਿਰ ਸੀ। ਨਿਰੰਕਾਰੀ ਲਹਿਰ ਦੀਆਂ ਸ਼ਾਂਤਮਈ ਸਰਗਰਮੀਆਂ ਤੋਂ ਸੰਤੁਸ਼ਟੀ ਨਾ ਹੁੰਦੀ ਵੇਖ ਕੇ ਅਤੇ ਅੰਗਰੇਜ਼ਾਂ ਦੀਆਂ ਸਿੱਖੀ ਨੂੰ ਢਾਹ ਲਾਉਣ ਵਾਲੀਆਂ ਕਾਰਵਾਈਆਂ ਦੇ ਵਿਰੋਧ ਵਜੋਂ ਇਹ ਲਹਿਰ ਸ਼ੁਰੂ ਹੋਈ। ਇਸ ਲਹਿਰ ਨੇ ਸਿੱਖਾਂ ਦੁਆਰਾ ਅੰਗਰੇਜ਼ਾਂ ਨਾਲ ਮਿੱਤਰਤਾ ਕਰਨ ‘ਤੇ ਨਿਕਲੇ ਨਤੀਜੇ ਵੇਖ ਲਏ ਸਨ ਤੇ ਕੋਈ ਵੀ ਵਫ਼ਾ ਮਿਲਣ ਦੀ ਆਸ ਨਹੀਂ ਸੀ। ਇਸ ਲਈ ਇਸਨੇ ਮੁਢ ਤੋਂ ਹੀ ਅੰਗਰੇਜ਼ਾਂ ਨਾਲ ਨਾ-ਮਿਲਵਰਤਨ ਕੀਤਾ। ਭਾਵੇਂ ਕਿ ਇਹ ਲਹਿਰ ਬਾਬਾ ਬਾਲਕ ਸਿੰਘ ਰਾਹੀਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤੋਂ ਹੀ ਹੋਂਦ ਵਿਚ ਆ ਗਈ ਸੀ ਪਰ ਇਸ ਦਾ ਅਸਲ ਮੁਢ ਬਾਬਾ ਰਾਮ ਸਿੰਘ ਨੇ ਬੰਨ੍ਹਿਆ। ਬਾਬਾ ਰਾਮ ਸਿੰਘ ਨੇ ਬਾਬਾ ਬਾਲਕ ਸਿੰਘ ਦੇ ਹੁੰਦਿਆਂ ਹੀ ਸਿੱਖੀ ਦਾ ਪ੍ਰਚਾਰ ਆਰੰਭ ਕਰ ਦਿੱਤਾ ਸੀ। ਪਰ ਅਸਲੀ ਪ੍ਰਚਾਰ ਬਾਬਾ ਬਾਲਕ ਸਿੰਘ ਦੀ ਮੌਤ ਤੋਂ ਬਾਅਦ ਸ਼ੁਰੂ ਕੀਤਾ ਗਿਆ। ਇਨ੍ਹਾਂ ਨੇ ਭੈਣੀ ਅਰਾਈਆਂ ਨੂੰ ਸਿੱਖੀ ਪ੍ਰਚਾਰ ਦਾ ਕੇਂਦਰ ਬਣਾਇਆ। ਇਨ੍ਹਾਂ ਨੇ ਖਾਲਸਾ ਸੁਧਾਰ ਲਈ ਸੰਗਤਾਂ ਨੂੰ ਭੇਜੇ ਹੁਕਮਨਾਮਿਆਂ ਰਾਹੀਂ ਜੋ ਨਿਯਮ ਸਥਾਪਿਤ ਕੀਤੇ ਉਹ ਇਸ ਤਰ੍ਹਾਂ ਸਨ:

ਸਰਬ ਸ਼ਕਤੀਵਾਨ ਅਕਾਲ ਪੁਰਖ ਤੋਂ ਛੁੱਟ ਹੋਰ ਕਿਸੇ ਮਨ ਘੜਤ ਰੱਬ ਦੀ ਪੂਜਾ ਨਹੀਂ ਕਰਨੀ, ਚੋਰੀ ਜਾਰੀ ਦੇ ਬਦ ਕਰਮਾਂ ਤੋਂ ਦੂਰ ਰਹਿਣਾ, ਝੂਠ ਨਹੀਂ ਬੋਲਣਾ, ਸ਼ਰਾਬ ਤੇ ਮਾਸ ਨਹੀਂ ਖਾਣਾ, ਲੜਕੀ ਨਹੀਂ ਮਾਰਨੀ, ਵੱਟੇ ਦਾ ਸਾਕ ਨਹੀਂ ਕਰਨਾ, ਧੀ ਦਾ ਪੈਸਾ ਨਹੀਂ ਲੈਣਾ, ਬਾਲ-ਵਿਆਹ ਤੋਂ ਪ੍ਰਹੇਜ਼ ਕਰਨਾ, ਦਾਜ-ਦਹੇਜ ਦੇਣਾ-ਲੈਣਾ ਨਹੀਂ, ਪੰਜ ਕਕਾਰ (ਕੰਘਾ, ਕੱਛ, ਕੜਾ, ਕ੍ਰਿਪਾਨ ਤੇ ਕੇਸ) ਦੀ ਰਹਿਤ ਮਰਯਾਦਾ ਰੱਖਣੀ, ਖੰਡੇ ਦਾ ਅੰਮ੍ਰਿਤ ਛਕਣਾ, ਗਊ-ਗਰੀਬ ਦੀ ਰੱਖਿਆ ਕਰਨੀ, ਉੱਨ ਦੀ ਮਾਲਾ ਪਹਿਰਨੀ, ਰੋਜ਼ ਸਕੇਸੀ ਇਸ਼ਨਾਨ ਕਰਨਾ, ਸਿੱਧੀ ਦਸਤਾਰ ਬੰਨ੍ਹਣੀ, ਸ੍ਵਦੇਸ਼ੀ ਖੱਦਰ ਪਹਿਰਨਾ, ਸਰਕਾਰ ਅੰਗਰੇਜ਼ੀ ਦੀ ਨੌਕਰੀ ਨਹੀਂ ਕਰਨੀ, ਸਰਕਾਰੀ ਅਦਾਲਤਾਂ ਵਿਚ ਕੋਈ ਅਰਜ਼ੀ ਦਾਅਵਾ ਲੈ ਕੇ ਨਹੀਂ ਜਾਣਾ, ਮੁਕੱਦਮੇ ਬਾਜ਼ੀ ਤੋਂ

ਪ੍ਰਹੇਜ਼ ਕਰਨਾ, ਆਪਣੇ ਫ਼ੈਸਲੇ ਪੰਚਾਇਤ ਵਿਚ ਹੀ ਨਿਬੇੜਨੇ, ਗੁਰਬਾਣੀ ਪੜ੍ਹਨੀ ਤੇ ਸਦਾ ਪਵਿਤ੍ਰ ਰਹਿਣਾ, ਆਦਿ।[55] ਇਸ ਤੋਂ ਇਲਾਵਾ ਇਸ ਲਹਿਰ ਨੇ ਪੂਰਬੀ ਪੰਜਾਬ ਵਿਚ ਅਨੰਦ ਵਿਆਹ ਤੇ ਵਿਧਵਾ ਪੁਨਰ ਵਿਆਹ ਦੀ ਰੀਤ ਚਲਾਈ। ਅੰਗਰੇਜ਼ੀ ਸਰਕਾਰ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਕਰੜੀ ਨਿਗਾਹ ਨਾਲ ਵੇਖਦੀ ਸੀ ਤੇ ਹਰ ਕਾਰਵਾਈ ਦੀ ਖਬਰ ਰੱਖਦੀ ਸੀ ਤੇ ਸਮੇਂ ਸਮੇਂ ਨਾਮਧਾਰੀ ਲਹਿਰ ਦੇ ਪ੍ਰਵਰਤਕ ਬਾਬਾ ਰਾਮ ਸਿੰਘ ਦੇ ਵਿਰੁੱਧ ਰਿਪੋਰਟਾਂ ਭੇਜਦੀ ਰਹਿੰਦੀ ਸੀ। ਇਸਦੀ ਇੱਕ ਉਦਾਹਰਨ ਇਸ ਤਰ੍ਹਾਂ ਹੈ- ਉਹ ਸਿੱਖਾਂ ਵਿੱਚੋਂ ਜਾਤਪਾਤ ਦੇ ਭਿੰਨ ਭੇਦ ਮਿਟਾ ਰਿਹਾ ਹੈ। ਸਭ ਜਾਤਾਂ ਵਿਚ ਖੁਲ੍ਹੀਆਂ ਵਿਆਹ ਸ਼ਾਦੀਆਂ ਦੇ ਹੱਕ ਵਿਚ ਹੈ। ਵਿਧਵਾ ਵਿਆਹ ਤੇ ਪਰ ਮਰਦਾਂ ਵਿਚ ਮੇਲ-ਜੋਲ ਦਾ ਹਾਮੀ ਹੈ। ਇਸਤਰੀਆਂ ਨੂੰ ਵੀ ਦਿਵਾਨਾਂ ਵਿਚ ਜਾਣ ਦਾ ਹੱਕ ਹੈ। ਹਜ਼ਾਰਾਂ ਇਸਤਰੀਆਂ ਤੇ ਜਵਾਨ ਲੜਕੀਆਂ ਇਨ੍ਹਾਂ ਦੀ ਸੰਪ੍ਰਦਾਇ ਵਿਚ ਸ਼ਾਮਿਲ ਹਨ। ਇਨ੍ਹਾਂ ਦਾ ਕਹਿਣਾ ਸੀ ਹਰ ਬੰਦਾ ਸੱਚਾ ਤੇ ਉੱਚਾ ਰਹੇ ਤੇ ਸੋਟਾ ਕੋਲ ਰੱਖੇ। ਉਨ੍ਹਾਂ ਲਈ 'ਗੁਰੂ ਗ੍ਰੰਥ ਸਾਹਿਬ' ਹੀ ਈਸ਼ਵਰੀ ਗ੍ਰੰਥ ਹੈ।[56]

ਇਨ੍ਹਾਂ ਨੇ ਅੰਗਰੇਜ਼ ਸਰਕਾਰ ਨਾਲ ਆਰਥਿਕ ਨਾ-ਮਿਲਵਰਤਨ, ਸਮਾਜਿਕ ਸੰਘਟਨ ਅਤੇ ਫੌਜੀ ਪੁਨਰ ਜੀਵਨ ਦਾ ਪ੍ਰਾਰੰਭ ਤਿੰਨ ਤਰ੍ਹਾਂ ਦੀ ਟੱਕਰ ਲਈ। ਜਿਸ ਵਿਚ ਸਰਕਾਰੀ ਸਕੂਲਾਂ, ਕਾਲਜਾਂ, ਅਦਾਲਤਾਂ ਤੇ ਨੌਕਰੀਆਂ, ਅੰਗਰੇਜ਼ੀ ਤੇ ਫਾਰਸੀ ਭਾਸ਼ਾਵਾਂ ਪੜ੍ਹਨ ਦੀ ਮਨਾਹੀ, ਰੇਲ ਦੇ ਸਫਰ ਦੀ ਮਨਾਹੀ, ਆਪਣੀ ਡਾਕ ਵਿਵਸਥਾ ਅਤੇ ਫੌਜ ਵਿਚ ਸਿੱਖ ਰਜਮੈਂਟ ਦੇ ਪ੍ਰਭਾਵਹੀਨ ਹੋਣ ਕਰਕੇ ਲਹਿਰ ਦੇ ਜਵਾਨਾਂ ਨੂੰ ਫੌਜੀਆਂ ਵਾਲੀ ਸਿਖਲਾਈ ਦਿੱਤੀ। ਇਸ ਤਰ੍ਹਾਂ ਇਸ ਲਹਿਰ ਨੇ ਸਿੱਖੀ ਸਿਧਾਂਤਾਂ ਦੇ ਪ੍ਰਚਾਰ ਵਿਚ ਕਰਾਂਤੀ ਲੈ ਆਂਦੀ। ਇਨ੍ਹਾਂ ਉਸਾਰੂ ਯਤਨਾਂ ਕਰਕੇ ਬਾਬਾ ਜੀ ਨੂੰ 1862 ਈ. ਵਿਚ ਪਿੰਡ ਭੈਣੀ ਅਰਾਈਆਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਜੋ ਕਿ ਚਾਰ ਸਾਲ ਤਕ ਨਜ਼ਰਬੰਦ ਰਹੇ। ਇਸ ਤੋਂ ਬਾਬਾ ਜੀ ਨੇ ਹੋਰ ਵਿਦੇਸ਼ੀ ਤਾਕਤਾਂ ਨਾਲ ਸੰਬੰਧ ਬਣਾਏ। ਜੰਮੂ ਅਤੇ ਕਸ਼ਮੀਰ ਦੇ ਰਾਜੇ ਨਾਲ ਗੱਲ ਕਰਕੇ ਉਥੇ ਇੱਕ ਕੂਕਾ ਰਜਮੈਂਟ ਬਣਾਈ ਜੋ ਅੰਗਰੇਜ਼ੀ ਸਰਕਾਰ ਦੀ ਤਲਖੀ ਕਾਰਨ 1871 ਵਿਚ ਤੋੜੀ ਗਈ। ਇਸ ਤਰ੍ਹਾਂ ਦੇ ਹੀ ਯਤਨ ਨੇਪਾਲ, ਕਾਬਲ, ਰੂਸ ਵਿਚ

---

[55] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨੇ 66-67.

[56] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਲਿਤ ਪੰਜਾਬੀ ਸਾਹਿਤ: ਸਰਵੇਖਣ ਤੇ ਮੁਲਾਂਕਣ*, ਪੰ. 29.

ਵੀ ਕੀਤੇ ਗਏ। 1872 ਈ. ਬਾਬਾ ਜੀ ਦਾ ਦੇਹਾਂਤ ਹੋ ਜਾਣ ਨਾਲ ਲਹਿਰ ਠੰਡੀ ਪੈ ਗਈ। ਜਿਸ ਨਾਲ ਸਿੱਖਾਂ ਨੂੰ ਬਹੁਤ ਧੱਕਾ ਲੱਗਾ। ਜਿਸ ਕਰਕੇ ਨਵੀਂ ਲਹਿਰ ਦੇ ਬਾਰੇ ਵਿਚਾਰ ਹੋਣੀ ਸ਼ੁਰੂ ਹੋਈ ਤੇ ਸਿੰਘ ਸਭਾ ਲਹਿਰ ਹੋਂਦ ਵਿਚ ਆਈ।

## ਸਿੰਘ ਸਭਾ ਲਹਿਰ

ਸਿੰਘ ਸਭਾ ਲਹਿਰ ਦਾ ਆਰੰਭ 30 ਜੁਲਾਈ 1873 ਈ. ਨੂੰ ਗੁਰੂ ਕੇ ਬਾਗ ਅੰਮ੍ਰਿਤਸਰ ਵਿਚ ਹੋਇਆ। ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ, ਠਾਕੁਰ ਸਿੰਘ ਸੰਧਾਵਾਲੀਆ, ਪ੍ਰੋ. ਗੁਰਮੁੱਖ ਸਿੰਘ ਤੇ ਗਿਆਨੀ ਦਿੱਤ ਸਿੰਘ ਇਸ ਦੇ ਮੋਢੀਆਂ ਵਿੱਚੋਂ ਸਨ।[57] ਸਿੰਘ ਸਭਾ ਲਹਿਰ ਨੂੰ ਸ਼ੁਰੂ ਕਰਨ ਦਾ ਮੁੱਖ ਉਦੇਸ਼ ਸਿੱਖ ਧਰਮ ਨੂੰ ਈਸਾਈਆਂ ਜਾਂ ਹੋਰ ਧਰਮਾਂ ਦੇ ਆਗੂਆਂ ਦੇ ਘਾਤਕ ਤੇ ਅਯੋਗ ਹਮਲਿਆਂ ਤੋਂ ਬਚਾਉਣਾ ਸੀ। ਇਸ ਲਹਿਰ ਦਾ ਮਨੋਰਥ ਇਹ ਵੀ ਸੀ ਕਿ ਸਿੱਖਾਂ ਵਿੱਚੋਂ ਕੁਰੀਤੀਆਂ ਨੂੰ ਦੂਰ ਕਰਨਾ ਤੇ ਗੁਰਸਿੱਖੀ ਦੀ ਅਸਲ ਮਰਯਾਦਾ ਨੂੰ ਗੁਰੂ ਪੰਥ ਵਿਚ ਮੁੜ ਨਵੇਂ ਸਿਰਿਓਂ ਕਾਇਮ ਕਰਨਾ ਸੀ।

## ਸਿੰਘ ਸਭਾ ਲਹਿਰ ਸਮੇਂ ਦੇ ਪੰਥਕ ਹਾਲਾਤ

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਹੋ ਜਾਣ ਤੋਂ ਬਾਅਦ ਸਿੱਖ ਅਜੇ ਇਸ ਸਥਿਤੀ ਵਿਚ ਵੀ ਨਹੀਂ ਸਨ ਕਿ ਖਾਲਸਾ ਰਾਜ ਨੂੰ ਭੁਲ ਕੇ ਅੰਗਰੇਜ਼ੀ ਰਾਜ ਅਨੁਸਾਰ ਢਲ ਸਕਦੇ ਕਿ ਉਨ੍ਹਾਂ ਉਤੇ ਹਿੰਦੂ ਅਤੇ ਈਸਾਈ ਮਿਸ਼ਨਰੀਆਂ ਦੁਆਰਾ ਸਿੱਖੀ ਪ੍ਰਤਿ ਢਾਹੂ ਭੂਮਿਕਾ ਵਾਲੇ ਪ੍ਰਚਾਰ ਦਾ ਗਲਬਾ ਪੈ ਗਿਆ ਸੀ। ਸੋ ਸਿੱਖਾਂ ਨੂੰ ਰਾਜਨੀਤਿਕ ਸੰਘਰਸ਼ ਵਲ ਮੁੜਨ ਤੋਂ ਪਹਿਲਾਂ ਆਪਣੀ ਹੋਂਦ ਬਚਾਉਣ ਦਾ ਫਿਕਰ ਪੈ ਗਿਆ। ਅੰਗਰੇਜ਼ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਿੱਖਾਂ ਦੇ ਅੰਦਰ ਕੌਮੀ ਜ਼ਜਬਾ ਹੀ ਇਨ੍ਹਾਂ ਨੂੰ ਆਪਣੇ ਧਰਮ ਉੱਤੇ ਮਰ ਮਿਟਣ ਲਈ ਤਿਆਰ ਹੋਣ ਲਈ ਉਕਸਾਉਂਦਾ ਹੈ। ਅੰਗਰੇਜ਼ ਸਰਕਾਰ ਇਸ ਜ਼ਜਬੇ ਨੂੰ ਖਤਮ ਨਾ ਕਰਕੇ ਸਗੋਂ ਇਸ ਨੂੰ ਆਪਣੇ ਹਿਤਾਂ ਲਈ ਵਰਤਣਾ ਚਾਹੁੰਦੀ ਸੀ। ਇਸ ਕਰਕੇ ਸਿੱਖ ਰਾਜ ਨੂੰ ਆਪਣੇ ਵਿਚ ਮਿਲਾਉਣ ਤੋਂ ਬਾਅਦ ਉਸ ਨੇ ਹਰ ਸੰਭਵ ਯਤਨ ਨਾਲ ਸਿੱਖਾਂ ਦੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕੀਤੀ। ਅੰਗਰੇਜ਼

---

[57] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆ ਲਹਿਰਾਂ*, ਪੰ. 87.

ਸਰਕਾਰ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਸੀ ਕਿ ਸਿੱਖ ਕੌਮ ਹਿੰਦੂਤਵ ਦੇ ਪ੍ਰਭਾਵ ਵਿਚ ਆ ਗਈ ਹੈ। ਜੇਕਰ ਅਜਿਹਾ ਹੋ ਗਿਆ ਤਾਂ ਸਿੱਖ ਕੌਮ ਆਪਣਾ ਜੂਝਣ ਵਾਲਾ ਸੁਭਾਅ ਛਡ ਕੇ ਨਿਤਾਣੀ ਹੋ ਜਾਵੇਗੀ। ਪਰ ਅੰਗਰੇਜ਼ ਸਿੱਖਾਂ ਦਾ ਇਹ ਸੁਭਾਅ ਖਤਮ ਨਹੀਂ ਹੋਣ ਦੇਣਾ ਚਾਹੁੰਦੇ ਸਨ ਕਿਉਂਕਿ ਦੂਸਰੇ ਦੇਸ਼ਾਂ ਨਾਲ ਜੰਗਾਂ ਵੇਲੇ ਉਹ ਸਿੱਖ  ਕੌਮ ਨੂੰ ਵਰਤਣਾ ਚਾਹੁੰਦੇ ਸਨ। ਇਸ ਕਰਕੇ ਉਨ੍ਹਾਂ ਨੇ ਸਿੱਖ ਧਰਮ ਦੀ ਵਿਲਖਣਤਾ ਨੂੰ ਬਣਾਈ ਰਖਣ ਵਿਚ ਉਸਾਰੂ ਭੂਮਿਕਾ ਨਿਭਾਈ। [58]

ਅੰਗਰੇਜ਼ਾਂ ਨੇ ਖਾਲਸੇ ਦੇ ਰਾਜ ਨੂੰ ਸਮਾਜਿਕ ਤੌਰ ‘ਤੇ ਹੀ ਨਹੀਂ ਸਗੋਂ ਧਾਰਮਿਕ ਪੱਖ ਤੋਂ ਵੀ ਬਦਲਣ ਦੀਆਂ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ। ਜਿਸ ਕਾਰਨ ਈਸਾਈਆਂ ਦੀਆਂ ਸਾਜਿਸ਼ਾਂ ਤੇ ਮਲੀਨ ਕੋਸ਼ਿਸ਼ਾਂ ਦਿਨੋ ਦਿਨ ਸਿੱਖੀ ਦਾ ਘਾਣ ਕਰ ਰਹੀਆਂ ਸਨ। ਈਸਾਈ ਪ੍ਰਚਾਰ, ਦਰਬਾਰ ਸਾਹਿਬ ਦੇ ਲਾਗਲਿਆਂ ਬੁੰਗਿਆਂ ਵਿਚ ਖੁਲ੍ਹਾ ਹੋ ਰਿਹਾ ਸੀ। ਉਹ ਏਸ ਹੱਦ ਤੱਕ ਵੱਧ ਚੁੱਕਾ ਸੀ ਕਿ ਮਿਸ਼ਨ ਵਾਲੇ ਦਰਬਾਰ ਸਾਹਿਬ ਨੂੰ ਆਪਣੀ ਜਗ੍ਹਾ ਸਮਝਦੇ ਸਨ। ਦਰਬਾਰ ਸਾਹਿਬ ਉਨ੍ਹਾਂ ਦਾ ਇੱਕ ਗਿਰਜਾ ਬਣ ਜਾਏਗਾ, ਪਾਦਰੀ ਇਹ ਗੱਲ ਖੁਲ੍ਹਮ ਖੁੱਲ੍ਹਾ ਕਹਿ ਰਹੇ ਸਨ। ਦਲੀਪ ਸਿੰਘ (ਮਹਾਰਾਜਾ)ਦੇ ਈਸਾਈ ਧਰਮ ਕਬੂਲਣ ਨਾਲ ਉਨ੍ਹਾਂ ਨੇ ਸਿੱਖਾਂ ਦੇ ਰਾਜ ਤੇ ਰਾਜੇ ਦੋਹਾਂ ਨੂੰ ਆਪਣੇ ਵੱਸ ਕਰ ਲਿਆ ਸੀ। ਹੁਣ ਉਹ ਸਿੱਖ ਧਰਮ ਅਸਥਾਨ ਨੂੰ ਆਪਣੇ ਮਤਲਬ ਗੋਚਰਾ ਕਰਨ ਦੇ ਮਗਰ ਸਨ।[59] ਤਰਨਤਾਰਨ ਸਾਹਿਬ ਦੇ ਬੁੰਗੇ ਦੇ ਪੁਜਾਰੀਆਂ ਵੱਲੋਂ ਈਸਾਈ ਧਰਮ ਅਪਣਾਉਂਦੇ ਹੋਏ ਇਸ ਦੀ ਦੀਵਾਰ ’ਤੇ ਕਰਾਸ ਦਾ ਨਿਸ਼ਾਨ ਲਟਕਾ ਦਿੱਤਾ ਗਿਆ।[60]

ਇਸਦਾ ਨਤੀਜਾ ਇਹ ਹੋਇਆ ਕਿ ਸਿੱਖ ਆਪਣੀ ਵਿਲੱਖਣਤਾ ਖੋ ਕੇ ਈਸਾਈ ਤੇ ਅਨਯ ਭਾਰਤੀ ਧਰਮਾਂ ਨਾਲ ਰਲਗੱਡ ਹੋਣੇ ਸ਼ੁਰੂ ਹੋ ਗਏ। ਜਿਸ ਕਾਰਨ ਸਿੱਖਾਂ ਦੀ ਗਿਣਤੀ ਲਗਾਤਾਰ ਘਟਣ ਲੱਗ ਪਈ।

ਜੇਕਰ ਅੰਕੜਿਆਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਰਣਜੀਤ ਸਿੰਘ ਦੇ ਸਮੇਂ 1855 ਵਿਚ ਸਿੱਖਾਂ ਦੀ ਗਿਣਤੀ ਇੱਕ ਕਰੋੜ ਸੀ, 1868 ਦੀ ਜਨਗਣਨਾ ਅਨੁਸਾਰ ਸਾਰੇ ਪੰਜਾਬ ਵਿਚ ਸਿੱਖਾਂ ਦੀ

---

[58] ਅਜਮੇਰ ਸਿੰਘ, *ਕਿਸ ਬਿਧ ਰੁਲੀ ਪਾਤਸ਼ਾਹੀ*, ਪੰ. ੪੪.

[59] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਲਿਤ ਪੰਜਾਬੀ ਸਾਹਿਤ: ਸਰਵੇਖਣ ਤੇ ਮੁਲਾਂਕਣ*, ਪੰ. ੪੪.

[60] *ਖਾਲਸਾ ਐਡਵੋਕੇਟ,* ਅੰਮ੍ਰਿਤਸਰ, 22 ਅਪਰੈਲ, 1905.

ਗਿਣਤੀ ਗਿਆਰਾਂ ਲਖ ਚਾਲੀ ਹਜ਼ਾਰ ਸੀ, ਜਿਸ ਵਿਚ ਸਤਲੁਜ ਪਾਰ ਦੀਆਂ ਰਿਆਸਤਾਂ ਵੀ ਸ਼ਾਮਿਲ ਸਨ। ਜਨ-ਗਣਨਾ ਦੇ ਕਮਿਸ਼ਨਰ ਡੈਂਜ਼ਿਲ ਇਬਸਟਨ ਦੇ ਕਥਨ ਅਨੁਸਾਰ ਸਿੱਖ ਮਤ ਨਿਘਾਰ ਵਲ ਜਾ ਰਿਹਾ ਸੀ।[61]

ਇਕੱਲੇ ਈਸਾਈਆਂ ਦੁਆਰਾ ਹੀ ਨਹੀਂ ਸਗੋਂ ਹਿੰਦੂਆਂ ਦੁਆਰਾ ਵੀ ਸਿੱਖੀ ਦਾ ਘਾਣ ਕੀਤਾ ਗਿਆ। ਸ਼ਰਧਾ ਰਾਮ ਫਿਲੌਰੀ ਤੇ ਦਯਾਨੰਦ ਵਰਗਿਆਂ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਇੱਕ ਸਾਖਾ ਸਿੱਧ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂ ਜਿਹਨਾਂ ਦਾ ਕਈ ਵਾਰ ਸਿੱਖ ਗੁਰੂਆਂ ਅਤੇ ਸਿੱਖਾਂ ਦੀ ਮਦਦ ਸਦਕਾ ਉਭਾਰ ਹੋਇਆ ਪਰ ਜਦੋਂ ਸਿੱਖਾਂ 'ਤੇ ਸੰਕਟ ਦਾ ਸਮਾਂ ਆਇਆ ਤਾਂ ਇਹ ਸਿੱਖਾਂ ਦੀ ਮਦਦ ਕਰਨ ਦੀ ਬਜਾਇ ਸਗੋਂ ਘਾਤਕ ਸ਼ਕਤੀ ਹੋ ਨਿਬੜੇ। ਹਿੰਦੂਆਂ ਨੇ ਜਿਸ ਤਰ੍ਹਾਂ ਬੁਧ ਤੇ ਜੈਨ ਧਰਮ ਨੂੰ ਆਪਣੇ ਵਿਚ ਮਿਲਾ ਲਿਆ ਸੀ ਇਸੇ ਤਰ੍ਹਾਂ ਸਿੱਖ ਧਰਮ ਨੂੰ ਵੀ ਆਪਣੇ ਵਿਚ ਹੀ ਜਜ਼ਬ ਕਰ ਲੈਣਾ ਚਾਹੁੰਦੇ ਸਨ। ਗਲ ਕੀ ਡਿਗਦੇ ਡਿਗਦੇ ਸਿੱਖ ਇਥੋਂ ਤਕ ਗਿਰੇ ਕਿ ਸ਼ਕਲ ਸਿੱਖ ਦੀ ਅਰ ਵਿੱਚੋਂ ਬ੍ਰਾਹਮਣਾਂ ਮਨਾਂ ਦੇ ਚੇਲੇ ਹੋ ਸਿੱਖ ਧਰਮ ਤੇ ਗੁਰੂ ਵਾਕਾਂ ਨੂੰ ਉੱਕਾ ਹੀ ਭੁਲ ਗਏ। ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦੀਆਂ ਕਹਾਣੀਆਂ ਇਨ੍ਹਾਂ ਦਾ ਧਰਮ ਅਰ ਦੀਵਾਲੀ ਦੁਸਹਿਰਾ ਇਨ੍ਹਾਂ ਦਾ ਤਿਉਹਾਰ, ਦੇਵੀ ਦੇਵਤੇ ਇਨ੍ਹਾਂ ਦਾ ਇਸ਼ਟ, ਇਕੱਲਾ ਇਕੱਲਾ ਪਾਖੰਡੀ ਇਨ੍ਹਾਂ ਦਾ ਗੁਰੂ ਤੇ ਹਿੰਦੂਆਂ ਦੇ ਪੁਰਾਣ ਇਨ੍ਹਾਂ ਸਿੱਖਾਂ ਦੀ ਜਾਨ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਧਾਰਨ ਦੇ ਦਿਨਾਂ ਦਾ ਪਤਾ ਨਹੀਂ, ਦੀਵਾਲੀ ਤੇ ਦੁਸਹਿਰੇ ਨੂੰ ਚਾਹੇ ਖੁਸ਼ੀ ਦੇ ਮਾਰੇ ਖ਼ਰਚ ਨਾਲ ਦੀਵਾਲਾ ਨਿਕਲਦਾ ਜਾਏ। ਜੇ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਪੈਂਦਾ ਤਾਂ ਇਸ ਤਰ੍ਹਾਂ ਜੀਕਰ ਸਮਾਧ ਅਰ ਪੱਥਰ ਅਗੇ ਝੁਕਦੇ ਹਨ। ਗੁਰੂ ਸਾਹਿਬ ਇਨ੍ਹਾਂ ਦੇ ਲਈ ਹਿੰਦੂ ਧਰਮ ਦੀ ਖਿਚੜੀ ਦਾ ਹਿੱਸਾ ਹੋ ਗਏ ਤੇ ਸਿੱਖ ਧਰਮ ਪੁਸਤਕਾਂ ਵਿਚ ਰਹਿ ਗਿਆ। ਸਭ ਥਾਂ ਸੰਧਿਆ ਗਾਇਤਰੀ ਦੀ ਅਰਦਾਸ ਅਰ ਚੌਵੀ ਅਵਤਾਰਾਂ ਦਾ ਧਿਆਨ ਧਰ ਕੇ ਵਾਹਿਗੁਰੂ ਦਾ ਜਾਪ ਹੋਣ ਲੱਗਾ। ਸ਼ਾਦੀ, ਗਮੀ ਅਰ ਹਰ ਰੋਜ਼ ਦੇ ਵਿਹਾਰਾਂ ਵਿਚ ਬ੍ਰਾਹਮਣਾਂ ਦੀ ਪੂਰੀ ਪੂਰੀ ਚੱਲਦੀ, ਭਜਨ ਹੁੰਦੇ ਤੇ ਕਛਿਹਰੇ ਦੀ ਥਾਂ ਧੋਤੀ ਬੰਨ੍ਹਵਾਈ ਜਾਂਦੀ।

---

[61] ਸੰਗਤ ਸਿੰਘ, *ਇਤਿਹਾਸ 'ਚ ਸਿੱਖ*, ਪੰ. 141.

ਇਹ ਸਿੱਖਾਂ  ਦੀ ਉਸ ਸਮੇਂ ਦੀ ਹਾਲਤ ਦਾ ਕੁਝ ਨਮੂਨਾ ਸੀ। (ਜਿਸ ਦੇ ਪਿਛੇ ਅੰਗਰੇਜ਼ੀ ਹਕੂਮਤ ਵੱਲੋਂ ਸਿੱਖਾਂ ਨੂੰ ਮਲੀਆ ਮੇਟ ਕਰਨ ਵਾਲੀ ਸੋਚੀ ਸਮਝੀ ਹੋਈ ਡੂੰਘੀ ਸਾਜ਼ਿਸ ਕੰਮ ਕਰ ਰਹੀ ਸੀ)।[62]

ਸਿੱਖ ਧਰਮ ਨੂੰ ਕੇਵਲ ਬਾਹਰੀ ਖਤਰਾ ਹੀ ਨਹੀਂ ਸੀ ਸਗੋਂ ਅੰਦਰੂਨੀ ਤਾਕਤਾਂ ਵੀ ਇਸ ਦਾ ਮਲੀਆਮੇਟ ਕਰਨ 'ਤੇ ਉਤਰੀਆਂ ਹੋਈਆਂ ਸਨ। ਸਿੱਖਾਂ ਅੰਦਰ ਗੁਰੂ ਡੰਮ ਕਾਇਮ ਹੋ ਗਿਆ ਸੀ। ਸੰਨ 1850-1880 ਤੱਕ ਸਿੱਖ ਮਤ ਅੰਦਰ ਰਿਲੀਜੀਅਸ ਪੇਟਰੀਅਜ਼ (ਧਾਰਮਿਕ ਬਾਪਾਂ) ਦਾ ਬੜਾ ਭਾਰੀ ਜ਼ੋਰ ਚਲਿਆ। ਇਸ ਸਮੇਂ ਬੇਦੀਆਂ, ਸੋਢੀਆਂ, ਭੱਲਿਆਂ ਨੇ ਲੋਕਾਂ ਨੂੰ ਗੁਰੂ ਦੇ ਨਾਮ ਤੇ ਲੁੱਟ ਖਾਧਾ। ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਗੱਦੀ ਲਾ ਕੇ ਬੈਠਦੇ। ਆਪਣੇ ਪੈਰ ਪੂਜਵਾਉਂਦੇ ਤੇ ਚੜ੍ਹਾਵਾ ਆਪ ਹੀ ਹਜ਼ਮ ਕਰ ਜਾਂਦੇ। ਇਸ ਸਮੇਂ ਸਿੱਖਾਂ ਦਾ ਕੋਈ ਧਾਰਮਿਕ ਜਥਾ ਜਾਂ ਸੁਸਾਇਟੀ ਨਾ ਰਹੀ, ਆਪਾ ਧਾਪੀ ਅਤੇ ਮਾਇਆ ਖਾਣ ਨੂੰ ਹਰ ਇੱਕ ਤਿਆਰ ਹੋ ਬੈਠਾ। ਤਖ਼ਤਾਂ, ਧਾਮਾਂ, ਬੁੰਗਿਆਂ, ਡੇਰਿਆਂ ਨੂੰ ਮਹੰਤ ਯਾ ਨਾਜ਼ਮ ਆਪਣੀ ਜ਼ੱਦੀ ਜਾਇਦਾਦ ਸਮਝਣ ਲੱਗੇ। ਕੁਰੀਤੀਆਂ ਪ੍ਰਚਲਿਤ ਹੋ ਗਈਆਂ ਅਤੇ ਸਿੱਖ ਵਿਚਾਰੇ ਅੰਧ ਕੂਪ ਵਿਚ ਰਾਹ ਭਾਲਣ ਲਈ ਟਕਰਾਂ ਪਏ ਮਾਰਦੇ ਫਿਰਨ।[63]

ਇਸ ਤੋਂ ਛੁੱਟ ਉਸ ਵੇਲੇ ਦੇ ਸਿੱਖ ਸਮਾਜ ਵਿਚ ਬਹੁਤ ਸਾਰੇ ਸਿੱਖਾਂ ਨੇ ਜੋ ਬੇਦੀ ਜਾਂ ਸੋਢੀ ਕੁਲਾਂ ਵਿੱਚੋਂ ਸਨ, ਆਪਣੇ ਆਪ ਨੂੰ ਗੁਰੂ ਸਦਵਾਉਣਾ ਅਤੇ ਆਪਣੀ-ਆਪਣੀ ਪੂਜਾ ਵੀ ਕਰਵਾਉਣੀ ਸ਼ੁਰੂ ਕਰ ਦਿੱਤੀ ਸੀ। ਇਨ੍ਹਾਂ ਦੰਭੀ ਗੁਰੂਆਂ ਦੀਆਂ ਗੁਰਗੱਦੀਆਂ ਉਸ ਵੇਲੇ ਕਰਤਾਰਪੁਰ, ਆਨੰਦਪੁਰ, ਗੁਰੂ ਹਰਿ ਸਹਾਇ ਫ਼ਿਰੋਜਪੁਰ ਆਦਿ ਸਥਾਨਾਂ 'ਤੇ ਚੱਲਦੀਆਂ ਸਨ। ਸਾਧਾਰਨ ਸਿੱਖ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਂ ਦਾ ਉਪਦੇਸ਼ ਭੁੱਲ ਚੁੱਕੇ ਸਨ ਅਤੇ ਦੰਭੀ ਗੁਰੂਆਂ ਦੀਆਂ ਲੂੰਬੜ-ਚਾਲਾਂ ਦਾ ਸ਼ਿਕਾਰ ਹੋ ਚੁੱਕੇ ਸਨ।[64]

ਗੁਰੂ ਸਾਹਿਬਾਨ ਤੋਂ ਬਿਨਾਂ ਪੰਜ ਹੋਰ ਗੁਰਗੱਦੀਆਂ ਬਣ ਗਈਆਂ ਸਨ:

1 ਕਰਤਾਰਪੁਰੀਏ ਸੋਢੀਆਂ ਦੀ ਗੁਰਗੱਦੀ

---

[62] ਗਿਆਨੀ ਕਰਤਾਰ ਸਿੰਘ, *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ*, ਪੰਨੇ 76-77.

[63] ਉਹੀ, ਪੰ. 76.

[64] ਡਾ. ਰੂਪ ਸਿੰਘ (ਸੰਪਾ.), *ਸਿੱਖ ਸੰਗਰਾਮ ਦੀ ਦਾਸਤਾਨ*, ਪੰ. 128.

2 ਗੱਦੀ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਦੀ

3 ਗੱਦੀ ਸੋਢੀ ਸਾਹਿਬ ਅਨੰਦਪੁਰ ਵਾਲਿਆਂ ਦੀ

4 ਗੱਦੀ ਸੋਢੀ ਸਾਹਿਬ ਗੁਰੂ ਹਰਿ ਸਹਾਇ (ਫਿਰੋਜ਼ਪੁਰ) ਦੀ ਅਤੇ

5 ਸਭ ਤੋਂ ਵੱਡੀ ਗੱਦੀ ਬਾਬਾ ਵੀਰ ਸਿੰਘ ਨੌਰੰਗਬਾਦੀਏ ਦੀ।[65]

ਇਨ੍ਹਾਂ ਵਖ ਵਖ ਸੰਪਰਦਾਵਾਂ ਦੇ ਪ੍ਰਚਾਰ ਦਾ ਬੁਰਾ ਪ੍ਰਭਾਵ ਇਹ ਪਿਆ ਕਿ ਸਿੱਖੀ ਦਾ ਵਾਧਾ ਹੋਣ ਦੀ ਥਾਂ ਇਹ ਸੰਪਰਦਾਇਕ ਟੁਕੜਿਆਂ ਵਿਚ ਵੰਡੀ ਗਈ। ਸਿੰਘ ਸਭਾ ਲਹਿਰ ਨੇ ਸਿੱਖ ਧਰਮ ਵਿਚ ਇੱਕ ਨਵੀਂ ਰੂਹ ਫੂਕੀ। ਗੁਰੂ ਸਾਹਿਬਾਨ, ਫਕੀਰਾਂ, ਦਰਵੇਸ਼ਾਂ ਤੇ ਸ਼ਹੀਦਾਂ ਨੇ ਜੋ ਵੀ ਘਾਲਣਾਵਾਂ ਘਾਲੀਆਂ ਤੇ ਪੰਜਾਬ ਦੀ ਸਮਾਜਿਕ, ਰਾਜਸੀ ਤੇ ਸਭਿਆਚਾਰਕ ਬਣਤਰ ਵਿਚ ਜੋ ਕਰਾਂਤੀ ਲਿਆਂਦੀ, ਉਸਨੂੰ ਭਾਰਤੀ ਇਤਿਹਾਸ ਦੇ ਚੌਖਟੇ ਵਿਚ ਰੱਖ ਕੇ ਪਰਖਣਾ ਤੇ ਉਸ ਤੋਂ ਉਪਜੀ ਵਿਲਖਣਤਾ ਤੇ ਵਿਡੱਤਣ ਦਾ ਅਹਿਸਾਸ ਕਰਵਾਉਣਾ, ਇਨ੍ਹਾਂ ਦਾ ਮੰਤਵ ਸੀ। ਸਿੰਘ ਸਭਾ ਲਹਿਰ ਦੇ ਮੋਢੀ ਸਿੱਖ ਰਾਜ ਖੁਸ ਜਾਣ 'ਤੇ ਲੋਕਾਂ ਵਿਚ ਕਾਇਰਤਾ, ਘਟੀਆਪਣ ਤੇ ਆਤਮਿਕ ਪਤਨ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਕੇ ਨਵੇਂ ਵਾਤਾਵਰਨ ਤੇ ਨਵੇਂ ਬਦੇਸ਼ੀ ਰਾਜ ਅਧੀਨ ਕੌਮੀ ਚਰਿਤਰ ਦੀ ਨਵ ਉਸਾਰੀ ਲਈ ਉਪਾਏ ਸੋਚਣ ਲੱਗੇ।[66] ਇਨ੍ਹਾਂ ਹਾਲਤਾਂ ਨੂੰ ਦੇਖਦੇ ਹੋਏ ਸਿੰਘ ਸਭਾ ਲਹਿਰ ਦੀ ਉਤਪਤੀ ਹੋਈ। ਇਸ ਸਭਾ ਦੇ ਟੀਚੇ ਜਾਂ ਨਿਯਮ ਹੇਠ ਲਿਖੇ ਅਨੁਸਾਰ ਸਨ:

- ਸਿੱਖ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਤੇ ਥਾਂ ਪਰ ਥਾਂ ਇਸ ਸ੍ਰੇਸ਼ਟ ਧਰਮ ਦੀ ਚਰਚਾ ਕਰਨੀ।
- ਜਿਨ੍ਹਾਂ ਪੋਥੀਆਂ-ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਾਈ ਪਾਈ ਜਾਂਦੀ ਹੈ ਉਨ੍ਹਾਂ ਨੂੰ ਛਪਵਾਇ ਕੇ ਪ੍ਰਗਟ ਕਰਨਾ।
- ਸੰਪ੍ਰਦਾਈ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਨ੍ਹਾਂ ਤਾਰੀਖ਼ਾਂ ਤੇ ਮਜ਼ਹਬੀ ਪੋਥੀਆਂ ਨੂੰ, ਜੈਸੇ ਜਨਮ ਸਾਖੀ ਅਤੇ ਗੁਰ ਪ੍ਰਣਾਲੀ ਆਦਿ, ਜਿਨ੍ਹਾਂ ਵਿਚ ਕਿਸੀ ਤਰਾਂ ਦਾ ਕੁਝ ਸੰਸਾ ਹੈ……..ਅਸਲੋਂ ਕਢਾਇ ਕੇ ਅੱਗਾ ਪਿੱਛਾ ਦੇਖ ਕੇ ਸ਼ੁੱਧ ਕਰਣਾ।

---

[65] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲੋਕ ਲਹਿਰਾਂ*, ਪੰ. 12.

[66] ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਲਿਤ ਪੰਜਾਬੀ ਸਾਹਿਤ: ਸਰਵੇਖਣ ਤੇ ਮੁਲਾਂਕਣ*, ਪੰ. 238.

- ਪੰਜਾਬੀ ਜ਼ਬਾਨ ਦ੍ਵਾਰਾ ਇਲਮ ਮੁਰੱਵਜੇ ਦੀ ਉੱਨਤੀ ਕਰਨੀ ਅਤੇ ਇਸ ਅਭਿਪ੍ਰਾਯ ਨਾਲ ਰਸਾਲੇ ਤੇ ਅਖ਼ਬਾਰਾਂ ਨਿਕਾਲਣੀਆਂ।

ਜੋ ਲੋਕ ਸਿੱਖ ਧਰਮ ਦੇ ਵਿਰੋਧੀ ਹਨ, ਅਥਵਾ ਜਿਨ੍ਹਾਂ ਇਸ ਦੇ ਵਿਰੁੱਧ ਕਿਹਾ ਅਥਵਾ ਸੁਣਿਆ ਹੈ, ਅਥਵਾ ਜੋ ਸਿੱਖ ਲੋਕ ਤਖ਼ਤਾਂ ਤੋਂ ਖ਼ਾਰਿਜ ਹੈਨ, ਅਥਵਾ ਜੇੜ੍ਹੇ ਆਪਣਾ ਧਰਮ ਛੱਡ ਕੇ ਦੂਸਰੇ ਧਰਮ ਤੇ ਸਮਾਜ ਵਿਚ ਜਾ ਰਲੇ ਹੋਣ, ਅਥਵਾ ਜਿਨ੍ਹਾਂ ਨੇ ਕੇਸਾਂ ਦੀ ਬੇਅਦਬੀ ਕੀਤੀ ਹੋਵੇ, ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫਸਦ ਗਿਣੇ ਗਏ ਹੋਣ, ਅਥਵਾ ਜੋ ਸੁਲਾਹ ਮਿੱਲਤ ਤੇ ਭਲਾਈ ਕੌਮ ਦੇ ਵਿਰੋਧੀ ਹੋਣ, ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ, ਮਗਰ ਜਦ ਇਨ੍ਹਾਂ ਵਿੱਚੋਂ ਕੋਈ ਪਿਛਲੀ ਕੀਤੀ ਤੋਂ ਤਨਾਖ਼ਾਹ ਲੁਆਵੇ ਤੇ ਅੱਗੋਂ ਵਾਸਤੇ ਸਭਾ ਦੀ ਰਾਇ ਹੋ ਜਾਵੇ ਤਾਂ ਮਿਲ ਸਕਦੇ ਹਨ।...........ਵੱਡੇ ਮਰਤਬੇ ਵਾਲੇ ਅੰਗ੍ਰੇਜ਼ ਬਹਾਦੁਰ ਵਿਦਯਾ ਸ਼ਾਖ ਦੇ ਮੈਂਬਰ ਬਣ ਸਕਦੇ ਹਨ। ਹੋਰ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਬਣ ਸਕਦੇ ਹਨ, ਜਦ ਪੱਕੀ ਤਰ੍ਹਾਂ ਮਾਲੂਮ ਹੋ ਜਾਣ ਜੋ ਉਹ ਸਿੱਖੀ ਧਰਮ ਤੇ ਪੰਜਾਬੀ ਜ਼ਬਾਨ ਦੇ ਖ਼ੈਰ ਖ਼੍ਵਾਹ ਹਨ। ਕਿਸੀ ਦੂਸਰੇ ਮਤ ਦੇ ਵਿਰੁੱਧ ਕਹਿਣਾ-ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ। ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਗੱਲ ਸਰਕਾਰ ਦੇ ਤੱਲਕ ਨਹੀਂ ਕੀਤੀ ਜਾਵੇਗੀ। ਖ਼ੈਰ ਖ਼੍ਵਾਹ ਕੌਮ, ਫ਼ਰਮਾਬਰਦਾਰੀ ਸਰਕਾਰੀ, ਸਿੱਖ ਧਰਮ ਨਾਲ ਪਿਆਰ ਅਤੇ ਉੱਨਤੀ ਕਰਨਾ, ਵਿਦਯਾ ਦਾ ਪੰਜਾਬੀ ਜ਼ਬਾਨ ਦੁਆਰਾ ਅਤੇ ਮਸਲਹਤ ਉਸਦੀ ਹਰ ਬਾਤ ਵਿਚ ਲਿਹਾਜ਼ ਕੀਤਾ ਜਾਵੇਗਾ।[67]

ਸਿੰਘ ਸਭਾ ਲਹਿਰ ਦੁਆਰਾ ਮਿਥੇ ਇਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਨ ਹਿਤ ਜਿੱਥੇ ਹੋਰ ਬਹੁਤ ਸਾਰੇ ਸਾਧਨਾਂ ਦਾ ਸਹਾਰਾ ਲਿਆ ਗਿਆ, ਪੱਤਰਕਾਰੀ ਨੂੰ ਮੁੱਖ ਰੂਪ ਵਿਚ ਸਾਧਨ ਬਣਾਇਆ ਗਿਆ ਕਿਉਂਕਿ ਪੱਤਰਕਾਰੀ ਹੀ ਇੱਕ ਅਜਿਹਾ ਸਾਧਨ ਹੈ ਜਿਸ ਦੁਆਰਾ ਕਿਸੇ ਸੂਚਨਾ ਨੂੰ ਵੱਡੇ ਪੱਧਰ ‘ਤੇ ਜਨ-ਸਾਧਾਰਨ ਤੱਕ ਪਹੁੰਚਾਇਆ ਜਾ ਸਕਦਾ ਹੈ। ਇਸੇ ਕਰਕੇ ਸਿੱਖ ਪੱਤਰ ਜਾਰੀ ਕੀਤੇ ਗਏ। ਡਾ. ਸਰਬਜਿੰਦਰ ਸਿੰਘ ਅਨੁਸਾਰ “ਸਿੰਘ ਸਭਾ ਲਹਿਰ ਪ੍ਰੈੱਸ ਦੀ ਤਾਕਤ ਤੋਂ ਭਲੀ ਭਾਂਤ ਜਾਣੂ ਸੀ। ਇਸ ਲਈ ਉਨ੍ਹਾਂ ਨੇ ਪਹਿਲੀ ਅਖ਼ਬਾਰ ‘ਅਕਾਲ ਪ੍ਰਕਾਸ਼’ ਦੇ ਨਾਂ ‘ਤੇ ਜੂਨ 1876 ਵਿਚ ਸ਼ੁਰੂ ਕਰ ਦਿੱਤੀ, ਉਸ ਤੋਂ ਬਾਅਦ ਖ਼ਾਲਸਾ ਦੀਵਾਨ

---

[67] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ*, ਪੰਨੇ 85-86.

ਲਾਹੌਰ ਨੇ 1886 ਵਿਚ ਖ਼ਾਲਸਾ ਅਖ਼ਬਾਰ ਦਾ ਸੰਪਾਦਨ ਕਰਨਾ ਸ਼ੁਰੂ ਕਰ ਦਿੱਤਾ। ਖ਼ਾਲਸਾ ਗਜ਼ਟ 1887 ਵਿਚ ਅਤੇ ਸ੍ਰੀ ਗੁਰੂ ਸਿੰਘ ਸਭਾ ਗਜ਼ਟ 1893 ਵੱਡੀਆਂ ਪ੍ਰਾਪਤੀਆਂ ਸਨ।[68] ਸਿੱਖਾਂ ਨੇ ਸਿੱਖੀ ਦੇ ਪ੍ਰਚਾਰ ਲਈ ਪੱਤਰਕਾਰੀ ਨੂੰ ਮੁੱਖ ਮਾਧਿਅਮ ਬਣਾਇਆ, ਜਿਸ ਨੂੰ ਸਿੱਖ ਪੱਤਰਕਾਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਪ੍ਰਸੰਗ ਵਿਚ ਅਕਾਲੀ ਕੌਰ ਸਿੰਘ ਦੁਆਰਾ ਕੀਤੀ ਪੱਤਰਕਾਰੀ ਦਾ ਵਿਸ਼ੇਸ਼ ਅਧਿਐਨ ਤੀਜੇ ਅਧਿਆਇ ਵਿਚ ਕੀਤਾ ਜਾਵੇਗਾ।

## ਗੁਰਦੁਆਰਾ ਸੁਧਾਰ ਲਹਿਰ

ਸਿੱਖਾਂ ਵਿਚ ਕੇਵਲ ਰਾਜਸੀ ਗਿਰਾਵਟ ਹੀ ਨਹੀਂ ਸੀ ਸਗੋਂ ਸਮਾਜਿਕ ਗਿਰਾਵਟ ਵਿਚ ਪੂਰੀ ਤਰ੍ਹਾਂ ਘਰ ਕਰ ਚੁਕੀ ਸੀ। ਸਿੱਖਾਂ ਵਿਚ ਜਾਤ-ਪਾਤ ਦੀ ਮਾੜੀ ਅਲਾਮਤ ਆ ਪਈ ਸੀ, ਇਸ ਦਾ ਅਸਰ ਇੰਨਾ ਸੀ ਕਿ ਦਰਬਾਰ ਸਾਹਿਬ ਕੜਾਹ ਪ੍ਰਸ਼ਾਦ ਤੱਕ ਪ੍ਰਵਾਨ ਨਹੀਂ ਸੀ ਕੀਤਾ ਜਾਂਦਾ। ਜਿਸ ਕਰਕੇ 12 ਅਕਤੂਬਰ 1920 ਈ. ਨੂੰ ਜ਼ਲ੍ਹਿਆਂ ਵਾਲੇ ਬਾਗ ਵਿਚ ਖ਼ਾਲਸਾ ਦੀਵਾਨ ਸਜਾ ਕੇ ਅਖੌਤੀ ਨੀਵੀਂ ਜਾਤ ਵਾਲੇ ਅਛੂਤਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ। ਉਨ੍ਹਾਂ ਦੀ ਅਰਦਾਸ ਕਰਵਾਉਣ ਲਈ ਦਰਬਾਰ ਸਾਹਿਬ ਲਿਜਾਇਆ ਗਿਆ। ਪਰ ਸੇਵਾਦਾਰ ਨੇ ਅਰਦਾਸ ਕਰਨ ਤੋਂ ਨਾਂਹ ਕਰ ਦਿਤੀ। ਜਿਸ ਕਰਕੇ ਗੁਰੂ ਸਾਹਿਬ ਦੇ ਹੁਕਮਨਾਮੇ 'ਤੇ ਗੱਲ ਛੱਡੀ ਗਈ। ਹੁਕਮਨਾਮਾ ਅਛੂਤਾਂ ਦੇ ਹੱਕ ਵਿਚ ਆਇਆ। ਜਿਸ ਤੋਂ ਸਿੰਘਾਂ ਦੀ ਅਰਦਾਸ ਕੀਤੀ ਗਈ। ਜਦੋਂ ਅਕਾਲ ਤਖਤ ਸਾਹਿਬ ਗਏ ਤਾਂ ਉਥੋਂ ਦੇ ਪੁਜਾਰੀ ਤਖ਼ਤ ਛੱਡ ਕੇ ਭੱਜ ਗਏ। ਜਦੋਂ ਡਿਪਟੀ ਕਮਿਸ਼ਨਰ ਅਤੇ ਸਰਬਰਾਹ ਦੇ ਸੱਦਣ 'ਤੇ ਵੀ ਨਾ ਆਏ ਤਾਂ ਸਿਖਾਂ ਦੀ ਇਕ 9 ਮੈਂਬਰੀ ਕਮੇਟੀ ਬਣਾ ਕੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਉਨ੍ਹਾਂ ਦੇ ਹੱਥ ਵਿਚ ਦੇ ਦਿਤਾ ਗਿਆ।

ਇਸ ਤੋਂ ਸਿਖਾਂ ਵਿਚ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਛੁਡਾਉਣ ਦੀ ਇਕ ਪ੍ਰੇਰਨਾ ਮਿਲੀ। ਗੁਰਦੁਆਰਿਆਂ ਦਾ ਪ੍ਰਬੰਧ ਸੁਧਾਰਨ ਦੀ ਇਕ ਲਹਿਰ ਜਿਹੀ ਚਲ ਪਈ। ਜਿਸ ਨੂੰ ਗੁਰਦੁਆਰਾ ਸੁਧਾਰ ਲਹਿਰ ਦਾ ਨਾਂ ਦਿੱਤਾ ਗਿਆ। ਇਸ ਲਹਿਰ ਵਿਚ ਗੁਰਦੁਆਰਾ ਤਰਨਤਾਰਨ ਸਾਹਿਬ, ਗੁਰਦੁਆਰਾ ਬਾਬੇ

[68] ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਤੀਜਾ), ਪੰ. 363.

ਦੀ ਬੇਰ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਗੁਰੂ ਕਾ ਬਾਗ, ਗੁਰਦੁਆਰਾ ਨਨਕਾਣਾ ਸਾਹਿਬ ਆਦਿ ਪੰਥਕ ਪ੍ਰਬੰਧ ਹੇਠ ਆ ਗਏ। ਸਿਖਾਂ ਦੁਆਰਾ ਇਕ ਸਾਂਝੀ ਕੇਂਦਰੀ ਕਮੇਟੀ ਬਣਾਈ ਗਈ। ਜਿਸ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਖਿਆ ਗਿਆ। ਇਹ ਕਮੇਟੀ 30 ਅਪ੍ਰੈਲ 1921 ਈ. ਨੂੰ ਰਜਿਸਟਰ ਹੋਈ।[69]

## ਗ਼ਦਰ ਪਾਰਟੀ

ਜੋ ਲੋਕ ਰੁਜ਼ਗਾਰ ਦੀ ਭਾਲ ਵਿਚ ਬਾਹਰ ਪਰਦੇਸਾਂ ਵਿਚ ਗਏ ਹੋਏ ਸਨ ਉਨ੍ਹਾਂ ਨੂੰ ਆਜ਼ਾਦੀ ਦੀ ਹਵਾ ਲੱਗਣ ’ਤੇ ਗ਼ੁਲਾਮੀ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ। ਲੋਕ ਤਾਹਨੇ ਦਿੰਦੇ ਸਨ ਕਿ ਤੁਹਾਨੂੰ 30 ਲੱਖ ਨੂੰ ਲੱਖ ਸਵਾ ਲੱਖ ਗੋਰਾ ਕਾਬੂ ਕਰੀ ਬੈਠਾ ਹੈ। ਤੁਹਾਡਾ ਆਪਣਾ ਕੌਮੀ ਝੰਡਾ ਤੇ ਕੌਮੀ ਨਾਅਰਾ ਵੀ ਕੋਈ ਨਹੀਂ। ਇਹ ਸੁਣ ਕੇ ਉਨ੍ਹਾਂ ਉਸ ਸਮੇਂ ਤੋਂ ਹੀ ਦੇਸ਼ ਵਿਚ ਇਨਕਲਾਬ ਲਿਆਉਣ ਦੇ ਸੁਪਨੇ ਆਰੰਭੇ, ਬਾਹਰ ਤੇ ਇਥੇ ਵੀ ਉਹ ਬਗ਼ਾਵਤ ਲਈ ਕੰਮ ਕਰਨ ਲੱਗੇ। 23 ਦਸੰਬਰ 1912 ਨੂੰ ਜਦੋਂ ਦਿੱਲੀ ਦੇ ਸ਼ਾਹੀ ਜਲੂਸ ਸਮੇਂ ਲਾਰਡ ਹਾਰਡਿੰਗ ’ਤੇ ਬੰਬ ਸੁੱਟਿਆ ਗਿਆ ਤਾਂ ਇਹ ਪ੍ਰਗਟ ਕਰਨ ਲਈ ਸੀ ਕਿ ਹਿੰਦੁਸਤਾਨੀ ਜਾਗ ਪਏ ਹਨ ਤੇ ਇਹ ਜਾਗ ਉਨ੍ਹਾਂ ਨੂੰ ਪ੍ਰਦੇਸਾਂ ਵਿਚੋਂ ਲੱਗੀ। ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਨੇ ਪਹਿਲੇ-ਪਹਿਲ ਦੇਸ਼ ਦੀ ਆਜ਼ਾਦੀ ਲਈ ਯਤਨ ਆਰੰਭੇ। ਸੰਤ ਤੇਜਾ ਸਿੰਘ, ਭਾਈ ਭਗਵਾਨ ਸਿੰਘ ਤੇ ਭਾਈ ਪਰਮਾਨੰਦ ਇਸ ਦੇ ਪ੍ਰਚਾਰ ਕਰਤਾ ਸਨ। ਬਾਬਾ ਜੁਆਲਾ ਸਿੰਘ ਤੇ ਬਾਬਾ ਵਿਸਾਖਾ ਸਿੰਘ ਨੇ ‘ਪੇਸੋਫਿਕ ਕੋਸਟ ਖ਼ਾਲਸਾ ਦੀਵਾਨ ਸੁਸਾਇਟੀ’ ਬਣਾਈ। 1900 ਈ. ਵਿਚ ‘ਹਿੰਦੁਸਤਾਨ ਐਸੋਸੀਏਸ਼ਨ’ ਦੀ ਬੁਨਿਆਦ ਰੱਖੀ ਗਈ ਜਿਸ ਦਾ ਮੰਤਵ ਹਥਿਆਰਬੰਦ ਇਨਕਲਾਬ ਰਾਹੀਂ ਹਿੰਦ ਵਿਚ ਆਜ਼ਾਦੀ ਲਿਆਉਣਾ ਸੀ। ਇਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਤੇ ਜਨਰਲ ਸਕੱਤਰ ਲਾਲਾ ਹਰਦਿਆਲ ਸਨ। ਸਾਨ ਫਰਾਂਸਿਸਕੋ ਦੀ ਹਿਲ ਸਟਰੀਟ ਦੇ ਮਕਾਨ ਨੰ. 436 ਵਿਚ ‘ਯੁਗਾਂਤਰ’ ਆਸ਼ਰਮ ਖੋਲ੍ਹਿਆ ਗਿਆ ਜਿਥੋਂ ਨਵੰਬਰ 1913 ਤੋਂ ‘ਗ਼ਦਰ’ ਪ੍ਰਕਾਸ਼ਿਤ ਹੋਣ ਲੱਗਾ। ਇਹ ਅਖ਼ਬਾਰ ਪਿੱਛੋਂ ਹਿੰਦੀ, ਗੁਜਰਾਤੀ,

[69] ਪ੍ਰੋ. ਕਰਤਾਰ ਸਿੰਘ ਐਮ. ਏ., *ਸਿੱਖ ਇਤਿਹਾਸ* ਭਾਗ-2, ਪੰ. 243.

ਬੰਗਾਲੀ, ਪਸ਼ਤੋ ਤੇ ਨੇਪਾਲੀ ਵਿਚ ਵੀ ਛਪਦਾ ਰਿਹਾ। 1916 ਈ. ਵਿਚ ਹਫਤੇ ਵਿਚ ਇਸ ਦੀ ਦਸ ਲੱਖ ਛਾਪਤ ਦੱਸੀ ਗਈ ਹੈ।[70] ਆਖ਼ਰ ਇਸੇ ਨਾਮ 'ਤੇ ਗ਼ਦਰ ਪਾਰਟੀ ਦਾ ਨਾਮ ਪ੍ਰਚਲਤ ਹੋਇਆ।

## ਬੱਬਰ ਅਕਾਲੀ ਲਹਿਰ

ਗ਼ਦਰ ਪਾਰਟੀ ਭਾਵੇਂ ਆਪਣੇ ਮੰਤਵ ਵਿਚ ਅਸਫ਼ਲ ਰਹੀ ਸੀ, ਪਰ ਉਸ ਦੇ ਪ੍ਰਚਾਰ ਨੇ ਜੋ ਪ੍ਰਦੇਸਾਂ ਵਿਚੋਂ ਗਏ ਸਿੱਖਾਂ ਰਾਹੀਂ ਹੁੰਦਾ ਸੀ, ਆਮ ਲੋਕਾਂ ਦੇ ਦਿਲਾਂ ਵਿਚ ਅੰਗਰੇਜ਼ ਹਕੂਮਤ ਦੇ ਵਿਰੁੱਧ ਨਫਰਤ ਨੂੰ ਦਿਨੋ-ਦਿਨ ਭੜਕਾਉਣ ਦਾ ਕੰਮ ਕੀਤਾ। ਅੰਗਰੇਜ ਹਕੂਮਤ ਦੇ ਕਰਮਚਾਰੀ ਵੀ ਪੰਜਾਬ ਵਿਚ ਸਖ਼ਤੀ ਕਰਨ ਦੇ ਰਾਹ ਤੁਲੇ ਹੋਏ ਸਨ। ਸ੍ਰੀ ਨਨਕਾਣਾ ਸਾਹਿਬ ਦਾ ਸਾਕਾ, ਗੁਰੂ ਕੇ ਬਾਗ਼ ਵਿਚ ਬੀ.ਟੀ. ਵੱਲੋਂ ਕੀਤੇ ਗਏ ਅੱਤਿਆਚਾਰ ਤੇ ਸਿੱਖਾਂ ਉੱਤੇ ਜੇਲਾਂ ਵਿਚ ਕੀਤੀ ਸਖ਼ਤੀ ਨੇ ਕੁਝ ਸੂਰਮਿਆਂ ਦੇ ਦਿਲਾਂ ਅੰਦਰ ਸ਼ਾਂਤੀ ਨਾ ਰਹਿਣ ਦਿੱਤੀ।ਸਮੁੱਚੀ ਕੌਮ ਕੁਝ ਖੁਦਗ਼ਰਜ਼ ਲਾਲਚੀ ਮੁਖ਼ਬਰਾਂ ਤੇ ਚੁਗ਼ਲਖੋਰ ਸਫੈਦਪੋਸ਼ ਤੇ ਜੈਲਦਾਰਾਂ ਆਦਿ ਤੋਂ ਤੰਗ ਆ ਚੁੱਕੀ ਸੀ। ਇਹ ਲੋਕ ਹਰ ਕੌਮੀ ਪ੍ਰੋਗਰਾਮ ਜਾਂ ਕੌਮੀ ਕਾਰਵਾਈਆਂ ਤੋਂ ਪੁਲਿਸ ਜਾਣੂ ਕਰਵਾਉਣ ਲਈ ਇਤਲਾਹ ਦਿੰਦੇ ਰਹਿੰਦੇ ਸਨ।

ਕੁਝ ਸੂਰਬੀਰ ਅੰਦਰ ਅਜਿਹੇ ਮੁਖਬਰਾਂ ਤੇ ਝੋਲੀ-ਚੁੱਕਾਂ ਨੂੰ ਸੋਧਣ ਤੇ ਹਥਿਆਰਬੰਦ ਬਗਾਵਤ ਰਾਹੀਂ ਅੰਗਰੇਜ ਰਾਜ ਨੂੰ ਖ਼ਤਮ ਕਰਨ ਲਈ ਉਬਾਲੇ ਖਾਣ ਲੱਗਿਆ। ਉਨ੍ਹਾਂ ਦੇ ਸਬਰ ਸ਼ਾਂਤ ਦਾ ਪਿਆਲਾ ਭਰਕੇ ਉੱਛਲ ਹੀ ਗਿਆ।

ਸਭ ਤੋਂ ਪਹਿਲਾਂ ਸਰਦਾਰ ਕਿਸ਼ਨ ਸਿੰਘ ਗੜਗੱਜ, ਪਿੰਡ ਬੜਿੰਗ, ਜਿਲ੍ਹਾ ਜਲੰਧਰ ਤੇ ਬਾਬੂ ਸੰਤਾ ਸਿੰਘ ਪਿੰਡ ਹਰਿਉ, ਜਿਲ੍ਹਾ ਲੁਧਿਆਣਾ ਜੋ ਦੋਵੇਂ ਫੌਜੀ ਨੌਕਰੀ ਕਰਦੇ ਆਏ ਸਨ, ਨੇ ਇਕ ਪਾਰਟੀ ਬਣਾਈ, ਜਿਸ ਦਾ ਪਹਿਲਾ ਨਾਂ 'ਚੱਕਰਵਰਤੀ ਜਥਾ'ਰੱਖਿਆ, ਜੋ ਸ਼ਸਤਰਧਾਰੀ ਹੋ ਕੇ ਗੁਪਤ ਰੂਪ ਵਿਚ ਵਿਚਰਦਾ ਰਿਹਾ। ਮਗਰੋਂ ਜਾ ਕੇ ਇਸ ਜਥੇ ਦਾ ਨਾਂ ਬੱਬਰ ਅਕਾਲੀ' ਰੱਖਿਆ ਗਿਆ। ਇਸ ਵਿਚ ਸਰਗਰਮ ਮੈਂਬਰ ਸ਼ਾਮਲ ਹੋ ਕੇ ਜੋ ਹਿੱਸਾ ਲੈ ਰਹੇ ਸਨ- ਕਰਮ ਸਿੰਘ ਦੌਲਤਪੁਰ, ਸੁੰਦਰ ਸਿੰਘ ਮਖ਼ਦੂਮਪੁਰ, ਕਰਮ ਸਿੰਘ

---

[70] ਗੁਰਚਰਨ ਸਿੰਘ ਸੈਂਹਸਰਾ, *ਗ਼ਦਰ ਪਾਰਟੀ ਦਾ ਇਤਿਹਾਸ,* ਪੰ. 97. ਉਦਰਿਤ, ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰ. 217.

ਝਿੰਗੜ, ਧੰਨਾ ਸਿੰਘ ਬਹਿਬਲਪੁਰ (ਹੁਸ਼ਿਆਰਪੁਰ), ਦਲੀਪ ਸਿੰਘ ਗੋਸਲ (ਜਲੰਧਰ), ਹਜਾਰਾ ਸਿੰਘ ਮੁੰਡੇਰ (ਜਲੰਧਰ), ਬੰਤਾ ਸਿੰਘ ਭੋਲਾ ਸਿੰਘ ਤੇ ਪਿਆਰਾ ਸਿੰਘ ਧਾਮੀਆ (ਹੁਸ਼ਿਆਰਪੁਰ), ਵਰਿਆਮ ਸਿੰਘ ਧੱਗੇ (ਹੁਸ਼ਿਆਰਪੁਰ), ਭੋਲਾ ਸਿੰਘ ਅਧਿਕਾਰੇ ਕਾਠੇ, ਉਜਾਗਰ ਸਿੰਘ ਧਾਮੀਆ, ਰਤਨ ਸਿੰਘ ਸਿੰਗੜੀ ਵਾਲਾ, ਕਿਸ਼ਨ ਸਾਸਰਾ, ਕਰਤਾਰ ਸਿੰਘ ਪੰਡੋਰੀ ਨਿੱਝਰਾਂ, ਹਰਬੰਸ ਸਿੰਘ ਸਰਹਾਲਾ ਕਲਾਂ ਅਤੇ ਨੰਦ ਸਿੰਘ ਆਦਿ।[71]

## ਆਰੀਆ ਸਮਾਜ

ਹਿੰਦੂ ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਸਭ ਤੋਂ ਪਹਿਲਾਂ 'ਬ੍ਰਹਮੋ ਸਮਾਜ' ਲਹਿਰ ਨੇ ਜਨਮ ਲਿਆ। ਇਹ ਲਹਿਰ ਕੁਛ ਹੱਦ ਤੱਕ ਕਾਮਯਾਬ ਹੋਈ, ਪਰ ਇਸ ਦਾ ਪ੍ਰਭਾਵ ਪੂਰਬੀ ਰਾਜਾਂ ਤੱਕ ਹੀ ਸੀਮਿਤ ਰਿਹਾ। ਉੱਤਰੀ ਤੇ ਦੱਖਣੀ ਭਾਰਤ ਵਿਚ ਇਸ ਦਾ ਪ੍ਰਭਾਵ ਬਹੁਤਾ ਦੇਖਣ ਨੂੰ ਨਹੀਂ ਮਿਲਿਆ। ਜਿਸ ਕਰਕੇ ਸੁਆਮੀ ਦਇਆ ਨੰਦ ਜੀ ਦੁਆਰਾ ਦੱਖਣੀ ਭਾਰਤ ਵਿਚ ਆਰੀਆ ਸਮਾਜ ਦੀ ਨੀਂਹ ਰੱਖੀ ਗਈ। ਇਸ ਲਹਿਰ ਦੇ ਮੋਢੀ ਸੁਆਮੀ ਦਇਆ ਨੰਦ ਜੀ ਦਾ ਜਨਮ ਰਿਆਸਤ ਮੋਰਵੀ (ਕਠਿਆਵਾੜ) ਦੇ ਪਿੰਡ ਟੰਕਾਰਾ ਵਿਚ ਅੰਬਾ ਸ਼ੰਕਰ ਬ੍ਰਾਹਮਣ ਦੇ ਘਰ 1824 ਈ. ਨੂੰ ਹੋਇਆ। ਆਪ ਦਾ ਬਚਪਨ ਵਿਚ ਨਾਂ 'ਮੂਲ ਸ਼ੰਕਰ' ਸੀ। ਆਪ ਨੂੰ 8 ਸਾਲ ਦੀ ਉਮਰ ਵਿਚ ਪੜ੍ਹਨ ਪਾਇਆ ਗਿਆ। ਆਪ ਦੇ ਪਿਤਾ ਸ਼ਿਵ ਦੇ ਉਪਾਸ਼ਕ ਸਨ। ਆਪ ਨੂੰ ਹਰ ਰੋਜ਼ ਮੰਦਰ ਲੈ ਕੇ ਜਾਇਆ ਕਰਦੇ ਹਨ। ਇਕ ਵਾਰ ਸ਼ਿਵਰਾਤਰੀ ਦੀ ਰਾਤ ਨੂੰ ਮੂਲ ਸ਼ੰਕਰ ਆਪਣੇ ਪਿਤਾ ਨਾਲ ਸ਼ਿਵ ਮੰਦਰ ਗਿਆ। ਮੰਦਰ ਵਿਚ ਦੇਖਿਆ ਕਿ ਚੂਹੇ ਮੂਰਤੀ ਅੱਗੋਂ ਮਠਿਆਈ ਵਗੈਰਾ ਦਾ ਪ੍ਰਸ਼ਾਦ ਖਾ ਰਹੇ ਹਨ ਤਾਂ ਮੂਲ ਸ਼ੰਕਰ ਦੇ ਮਨ ਵਿਚ ਮੂਰਤੀ ਪੂਜਾ ਵਿਰੁੱਧ ਨਫ਼ਰਤ ਪੈਦਾ ਹੋ ਗਈ। ਇਸ ਤੋਂ ਬਾਅਦ ਆਪ ਨੇ ਤਾਅ ਜ਼ਿੰਦਗੀ ਮੂਰਤੀ ਪੂਜਾ ਵਿਰੁੱਧ ਪ੍ਰਚਾਰ ਕੀਤਾ।

ਸੱਚੇ ਗਿਆਨ ਦੀ ਭਾਲ ਵਿਚ ਮੂਲ ਸ਼ੰਕਰ ਨੇ 16 ਸਾਲ ਦੀ ਉਮਰ ਵਿਚ ਘਰ ਤਿਆਗ ਕੇ ਸੰਨਿਆਸ ਧਾਰਨ ਕਰ ਲਿਆ। ਦਰ-ਬਰ-ਦਰ ਭਟਕਦਿਆਂ ਮੂਲ ਸ਼ੰਕਰ ਨੂੰ ਪਰਮਾਨੰਦ ਸੰਨਿਆਸੀ ਦੀ

[71] ਰੂਪ ਸਿੰਘ (ਸੰਪਾ.), *ਸਿੱਖ ਸੰਗਰਾਮ ਦੀ ਦਾਸਤਾਨ*, ਪੰਨੇ 216-217.

ਸੰਗਤ ਪ੍ਰਾਪਤ ਹੋਈ ਤੇ ਉਨ੍ਹਾਂ ਤੋਂ ਹੀ ਗੁਰੂ ਦੀਖਿਆ ਪ੍ਰਾਪਤ ਕੀਤੀ। ਇਸ ਤੋਂ ਬਾਅਦ ਮੂਲ ਸ਼ੰਕਰ ਦਾ ਨਾਂ ਦਯਾਨੰਦ ਸਰਸਵਤੀ ਪੈ ਗਿਆ।

ਆਰੀਆ ਸਮਾਜ ਦਾ ਆਰੰਭ 2 ਮਾਰਚ 1874 ਨੂੰ ਬੰਬਈ ਵਿਖੇ ਹੋਇਆ। ਆਪ ਨੇ 1877 ਵਿਚ ਚਾਂਦਪੁਰ ਦੇ ਸਰਬ ਧਰਮ ਸੰਮੇਲਨ ਵਿਚ ਵੇਦਾਂ ਨੂੰ ਮੰਨਣ ਉਪਰ ਬਹੁਤ ਜ਼ੋਰ ਦਿਤਾ। ਇਥੇ ਹੀ ਆਪ ਦਾ ਪੰਜਾਬ ਤੋਂ ਆਏ ਕੁਝ ਵਿਅਕਤੀਆਂ ਨਾਲ ਸੰਬੰਧ ਕਾਇਮ ਹੋਇਆ ਤੇ ਆਪ ਉਨ੍ਹਾਂ ਨਾਲ ਪੰਜਾਬ ਆ ਗਏ। ਸਵਾਮੀ ਦਇਆ ਨੰਦ ਨੇ ਲਾਹੌਰ ਵਿਚ ਆਪਣੀ ਪਹਿਲੀ ਸ਼ਾਖਾ ਖੋਲ੍ਹੀ। ਲਾਹੌਰ ਵਿਚੋਂ ਹੀ ਆਰੀਆ ਸਮਾਜ ਦੀ ਸਿਧਾਂਤਾਂ ਦਾ ਪੁਨਰ-ਨਿਰਮਾਣ ਹੋਇਆ। ਇਸ ਤੋਂ ਬਾਅਦ ਭਾਰਤ ਵਿਚ ਵੱਖ-ਵੱਖ ਥਾਵਾਂ ਉਪਰ ਇਸ ਦੀਆਂ ਸ਼ਾਖਾਵਾਂ ਸਥਾਪਿਤ ਹੋਈਆਂ। ਡਾ. ਸ਼ਿਵ ਕੁਮਾਰ ਗੁਪਤਾ ਅਨੁਸਾਰ 'ਉਨ੍ਹਾਂ ਦਿਨਾਂ ਦੇ ਪੰਜਾਬ ਵਿਚ ਈਸਾਈ ਪ੍ਰਚਾਰਕ ਅਤੇ ਮੁਸਲਮਾਨ ਧਰਮ ਬਦਲੀ ਦੀਆਂ ਕੋਸ਼ਿਸ਼ਾਂ ਵਿਚ ਸਨ। ਸੁਆਮੀ ਦਇਅਨੰਦ ਨੇ ਧਰਮ-ਬਦਲੀ ਵਿਰੁੱਧ ਆਵਾਜ਼ ਉਠਾਈ ਅਤੇ ਉਨ੍ਹਾਂ ਰਾਹੀਂ ਚਲਾਈ 'ਸ਼ੁੱਧੀ' ਲਹਿਰ ਨੇ ਲੋਕਾਂ ਵਿਚ ਇਕ ਨਵੀਂ ਉਮੀਦ ਪੈਦਾ ਕੀਤੀ। ਪੰਜਾਬ ਵਿਚ ਬ੍ਰਹਮੋ ਸਮਾਜ ਵੀ ਸਥਾਪਿਤ ਹੋ ਚੁੱਕਾ ਸੀ। ਬਹੁਤ ਸਾਰੇ ਪੜ੍ਹੇ-ਲਿਖੇ ਬੰਗਾਲੀ ਬ੍ਰਹਮੋ ਸਮਾਜ ਵਿਚ ਆਏ ਅਤੇ ਪੰਜਾਬ ਵਿਚ ਉੱਚੀਆਂ ਨੌਕਰੀਆਂ ਉਨ੍ਹਾਂ ਦੇ ਹੱਥਾਂ ਵਿਚ ਜਾਣ ਲੱਗੀਆਂ। ਇਹ ਪੰਜਾਬ ਦੇ ਲੋਕਾਂ ਲਈ ਚੁਣੌਤੀ ਸਾਬਤ ਹੋਈ ਅਤੇ ਉਹ ਸੁਆਮੀ ਦਇਆਨੰਦ ਦੇ ਸਮਾਜ ਵਿਚ ਸ਼ਾਮਲ ਹੋਣ ਲੱਗੇ।[72] ਆਰੀਆ ਸਮਾਜ ਵਿਚ ਇਸਤਰੀਆਂ ਨੂੰ ਬਰਾਬਰ ਦਾ ਦਰਜਾ ਮਿਲਣਾ ਵੀ ਪੰਜਾਬ ਵਿਚ ਇਸ ਦੀ ਸਫਲਤਾ ਦਾ ਇਕ ਹੋਰ ਕਾਰਨ ਬਣਿਆ। ਇਸ ਤੋਂ ਇਲਾਵਾ ਆਰੀਆ ਸਮਾਜ ਦੇ ਮੈਂਬਰ ਅਧਿਕਤਰ ਪੜ੍ਹੇ-ਲਿਖੇ ਸਨ। ਇਨ੍ਹਾਂ ਵਿਚੋਂ ਬਹੁਤ ਸਾਰੇ ਅਧਿਆਪਕ, ਡਾਕਟਰ ਅਤੇ ਵਕੀਲ ਸਨ।

---

[72] Satish Kumar Sharma, *Social Movement an Social Change- A Study of Arya Samaj and Untouchables in the Punjab*, pp. 55-55 ਉਦਰਿਤ, ਏ. ਸੀ. ਅਰੋੜਾ (ਸੰਪਾ.), *ਪੰਜਾਬ ਦੀਆਂ ਲੋਕ ਲਹਿਰਾਂ* , ਪੰਨੇ 55-56.

ਬੁੱਤ ਪੂਜਾ ਅਤੇ ਕੱਟੜਪਣ ਦੀ ਵਿਰੋਧਤਾ ਤੇ ਬ੍ਰਾਹਮਣਾਂ ਅਤੇ ਮੰਦਰਾਂ ਤੋਂ ਬਿਨਾਂ ਵੈਦਿਕ ਨੀਤੀ ਦੇ ਆਧੁਨਿਕ ਰੂਪ ਵਿਚ ਜਾਗ੍ਰਿਤੀ ਦਾ ਪੰਜਾਬ ਦੇ ਸੂਝਵਾਨ ਤਬਕੇ ਉਤੇ ਸਿੱਧਾ ਅਸਰ ਪਿਆ।[73]

## ਦੇਵ ਸਮਾਜ

ਹਿੰਦੂ ਧਰਮ ਵਿਚ ਆਈਆਂ ਕੁਰੀਤੀਆਂ ਦੇ ਸੁਧਾਰ ਹਿਤ ਤਿੰਨ ਸਮਾਜਾਂ (ਲਹਿਰਾਂ) ਨੇ ਜਨਮ ਲਿਆ; ਆਰੀਆ ਸਮਾਜ, ਬ੍ਰਹਮੋ ਸਮਾਜ ਤੇ ਦੇਵ ਸਮਾਜ। ਇਨ੍ਹਾਂ ਮਤਾਂ ਦੇ ਉਦੇਸ਼ ਭਾਵੇਂ ਇਕੋ ਸਨ ਪਰ ਸਿਧਾਂਤ ਤੇ ਨਿਯਮ ਵੱਖੋ-ਵੱਖਰੇ ਸਨ। ਸਮਾਜ ਸੁਧਾਰ ਵਿਚ ਤਿੰਨਾਂ ਦੀ ਭੂਮਿਕਾ ਬਹੁਤ ਅਹਿਮ ਮੰਨੀ ਜਾਂਦੀ ਹੈ। ਦੂਸਰੇ ਮਤਾਂ ਦੇ ਮੁਕਾਬਲੇ ਦੇਵ ਸਮਾਜ ਭਾਵੇਂ ਬਹੁਤ ਫੈਲ ਨਾ ਸਕਿਆ ਪਰ ਹਿੰਦੂ ਧਰਮ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਤਿਲ ਫੁਲ ਯੋਗਦਾਨ ਇਸ ਨੇ ਜ਼ਰੂਰ ਪਾਇਆ।

ਦੇਵ ਸਮਾਜ ਇਕ ਨਵੀਨ ਨਾਸਤਿਕ ਮਤ ਹੈ। ਇਸ ਮਤ ਦਾ ਬਾਨੀ ਬ੍ਰਹਮਣ ਜਾਤੀ ਨਾਲ ਸੰਬੰਧ ਰੱਖਣ ਵਾਲਾ ਸਤਿਆਨੰਦ ਅਗਨੀਹੋਤਰੀ ਸੀ। ਸਤਿਆਨੰਦ ਨੂੰ ਮੰਨਣ ਵਾਲੇ 'ਦੇਵ ਭਗਵਾਨ ਗੁਰੂ' ਸਤਿਕਾਰ ਨਾਲ ਸੰਬੋਧਨ ਕਰਦੇ ਸਨ। ਇਨ੍ਹਾਂ ਦਾ ਜਨਮ 20 ਦਸੰਬਰ 1850 ਨੂੰ ਅਕਬਰਪੁਰਾ ਜ਼ਿਲ੍ਹਾ ਕਾਨ੍ਹਪੁਰ (ਯੂ. ਪੀ.) ਵਿਚ ਹੋਇਆ।[74] ਆਪ ਦੇ ਪਿਤਾ ਪੰਡਿਤ ਰਾਮੇਸ਼ਵਰ ਅਗਨੀਹੋਤਰੀ ਇਕ ਪੜ੍ਹੇ-ਲਿਖੇ ਇਨਸਾਨ ਸਨ ਜਿਸ ਕਰਕੇ ਆਪ ਨੂੰ ਰੁੜਕੀ ਦੇ ਸਕੂਲ ਵਿਚ ਪੜ੍ਹਨ ਲਈ ਭੇਜਿਆ ਗਿਆ। ਆਪ ਨੇ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ 9 ਸਾਲ ਤਕ ਸਰਕਾਰੀ ਨੌਕਰੀ ਕੀਤੀ। ਨੌਕਰੀ ਵਿਚ ਆਪ ਦਾ ਮਨ ਨਾ ਲੱਗਾ ਤੇ ਆਪ ਬ੍ਰਹਮੋ ਸਮਾਜ ਦੇ ਪ੍ਰਚਾਰ ਵਿਚ ਲੱਗ ਗਏ। ਫਿਰ ਹੌਲੀ-ਹੌਲੀ ਆਪਣੇ ਨਵੇਂ ਮਤ 'ਦੇਵ ਸਮਾਜ' ਦਾ ਆਰੰਭ ਕਰ ਲਿਆ।

ਦੇਵ ਭਗਵਾਨ (ਸਤਿਆਨੰਦ) ਦਾ ਦੇਵ ਸ਼ਾਸਤ੍ਰ ਪੜ੍ਹਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਉਤੇ ਡਾਰਵਿਨ ਤੇ ਹਕਸਲੇ ਦੇ ਵਿਕਾਸਵਾਦ (Evolution) ਅਤੇ ਜੜ੍ਹ ਚੇਤਨ ਦਾ ਬਹੁਤ ਅਸਰ ਪਿਆ। ਡਾਰਵਨ ਦਾ ਮਤ ਹੈ ਕਿ ਸ੍ਰਿਸ਼ਟੀ ਨਿਬੂਲਾ (ਗਰਮ ਮਾਦੇ) ਤੋਂ ਬਣਨੀ ਸ਼ੁਰੂ ਹੋਈ। ਇਹ ਮਾਦਾ ਗਰਮ ਸੀ

---

[73] Prakash Tandon, *Punjabi Century 1857-1947*, pp. 56.

[74] ਗਿਆਨੀ ਪ੍ਰਤਾਪ ਸਿੰਘ, *ਸੰਸਾਰ ਦਾ ਧਰਮਿਕ ਇਤਿਹਾਸ*, ਪੰ. 367.

ਠੰਢਾ ਹੋ ਗਿਆ। ਚਿੱਕੜ ਬਣ ਗਿਆ। ਉਸ ਵਿਚ ਕੀੜੇ-ਮਕੌੜੇ ਤੇ ਮੱਛੀਆਂ ਬਣ ਗਈਆਂ। ਮੱਛੀਆਂ ਤੋਂ ਬਾਅਦ ਹੋਰ ਜਾਨਵਰ ਬਣੇ। ਅਖ਼ੀਰ ਵਿਚ ਬਾਂਦਰ ਤੇ ਉਸ ਤੋਂ ਮਨੁੱਖ ਬਣ ਗਿਆ। ਮਾਤਾ ਦੇ ਗਰਭ 'ਚ ਮਿਲਦੀ ਬਣਾਵਟ ਪ੍ਰਿਥਵੀ 'ਚੋਂ ਨਿਕਲੇ ਹੋਏ ਪਿੰਜਰਾਂ, ਜਾਨਵਰਾਂ ਤੇ ਬਨਸਪਤੀ ਦੀਆਂ ਮਿਲਦੀਆਂ ਸ਼ਕਲਾਂ ਆਦਿ ਤੋਂ ਡਾਰਵਿਨ ਨੇ ਵਿਕਾਸਵਾਦ ਸਾਬਤ ਕੀਤਾ ਹੈ।

ਹਕਸਲੇ ਨੇ ਕਿਹਾ ਹੈ- ਇਹ ਸ੍ਰਿਸ਼ਟੀ ਤੇ ਰਚਨਾ ਮਿੱਟੀ ਦੇ ਗਲੋਲਿਆਂ ਵਾਂਗੂੰ ਦੋ ਅੰਨ੍ਹਿਆਂ ਬੱਚਿਆਂ ਪ੍ਰਕਿਰਤੀ ਤੇ ਸ਼ਕਤੀ ਨੇ ਕੀਤੀ ਹੈ। ਹੂ-ਬ-ਹੂ ਇਹੀ ਖਿਆਲ ਸਤਿਆਨੰਦ ਦੇ ਹਨ। ਉਸ ਨੇ ਡਾਰਵਿਨ ਦੇ ਵਿਕਾਸ ਤੇ ਹਕਸਲੇ ਦੇ ਪ੍ਰਕਿਰਤੀ-ਸ਼ਕਤੀਵਾਦ ਤੇ ਕੁਝ ਪੁਰਾਤਨ ਗੱਲਾਂ ਤੋਂ ਇਨਕਾਰ ਕਰ ਕੇ, ਕੁਝ ਇਖ਼ਲਾਕੀ ਨਿਯਮ ਦੱਸ ਕੇ ਉਨ੍ਹਾਂ 'ਤੇ ਇਕ ਮਤ (ਦੇਵ ਸਮਾਜ) ਦਾ ਲੇਬਲ ਲਾ ਦਿੱਤਾ ਹੈ।[75]

## ਬ੍ਰਹਮੋ ਸਮਾਜ

ਬ੍ਰਹਮੋ ਸਮਾਜ ਲਹਿਰ ਦੇ ਬਾਨੀ ਰਾਜਾ ਰਾਮ ਮੋਹਨ ਰਾਇ ਸਨ। ਉਨ੍ਹਾਂ ਦਾ ਜਨਮ ਮਈ 1772 ਈ. ਨੂੰ ਹੋਇਆ। ਮੋਹਨ ਰਾਇ ਜੀ ਦੇ ਮਾਤਾ ਦਾ ਨਾਮ ਤਾਰਾ ਦੇਵੀ ਅਤੇ ਪਿਤਾ ਦਾ ਨਾਮ ਕਾਂਤ ਰਾਇ ਸੀ। ਉਹ ਇਕ ਬ੍ਰਾਹਮਣ ਜਾਤੀ ਨਾਲ ਸੰਬੰਧ ਰਖਦੇ ਸਨ। ਗਿਆਨੀ ਪ੍ਰਤਾਪ ਸਿੰਘ ਅਨੁਸਾਰ ਇਹ ਘਰਾਣਾ (ਰਾਜਾ ਰਾਮ ਮੋਹਨ ਰਾਇ ਜੀ ਦਾ) ਕੇਵਲ ਹਿੰਦੂਆਂ ਵਿਚ ਹੀ ਸ੍ਰੇਸ਼ਟ ਨਹੀਂ ਸੀ, ਬਲਕਿ ਮੁਗਲ ਬਾਦਸ਼ਾਹਾਂ ਤੇ ਬੰਗਾਲ ਦੇ ਹਾਕਮ ਸਰਾਜ਼ੁਦੌਲਾ ਦੇ ਦਰਬਾਰ ਵਿਚ ਵੀ ਇਸ ਨੂੰ ਮਾਣ ਪ੍ਰਾਪਤ ਸੀ।[76]

ਰਾਮ ਮੋਹਨ ਰਾਇ ਨੇ 1814 ਈ. ਵਿਚ ਬ੍ਰਹਮੋ ਸਮਾਜ ਮਤ ਦਾ ਪ੍ਰਚਾਰ ਸ਼ੁਰੂ ਕਰ ਕੀਤਾ। ਇਸ ਲਈ ਉਸ ਨੇ ਸਭ ਤੋਂ ਪਹਿਲਾ ਡੇਰਾ ਰਘੂਨਾਥ ਪੁਰ (ਕਲੱਕਤਾ ਤੋਂ ਦੂਰ) ਬਣਾਇਆ। ਜਿਥੇ ਆਪਣੇ ਉਪਦੇਸ਼ਾ ਦਾ ਪ੍ਰਚਾਰ ਵਹਿਮ ਭਰਮ, ਫੋਕਟ ਰੀਤੀ ਰਿਵਾਜ, ਅੰਧ ਵਿਸ਼ਵਾਸ, ਜਾਤ ਪਾਤ ਦੇ ਵਖਰੇਵੇਂ ਆਦਿ ਸ਼ਾਮਿਲ ਸਨ। ਇਸ ਮਤ ਨੇ ਇਕ ਹੋਰ ਕੁਰੀਤੀ ਸਤੀ ਪ੍ਰਥਾ ਦਾ ਬਹੁਤ ਕਰੜਾ ਵਿਰੋਧ ਕੀਤਾ। ਜਿਸ ਕਰਕੇ ਇਸ ਨੂੰ ਕਾਫੀ ਵਿਰੋਧਤਾ ਦਾ ਸਾਹਮਣਾ ਵੀ ਕਰਨਾ ਪਿਆ। ਪਰ ਮੋਹਨ ਰਾਇ ਜੀ ਨੇ ਦ੍ਰਿੜ ਇਰਾਦੇ ਨਾਲ

---

[75] ਗਿਆਨੀ ਪ੍ਰਤਾਪ ਸਿੰਘ, *ਸੰਸਾਰ ਦਾ ਧਰਮਿਕ ਇਤਿਹਾਸ,* ਪੰ. 368.

[76] ਉਹੀ, ਪੰ. 341.

ਇਸ ਦੇ ਖਿਲਾਫ ਡਟੇ ਰਹੇ ਜਿਸ ਕਰਕੇ ਬਾਅਦ ਵਿਚ ਸਰਕਾਰ ਨੇ ਇਸਦੇ ਵਿਰੋਧ ਵਿਚ ਕਾਨੂੰਨ ਵੀ ਪਾਸ ਕਰ ਦਿਤਾ। ਇਸ ਨਾਲ ਬ੍ਰਹਮੋ ਸਮਾਜ ਨੂੰ ਕਾਫੀ ਹੌਂਸਲਾ ਮਿਲਿਆ। ਰਾਜਾ ਰਾਮ ਮੋਹਨ ਰਾਇ ਦੀ ਬਹੁਤ ਪੜ੍ਹੇ ਲਿਖੇ ਇਨਸਾਨ ਸਨ। ਬਚਪਨ ਵਿਚ ਉਨ੍ਹਾਂ ਦੀ ਮਾਤਾ ਦੇ ਅਕਾਲ ਚਲਾਣੇ ਬਾਅਦ ਉਨ੍ਹਾਂ ਦੇ ਪਿਤਾ ਕਾਂਤ ਰਾਇ ਨੇ ਬੱਚਿਆਂ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ। ਮੁਗਲ ਹਕੂਮਤ ਹੋਣ ਕਰਕੇ ਅਰਬੀ ਫਾਰਸੀ ਭਾਸ਼ਾ ਦਾ ਕਾਫੀ ਪ੍ਰਭਾਵ ਸੀ। ਇਸ ਕਰਕੇ ਇਨ੍ਹਾਂ ਨੂੰ ਇਨ੍ਹਾਂ ਦੀ ਸਿੱਖਿਆ ਲਈ ਪਟਨਾ ਸ਼ਹਿਰ ਵਿਖੇ ਭੇਜਿਆ ਗਿਆ। ਉਥੋਂ ਆਪ ਨੇ ਕੁਰਾਨ ਮਜੀਦ, ਹਾਫ਼ਿਜ਼, ਰੂਸੀ ਤੇ ਮਨਸਵੀ ਗ੍ਰੰਥਾਂ ਦੀ ਸਿੱਖਿਆ ਪ੍ਰਾਪਤ ਕੀਤੀ। ਉਸ ਤੋਂ ਬਾਅਦ ਆਪ ਦੇ ਪਿਤਾ ਨੇ ਸੰਸਕ੍ਰਿਤ ਦੀ ਸਿੱਖਿਆ ਪ੍ਰਾਪਤ ਕਰਨ ਲਈ ਕਾਂਸੀ ਵਿਖੇ ਭੇਜਿਆ। ਜਿਥੇ ਆਪ ਨੇ ਵੈਦਿਕ ਧਰਮ ਦੇ ਗ੍ਰੰਥਾਂ ਦੀ ਸਿੱਖਿਆ ਕਰਨ ਤੋਂ ਬਾਅਦ ਮੋਹਨ ਰਾਇ ਵਿਚ ਤਬਦੀਲੀ ਆਉਣ ਲੱਗੀ। ਉਨ੍ਹਾਂ ਨੇ ਹਿੰਦੂਆਂ ਵਿਚ ਪ੍ਰਚਲਿਤ ਕੁਰੀਤੀਆਂ ਨੂੰ ਬਹੁਤ ਜ਼ੋਰਦਾਰ ਤਰੀਕੇ ਨਾਲ ਭੰਡਿਆ ਹੀ ਨਹੀਂ ਸਗੋਂ ਖਤਮ ਕਰਨ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ। ਇਸ ਲਈ ਆਪਣੇ ਮਤ ਦੇ ਨਿਯਮ ਨਿਰਧਾਰਿਤ ਕੀਤੇ ਜਿਵੇਂ-

ਇਕ ਸਰਵਸ਼ਕਤੀਮਾਨ ਪਰਮੇਸ਼ਰ ਵਿਚ ਆਸਥਾ ਰਖਣੀ ਅਤੇ ਦੂਸਰੀ ਕ੍ਰਿਤਮ ਵਸਤੂ ਨੂੰ ਮੰਨਣਾ। ਈਸ਼ਵਰ ਨੂੰ ਹੀ ਮੁਕਤੀ ਦਾਤਾ ਅਤੇ ਸਜ਼ਾ ਦੇਣ ਵਾਲਾ ਮੰਨਿਆ ਗਿਆ ਹੈ। ਇਨ੍ਹਾਂ ਦਾ ਸਿਧਾਂਤ ਸੀ ਕਿ ਈਸ਼ਵਰ ਹੀ ਪਿਤਾ ਹੈ ਅਤੇ ਬਾਕੀ ਸਾਰੇ ਅਪਸ ਵਿਚ ਭਾਈ ਹਨ।

ਰਾਜਾ ਰਾਮ ਮੋਹਨ ਰਾਇ ਧਾਰਮਿਕ ਉਨਤੀ ਦੇ ਨਾਲ ਨਾਲ ਦੇਸ਼ ਦੀ ਉਨਤੀ ਲਈ ਚਿੰਤਤ ਸਨ। ਇਸੇ ਕਾਰਨ ਕਰਕੇ ਉਨ੍ਹਾਂ ਨੇ ਆਪਣੀ ਨੌਕਰੀ ਤੋਂ ਛੁੱਟੀ ਲੈ ਲਈ ਤੇ ਸਮਾਜਿਕ ਸੁਧਾਰ ਦੇ ਕੰਮਾਂ ਵਿਚ ਸਮਾਂ ਬਤੀਤ ਕਰਨ ਲੱਗੇ। ਆਪਣੀ ਸਖਤ ਮਿਹਨਤ ਦੇ ਸਦਕਾ 1824 ਈ. ਵਿਚ ਮੋਹਨ ਰਾਇ ਜੀ ਲਾਰਡ ਵਿਲੀਅਮ ਬੈਂਟਿਕ ਤੋਂ ਸਖਤ ਕਾਨੂੰਨ ਪਾਸ ਕਰਵਾ ਲਿਆ। ਅਜਿਹੇ ਕਾਰਜਾਂ ਸਦਕਾ ਮੋਹਨ ਰਾਇ ਦੀ ਅੰਗਰੇਜ਼ੀ ਸਰਕਾਰ ਵਿਚ ਵੁਕਤ ਕਾਫੀ ਵਧ ਗਈ। ਈਸਟ ਇੰਡੀਆ ਕੰਪਨੀ ਨੇ ਉਨ੍ਹਾਂ ਨੂੰ ਰਾਜਾ ਦਾ ਖਿਤਾਬ ਦੇ ਕੇ ਇੰਗਲੈਂਡ ਭੇਜਣ ਦਾ ਸਦਾ ਦਿੱਤਾ। ਰਾਜਾ ਮੋਹਨ ਰਾਇ ਨੇ ਇਸ ਨੂੰ ਪ੍ਰਵਾਨ ਕਰ ਲਿਆ। ਇੰਗਲੈਂਡ ਪਹੁੰਚ ਕੇ ਉਨ੍ਹਾਂ ਨੇ ਬ੍ਰਹਮੋ ਸਮਾਜ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ। ਦੂਸਰੇ ਪਾਸੇ ਹਿੰਦੂ ਧਰਮ ਦੇ ਕੱਟੜ ਪੰਥੀ ਸੁਮੰਦਰ ਪਾਰ ਜਾਣ ਨੂੰ ਧਰਮ ਭ੍ਰਿਸ਼ਟ ਕਰਨਾ ਸਮਝਦੇ ਸਨ ਪ੍ਰੰਤੂ ਅਜਿਹੇ ਕੁਟਲ ਵਿਚਾਰਾਂ ਦੀ

ਪਰਵਾਹ ਨਾ ਕਰਦੇ ਹੋਏ ਉਨ੍ਹਾਂ ਨੇ ਆਪਣਾ ਪ੍ਰਚਾਰ ਜਾਰੀ ਰੱਖਿਆ ਜਿਸ ਕਰਕੇ ਉਹ ਇੰਗਲੈਂਡ ਦੀ ਯਾਤਰਾ ਤੋਂ ਬਾਅਦ ਯੂਰਪ ਦੇ ਹੋਰ ਕਈ ਦੇਸ਼ਾਂ ਵਿਚ ਗਏ ਤੇ ਆਪਣੇ ਮਤ ਦਾ ਪ੍ਰਚਾਰ ਕੀਤਾ। ਆਪ ਦਾ ਦੇਹਾਂਤ 27 ਸਤੰਬਰ ਸੰਨ 1833 ਨੂੰ ਇੰਗਲੈਂਡ ਵਿਚ ਹੋਇਆ। ਇਨ੍ਹਾਂ ਦੇ ਦੇਹਾਂਤ ਤੋਂ ਬਾਅਦ ਦੇਵੇਂਦਰ ਨਾਥ ਤੇ ਕੇਸ਼ਵ ਚੰਦਰ ਨੇ ਬ੍ਰਹਮੋ ਸਮਾਜ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ।

ਪੰਜਾਬ ਵਿਚ ਬ੍ਰਹਮੋ ਸਮਾਜ ਦੀ ਆਮਦ 1863 ਈ. ਵਿਚ ਹੋਈ। ਇਸ ਦੀਆਂ ਪੰਜਾਬ ਦੇ ਵੱਖ-ਵੱਖ ਸੂਬਿਆਂ ਵਿਚ ਸ਼ਾਖਾਵਾਂ ਖੋਲ੍ਹੀਆਂ ਗਈਆਂ ਜਿਨ੍ਹਾਂ ਵਿਚ ਰਾਵਲਪਿੰਡੀ, ਅੰਮ੍ਰਿਤਸਰ, ਮੁਲਤਾਨ, ਰੋਪੜ, ਸ਼ਿਮਲਾ ਅਤੇ ਗਾਜ਼ੀ ਖਾਂ ਬ੍ਰਾਂਚਾਂ ਖੋਲ੍ਹੀਆਂ ਗਈਆਂ। ਇਨ੍ਹਾਂ ਦੇ ਪ੍ਰਚਾਰ ਲਈ ਕਿਤਾਬਾਂ, ਪੱਤਰ ਤੇ ਹੋਰ ਪੈਂਫਲਿਟ ਛਾਪ ਕੇ ਵੰਡੇ ਗਏ। ਹੌਲੀ-ਹੌਲੀ ਇਸ ਦਾ ਪ੍ਰਭਾਵ ਘਟਦਾ ਗਿਆ। ਡਾ. ਗੰਡਾ ਸਿੰਘ ਦਾ ਵਿਚਾਰ ਹੈ- ਜੇਕਰ ਸ. ਦਯਾਲ ਸਿੰਘ ਮਜੀਠੀਆ ਨੇ ਆਪਣੀ ਜਾਇਦਾਦ ਬ੍ਰਹਮੋ ਸਮਾਜ ਨੂੰ ਦਾਨ ਵਿਚ ਨਾ ਦਿੱਤੀ ਹੁੰਦੀ ਤਾਂ ਇਸ ਲਹਿਰ ਦਾ ਭੋਗ ਪੰਜਾਬ ਵਿਚ ਬਚਪਨ ਵਿਚ ਹੀ ਪੈ ਜਾਣਾ ਸੀ।[77]

## ਅੰਜੁਮਨ-ਏ-ਇਸਲਾਮੀਆ

ਅੰਜੁਮਨ-ਏ-ਇਸਲਾਮੀਆ ਮੁਸਲਿਮ ਲਹਿਰ ਦੀ ਸਥਾਪਨਾ 1869 ਈ. ਵਿਚ ਹੋਈ। ਇਸ ਲਹਿਰ ਦੇ ਸ਼ੁਰੂ ਹੋਣ ਦਾ ਕਾਰਨ ਬਾਦਸ਼ਾਹੀ ਮਸਜਿਦ ਦੀ ਮੁਰੰਮਤ ਕਰਵਾਉਣਾ ਸੀ ਕਿਉਂਕਿ ਇਹ ਖਸਤਾ ਹਾਲਤ ਵਿਚ ਸੀ। ਬਰਕਤ ਅਲੀ ਖ਼ਾਨ ਜੋ ਲਾਹੌਰ ਵਿਚ ਤਹਿਸੀਲਦਾਰ ਸੀ, ਨੇ ਇਸ ਮਕਸਦ ਹਿਤ ਅਨਾਜ ਉਪਰ ਚੂੰਗੀ ਉਗਰਾਹੁਣੀ ਸ਼ੁਰੂ ਕਰ ਦਿੱਤੀ ਪਰ ਲੋਕਾਂ ਨੇ ਇਸ ਦਾ ਵਿਰੋਧ ਕਰ ਦਿਤਾ। ਇਸ ਕਰਕੇ ਇਸ ਵਿਚਾਰ ਨੂੰ ਸੰਸਥਾਈ ਰੂਪ ਦੇ ਕੇ ਅੰਜੁਮਨ-ਏ-ਇਸਲਾਮ ਨਾਂ ਹੇਠ ਕਾਰਜ ਆਰੰਭ ਕਰ ਦਿੱਤਾ ਜਿਸ ਨੇ ਅੱਗੇ ਜਾ ਕੇ ਮੁਸਲਮਾਨਾਂ ਵਿਚ ਵਿਦਿਅਕ, ਧਾਰਮਿਕ, ਸਮਾਜਿਕ ਅਤੇ ਹੋਰ ਪ੍ਰਮੁੱਖ ਲਹਿਰਾਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਆਰੰਭ ਵਿਚ ਤਾਂ ਇਸਦੇ ਮੈਂਬਰਾਂ ਦੀ ਗਿਣਤੀ ਥੋੜ੍ਹੀ ਹੀ ਸੀ ਪਰ ਇਸ ਨੇ ਮੁਸਲਮਾਨਾਂ ਦੇ ਹੱਕਾਂ ਦਾ ਜ਼ੋਰਦਾਰ ਤਰੀਕੇ ਨਾਲ ਪ੍ਰਚਾਰ ਕੀਤਾ। ਜਿਸ ਕਰਕੇ ਮੁਸਲਮਾਨਾਂ ਵਿਚ ਇਸ ਲਹਿਰ ਦਾ

[77] Ganda Singh (Ed.), *The Singh Sabha and other Socio-Religious Movement in the Punjab*, pp. 211-12.

ਪ੍ਰਭਾਵ ਬਹੁਤ ਵੱਧ ਗਿਆ। ਜਲਦੀ ਹੀ ਇਸ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਆਪਣੀਆਂ ਸੰਸਥਾਵਾਂ ਕਾਇਮ ਕਰ ਲਈਆਂ। ਸੰਨ 1873 ਵਿਚ ਅੰਮ੍ਰਿਤਸਰ ਵਿਚ ਇਸ ਦਾ ਕੇਂਦਰ ਖੋਲਿਆ ਗਿਆ। ਉਥੋਂ ਦੇ ਅਮੀਰ ਘਰਾਣਿਆਂ ਤੇ ਮੁਸਲਿਮ ਉਚ ਅਫਸਰਾਂ ਨੇ ਇਸ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਜਿਸ ਕਰਕੇ ਇਹ ਲਹਿਰ ਮੁਸਲਮਾਨਾਂ ਵਿਚ ਜਾਗ੍ਰਿਤੀ ਪੈਦਾ ਕਰਨ ਵਿਚ ਲਗਭਗ ਸਫਲ ਰਹੀ।

ਇਸ ਲਹਿਰ ਦੇ ਮੁੱਖ ਉਦੇਸ਼ ਸਨ:

1) ਮੁਸਲਮਾਨਾਂ ਲਈ ਸਕੂਲ ਖੋਲ੍ਹਣੇ ਤੇ ਉੱਚ ਵਿਦਿਆ ਦੇਣੀ।
2) ਅਨਪੜ੍ਹਤਾ ਕਾਰਨ ਆ ਚੁੱਕੀਆਂ ਮੁਸਲਿਮ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨਾ।
3) ਮੁਸਲਮਾਨਾਂ ਵਿਚ ਧਰਮ ਜਾਗ੍ਰਿਤੀ ਪੈਦਾ ਕਰਨਾ ਤੇ ਧਰਮ ਸਿੱਖਿਆ ਦਾ ਪ੍ਰਚਾਰ ਲੋਕਾਂ ਵਿਚ ਕਰਨਾ।
4) ਮੁਸਲਮਾਨਾਂ ਦੇ ਉੱਚ ਘਰਾਣਿਆਂ ਵਿਚ ਧਰਮ ਦਾ ਸਨੇਹ ਪੈਦਾ ਕਰਨਾ। [78]

## ਅਹਿਮਦੀਆ ਲਹਿਰ

ਮੁਸਲਿਮ ਸਮਾਜ ਦੁਆਰਾ ਕਈ ਪ੍ਰਕਾਰ ਦੇ ਯਤਨ ਕੀਤੇ ਜਾਂਦੇ। ਮੁਸਲਿਮ ਸਮਾਜ ਵਿਚ ਫੈਲੇ ਅਗਿਆਨ ਤੇ ਘਰੋਗੀ ਹਾਲਤ ਨੂੰ ਸੁਧਾਰਨ ਹਿਤ ਪੜੇ ਲਿਖੇ ਵਰਗ ਦੁਆਰਾ ਸਿਰਤੋੜ ਯਤਨ ਕੀਤੇ ਜਾਂਦੇ ਰਹੇ ਹਨ। ਇਨ੍ਹਾਂ ਯਤਨਾਂ ਵਿਚ ਅਹਿਮਦੀਆ ਲਹਿਰ ਵੀ ਮੁੱਖ ਸੀ, ਜਿਸ ਨੇ ਮੁਸਲਿਮ ਸਮਾਜ ਸਿਖਿਅਤ ਤੇ ਸਮਾਜਿਕ ਪੱਧਰ ’ਤੇ ਉੱਚਾ ਚੁੱਕਣ ਲਈ ਮੋਹਰੀ ਭੂਮਿਕਾ ਅਦਾ ਕੀਤੀ। ਅਹਿਮਦੀਆ ਲਹਿਰ ਦੇ ਬਾਨੀ ਮਿਰਜਾ ਗੁਲਾਮ ਅਹਿਮਦ ਪੂਰਾ ਨਾਂ ਹਜਰਤ ਮਿਰਜਾ ਗੁਲਾਮ ਅਹਿਮਦ ਮਸੀਹ ਮੌਉਦ- ਵ –ਮਹਦੀ –ਮੌਊਦ-ਅਲੈਹਿਸਲਾਮ ਸੀ। ਮਿਰਜਾ ਗੁਲਾਮ ਅਹਿਮਦ ਦਾ ਜਨਮ ਸੰਨ 1835 ਨੂੰ ਗੁਰਦਾਸਪੁਰ ਦੇ ਕਾਦੀਆਂ ਨਾਮੀ ਕਸਬੇ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਮਿਰਜਾ ਗੁਲਾਮ ਮੁਰਤਜਾ ਅਤੇ ਮਾਤਾ ਦਾ ਨਾਂ ਚਿਰਾਗ ਬੀਬੀ ਸੀ।[79] ਮਿਰਜਾ ਗੁਲਾਮ ਅਹਿਮਦ ਜੀ ਭਾਵੇਂ ਸਕੂਲੀ ਵਿੱਦਿਆ ਬਹੁਤੀ ਪ੍ਰਾਪਤ ਨਹੀ ਕੀਤੀ, ਪਰ ਫਾਰਸੀ, ਉਰਦੂ

[78] ਡਾ. ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਪੰ. 35.

[79] ਉਹੀ, ਪੰ. 36.

ਤੇ ਪੰਜਾਬੀ ਭਾਸ਼ਾ ਦਾ ਗਿਆਨ ਵਧੀਆ ਸੀ। ਮਿਰਜਾ ਜੀ ਨੇ 1864 ਈ. ਵਿਚ ਸਰਕਾਰੀ ਨੌਕਰੀ ਕਰ ਲਈ, ਪਰ ਮਾਤਾ ਪਿਤਾ ਦੀ ਮੌਤ ਤੋਂ ਬਾਅਦ ਇਹ ਛੱਡ ਦਿਤੀ ਤੇ ਅੱਲ੍ਹਾ ਦੀ ਇਬਾਦਤ ਵਿਚ ਲੱਗ ਗਏ।

ਮਿਰਜਾ ਗੁਲਾਮ ਅਹਿਮਦ ਜੀ ਨੇ ਸਮਾਜ ਵਿਚ ਵਿਚਰਦਿਆਂ ਮਹਿਸੂਸ ਕੀਤਾ ਕਿ ਮੁਸਲਮਾਨਾਂ ਵਿਚ ਕੁਰੀਤੀਆਂ ਬਹੁਤ ਵਧ ਰਹੀਆਂ ਹਨ ਤੇ ਉਹ ਆਪਣਾ ਧਰਮ ਤਿਆਗ ਕੇ ਦੂਸਰੇ ਧਰਮਾਂ ਨੂੰ ਗ੍ਰਹਿਣ ਕਰਨ ਲੱਗੇ ਹਨ। ਇਸ ਕਰਕੇ ਉਨ੍ਹਾਂ ਅਹਿਮਦੀਆ ਲਹਿਰ (ਕਾਦੀਆਂ ਲਹਿਰ) ਸ਼ੁਰੂ ਕੀਤੀ।

ਇਸ ਲਹਿਰ ਨੇ ਹੇਠ ਲਿਖੇ ਮੁੱਖ ਉਦੇਸ਼ ਮਿਥੇ:

1. ਮੁਸਲਮਾਨਾਂ ਵਿਚ ਫੈਲੇ ਅੰਧ ਵਿਸ਼ਵਾਸਾਂ ਨੂੰ ਦੂਰ ਕਰਨਾ ਤੇ ਉਨ੍ਹਾਂ ਦੀ ਭਲਾਈ ਲਈ ਕੰਮ ਕਰਨਾ।

2. ਮੁਸਲਮਾਨਾਂ ਨੂੰ ਈਸਾਈ ਪ੍ਰਚਾਰਕਾਂ ਤੋਂ ਪੈਦਾ ਹੋਣ ਵਾਲੇ ਖ਼ਤਰੇ ਤੋਂ ਦੂਰ ਰੱਖਣਾ ਅਤੇ ਪੱਛਮੀਕਰਨ ਦੀ ਅੰਧਾਧੁੰਦ ਨੀਤੀ ਨੂੰ ਨਾ ਅਪਣਾਉਣਾ।

3. ਇਸਲਾਮ ਧਰਮ ਨੂੰ ਸਰਵਉਚ ਬਣਾਉਣ ਤੇ ਬ੍ਰਿਟਿਸ਼ ਸਰਕਾਰ ਨਾਲ ਚੰਗੇ ਸੰਬੰਧ ਸਥਾਪਤ ਕਰਨੇ।

ਉਪਰੋਕਤ ਉਦੇਸ਼ਾਂ ਦੀ ਪੂਰਤੀ ਹਿਤ ਯਤਨ ਆਰੰਭੇ ਗਏ। ਜਿਸ ਦੇ ਸੰਬੰਧ ਵਿਚ ਮਿਰਜਾ ਗੁਲਾਮ ਅਹਿਮਦ ਜੀ ਨੇ 40 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ। ਲੋਕ ਪ੍ਰਭਾਵ ਨੂੰ ਦੇਖਦੇ ਹੋਏ 1890-91 ਵਿਚ ਆਪ ਦੇ ਨਾਂ ਨਾਲ ਨਬੀ ਲਗਾਉਣਾ ਸ਼ੁਰੂ ਕਰ ਦਿੱਤਾ । ਉਨ੍ਹਾਂ ਦੇ ਨਬੀ ਕਹਾਉਣ ਕਾਰਨ ਕੱਟੜ ਮੁਸਲਮਾਨ ਵਿਰੋਧ ਵਿਚ ਆ ਗਏ। ਇਸ ਤੋਂ ਇਲਾਵਾ ਦੂਸਰੇ ਧਰਮਾਂ ਦੇ ਬਾਨੀਆਂ ਵਿਰੁਧ ਅਨੈਤਿਕ ਟਿਪਣੀਆ ਕਾਰਨ ਬਾਕੀ ਧਰਮਾਂ ਦੇ ਲੋਕ ਵੀ ਉਨ੍ਹਾਂ ਦੇ ਖਿਲਾਫ ਖੜ੍ਹੇ ਹੋ ਗਏ।

ਜੇਕਰ ਅਹਿਮਦੀਆ ਲਹਿਰ ਦੇ ਕਾਰਜਾਂ ਵੱਲ ਧਿਆਨ ਮਾਰੀਏ ਤਾਂ ਕਾਫੀ ਮਹੱਤਵਪੂਰਨ ਕਾਰਜ ਕੀਤੇ। ਜਿਵੇਂ-

1) ਮੁਸਲਮਾਨਾਂ ਨੂੰ ਅੰਧ ਵਿਸ਼ਵਾਸ ਵਿਚੋਂ ਕੱਢਣ ਲਈ ਜਾਗ੍ਰਿਤ ਕੀਤਾ ਗਿਆ।

2) ਇਸਤਰੀਆਂ ਵਿਚ ਪਰਦਾ ਪ੍ਰਥਾ ਦੇ ਖਿਲਾਫ ਸਨ।

3) ਮੁਸਲਮਾਨਾਂ ਵਿਚ ਸਿੱਖਿਆ ਦੇ ਪਸਾਰ ਲਈ ਕਈ ਸਕੂਲ ਤੇ ਸੰਸਥਾਵਾਂ ਦਾ ਆਰੰਭ ਕੀਤਾ।

4) ਨਮਾਜ ਪੜ੍ਹਨ ਵਿਚ ਪਾਬੰਦ ਕੀਤਾ।

5) ਇਕ ਅੱਲ੍ਹਾ ਵਿਚ ਵਿਸ਼ਵਾਸ਼ ਰੱਖਣ ਦਾ ਪ੍ਰਚਾਰ ਕੀਤਾ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ। ਮਿਰਜਾ ਜੀ ਨੇ ਆਪਣੇ ਮਤ ਦਾ ਨਾਉ ਅਹਿਮਦੀ ਰੱਖਿਆ, ਜੋ ਦੋ ਅਰਥ ਪੱਧਰ ਹੈ ਅਹਿਮਦ ਨਾਉ ਮੁਹੰਮਦ ਸਾਹਿਬ ਦਾ ਅਤੇ ਮਿਰਜਾ ਜੀ ਦਾ ਆਪਣਾ ਨਾਉ ਭੀ ਹੈ। 8 ਮਈ 1908 ਵਿਚ ਇਸ ਆਗੂ ਦਾ ਦੇਹਾਂਤ ਹੋ ਗਿਆ।

## ਮੁਸਲਿਮ ਲੀਗ

ਇਹ ਇਕ ਮੁਸਲਮਾਂਨਾਂ ਦੀ ਸਿਆਸੀ ਪਾਰਟੀ ਸੀ। 30 ਦਸੰਬਰ 1906 ਈ. ਨੂੰ ਮੁਸਲਿਮ ਲੀਗ ਸਥਾਪਤ ਹੋਈ ਜਿਸ ਨੇ ਬੰਗਾਲ ਦੀ ਵੰਡ ਦੇ ਹੱਕ ਵਿਚ ਤੇ ਮੁਸਲਮਾਨਾਂ ਦੇ ਅੱਡਰੇ ਹੱਕਾਂ ਸੰਬੰਧੀ ਮਤੇ ਪਾਸ ਕੀਤੇ। ਪਹਿਲਾਂ ਇਸ ਦਾ ਦਫ਼ਤਰ ਅਲੀਗੜ੍ਹ ਸੀ ਫਿਰ ਲਖਨਊ ਆ ਗਿਆ।[80] ਇਸ ਦੇ ਬਾਨੀ ਸਈਅਦ ਅਹਿਮਦ ਖਾਨ ਸਨ ਅਤੇ ਪ੍ਰਧਾਨਗੀ ਕਰਨ ਵਾਲੇ ਆਗੂਆਂ ਵਿਚ ਮੁਹੰਮਦ ਅਲੀ ਜਿਨਾਹ, ਲਿਆਕਤ ਅਲੀ ਖਾਨ ਖਵਾਜਾ ਨਿਜਾਮੁਦੀਨ ਸਨ। ਇਨ੍ਹਾਂ ਨੇ ਅਖ਼ਬਾਰ ਵੀ ਚਲਾਇਆ ਜਿਸ ਦਾ ਨਾਂ 'ਡਾਨ' ਸੀ। ਅਲੀਗੜ੍ਹ ਵਿਖੇ ਹੀ ਇਨ੍ਹਾਂ ਨੇ ਵਿਦਿਆਰਥੀ ਵਿੰਗ ਕਾਇਮ ਕੀਤਾ ਹੋਇਆ ਸੀ।

1927 ਵਿਚ ਮੁਸਲਿਮ ਲੀਗ ਨੇ ਕਾਂਗਰਸ ਅੱਗੇ ਰੱਖੀਆਂ ਕਿ ਸਿੰਧ ਵੱਖਰਾ ਸੂਬਾ ਬਣੇ, ਸਰਹੱਦ ਤੇ ਬਲੋਚਿਸਤਾਨ ਨੂੰ ਦੂਜਿਆਂ ਸੂਬਿਆਂ ਦੀ ਬਰਾਬਰੀ ਦਿੱਤੀ ਜਾਏ, ਸੈਂਟਰ ਵਿਚ ਤੀਜਾ ਹਿੱਸਾ ਦਿੱਤਾ ਜਾਏ ਤੇ ਪੰਜਾਬ ਤੇ ਬੰਗਾਲ ਵਿਚ ਸੀਟਾਂ ਹੋਰ ਵਧਾਈਆਂ ਜਾਣ। ਪੰਜਾਬ ਵਿਚ ਮੁਸਲਮਾਨ 56 ਫ਼ੀਸਦੀ ਮੰਗਦੇ ਸਨ ਪਰ ਇਨ੍ਹਾਂ ਨੂੰ 50 ਫ਼ੀਸਦੀ ਹੱਕ ਮਿਲ ਗੇ ਸਨ। 1932 ਵਿਚ ਸੈਂਟਰ ਵਿਚ ਇਨ੍ਹਾਂ ਨੂੰ ਸੈਂਟਰ ਵਿਚ ਤੀਜਾ ਹਿੱਸਾ ਮਿਲ ਗਿਆ। [81] 14 ਅਗਸਤ 1947 ਈ. ਨੂੰ ਇਹ ਭੰਗ ਹੋ ਗਈ।

ਉਪਰੋਕਤ ਪ੍ਰਸਥਿਤੀਆਂ ਅਤੇ ਵਿਭਿੰਨ ਲਹਿਰਾਂ ਵਿਚੋਂ ਬਹੁਤ ਸਾਰੀਆਂ ਵਿਚ ਅਕਾਲੀ ਕੌਰ ਸਿੰਘ ਪ੍ਰਤੱਖ ਤੌਰ 'ਤੇ ਸ਼ਾਮਲ ਸਨ ਅਤੇ ਹੋਰਨਾਂ ਹਾਲਾਤਾਂ ਨੇ ਵੀ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ। ਇਨ੍ਹਾਂ ਹਾਲਾਤਾਂ ਦਾ ਜੋ ਵੀ ਪ੍ਰਭਾਵ ਅਕਾਲੀ ਜੀ ਦੇ ਜੀਵਨ ਅਤੇ ਕਾਰਜਾਂ ਉਪਰ ਪਿਆ ਅਗਲੇ ਅਧਿਆਇਆਂ ਵਿਚ ਸਪਸ਼ਟ ਰੂਪ ਵਿਚ ਦ੍ਰਿਸ਼ਟੀਗੋਚਰ ਹੋਵੇਗਾ।

[80] ਗਿਆਨੀ ਨਾਹਰ ਸਿੰਘ, *ਆਜ਼ਾਦੀ ਦੀਆਂ ਲਹਿਰਾਂ,* ਪੰ. 210.

[81] ਉਹੀ

# ਅਧਿਆਇ ਦੂਜਾ

# ਅਕਾਲੀ ਕੌਰ ਸਿੰਘ: ਜੀਵਨ ਤੇ ਸ਼ਖ਼ਸੀਅਤ

ਵੀਹਵੀਂ ਸਦੀ ਦੀਆਂ ਸਿੱਖ ਸਤਿਕਾਰਤ ਸ਼ਖ਼ਸੀਅਤਾਂ ਅਤੇ ਚਿੰਤਕਾਂ ਵਿਚ ਅਕਾਲੀ ਕੌਰ ਸਿੰਘ ਦਾ ਨਾਂ ਮੂਹਰਲੀ ਕਤਾਰ ਵਿਚ ਸ਼ੁਮਾਰ ਹੈ। ਵਿਸ਼ੇਸ਼ ਤੌਰ ’ਤੇ ਉਹ ਸਿੱਖ ਪੰਥ ਦੀ ਪ੍ਰਮੁੱਖ ਤੇ ਪ੍ਰਬੁੱਧ ਸ਼ਖ਼ਸੀਅਤ ਵਜੋਂ ਰੂਪਮਾਨ ਹਨ। ਉਨ੍ਹਾਂ ਨੇ ਜੀਵਨ ਭਰ ਸਿੱਖ ਧਰਮ ਦੇ ਪ੍ਰਚਾਰ-ਪਾਸਾਰ ਲਈ ਭਰਪੂਰ ਯਤਨ ਕੀਤੇ। ਇਸ ਤੋਂ ਇਲਾਵਾ ਅਨੇਕਾਂ ਹੀ ਸਮਾਜਿਕ, ਧਾਰਮਿਕ, ਰਾਜਨੀਤਿਕ ਤੇ ਖ਼ਾਸ ਤੌਰ 'ਤੇ ਸਾਹਿਤਕ ਖੇਤਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਜਿਸ ਕਾਰਨ ਉਹ ਤਵਾਰੀਖ਼ ਦੇ ਪੰਨਿਆਂ ’ਤੇ ਬਹੁਤ ਹੀ ਨਾਮਵਰ ਸ਼ਖ਼ਸੀਅਤ ਵਜੋਂ ਕਾਇਮ ਹੋਏ। ਘੱਟ ਸਾਧਨਾਂ ਦੇ ਬਾਵਜੂਦ ਵੀ ਸਿੱਖ ਧਰਮ ਲਈ ਉਹ ਕਾਰਜ ਕੀਤੇ ਜੋ ਮੀਲ ਪੱਥਰ ਸਾਬਤ ਹੋਏ। ਉਨ੍ਹਾਂ ਸਮਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਕ-ਤਤਕਰਾ ਤਿਆਰ ਕਰਨਾ ਸਖ਼ਤ ਮਿਹਨਤ ਤੇ ਸਿੱਖ ਧਰਮ ਲਈ ਅਸੀਮ ਪਿਆਰ ਦੀ ਨਿਸ਼ਾਨੀ ਹੈ। ਅਕਾਦਮਿਕ ਖੇਤਰ ਦੇ ਨਾਲ-ਨਾਲ ਮਾਨਵਤਾ ਦੇ ਕਲਿਆਣ ਲਈ ਅਜਿਹੇ ਕਾਰਜ ਕੀਤੇ ਜੋ ਮਨੁੱਖੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰਖਦੇ ਹਨ।

## ਪਰਿਵਾਰਕ ਪਿਛੋਕੜ ਅਤੇ ਵਿਰਸਾ

ਅਕਾਲੀ ਕੌਰ ਸਿੰਘ ਦਾ ਜੋ ਪਰਿਵਾਰਕ ਪਿਛੋਕੜ ਹੈ ਉਹ ਕਸ਼ਮੀਰੀ ਪੰਡਤਾਂ ਨਾਲ ਜਾ ਜੁੜਦਾ ਹੈ। ਆਪ ਦੇ ਇਹ ਬ੍ਰਾਹਮਣ ਪੂਰਵਜ ਗੁਰੂ ਨਾਨਕ ਸਾਹਿਬ ਜੀ ਦੀ ਕਸ਼ਮੀਰ ਫੇਰੀ ਦੇ ਸਮੇਂ ਤੋਂ ਹੀ ਗੁਰਮਤਿ ਵਲ ਪ੍ਰੇਰਿਤ ਹੋਏ ਸਨ। ਇਸ ਤੋਂ ਬਾਅਦ ਗੁਰੂ ਹਰਿਗੋਬਿੰਦ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਦੀ ਕਸ਼ਮੀਰ ਫੇਰੀ ਸਮੇਂ ਇਥੋਂ ਦੇ ਲੋਕਾਂ ਦੀ ਗੁਰੂ ਘਰ ਪ੍ਰਤਿ ਸ਼ਰਧਾ ਹੋਰ ਦ੍ਰਿੜ੍ਹ ਹੋਈ। ਇਨ੍ਹਾਂ ਬ੍ਰਾਹਮਣ ਗੁਰ-ਸਿੱਖਾਂ ਦੀ ਘਾਲਣਾ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਫਲ ਲੱਗਾ ਅਤੇ ਇਹ ਪੂਰਨ ਤੌਰ ਉਪਰ ਗੁਰਸਿੱਖ-ਵਾੜੀ ਅਤੇ ਗੁਰਖ਼ਾਲਸੇ ਦੇ ਕੁਟੰਬ ਵਿਚ ਸ਼ਾਮਲ ਹੋਏ।[1]

---

[1] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 1.

ਅਕਾਲੀ ਕੌਰ ਸਿੰਘ ਦੇ ਪਰਿਵਾਰ ਦਾ ਕਸ਼ਮੀਰ ਨਾਲ ਸੰਬੰਧ ਬਹੁਤ ਪੁਰਾਣਾ ਹੈ। ਇਸ ਦੀ ਪੁਰਾਤਨਤਾ ਦਾ ਇਤਿਹਾਸ ਮਹਿਮੂਦ ਗਜ਼ਨਵੀ ਦੇ ਕਾਲ ਨਾਲ ਜਾ ਜੁੜਦਾ ਹੈ। ਇਸ ਦੇ ਬਾਰੇ ਬੁਧ ਸਿੰਘ ਪੁਣਛ ਲਿਖਦੇ ਹਨ- ਆਪ ਦੇ ਬਜ਼ੁਰਗਾਂ ਦਾ ਇਹ ਪਤਾ ਮਿਲਦਾ ਹੈ ਕਿ ਯਾਰਵ੍ਹੀਂ ਸਦੀ ਵਿਚ ਮਹਿਮੂਦ ਗਜ਼ਨਵੀ ਦੇ ਉਜਾੜੇ ਹੋਏ ਮਥਰਾ ਤੋਂ ਗੜ੍ਹ ਮਖਿਆਲੇ ਆਏ। ਫਿਰ ਇਥੋਂ ਰੈਨਾ ਬਾੜੀ (ਕਸ਼ਮੀਰ) ਵਿਚ ਕੁਝ ਸਮਾਂ ਬਤੀਤ ਕਰ ਕੇ, ਮਗਰੋਂ ਪੱਧਰ (ਚਕਾਰ) ਵਿਚ ਆ ਵਸੇ।[2]

ਅਕਾਲੀ ਕੌਰ ਸਿੰਘ ਦੇ ਪੂਰਵਜਾਂ ਦਾ ਸਿੱਖ ਇਤਿਹਾਸ ਨਾਲ ਗੂੜ੍ਹਾ ਸੰਬੰਧ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਸਮੇਂ ਨਾਲ ਜੁੜਦਾ ਹੈ ਜਦੋਂ ਉਨ੍ਹਾਂ (ਅਕਾਲੀ ਜੀ) ਦੇ ਬਜ਼ੁਰਗ ਸੱਜਣ ਪੰਡਤ ਤ੍ਰਿਲੋਕੀ ਨਾਥ ਦੁਖੀ ਕਸ਼ਮੀਰੀ ਪੰਡਤਾਂ ਦੇ ਮੋਹਰੀਆਂ ਵਿਚ ਸ਼ਾਮਲ ਹੋ ਕੇ ਆਪਣੇ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਬਾਰ ਵਿਚ ਅਰਜ਼ੋਈ ਕਰਨ ਅਨੰਦਪੁਰ ਵਿਖੇ ਆਇਆ ਸੀ।[3]

ਗੁਰੂ ਤੇਗ਼ ਬਹਾਦਰ ਜੀ ਦੇ ਆਤਮ ਬਲੀਦਾਨ ਤੋਂ ਬਾਅਦ ਕਸ਼ਮੀਰ ਵਿਚ ਗੁਰੂ ਘਰ ਪ੍ਰਤੀ ਸ਼ਰਧਾ ਵਿਚ ਹੋਰ ਪ੍ਰਪੱਕਤਾ ਆਈ। ਜਿਸ ਕਰਕੇ ਬਹੁਤੇ ਬ੍ਰਾਹਮਣੀ ਸ਼ਰਧਾਲੂ ਸਿੱਖ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ। ਗੁਰੂ ਘਰ ਵਿਚ ਫਰਿਆਦੀ ਬਣ ਕੇ ਆਏ ਬਹੁਤੇ ਪੰਡਤ ਸਹਿਜਧਾਰੀ ਸਿੱਖ ਸਜ ਗਏ ਅਤੇ ਆਪਣੀ ਜੀਵਨ-ਸ਼ੈਲੀ ਸਿੱਖੀ ਸਾਂਚੇ ਵਿਚ ਢਾਲ ਲਈ। ਇਸੇ ਕਰਕੇ ਸ਼ਹੀਦੀ ਸਾਕੇ ਤੋਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਵ੍ਰਿਧੀ ਲਈ ਆਪਣੇ ਸੇਵਕ ਭਾਈ ਪੰਜਾਬ ਸਿੰਘ ਅਤੇ ਭਾਈ ਰੌਚਾ ਸਿੰਘ ਜੀ ਨੂੰ ਸਰਹੱਦ ਅਤੇ ਕਸ਼ਮੀਰ ਵੱਲ ਪ੍ਰਚਾਰ ਕਰਨ ਘੱਲਿਆ। ਇਸੇ ਹੀ ਪ੍ਰਚਾਰ ਦੌਰਾਨ ਭਾਈ ਤ੍ਰਿਲੋਕੀ ਨਾਥ ਦੇ ਸਪੁੱਤਰ ਭਾਈ ਅਮੋਲਕ ਨਾਥ ਨੇ ਸਣੇ ਪਰਿਵਾਰ ਅਤੇ ਹੋਰ ਸਹਿਜਧਾਰੀ ਸਹਿਯੋਗੀਆਂ ਦੇ, ਖ਼ਾਲਸਈ ਸਰੂਪ ਗ੍ਰਹਿਣ ਕੀਤਾ ਅਤੇ ਆਪਣੇ ਨਾਮ ਨਾਲ 'ਸਿੰਘ' ਪਦਵੀ ਸਜਾ ਲਈ। ਉਨ੍ਹਾਂ ਵਿਚੋਂ ਇਕ ਭਾਈ ਅਮੋਲਕ ਸਿੰਘ ਜੀ ਬੜਾ ਉਚ ਕਰਨੀ ਵਾਲਾ ਮਹਾਂ ਪੁਰਸ਼ ਹੋਇਆ। ਉਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ

---

[2] ਗਿਆਨੀ ਬੁਧ ਸਿੰਘ ਪੁਣਛ (ਕਸ਼ਮੀਰ), *ਚੋਣਵੇਂ ਰਤਨ ਅਰਥਾਤ ਪੁਣਛ ਤੇ ਕਸ਼ਮੀਰ ਦਾ ਸਿਖ ਇਤਿਹਾਸ*, ਪੰਨੇ 228-229.

[3] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 2.

ਪਾਸੋਂ ਅੰਮ੍ਰਿਤ ਪਾਣ ਕੀਤਾ ਸੀ। ਇਸੇ ਦੀ ਸਤਵੀਂ ਪੁਸਤੋਂ ਭਾਈ ਮਹਾਂ ਸਿੰਘ ਜੀ ਬੜੇ ਉਚ ਜੀਵਣ ਵਾਲੇ ਗੁਰ ਸਿਖ ਹੋਏ ਹਨ ਇਨ੍ਹਾਂ ਦਾ ਜਨਮ ਭਾਈ ਗੁਰਮੁਖ ਸਿੰਘ ਜੀ ਦੇ ਘਰ ੧੯੦੩ ਬਿ: ਨੂੰ ਹੋਇਆ ਅਤੇ ੧੯੬੮ ਬਿ: ਨੂੰ ਚੜ੍ਹਾਈ ਕਰ ਗਏ। ਹੁਣ ਉਹ ਅਮੋਲਕ ਨਾਥ 'ਰੈਨਾ' ਤੋਂ ਸਿਰਫ਼ ਅਮੋਲਕ ਸਿੰਘ ਬਣ ਗਏ। ਭਾਈ ਅਮੋਲਕ ਸਿੰਘ ਨੇ ਆਪਣੇ ਪਿਤਾ ਤੋਂ ਪ੍ਰਾਪਤ ਹੋਈ ਸਿੱਖੀ-ਪ੍ਰਚਾਰ ਦੀ ਸੇਵਾ ਨੂੰ ਅਗਾਂਹ ਤੋਰਿਆ। ਉਹ ਕਸ਼ਮੀਰ ਵਿਚ ਖਾਲਸਾ ਪੰਥ ਦੇ ਪ੍ਰਚਾਰ ਦੇ ਮੋਹਰੀ ਬਣੇ। ਪ੍ਰਚਾਰ ਦੌਰਾਨ ਗੁਰਬਾਣੀ ਦੀਆਂ ਸੈਂਚੀਆਂ, ਪੰਜ ਗ੍ਰੰਥੀ, ਦਸ-ਗ੍ਰੰਥੀ, ਨਿੱਤ-ਨੇਮ ਦੇ ਗੁਟਕੇ ਆਦਿ ਆਪਣੇ ਹੱਥੀਂ ਤਿਆਰ ਕਰ ਕੇ ਨਵੇਂ ਸਜੇ ਸਿੰਘ-ਪਰਿਵਾਰਾਂ ਵਿਚ ਵੰਡਣ ਦੀ ਸੇਵਾ ਸੰਭਾਲ ਲਈ। ਜਨਮ-ਸਾਖੀ, ਭਾਈ ਬਾਲੇ ਵਾਲੀ, ਦੀਆਂ ਨਕਲਾਂ ਕਰ ਕੇ ਹਰ ਨਗਰ ਅਤੇ ਵਸੋਂ ਵਿਚ ਪ੍ਰਚਾਰ ਹਿਤ ਵੰਡੀਆਂ।[**] ਇਹ ਸਾਰੀ ਸੇਵਾ ਬਿਨਾਂ ਕਿਸੇ ਉਜਰਤ ਦੇ ਕੀਤੀ ਜਾਂਦੀ ਸੀ ਅਤੇ ਭਾਵਨਾ ਇਹੋ ਸੀ ਕਿ ਸਿੰਘ ਨੂੰ ਸਿੰਘ ਮਿਲ ਕੇ ਅੱਗੋਂ ਹੋਰ ਬੇਅੰਤ ਸਿੰਘਾਂ ਨੂੰ ਤਿਆਰ-ਬਰ-ਤਿਆਰ ਕਰੇ।[4]

ਇਹੋ ਅਮੋਲਕ ਸਿੰਘ ਜੀ ਪਿੱਛੋਂ ਰੈਨਾਵਾੜੀ[#] ਸ੍ਰੀਨਗਰ ਤੋਂ ਉਠ ਕੇ ਕਸ਼ਮੀਰ ਦੇ ਇਲਾਕਾ ਪਹਾੜ ਵਿਚ ਪਿੰਡ ਭਲਿਆਸਾਂ (ਕਠਾਈ) ਵਿਖੇ ਆ ਵਸੇ। ਉਨ੍ਹਾਂ ਦੇ ਘਰ ਚਾਰ ਸਪੁੱਤਰ ਪੈਦਾ ਹੋਏ। ਇਹ ਚਾਰੇ ਭਰਾ ਗੁਰਮਤਿ ਵਿਦਿਆ ਵਿਚ ਪ੍ਰਬੀਨ ਸਨ ਅਤੇ ਕਸ਼ਮੀਰ ਦੇ ਚੌਹਾਂ ਇਲਾਕਿਆਂ ਵਿਚ ਪ੍ਰਚਾਰ ਹਿਤ ਜੁਟ

---

**ਇਹ ਹੱਥ-ਲਿਖਤਾਂ 'ਗੁਰੂ ਨਾਨਕ ਆਸ਼੍ਰਮ ਚਕਾਰ' ਵਿਖੇ ਮੌਜੂਦ ਸਨ ਪਰ 1947 ਦੇ ਘੱਲੂਘਾਰੇ ਸਮੇਂ ਹਮਲਾਵਰਾਂ ਵਲੋਂ ਸਭ ਕੁਝ ਅਗਨ ਭੇਟ ਕਰ ਦਿੱਤਾ ਗਿਆ।

4 ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 2.

# ਇਸ ਨਗਰ ਵਿਚ ਕਿਸੇ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਰਨ ਪਾਏ ਸਨ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਅਨਿਨ ਭਗਤ-ਪਰਿਵਾਰ ਮਾਈ ਭਾਗ ਭਰੀ ਅਤੇ ਉਨ੍ਹਾਂ ਦੇ ਪੁੱਤਰ ਭਾਈ ਸੇਵਾਦਾਸ ਜੀ ਨੂੰ ਨਿਵਾਜਿਆ ਸੀ। 'ਰੈਨਾਵਾੜੀ' ਨਾਮ ਦੀ ਇਹ ਬਸਤੀ ਸ੍ਰੀ ਨਗਰ ਸ਼ਹਿਰ ਦੇ ਉੱਤਰ-ਪੱਛਮ ਵਾਲੀ ਬਾਹੀ ਵੱਲ ਝੀਲ-ਡੱਲ ਦੇ ਇਕ ਕਿਨਾਰੇ ਉੱਪਰ ਅਤੇ ਕਿਲ੍ਹਾ ਹਰਿ-ਪਰਬਤ ਦੇ ਪੂਰਬੀ ਸਿਰੇ ਤੋਂ ਕੁਝ ਵਿਥ ਉੱਪਰ ਆਬਾਦ ਹੈ। ਅਕਾਲੀ ਕੌਰ ਸਿੰਘ ਦੇ ਬਜ਼ੁਰਗ ਪੰਡਤ ਤ੍ਰਿਲੋਕੀ ਨਾਥ ਉਸ ਥਾਂ ਦਾ ਰਹਿਣ ਵਾਲਾ ਸੀ ਜਿਸ ਥਾਂ ਦਾ ਨਾਮ ਅਜੇ ਤੀਕ 'ਰੈਨਾਵਾੜੀ' ਪ੍ਰਸਿਧ ਹੈ।

ਗਏ। ਅੰਤ ਇਨ੍ਹਾਂ ਚੌਹਾਂ ਭਰਾਵਾਂ ਨੇ ਇਲਾਕਾ ਕਠਾਈ, ਟੀਠਵਾਲ (ਕਰਨਾਹ), ਬਾਰਾਮੂਲਾ, ਅਤੇ ਚਕਾਰ* ਨੂੰ ਆਪੋ-ਆਪਣਾ ਟਿਕਾਣਾ ਬਣਾ ਕੇ ਗੁਰਸਿੱਖੀ ਦਾ ਪ੍ਰਚਾਰ ਜਾਰੀ ਰੱਖਿਆ। ਇਨ੍ਹਾਂ ਚੌਹਾਂ ਵਿਚੋਂ ਸਭ ਤੋਂ ਵੱਡੇ ਭਰਾ ਗੁਰਮੁਖ ਸਿੰਘ ਨੂੰ ਚਕਾਰ ਦੇ ਇਲਾਕੇ ਵਲ ਭੇਜਿਆ ਗਿਆ ਸੀ ਜਿਥੇ ਉਨ੍ਹਾਂ ਨੂੰ ਪਿੰਡ 'ਪੱਧਰ' ਵਿਖੇ ਦੋ ਸੌ ਵਿੱਘੇ ਜ਼ਮੀਨ ਸੰਗਤਾਂ ਵਲੋਂ ਭੇਂਟ ਕੀਤੀ ਗਈ ਸੀ।

ਭਾਈ ਗੁਰਮੁਖ ਸਿੰਘ ਦੇ ਘਰ ਪੰਜ ਧੀਆਂ ਅਤੇ ਇਕ ਪੁੱਤਰ, ਮਹਾਂ ਸਿੰਘ ਨਾਮਕ (ਅਕਾਲੀ ਕੌਰ ਸਿੰਘ ਦੇ ਪਿਤਾ) ਪੈਦਾ ਹੋਏ। ਭਾਈ ਮਹਾਂ ਸਿੰਘ ਗੁਰਸਿੱਖੀ ਗੁਣਾਂ ਦੇ ਧਾਰਨੀ ਸਨ। ਸਿੱਖੀ ਪਿਆਰ ਦੀ ਉਮੰਗ ਨੇ ਹੀ ਉਨ੍ਹਾਂ ਨੂੰ ਆਰਾਮ ਨਾਲ ਟਿਕਣ ਨਾ ਦਿੱਤਾ ਜਿਸ ਕਾਰਨ ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਪ੍ਰਚਾਰ ਵਿਚ ਲਗਾ ਕੇ ਰੱਖਿਆ। ਉਨ੍ਹਾਂ ਨੇ ਥਾਂ-ਥਾਂ ਅਤੇ ਪਿੰਡ-ਪਿੰਡ ਗੁਰਦੁਆਰੇ ਕਾਇਮ ਕਰਵਾਏ। ਗੁਰਦੁਆਰਿਆਂ ਦੀ ਸੇਵਾ ਤੋਂ ਇਲਾਵਾ ਗੁਰਮੁਖੀ ਅਤੇ ਦੂਜੀ ਵਿਦਿਆ ਲਈ ਯੋਗ ਅਧਿਆਪਕਾਂ ਨੂੰ ਮੁਕੱਰਰ ਕਰਨ ਦੀ ਲੋੜ ਨੂੰ ਵੀ ਅੱਖੋਂ ਪ੍ਰੋਖੇ ਨਾ ਹੋਣ ਦਿੱਤਾ। ਉਨ੍ਹਾਂ ਦਿਨਾਂ ਵਿਚ ਜਨ-ਸਾਧਾਰਨ ਨੂੰ ਵਿਦਿਆ ਦੇਣ ਲਈ ਸਰਕਾਰ ਇਤਨੀ ਤਰਜੀਹ ਨਹੀਂ ਦਿੰਦੀ ਸੀ। ਮਸਜਿਦਾਂ ਵਿਚ ਮੌਲਵੀ, ਮੰਦਰਾਂ ਵਿਚ ਪੰਡਤ ਅਤੇ ਗੁਰਦੁਆਰਿਆਂ ਵਿਚ ਭਾਈ ਹੀ ਵਿਦਿਆ ਪੜ੍ਹਾਉਂਦੇ ਸਨ। ਭਾਈ ਮਹਾਂ ਸਿੰਘ ਨੇ ਬੱਚਿਆਂ ਦੀ ਪੜ੍ਹਾਈ ਲਈ ਪਹਿਲਾਂ ਇਕ ਸਾਧੂ ਹਰਦਾਸ ਨੂੰ ਨੀਯਤ ਕੀਤਾ ਇਨ੍ਹਾਂ ਦੇ ਜਾਣ ਪਿਛੋਂ ਪੰਡਤ ਛਹਿਬਰ ਲਾਲ ਹੱਟੀਆਂ (ਚਕਾਰ) ਵਾਲਿਆਂ ਤੋਂ ਵਿਦਿਆ ਪੜ੍ਹਾਉਣ ਦੀ ਸੇਵਾ ਲਈ ਜਿਥੋਂ ਇਲਾਕੇ ਦੇ ਪਿੰਡਾਂ ਦੇ ਬੱਚੇ ਵਿਦਿਆ ਲੈਂਦੇ ਰਹੇ। ਇਸ ਸਾਰੀ ਸੇਵਾ ਦਾ ਖਰਚਾ ਭਾਈ ਮਹਾਂ ਸਿੰਘ ਜੀ ਕਰਦੇ ਸਨ।

---

* ਅਕਾਲੀ ਕੌਰ ਸਿੰਘ ਦਾ ਜਨਮ ਸਥਾਨ ਪਿੰਡ ਚਕਾਰ ਗੜ੍ਹੀ ਹੱਟੀਆਂ ਤੋਂ ਅੱਗੇ ਉੜੀ ਵੱਲ ਮੁੱਖ ਸੜਕ 'ਤੇ ਸੱਰਿਆਂ ਚੱਠਿਆਂ ਦੇ ਮੋੜ ਤੋਂ ਤਿੰਨ ਮੀਲ ਉਪਰ ਦੱਖਣ-ਪੱਛਮ ਦਿਸ਼ਾ ਵਲ ਆਬਾਦ ਸੀ। ਇਸ ਪਿੰਡ ਦੀ ਉਚਾਈ ਸਮੁੰਦਰ ਤਲ ਤੋਂ ਲਗਭਗ 4000 ਫੁੱਟ ਸੀ। ਇਹ ਪਿੰਡ ਸ. ਕਜਲੀ ਸਿੰਘ ਅਤੇ ਬਟਲੀ ਸਿੰਘ ਨੇ ਵਸਾਇਆ ਸੀ। 1947 ਦੀ ਵੰਡ ਤਕ ਇਸ ਪਿੰਡ ਵਿਚ ਡੇਢ ਸੌ ਦੇ ਕਰੀਬ ਘਰ ਸਿੱਖਾਂ ਦੇ ਸਨ ਤੇ 20-25 ਘਰ ਖੱਖੇ ਮੁਸਲਮਾਨਾਂ ਦੇ ਵੀ ਸਨ। ਇਸ ਪਿੰਡ ਵਿਚ ਦੋ ਗੁਰਦੁਆਰੇ, ਇਕ ਬੋਰਡਿੰਗ ਹਾਊਸ, ਇਕ ਡਾਕਖਾਨਾ ਅਤੇ ਇਕ ਹਾਈ ਸਕੂਲ ਵੀ ਸੀ। (ਸਰਵਨ ਸਿੰਘ ਸ਼ਕਤੀਮਾਨ, *ਕਸ਼ਮੀਰ ਤੇ ਸਿੱਖ*, ਪੰ. 136.)

ਭਾਈ ਮਹਾਂ ਸਿੰਘ ਦੇ ਘਰ ਚਾਰ ਧੀਆਂ ਅਤੇ ਪੰਜ ਪੁੱਤਰਾਂ ਦਾ ਜਨਮ ਹੋਇਆ। ਪੁੱਤਰਾਂ ਵਿਚੋਂ ਸਭ ਤੋਂ ਵੱਡੇ ਦਾ ਨਾਂ ਪੂਰਨ ਸਿੰਘ ਸੀ ਜੋ ਬਾਅਦ ਵਿਚ ਅਕਾਲੀ ਕੌਰ ਸਿੰਘ 'ਨਿਹੰਗ' ਦੇ ਨਾਂ ਨਾਲ ਜਾਣੇ ਗਏ।

## ਜਨਮ ਅਤੇ ਬਚਪਨ

ਅਕਾਲੀ ਕੌਰ ਸਿੰਘ ਦਾ ਜਨਮ 16 ਹਾੜ੍ਹ 1943 ਬਿ. (1886 ਈ.) ਨੂੰ ਪਿੰਡ ਚਕਾਰ (ਮੁਜਫਰਾਬਾਦ, ਕਸ਼ਮੀਰ) ਵਿਚ ਹੋਇਆ। ਪ੍ਰੰਤੂ ਆਪ ਦੀ ਜਨਮ ਤਰੀਕ ਬਾਰੇ ਹੋਰ ਵਿਚਾਰ ਵੀ ਮਿਲਦੇ ਹਨ। ਸ. ਅਤਰ ਸਿੰਘ ਨੇ ਜਨਮ ਮਿਤੀ ਫੱਗਣ ਦੀ ਦੱਸੀ ਹੈ ਕਿ ਉਨ੍ਹਾਂ ਦਾ ਜਨਮ 11 ਫੱਗਣ ਨੂੰ ਹੋਇਆ। ਇਹ ਜਨਮ-ਮਿਤੀ ਸਭ ਤੋਂ ਪਹਿਲਾਂ ਗਿਆਨੀ ਬੁਧ ਸਿੰਘ ਪੁਣਛ ਨੇ 'ਚੋਣਵੇਂ ਰਤਨ' ਵਿਚ 1937 ਈ. ਵਿਚ ਦਿੱਤੀ ਜੋ ਅੱਗੇ ਪ੍ਰਚਲਤ ਹੋਈ।

ਦੂਜੀ ਜਨਮ-ਮਿਤੀ 16 ਹਾੜ੍ਹ (28 ਜੂਨ)[5] ਦੀ ਮੰਨੀ ਜਾਂਦੀ ਹੈ। ਇਸ ਮਿਤੀ ਦੇ ਹਾਮੀ ਅਕਾਲੀ ਕੌਰ ਸਿੰਘ ਦੇ ਕਰੀਬੀ ਅਤੇ ਸਾਕ-ਸੰਬੰਧੀ[6] ਹਨ ਜਿਨ੍ਹਾਂ ਦਾ ਅਕਾਲੀ ਜੀ ਨਾਲ ਨਜ਼ਦੀਕੀ ਅਤੇ ਪਰਿਵਾਰਕ ਸੰਬੰਧ ਸੀ। ਇਸ ਕਰਕੇ ਅਸੀਂ ਇਸ ਮਿਤੀ ਨੂੰ ਵਧੇਰੇ ਭਰੋਸੇਯੋਗ ਮੰਨਦੇ ਹਾਂ। ਪ੍ਰੋ. ਪਿਆਰਾ ਸਿੰਘ ਪਦਮ ਵੀ ਜਨਮ ਮਿਤੀ ਹਾੜ੍ਹ ਦੀ ਹੀ ਲਿਖਦੇ ਹਨ ਅਤੇ ਇਹ ਭਰੋਸੇਯੋਗ ਵੀ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਇਕ ਲੇਖ ਵਿਚ ਦਰਜ ਕੀਤੀ ਹੈ ਅਤੇ ਉਸੇ ਵਿਚ ਇਸ ਤਰ੍ਹਾਂ ਲਿਖ ਰਹੇ ਹਨ- ਮੈਂ ਜਦੋਂ ਉਨ੍ਹਾਂ ਦੇ ਜੀਵਨ ਸਮਾਚਾਰ ਦੀ ਸੰਖੇਪ ਵਿਥਿਆ ਪੁਛੀ ਤਾਂ ਉਨ੍ਹਾਂ ਪਹਿਲੇ ਤਾਂ ਕਈ ਵਾਰ ਟਾਲ ਹੀ ਦਿਤਾ ਫਿਰ ਕੇਵਲ ਜਨਮ ਸਾਲ ਤੇ ਪਿਤਾ ਆਦਿ ਦਾ ਨਾਂ ਦਸ ਕੇ ਬਸ ਕਰ ਦਿਤੀ।[7] ਪਿਆਰਾ ਸਿੰਘ ਪਦਮ ਦੀ ਅਕਾਲੀ ਜੀ ਨਾਲ ਏਨੀ ਨੇੜਤਾ ਹੋਣ ਕਾਰਨ ਉਨ੍ਹਾਂ ਦੀ ਗਵਾਹੀ ਕਾਫ਼ੀ ਭਰੋਸੇਯੋਗ ਸਮਝੀ ਜਾ ਸਕਦੀ ਹੈ।

ਇਨ੍ਹਾਂ ਦੇ ਪਿਤਾ ਭਾਈ ਮਹਾਂ ਸਿੰਘ ਅਤੇ ਮਾਤਾ ਕਰਮ ਕੌਰ ਜੀ ਸਨ। ਅਕਾਲੀ ਜੀ ਚੌਹਾਂ ਧੀਆਂ ਅਤੇ ਪੰਜ ਪੁੱਤਰਾਂ ਵਿੱਚੋਂ ਸਭ ਤੋਂ ਵੱਡੇ ਸਨ। ਇਨ੍ਹਾਂ ਦਾ ਬਚਪਨ ਦਾ ਨਾਂ ਪੂਰਨ ਸਿੰਘ ਰੱਖਿਆ ਗਿਆ। ਪੂਰਨ

---

[5] ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਗੁਰ੍ਸ਼ੀਅਸ ਬੁਕਸ ਪਟਿਆਲਾ, ਪਟਿਆਲਾ, ਪੰ. 604.

[6] ਨਿਜੀ ਮੁਲਾਕਾਤ, ਗਿ. ਸੁਰਜੀਤ ਸਿੰਘ (ਅਕਾਲੀ ਕੌਰ ਸਿੰਘ ਦੇ ਭਤੀਜੇ), ਤ੍ਰਿਪੜੀ, 27 ਅਕਤੂਬਰ 2017.

[7] *ਰੋਜ਼ਾਨਾ ਅਕਾਲੀ* (ਜਲੰਧਰ), 9 ਫਰਵਰੀ 1953, ਪੰ. 6.

ਸਿੰਘ ਦੇ ਜੀਵਨ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਹੜੀਆਂ ਕਿ ਉਨ੍ਹਾਂ ਦੇ ਮਹਾਨ ਅਤੇ ਹੋਣਹਾਰ ਹੋਣ ਦਾ ਪ੍ਰਤੀਕ ਸਨ। ਬਾਲਾਂ ਨਾਲ ਖੇਡਦੇ ਸਮੇਂ ਉਨ੍ਹਾਂ ਨੇ ਕਦੇ ਕਿਸੇ ਦਾ ਦਿਲ ਨਾ ਦੁਖਾਉਣਾ ਤੇ ਬੱਚਿਆਂ ਨਾਲ ਸਿਆਣਿਆਂ ਵਾਂਗ ਵਰਤਾਉ ਕਰਨਾ ਆਦਿ। ਉਨ੍ਹਾਂ ਦੇ ਜੀਵਨ ਦੀਆਂ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਸਨ ਜਿਹੜੀਆਂ ਕਿ ਉਨ੍ਹਾਂ ਦੇ ਅੰਦਰਲੇ ਅਧਿਆਤਮਕ ਗੁਣਾਂ ਦੀਆਂ ਹੀ ਸੂਚਕ ਸਨ।

ਜਿਵੇਂ ਕਿ ਅਸੀਂ ਪਿੱਛੇ ਦੱਸ ਹੀ ਚੁੱਕੇ ਹਾਂ ਕਿ 'ਇਸ ਘਰਾਣੇ ਦੇ ਬਜ਼ੁਰਗਾਂ ਨੇ ਦਸਮ ਪਿਤਾ ਤੋਂ ਅੰਮ੍ਰਿਤ ਛਕ ਕੇ 'ਸਿੰਘ' ਪਦਵੀਆਂ ਪਾਈਆਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜਨਮੇ ਭਾਈ ਮਹਾਂ ਸਿੰਘ ਦੇ ਘਰ ਉਪਰੋਕਤ ਮਿਤੀ ਨੂੰ ਪਹਿਲਾ ਬੱਚਾ ਅਕਾਲੀ ਕੌਰ ਸਿੰਘ (ਬਚਪਨਾ ਦਾ ਨਾਂ ਪੂਰਨ ਸਿੰਘ) ਜਨਮਿਆ। ਇਨ੍ਹਾਂ ਦੇ ਪਿਤਾ ਇਲਾਕੇ ਦੇ ਉਚ ਕੋਟੀ ਦੇ ਪਰਉਪਕਾਰੀ ਤੇ ਨਾਮ-ਬਾਣੀ ਦੇ ਰਸੀਏ ਦੇ ਰੂਪ ਵਿਚ ਜਾਣੇ ਜਾਂਦੇ ਸਨ।[8] ਇਸ ਦਾ ਪ੍ਰਭਾਵ ਵੀ ਅਕਾਲੀ ਜੀ ਦੇ ਜੀਵਨ ਉਪਰ ਦੇਖਣ ਨੂੰ ਮਿਲਦਾ ਹੈ।

## ਵਿਦਿਆ

ਅਕਾਲੀ ਕੌਰ ਸਿੰਘ ਨੇ ਮੁਢਲੀ ਅੱਖਰ ਵਿਦਿਆ ਪਿੰਡ ਦੇ ਅਧਿਆਪਕ ਪੰਡਿਤ ਛਹਿਬਰ ਜੀ ਪਾਸੋਂ ਪ੍ਰਾਪਤ ਕੀਤੀ। ਹੋਣਹਾਰ ਅਤੇ ਤੀਖਣ ਬੁੱਧੀ ਵਾਲੇ ਬਾਲਕ ਨੂੰ ਬਾਅਦ ਵਿਚ ਸਮੇਂ ਦੇ ਇੱਕ ਪ੍ਰਸਿੱਧ ਵਿਦਵਾਨ ਬਜ਼ੁਰਗ ਬਾਵਾ ਮਹਾਂ ਸਿੰਘ ਬੇਦੀ, ਦੁਪੱਟਾ ਕਸ਼ਮੀਰ ਨਿਵਾਸੀ ਪਾਸ ਵਿੱਦਿਆ ਪ੍ਰਾਪਤੀ ਲਈ ਭੇਜ ਦਿੱਤਾ ਗਿਆ। ਇਥੋਂ ਹੀ ਅਕਾਲੀ ਜੀ ਨੂੰ ਗੁਰਮਤਿ ਅਤੇ ਗੁਰਬਾਣੀ ਦੀ ਚੇਟਕ ਲੱਗੀ ਜਿਹੜੀ ਕਿ ਗਿਆਨੀ ਬਾਘ ਸਿੰਘ ਦੀ ਸੰਗਤ ਵਿਚ ਹੋਰ ਵੀ ਪ੍ਰਫੁੱਲਤ ਹੋਈ। 'ਬਾਵਾ ਜੀ ਨੇ ਜਿਥੇ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਪੜ੍ਹਾਈ, ਉਥੇ ਨਾਲ ਹੀ ਚਕਿਤਸਾ ਦਾ ਗਿਆਨ ਵੀ ਪੂਰਨ ਸਿੰਘ ਨੂੰ ਦਿੱਤਾ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦਾ ਪਾਠ ਸਿਖਾਇਆ। ਗੱਲ ਕੀ ਪੂਰਨ ਸਿੰਘ ਆਪਣੇ ਸਹਿਪਾਠੀਆਂ ਨਾਲੋਂ ਅੱਗੇ ਨਿਕਲ ਗਿਆ ਅਤੇ ਆਪਣੀ ਲਗਨ ਨਾਲ ਬਾਵਾ ਜੀ ਦਾ ਹਰਮਨ ਪਿਆਰਾ ਵਿਦਿਆਰਥੀ ਬਣ ਨਿਕਲਿਆ।[9] ਉਨ੍ਹਾਂ (ਅਕਾਲੀ ਜੀ) ਨੇ ਆਪਣੇ ਜੀਵਨ ਵਿਚ ਪਸ਼ਤੋ, ਪੰਜਾਬੀ, ਪੋਠੋਹਾਰੀ, ਅੰਗਰੇਜ਼ੀ, ਫ਼ਾਰਸੀ, ਅਰਬੀ ਆਦਿ ਭਾਸ਼ਾਵਾਂ ਵੀ

---

[8] ਰੂਪ ਸਿੰਘ (ਸੰਪਾ.), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਪੰ. 228.

[9] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 5.

ਸਿੱਖੀਆਂ ਸਨ।[10] ਪੂਰਨ ਸਿੰਘ ਨੇ ਬਾਵਾ ਜੀ ਤੋਂ ਗੁਰਬਾਣੀ ਅਰਥ ਅਤੇ ਗੁਰਮਤਿ ਗਿਆਨ ਸਮਝਣ ਦੀ ਇੱਛਾ ਪ੍ਰਗਟ ਕੀਤੀ ਪਰ ਬਾਵਾ ਜੀ ਕਤਰਾਂਦੇ ਸਨ ਕਿ ਬਾਲਕ ਦੀ ਉਮਰ ਅਜੇ ਥੋੜ੍ਹੀ ਹੈ ਸ਼ਾਇਦ ਗੁਰਬਾਣੀ ਦੇ ਗੁਹਜ ਭੇਦਾਂ ਨੂੰ ਹਾਲੇ ਨਾ ਸਮਝ ਸਕੇ। ਅਖੀਰ ਪੂਰਨ ਸਿੰਘ ਦੇ ਜ਼ਿਆਦਾ ਜ਼ੋਰ ਦੇਣ 'ਤੇ ਬਾਵਾ ਜੀ ਨੇ ਸ਼ਬਦ ਵਿਚਾਰ ਕਰਨੀ ਸ਼ੁਰੂ ਕਰ ਦਿੱਤੀ। ਪੂਰਨ ਸਿੰਘ ਉਪਰ ਇਸ ਦਾ ਅਸਰ ਹੋਇਆ ਅਤੇ ਉਹ ਬਚਪਨ ਵਿਚ ਹੀ ਇਕ ਅਜੀਬ ਉਪਰਾਮਤਾ ਵਿਚ ਚਲੇ ਗਏ। ਉਨ੍ਹਾਂ ਨੇ ਗੁਰਮਤਿ ਅਤੇ ਗੁਰੂ-ਮਿਸ਼ਨ ਧਾਰਨ ਕਰਨ-ਕਰਵਾਉਣ ਦਾ ਪ੍ਰਣ ਲੈ ਲਿਆ। ਜੋ ਪੂਰਨ ਸਿੰਘ ਵਿਚ ਤਿਆਗ ਦੀ ਰੁਚੀ ਬਲਵਾਨ ਹੁੰਦੀ ਜਾ ਰਹੀ ਸੀ ਉਸ ਨੂੰ ਬਾਵਾ ਜੀ ਪਛਾਣਦੇ ਸਨ। ਪੂਰਨ ਸਿੰਘ ਬਹੁਤ ਹੀ ਤੇਜ਼ੀ ਨਾਲ ਤਿਆਗ ਵਲ ਵਧਦਾ ਜਾ ਰਿਹਾ ਸੀ ਵਿਦਵਾਨ ਪਿਤਾ ਤੋਂ ਪੂਰਨ ਸਿੰਘ ਦੀ ਅਵਸਥਾ ਲੁਕੀ ਨਾ ਰਹਿ ਸਕੀ ਜਿਸ ਕਰਕੇ ਪਿਤਾ ਨੇ ਪੂਰਨ ਸਿੰਘ ਦੀ ਸ਼ਾਦੀ ਕਰਨ ਦੀ ਵਿਉਂਤ ਬਣਾਈ। ਬਾਵਾ ਜੀ ਨੂੰ ਅਹਿਸਾਸ ਸੀ ਕਿ ਇਹ ਬਾਲਕ ਕਿਸੇ ਵੱਡੇ ਕਾਰਜ ਲਈ ਤਿਆਰ ਹੋ ਰਿਹਾ ਹੈ। ਪੂਰਨ ਸਿੰਘ ਦੇ ਵਿਸ਼ੇਸ਼ ਸਾਧੂਆਂ ਵਾਲੇ ਗੁਣਾਂ ਕਰਕੇ ਉਹ ਉਨ੍ਹਾਂ ਨੂੰ ਗੱਦੀ ਦੇਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਮਹਾਂ ਸਿੰਘ ਤੋਂ ਪੂਰਨ ਸਿੰਘ ਨੂੰ ਮੰਗ ਲਿਆ। ਭਾਈ ਮਹਾਂ ਸਿੰਘ ਅੰਦਰ ਟਿਕੇ ਹੋਏ ਪਿਤਾ-ਪੁਣੇ ਨੇ ਇਸ ਮੰਗ ਨੂੰ ਨਾਂਹ ਕਰ ਦਿੱਤਾ। ਬਾਵਾ ਜੀ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ।

## ਵਿਆਹ

ਜਵਾਨੀ ਦੀ ਅਵਸਥਾ ਵਿਚ ਅਤੇ ਔਲਾਦ ਵਿਚੋਂ ਸਭ ਤੋਂ ਵੱਡੇ ਹੋਣ ਕਰਕੇ ਆਪ ਦੇ ਵਿਆਹ ਦੀਆਂ ਤਿਆਰੀਆਂ ਅਰੰਭੀਆਂ ਜਾ ਰਹੀਆਂ ਸਨ, ਪ੍ਰੰਤੂ ਅਕਾਲੀ ਜੀ ਨੇ ਸਦਾ ਲਈ ਗੁਰਮਤਿ ਅਤੇ ਗੁਰੂ ਮਿਸ਼ਨ ਧਾਰਨ ਕਰਨ ਕਰਵਾਉਣ ਦਾ ਪ੍ਰਣ ਲੈ ਲਿਆ ਸੀ। ਉਨ੍ਹਾਂ ਦੇ ਮਨ ਅੰਦਰ ਅਜੀਬ ਕਿਸਮ ਦੀ ਉਪਰਾਮਤਾ ਵਸਦੀ ਜਾ ਰਹੀ ਸੀ। ਮਾਤਾ- ਪਿਤਾ ਨੇ ਪੂਰਨ ਸਿੰਘ ਦੀ ਉਪਰਾਮਤਾ ਦਾ ਕਾਰਨ ਦੁਨਿਆਵੀ ਜਾਣ ਕੇ ਨੌਜਵਾਨ ਪੁੱਤਰ ਦਾ ਵਿਆਹ ਕਰਨ ਦਾ ਇਰਾਦਾ ਬਣਾ ਲਿਆ। ਜਦ ਅਕਾਲੀ ਜੀ ਸਤਾਰਾਂ ਕੁ ਵਰ੍ਹੇ ਦੇ ਹੋਏ

---

[10] ਨਿਜੀ ਮੁਲਾਕਾਤ, ਗਿ. ਸੁਰਜੀਤ ਸਿੰਘ (ਅਕਾਲੀ ਕੌਰ ਸਿੰਘ ਦੇ ਭਤੀਜੇ), ਤ੍ਰਿਪੜੀ, 27 ਅਕਤੂਬਰ 2017.

ਤਾਂ ਪਿਤਾ ਨੇ ਪਿੰਡ ਬਾਸਮਾ (ਊੜੀ, ਕਸ਼ਮੀਰ) ਵਾਸੀ ਸ. ਕਲਿਆਣ ਸਿੰਘ ਸੋਹੰਗੀ ਦੇ ਘਰ ਰਿਸ਼ਤਾ ਕਰ ਦਿੱਤਾ। ਪੂਰਨ ਸਿੰਘ ਨੂੰ ਇਹ ਗੱਲ ਨਾ ਭਾਈ। ਜੀਵਨ ਵਿਚ ਕੁਝ ਹੋਰ ਹੀ ਕਰਨਾ ਚਾਹੁੰਦੇ ਸਨ। ਸੋ ਵਿਆਹ ਦੀ ਤਰੀਕ ਮੱਘਰ ਮਹੀਨੇ (1959 ਬਿ.) ਦੀ ਰੱਖੀ ਗਈ। ਅਕਾਲੀ ਜੀ ਪਿਤਾ ਦੀ ਮਰਜ਼ੀ ਦਾ ਵਿਰੋਧ ਕਰਦੇ ਹੋਏ ਚੁੱਪ-ਚਪੀਤੇ ਨੱਸ ਕੇ ਪੰਜਾਬ ਆ ਪਹੁੰਚੇ। ਪਰ ਪਿਤਾ ਨੇ ਆਪਣੀ ਪਹੁੰਚ ਦੇ ਸਦਕਾ ਭਗੌੜੇ ਪੁੱਤਰ ਨੂੰ ਪੁਲੀਸ ਰਾਹੀਂ ਪਕੜ ਲਿਆਂਦਾ। ਫਿਰ ਵਿਆਹ ਦੀਆਂ ਤਿਆਰੀਆਂ ਹੋਈਆਂ ਅਤੇ ਤਰੀਕ ਮਾਘੀ ਦੀ ਨੀਯਤ ਹੋਈ। ਅਕਾਲੀ ਜੀ ਇਸ ਵਾਰੀ ਫਿਰ ਨੱਸ ਤੁਰੇ ਅਤੇ ਪੰਜਾ ਸਾਹਿਬ ਜਾ ਪਹੁੰਚੇ; ਫਿਰ ਪੁਲੀਸ ਨੇ ਹੁਲੀਆ ਪਛਾਣ ਕੇ ਪਕੜ ਲਿਆਂਦਾ। ਪਿਤਾ ਨੇ ਹੁਣ ਵਿਆਹ ਦੀ ਤਰੀਕ ਵਿਸਾਖੀ ਵਾਲਾ ਦਿਨ ਹੀ ਨੀਯਤ ਕੀਤੀ ਭਾਵ 1960 ਬਿ: ਦੀ ਵਿਸਾਖੀ। ਹੁਣ ਅਕਾਲੀ ਜੀ ਪਿਤਾ ਦੀ ਜ਼ਿੱਦ ਅੱਗੇ ਨਰਮ ਪੈ ਗਏ ਅਤੇ ਨੱਸਣ ਦਾ ਇਰਾਦਾ ਤਿਆਗ ਦਿੱਤਾ।[11]

ਤੀਜੀ ਵਾਰ 'ਆਖਰ ਆਪ ਦੀ ਸ਼ਾਦੀ 1960 ਬਿ: ਵਿਸਾਖੀ ਵਾਲੇ ਦਿਨ ਕਰ ਦਿੱਤੀ ਗਈ ਪਰੰਤੂ ਆਪ ਉਪਰਾਮ-ਚਿਤ ਰਹੇ ਤੇ ਕੁਝ ਦਿਨਾਂ ਵਿਚ ਹੀ ਮੌਕਾ ਪਾ ਇਕ ਰਾਤ ਘਰੋਂ ਨਿਕਲ ਕੇ ਸ੍ਰੀ ਪੰਜਾ ਸਾਹਿਬ ਆ ਗਏ। ਇਥੋਂ ਭਾਈ ਲੱਧਾ ਸਿੰਘ ਜੀ ਨੂੰ ਨਾਲ ਰਲਾ ਲਿਆ (ਜੋ ਬਾਦ ਵਿਚ ਫਰੀਦਕੋਟ ਹਜੂਰੀ ਗ੍ਰੰਥੀ ਰਹੇ ਸਨ) ਦੋਹਾਂ ਨੇ ਆਪ ਵਿਚ ਪ੍ਰੇਮ ਪਿਆਰ ਵਧਾ ਲਿਆ ਤੇ ਇਕ ਦੂਜੇ ਦੇ ਸਹਾਈ ਹੁੰਦੇ ਰਹੇ।'[12] ਇਥੇ ਆਪ ਨੇ ਪਿਸ਼ਾਵਰ ਪਹੁੰਚ ਕੇ ਇਕ ਗੁੰਮਨਾਮ ਚਿੱਠੀ ਆਪਣੇ ਮਾਤਾ-ਪਿਤਾ ਨੂੰ ਲਿਖੀ ਜਿਸ ਉਪਰ ਉਸ ਨੇ ਆਪਣਾ ਸਿਰਨਾਵਾਂ ਨਾ ਲਿਖਿਆ ਅਤੇ ਇਸੇ ਤਰ੍ਹਾਂ ਦੀ ਇਕ ਹੋਰ ਚਿੱਠੀ ਮਹੰਤ ਭਾਈ ਮੋਹਰ ਸਿੰਘ ਜੀ ਨੰਗਾਲੀ ਪੁਣਛ ਵਾਲਿਆਂ ਨੂੰ ਵੀ ਲਿਖੀ ਅਤੇ ਦੱਸਿਆ ਕਿ- ਮੈਂ ਘਰੋਂ ਜਿਹੜੇ ਕੱਪੜੇ ਪਾ ਕੇ ਗਿਆ ਸੀ, ਉਹ ਵਾਪਸ ਭੇਜ ਰਿਹਾ ਹਾਂ। ਇਹ ਮੇਰੇ ਪਿਤਾ ਜੀ ਨੂੰ ਪਹੁੰਚਾ ਦੇਣੇ। ਮੇਰੇ ਨਾ ਚਾਹੁਣ 'ਤੇ ਵੀ ਮੇਰਾ ਵਿਆਹ ਕੀਤਾ ਗਿਆ ਹੈ। ਕਿਉਂਕਿ ਮੇਰੇ ਅੰਦਰ ਕੁਝ ਗ੍ਰਹਿਣ ਕਰਨ ਦੀ ਰੁਚੀ ਪ੍ਰਬਲ ਹੈ ਸੋ ਮੈਂ ਸ਼ਾਦੀ ਦੇ ਬੰਧਨ ਨਹੀਂ ਸਹਾਰ ਸਕਦਾ। ਮੇਰਾ ਇਰਾਦਾ ਚੌਦ੍ਹਾਂ ਸਾਲ ਬਾਅਦ ਵਾਪਸ ਮੁੜਨ ਦਾ ਹੈ ਅਤੇ ਏਨਾ ਲੰਮਾ ਸਮਾਂ ਕਿਸੇ ਮੁਟਿਆਰ

---

[11] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 2.

[12] ਅਤਰ ਸਿੰਘ, *ਜੀਵਨ ਚਰਿੱਤ੍ਰ ਅਕਾਲੀ ਕੌਰ ਸਿੰਘ ਨਿਹੰਗ*, ਪੰ. 21.

ਨੂੰ ਉਡੀਕ ਸਕਣਾ ਮੁਸ਼ਕਿਲ ਹੈ। ਸੋ ਚੰਗਾ ਇਹੀ ਹੈ ਕਿ ਸੱਜ ਵਿਆਹੀ ਦੀ ਸ਼ਾਦੀ ਮੇਰੇ ਛੋਟੇ ਭਰਾ ਕਾਲਾ ਸਿੰਘ ਨਾਲ ਕਰ ਦਿੱਤੀ ਜਾਵੇ।[13]

ਮਹੰਤ ਮੋਹਰ ਸਿੰਘ ਨੇ ਸਾਰੀ ਗੱਲ ਭਾਈ ਮਹਾਂ ਸਿੰਘ ਨੂੰ ਸਮਝਾ ਦਿੱਤੀ ਅਤੇ ਲੜਕੀ ਨੂੰ ਕਾਲਾ ਸਿੰਘ ਨਾਲ ਵਿਆਹ ਦਿੱਤਾ। ਪੂਰਨ ਸਿੰਘ ਹੁਣ ਵਿਆਹੁਤਾ ਜੀਵਨ ਤੋਂ ਸੁਰਖਰੂ ਹੋ ਕੇ ਆਪਣੇ ਆਦਰਸ਼ ਦਾ ਪ੍ਰਚਾਰ ਕਰਨ ਵਲ ਹੋ ਤੁਰੇ।

## ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਸਿੱਖਿਆ ਲੈਣੀ

ਭਾਈ ਲੱਧਾ ਸਿੰਘ ਅਤੇ ਪੂਰਨ ਸਿੰਘ ਇਕ ਦੂਸਰੇ ਦੇ ਸਹਿਯੋਗ ਸਦਕਾ ਅੰਮ੍ਰਿਤਸਰ ਪਹੁੰਚੇ, ਜਿੱਥੇ ਕਈ ਸਾਧੂ-ਸੰਤਾਂ ਨਾਲ ਭੇਟ ਹੋਈ, ਡੇਰਿਆਂ, ਗੁਰਦੁਆਰਿਆਂ ਦੀ ਵਾਕਫ਼ੀਅਤ ਹੋਈ, ਪ੍ਰੰਤੂ ਮਨ ਸਭ ਕੁਝ ਤੋਂ ਪੂਰਨ ਤੌਰ 'ਤੇ ਸੰਤੁਸ਼ਟ ਨਾ ਹੋਇਆ ਅਤੇ ਮੁੜ ਮੁਲਤਾਨ ਪਰਤ ਗਏ। ਉਹ ਪਿਸ਼ਾਵਰ ਵਿਚ ਵੀ ਰਹਿੰਦੇ ਰਹੇ। 1904 ਈ. ਦੇ ਸਮੇਂ ਦੇ ਪਿਸ਼ਾਵਰ ਵਿਚ ਅਕਾਲੀ ਕੌਰ ਸਿੰਘ ਦੇ ਦਿਨਾਂ ਦਾ ਜ਼ਿਕਰ ਸ. ਪ੍ਰੇਮ ਸਿੰਘ ਜੀ 'ਹੋਤੀ' (ਪ੍ਰਸਿਧ ਸਿੱਖ ਹਿਸਟੋਰੀਅਨ) ਇਉਂ ਕਰਦੇ ਹਨ-

ਆਪ ਦੇ ਪਹਿਲੇ ਦਰਸ਼ਨ ਲੇਖਕ ਨੂੰ 1904 ਈ. ਵਿਚ ਪਿਸ਼ਾਵਰ ਹੋਏ, ਜਦ ਆਪ ਪਹਿਲੀ ਵਾਰ ਕਸ਼ਮੀਰ ਤੋਂ ਇਥੇ ਆਏ ਸਨ। ਇਸ ਸਮੇਂ ਸ. ਜਗਨਨਾਥ ਸਿੰਘ ਜੀ, ਨਾਜ਼ਰ ਦੇ ਮਕਾਨ ਪੁਰ ਆਸੀਏ ਵਿਚ ਟਿਕੇ ਹੋਏ ਸਨ। ਇਨ੍ਹਾਂ ਦਿਨਾਂ ਵਿਚ ਆਪ ਚੜ੍ਹਦੀ ਜਵਾਨੀ ਵਿਚ ਸਨ ਅਤੇ ਮੁਖ ਮੰਡਲ ਪੁਰ ਅਜੇ ਹੁਣੇ ਹੁਣੇ ਕਾਲਾ ਭਵਰ ਵਰਗਾ ਨਿੱਕਾ ਦਾੜ੍ਹਾ ਉਗਮਿਆ ਸੀ, ਜਿਸ ਨਾਲ ਚੇਹਰੇ ਦੀ ਛੱਬ ਹੋਰ ਵੀ ਵਧੇਰੇ ਮਨਮੋਹਣੀ ਹੋ ਗਈ ਸੀ। ਇਸ ਸਮੇਂ ਆਪ ਨੂੰ ਸ੍ਰੀ ਦਸ਼ਮੇਸ਼ ਜੀ ਦੀ ਬਾਣੀ ਮੁਖ-ਆਗਰ ਕੰਠ ਕਰਨ ਦੀ ਤੀਬਰ ਲਗਨ ਲੱਗੀ ਹੋਈ ਸੀ। ਅਜੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਕਥਾ ਸਰਲ ਢੰਗ ਨਾਲ ਨਹੀਂ ਸਨ ਕਰ ਸਕਦੇ। ਹਾਂ, ਖੜ੍ਹੋ ਕੇ ਵਖਿਆਨ ਦੁਆਰਾ, ਸਿੱਖੀ ਦੀ ਰਹਿਣੀ-ਬਹਿਣੀ ਦੀ ਉੱਚਤਾ ਅਤੇ ਅਨਮਤੀਆਂ ਦੀਆਂ

[13] ਉਦਰਿਤ, ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 9.

ਰੀਤਾਂ ਰਸਮਾਂ ਦਾ ਖੰਡਨ ਗੁਰਬਾਣੀ ਦੇ ਹਵਾਲੇ ਦੇ ਕੇ ਬੜੀਆਂ ਉਕਤੀਆਂ-ਯੁਕਤੀਆਂ ਨਾਲ ਚੰਗੇ ਢੁਕਵੇਂ ਸ਼ਬਦਾਂ ਵਿਚ ਨਿਬਾਹ ਲੈਂਦੇ ਸਨ।[14]

ਪਿਸ਼ਾਵਰ ਵਿਚ ਰਹਿੰਦਿਆਂ ਹੋਇਆਂ ਪੂਰਨ ਸਿੰਘ ਨੂੰ ਮਾਨਯੋਗ ਵਿਅਕਤੀ ਦੀ ਸੰਗਤ ਮਾਣਨ ਦਾ ਸਮਾਂ ਮਿਲਿਆ ਜਿਨ੍ਹਾਂ ਦਾ ਨਾਂ ਗਿਆਨੀ ਬਾਘ ਸਿੰਘ ਜੀ ਸੀ। ਗਿਆਨੀ ਬਾਘ ਸਿੰਘ ਜੀ ਪੰਥ ਸੇਵਕ ਅਤੇ ਉਪਦੇਸ਼ਕ ਆਦਿ ਤਿਆਰ ਕਰਨ ਦੀ ਵਿਸ਼ੇਸ਼ ਮੁਹਾਰਤ ਰੱਖਦੇ ਸਨ, ਜਿਵੇਂ ਚੋਟੀ ਦੇ ਨਾਵਲਕਾਰ ਨਾਨਕ ਸਿੰਘ ਨੂੰ ਸਹਿਜਧਾਰੀ ਤੋਂ ਸਿੰਘ ਸਜਾ ਕੇ ਪੰਜਾਬੀ ਵਿਚ ਲਿਖਣਾ ਪੜ੍ਹਨਾ ਸਿਖਾਇਆ, ਇਸੇ ਤਰ੍ਹਾਂ ਹੀ ਪੂਰਨ ਸਿੰਘ ਦੇ ਜੀਵਨ ਵਿਚ ਵੀ ਤਬਦੀਲੀ ਲਿਆਂਦੀ। ਗਿਆਨੀ ਬਾਘ ਸਿੰਘ ਦੀ ਸੰਗਤ ਵਿੱਚ ਦੋ ਸਾਲ ਰਹਿਣ ਨਾਲ ਉਹ ਬਹੁਤ ਹੀ ਪ੍ਰਭਾਵਸ਼ਾਲੀ ਕਥਾ ਕਰਨ ਕਰਨ ਲੱਗੇ ਸਨ। ਪੂਰਨ ਸਿੰਘ ਨੇ ਇਨ੍ਹਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸਿੱਖੇ, ਸਮਝੇ ਅਤੇ ਆਪਣੇ ਹਿਰਦੇ 'ਚ ਵਸਾਏ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਬਾਣੀ ਭਾਈ ਗੁਰਦਾਸ ਜੀ ਨੂੰ ਅਰਥਾਂ ਸਮੇਤ ਪੜ੍ਹਿਆ ਅਤੇ ਹੋਰ ਕਈ ਗ੍ਰੰਥਾਂ ਦਾ ਅਧਿਐਨ ਵੀ ਕੀਤਾ। ਪੂਰਨ ਸਿੰਘ ਨੇ ਬਾਣੀ ਪੜ੍ਹਨ ਦਾ ਅਭਿਆਸ ਏਨੀ ਸ਼ਰਧਾ ਤੇ ਲਗਨ ਨਾਲ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਜ਼ੁਬਾਨੀ ਯਾਦ* ਹੋ ਗਏ।[15] ਗਿਆਨੀ ਬਾਘ ਸਿੰਘ ਨੇ ਆਪ ਜੀ ਨੂੰ ਏਨਾ ਸੁਆਰ ਦਿਤਾ ਸੀ ਕਿ ਉਨ੍ਹਾਂ ਦਿਨਾਂ ਵਿੱਚ ਆਰੀਆ ਸਮਾਜ ਦੇ ਪ੍ਰਚਾਰਕ ਸਿੱਖ ਧਰਮ ਉਪਰ ਪ੍ਰਚਾਰਕ ਹਮਲੇ ਕਰ ਰਹੇ ਸਨ, ਸਿੱਖਾਂ ਲਈ ਦਰਪੇਸ਼ ਇਸ ਚੁਣੌਤੀ ਨੂੰ ਪੂਰਨ ਸਿੰਘ ਨੇ ਸਵੀਕਾਰ ਕੀਤਾ ਅਤੇ ਸ਼ਾਸਤ੍ਰਾਰਥੀ ਸ਼ੈਲੀ ਵਿਚ ਵਿਚਾਰ (ਗੋਸ਼ਟੀ) ਆਰੰਭ ਦਿੱਤੇ। ਗਿਆਨੀ ਬਾਘ ਸਿੰਘ ਦੀ ਮਿਲਣੀ ਨੇ ਪੂਰਨ ਸਿੰਘ ਦੇ ਜੀਵਨ ਵਿਚ ਇਕ ਨਵਾਂ ਮੋੜ ਲਿਆਂਦਾ ਅਤੇ ਇਹ ਉਨ੍ਹਾਂ ਦੇ ਜੀਵਨ ਦੀ ਸਭ ਤੋਂ ਵੱਡੀ ਘਟਨਾ ਵੀ ਕਹੀ ਜਾ ਸਕਦੀ ਹੈ।

---

[14] *ਪ੍ਰਕਾਸ਼* (ਅਕਾਲੀ ਕੌਰ ਸਿੰਘ ਅੰਕ), ਪਟਿਆਲਾ, 24 ਜੁਲਾਈ 1970.

* ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੰਥ ਜ਼ੁਬਾਨੀ ਯਾਦ ਕਰਨੇ ਇਹ ਅਕਾਲੀ ਕੌਰ ਸਿੰਘ ਦੀ ਗੁਰਬਾਣੀ ਪ੍ਰਤਿ ਲਗਨ ਅਤੇ ਖ਼ਾਸ ਪ੍ਰਤਿਭਾ ਨੂੰ ਪ੍ਰਗਟਾਉਂਦਾ ਹੈ।

[15] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 8.

## ਪੂਰਨ ਸਿੰਘ ਤੋਂ ਅਕਾਲੀ ਕੌਰ ਸਿੰਘ ਨਿਹੰਗ ਸਜਣਾ

ਪੂਰਨ ਸਿੰਘ ਦਾ ਨਿਹੰਗ ਸਜਣਾ ਉਨ੍ਹਾਂ ਦੇ ਜੀਵਨ ਦਾ ਇਕ ਅਹਿਮ ਪੜਾਅ ਸੀ ਜਿਸ ਤੋਂ ਬਾਅਦ ਉਹ ਅਕਾਲੀ ਕੌਰ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਏ। ਉਨ੍ਹਾਂ ਦੇ ਜੀਵਨ ਵਿਚ ਇਹ ਸਬੱਬ ਭਾਈ ਲੱਧਾ ਸਿੰਘ ਪੁਣਛੀ ਨਾਲ ਅੰਮ੍ਰਿਤਸਰ ਦੀ ਯਾਤਰਾ ਤੋਂ ਬਾਅਦ ਬਣਿਆ। ਅੰਮ੍ਰਿਤਸਰ ਪਹੁੰਚ ਕੇ ਅਕਾਲੀ ਜੀ ਨੇ ਦੁਖ ਭੰਜਨੀ ਬੇਰੀ ਕੋਲ ਭਜਨ ਕੀਤਾ ਜਿਸ ਕਰਕੇ ਗੁਰੂ ਜੀ ਦੀ ਮਿਹਰ ਹੋਈ। 'ਹਜ਼ੂਰ ਸਾਹਿਬ ਦੀ ਯਾਤਰਾ ਦੀ ਲਗਨ ਉੱਠੀ ਤਾਂ ਦੋਵੇਂ ਹਜ਼ੂਰ ਸਾਹਿਬ ਪਹੁੰਚ ਗਏ। ਇਥੇ 1903 ਈ. ਨੂੰ ਉਨ੍ਹਾਂ ਦਾ ਮੇਲ ਸਿੰਘ ਸਾਹਿਬ ਹਜ਼ੂਰਾ ਸਿੰਘ ਨਾਲ ਹੋਇਆ ਜੋ ਤਖ਼ਤ ਸ੍ਰੀ ਅਬਚਲ ਨਗਰ ਦੇ ਹੈੱਡ ਪੁਜਾਰੀ ਸਨ ਅਤੇ ਬਾਅਦ ਵਿਚ ਉਥੋਂ ਦੇ ਹੈਡ ਗ੍ਰੰਥੀ ਰਹੇ।'[16] 'ਅਰਦਾਸਾ ਸੋਧ ਕੇ ਤੁਰ ਪਏ। ਰਸਤੇ ਵਿਚ ਜਿਤਨੇ ਇਤਿਹਾਸਕ ਸਥਾਨ ਸਨ; ਸਭ ਦੀ ਯਾਤਰਾ ਕੀਤੀ। ਅੰਤ ਮੰਜ਼ਿਲ ਮਕਸੂਦ ਉਤੇ ਪੁੱਜੇ ਅਤੇ ਸਮੇਤ ਭਾਈ ਹਜ਼ੂਰਾ ਸਿੰਘ ਦੇ ਅੰਮ੍ਰਿਤ ਛਕਿਆ। ਦੋਹਾਂ ਨੇ "ਨਿਹੰਗ" ਪਦਵੀ ਧਾਰਨ ਕਰ ਲਈ। ਪੂਰਨ ਸਿੰਘ ਜੀ ਦਾ ਨਾਂ ਅਕਾਲੀ ਕੌਰ ਸਿੰਘ "ਨਿਹੰਗ" ਰੱਖਿਆ ਗਿਆ। ਦੋਵੇਂ ਬੜੇ ਪਰੇਮ ਨਾਲ ਟਿਕੇ। ਹਜ਼ੂਰਾ ਸਿੰਘ ਤਾਂ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਨੀਯਤ ਹੋਏ। ਅਕਾਲੀ ਜੀ ਦੇ ਜ਼ਬਾਨੀ ਪ੍ਰਸ਼ਨੋਤਰ ਮਿਲਣਪੁਰ ਉਨ੍ਹਾਂ ਦੱਸਿਆ- ਮੈਨੂੰ ਐਸਾ ਪ੍ਰਤੀਤ ਹੁੰਦਾ ਹੈ ਕਿ ਪੂਰਬਲੇ ਕਰਮਾਂ ਕਰਕੇ ਮੇਰਾ ਇਨ੍ਹਾਂ ਨਾਲ ਕੋਈ ਮਿਲਾਪ ਬਕਾਇਆ ਸੀ ; ਉਹ ਇਸ ਜਨਮ ਵਿਚ ਇਕਠਿਆਂ ਹੋ ਕੇ ਪੂਰਾ ਹੋਇਆ ਹੈ। ਦੋਹਾਂ ਦੇ ਸੁਭਾਉ ਤੇ ਕਰਮ ਮਿਲ ਗਏ। ਤੀਜੇ ਭਾਈ ਲੱਧਾ ਦਾ ਮੇਲ ਭੀ ਐਸੇ ਹੀ ਜਾਪਦਾ। ਸੋ ਸਭ ਨੇ ਇਕੋ ਬਾਟੇ ਵਿਚ 1906 ਈ. ਦੇ ਅੰਤ ਵਿਚ ਅੰਮ੍ਰਿਤ ਛਕਿਆ। ਬਿਬੇਕ ਬ੍ਰਿਤੀਧਾਰੀ ਤੇ ਗੁਰਭਾਈ ਦੇ ਰੂਪ ਵਿੱਚ ਹਮਖ਼ਿਆਲੀ ਜੀਵਨ ਬੀਤਾਇਆ। ਜਾਤ ਕੁਲ ਦੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਸਿੱਖੀ ਅਤੇ ਸਮੂਹ ਦੀ ਸੇਵਾ ਲਈ ਨਿਤਰੇ।[17]

---

[16] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰਨੇ 9-10.

[17] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 15.

## ਦੇਸ਼ ਭ੍ਰਮਣ/ਪ੍ਰਚਾਰਕ ਦੌਰੇ

ਨਿਹੰਗ ਸਿੰਘ ਸਜਣ ਤੋਂ ਪਿਛੋਂ ਅਕਾਲੀ ਕੌਰ ਸਿੰਘ ਨੇ ਗੁਰਮਤਿ ਪ੍ਰਚਾਰ ਅਤੇ ਸੇਵਾ ਦੇ ਪ੍ਰਚਾਰ ਦੋਰੇ ਆਰੰਭ ਕੀਤੇ ਉਨ੍ਹਾਂ ਦਾ ਪਹਿਲਾ ਦੌਰਾ ਹਜ਼ੂਰ ਸਾਹਿਬ ਤੋਂ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤਕ ਸੀ। ਇਸ ਦੌਰਾਨ ਆਪ ਨੇ ਅਨੇਕਾਂ ਗੁਰਦੁਆਰਿਆਂ ਅਤੇ ਗੁਰਧਾਮਾਂ ਦੇ ਦਰਸ਼ਨ-ਦੀਦਾਰ ਕੀਤੇ। ਹਰਿਮੰਦਰ ਸਾਹਿਬ ਵਿਖੇ ਪਹੁੰਚ ਕੇ ਹਜ਼ੂਰੀ ਲਾਇਬਰੇਰੀ ਕਾਇਮ ਕੀਤੀ। ਇਥੋਂ ਹੀ ਅਕਾਲੀ ਕੌਰ ਸਿੰਘ ਨੇ ਇਕ ਲੰਮੇ ਪ੍ਰਚਾਰ ਦੌਰੇ ਦਾ ਪ੍ਰੋਗਰਾਮ ਬਣਾਇਆ। ਇਸ ਦੌਰੇ ਦੌਰਾਨ ਉਨ੍ਹਾਂ ਨੇ ਸਾਰੇ ਭਾਰਤ ਦਾ ਭ੍ਰਮਣ ਕੀਤਾ। ਸਕੰਦਰਾਬਾਦ, ਔਰੰਗਾਬਾਦ, ਜੱਬਲਪੁਰ, ਕਾਂਸ਼ੀ, ਪਟਨਾ ਸਾਹਿਬ, ਰਾਂਚੀ, ਬਿਹਾਰ, ਉੜੀਆ. ਬੰਗਾਲ ਦੇ ਇਲਾਕਿਆਂ ਵਿਚ ਗੁਰਮਤਿ ਪ੍ਰਚਾਰ ਕੀਤਾ।** ਉਨ੍ਹਾਂ ਦੇ ਗੁਰਮਤਿ ਪ੍ਰਚਾਰ ਦਾ ਘੇਰਾ ਬੜਾ ਹੀ ਵਿਸ਼ਾਲ ਸੀ ਜੋ ਕਿ ਵਿਦੇਸ਼ਾਂ (ਕਾਬਲ) ਤਕ ਵੀ ਫੈਲਿਆ ਹੋਇਆ ਸੀ। ਇਸ ਦੌਰੇ ਦੇ ਦੌਰਾਨ ਅਕਾਲੀ ਜੀ ਨੇ ਆਪਣੀ ਮਿਲਾਪੜੀ ਸ਼ਖ਼ਸੀਅਤ ਨਾਲ, ਬਿਬੇਕ ਬੁੱਧੀ ਨਾਲ, ਆਤਮਿਕ ਬਲ ਨਾਲ, ਉਸਾਰੂ ਕਰਮ ਰਾਹੀਂ, ਭਟਕੇ ਹੋਏ ਵਿਅਕਤੀਆਂ ਦੇ ਹਿਰਦੇ ਨੂੰ ਬਾਣੀ ਦੇ ਸੰਦੇਸ਼ ਨਾਲ ਠਾਰਿਆ।

## ਕਸ਼ਮੀਰ ਵਾਪਸ ਪਰਤਣਾ

ਕਈ ਸਾਲ ਅਕਾਲੀ ਕੌਰ ਸਿੰਘ ਘਰ ਤੋਂ ਬਾਹਰ ਰਹੇ ਅਤੇ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਅਚਾਨਕ ਜਦੋਂ ਉਨ੍ਹਾਂ ਨੂੰ ਪਿਤਾ ਜੀ ਦੇ ਦਿਹਾਂਤ ਅਤੇ ਮਾਤਾ ਜੀ ਦੇ ਬਿਮਾਰ ਹੋਣ ਦੀ ਖ਼ਬਰ ਮਿਲੀ ਤਾਂ ਉਹ ਉਸ ਸਮੇਂ ਕਾਬਲ ਵਿਖੇ ਪ੍ਰਚਾਰ ਕਰ ਰਹੇ ਸਨ।[18] ਇਹ ਖਬਰ ਮਿਲਣ ਤੋਂ ਬਾਅਦ ਉਹ ਕਸ਼ਮੀਰ ਵਾਪਸ ਪਰਤ ਆਏ।[19]

ਕਸ਼ਮੀਰ ਵਿਚ ਆ ਕੇ ਉਨ੍ਹਾਂ ਨੇ ਆਪਣਾ ਮਿਸ਼ਨ ਨਹੀਂ ਛੱਡਿਆ। ਕਸ਼ਮੀਰ ਦੇ ਲੋਕਾਂ ਦੀ ਵਿਦਿਆ ਦੀ ਹਾਲਤ ਬੜੀ ਗਿਰੀ ਹੋਈ ਸੀ। ਕਸ਼ਮੀਰ ਵਿਚ ਜੋ ਥੋੜ੍ਹਾ-ਬਹੁਤ ਵਿਦਿਆ ਦਾ ਪ੍ਰਬੰਧ ਸੀ ਉਹ ਮਿਸ਼ਨ

** ਇਨ੍ਹਾਂ ਥਾਵਾਂ ਦਾ ਵੇਰਵਾ ਅਕਾਲੀ ਜੀ ਤੁਕ-ਤਤਕਰੇ ਦੇ ਅਖੀਰਲੇ ਪੰਨਿਆਂ ਵਿਚ ਦਿੰਦੇ ਹਨ।

[18] ਖਜਿੰਦਰ ਸਿੰਘ ਖੁਰਾਣਾ, *ਕਾਬੁਲ ਦੀ ਸੰਗਤ ਤੇ ਅਫਗਾਨਿਸਤਾਨ ਦਾ ਸੰਖੇਪ ਇਤਿਹਾਸ*, ਪੰ. 71.

[19] ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰ. 51.

ਦੇ ਪ੍ਰਚਾਰਕਾਂ, ਅੰਜੁਮਨਿ ਇਸਲਾਮ ਤੇ ਹਿੰਦੂ ਧਰਮ ਸਭਾ ਵਲੋਂ ਸੀ। ਜੇ ਕੋਈ ਸਿੱਖ ਬੱਚਾ ਪੜ੍ਹਨ ਵੀ ਲਗਦਾ ਤਾਂ ਉਹ ਪ੍ਰਾਇਮਰੀ ਤੋਂ ਅੱਗੇ ਨਹੀਂ ਪੜ੍ਹ ਸਕਦਾ ਸੀ।[20] ਸਿੱਖਾਂ ਦੇ ਵਿਦਿਆ ਪੱਧਰ ਨੂੰ ਉੱਚਾ ਚੁੱਕਣ ਲਈ ਹੀ ਉਨ੍ਹਾਂ ਨੇ ਗੁਰੂ ਨਾਨਕ ਆਸ਼ਰਮ (ਚਕਾਰ) ਦੀ ਯੋਜਨਾ ਉਲੀਕੀ। ਅਕਾਲੀ ਜੀ ਨੇ ਆਸ਼ਰਮ ਲਈ ਸਰਕਾਰ ਨਾਲ ਗੱਲਬਾਤ ਕਰਕੇ ਜਗ੍ਹਾ 99 ਸਾਲ ਲਈ ਲੀਜ਼ 'ਤੇ ਲਈ।[21] ਕਸ਼ਮੀਰ ਵਿਚ ਉਨ੍ਹਾਂ ਨੇ ਸਿੱਖ ਫੁਲਵਾੜੀ ਨੂੰ ਹਰੀ ਭਰੀ ਕਰਨ ਲਈ ਉਪਰਾਲੇ ਕੀਤੇ। ਸਿੱਖੀ ਪ੍ਰਚਾਰ ਦੇ ਨਾਲ-ਨਾਲ ਉਨ੍ਹਾਂ ਨੇ ਮੁਸਲਮਾਨ ਭਰਾਵਾਂ ਨੂੰ ਵੀ ਨੇੜੇ ਲੈ ਕੇ ਆਂਦਾ। ਇਹ ਉਨ੍ਹਾਂ ਦੇ ਗੁਰਮਤਿ ਨਾਲ ਲਬਰੇਜ਼ ਜੀਵਨ ਦਾ ਕਥਨੀ ਤੇ ਕਰਨੀ ਵਿਚ ਇਕਸੁਰਤਾ ਦਾ ਨਤੀਜਾ ਸੀ। ਕਸ਼ਮੀਰ ਵਿਚ ਉਨ੍ਹਾਂ ਨੇ ਗੁਰਮਤਿ ਦੇ ਪ੍ਰਚਾਰ ਤੋਂ ਇਲਾਵਾ ਸਮਾਜ ਸੁਧਾਰ ਵੀ ਕੀਤੇ ਜਿਨ੍ਹਾਂ ਵਿਚ ਇਸਤਰੀਆਂ ਲਈ ਯੋਗਦਾਨ ਅਤੇ ਸਮਾਜ ਵਿਚੋਂ ਵਹਿਮਾਂ-ਭਰਮਾਂ ਨੂੰ ਕੱਢਣਾ ਆਦਿ ਸ਼ਾਮਲ ਹੈ।

## ਗੁਰੂ ਨਾਨਕ ਆਸ਼ਰਮ (ਚਕਾਰ)

ਕਸ਼ਮੀਰ ਵਿਚ ਵਿਦਿਆ ਦੀ ਕਮੀ ਨੂੰ ਪੂਰਾ ਕਰਨ ਲਈ ਅਕਾਲੀ ਕੌਰ ਸਿੰਘ ਨੇ ਕਾਫੀ ਸੋਚ ਵਿਚਾਰ ਮਗਰੋਂ ਚਕਾਰ ਵਿਚ ਆਸ਼ਰਮ ਦੀ ਸਥਾਪਨਾ ਲਈ ਉਲੀਕੀ ਯੋਜਨਾ ਮੁਤਾਬਕ ਬੀੜਾ ਚੁੱਕਿਆ। ਸਿੱਖਾਂ ਦੀ ਆਰਥਿਕ ਦਸ਼ਾ ਬਹੁਤ ਮਾੜੀ ਸੀ ਇਸ ਲਈ ਅਕਾਲੀ ਜੀ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਦੋਂ ਅਕਾਲੀ ਜੀ ਬੇਬਸ ਹੋ ਗਏ ਤਾਂ ਉਨ੍ਹਾਂ ਨੇ ਦਿੱਲੀ ਜਾ ਕੇ ਸ. ਧਰਮ ਸਿੰਘ ਨੂੰ ਆਪਣੀਆਂ ਮੁਸ਼ਕਲਾਂ ਬਾਰੇ ਦੱਸਿਆ। ਸ. ਧਰਮ ਸਿੰਘ ਨੇ ਅਕਾਲੀ ਜੀ ਨੂੰ ਮਾਇਕ ਸਹਾਇਤਾ ਦੇਣੀ ਮੰਨ ਲਈ ਜਿਸ ਦੇ ਸਹਾਰੇ ਅਕਾਲੀ ਜੀ ਨੇ ਚਕਾਰ ਨੂੰ ਮੁਜ਼ਫਰਾਬਾਦ ਦਾ ਕੇਂਦਰ ਸਮਝ ਕੇ ਆਸ਼ਰਮ ਲਈ 1 ਹਾੜ੍ਹ, 1985 ਬਿ. ਨੂੰ ਟੱਕ ਲਾਇਆ, 28 ਹਾੜ੍ਹ ਨੂੰ ਗਵਰਨਰ ਸਾਹਿਬ ਨੇ ਨੀਂਹ ਰੱਖੀ ਅਤੇ 10 ਸਾਵਣ 1989 ਬਿ. ਨੂੰ ਮੁਕੰਮਲ ਹੋਇਆ। ਆਸ਼ਰਮ ਦੀ ਇਮਾਰਤ ਮੁਕੰਮਲ ਹੋਣ 'ਤੇ ਅਕਾਲੀ ਜੀ ਨੇ ਮੁਖੀ ਪਤਵੰਤਿਆਂ ਨੂੰ ਸੱਦੇ ਪੱਤਰ ਭੇਜ ਕੇ ਚਕਾਰ ਪੁੱਜਣ ਦੀ ਪ੍ਰੇਰਨਾ ਦਿੱਤੀ ਜਿਨ੍ਹਾਂ ਵਿਚ ਮਹੰਤ ਮੰਗਲ ਸਿੰਘ,

[20] ਮਾਸਟਰ ਦਿਆਲ ਸਿੰਘ, *ਚੱਕਾਰ,* ਪੰ. 22.

[21] ਉਹੀ, ਪੰ. 23.

ਸੰਤ ਭਾਈ ਗੁਰਦਿੱਤ ਸਿੰਘ ਜੀ ਗੁਫਾ ਵਾਲੇ, ਤਿਆਗੀ ਬੁੱਧ ਸਿੰਘ, ਭਾਈ ਸਾਹਿਬ ਭਾਈ ਵੀਰ ਸਿੰਘ, ਪ੍ਰੋਫ਼ੈਸਰ ਗੰਗਾ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਸ. ਈਸ਼ਰ ਸਿੰਘ ਮਝੈਲ ਤੇ ਹੋਰ ਬਹੁਤ ਸਾਰੇ ਵਿਅਕਤੀਆਂ ਨੇ ਹਾਜ਼ਰੀ ਭਰੀ। 1932 ਈ. ਵਿਚ ਮਿਡਲ ਸਕੂਲ ਸ਼ੁਰੂ ਕੀਤਾ ਗਿਆ ਜਿਸ ਵਿਚ ਇਲਾਕੇ ਦੇ ਹਿੰਦੂ, ਮੁਸਲਮਾਨ ਤੇ ਸਿੱਖ ਨੌਜਵਾਨਾਂ ਨੇ ਵਿਦਿਆ ਹਾਸਲ ਕਰਨ ਲਈ ਦਾਖਲੇ ਲਏ। ਅਕਾਲੀ ਜੀ ਦੇ ਉਪਰਾਲੇ ਨਾਲ ਮਗਰੋਂ 1942 ਈ. ਵਿਚ ਇਸ ਮਿਡਲ ਸਕੂਲ ਨੂੰ ਹਾਈ ਸਕੂਲ ਬਣਾਇਆ ਗਿਆ। 1943 ਈ. ਵਿਚ ਲੜਕੀਆਂ ਲਈ ਵੀ ਮਿਡਲ ਸਕੂਲ ਸ਼ੁਰੂ ਕੀਤਾ ਗਿਆ। ਇਸ ਸਮੇਂ ਇਹ ਆਸ਼ਰਮ ਤਰੱਕੀਆਂ ’ਤੇ ਸੀ ਅਤੇ ਕਸ਼ਮੀਰ ਵਿਚ ਵਿਦਿਆ ਦੇ ਪ੍ਰਮੁੱਖ ਕੇਂਦਰ ਵਜੋਂ ਸਥਾਪਿਤ ਹੋ ਚੁੱਕਾ ਸੀ। ਸਿੱਖਾਂ ਲਈ ਤਾਂ ਇਹ ਗਿਆਨ ਦਾ ਚਾਨਣ ਮੁਨਾਰਾ ਸੀ। ਅਫਸੋਸ ਕਿ 1947 ਈ. ਦੇ ਘਲੂਘਾਰੇ ਕਾਰਨ ਅਕਾਲੀ ਜੀ ਦੇ ਸੁਪਨੇ ਪੂਰੇ ਨਾ ਹੋ ਸਕੇ।[22]

1947 ਦੇ ਬਟਵਾਰੇ ਕਾਰਨ ਸਾਧਾਰਨ ਲੋਕਾਂ ਨੂੰ ਗੁੰਡੇ ਭੜਕਾਉਣ ਲੱਗੇ ਕਿ ਅਕਾਲੀ ਕੌਰ ਸਿੰਘ ਪੰਜਾਬ ਤੋਂ ਨਿਹੰਗ ਲਿਆਇਆ ਹੈ। ਇਸਲਾਮ ਖਤਮ ਕਰਨਾ ਚਾਹੁੰਦਾ ਹੈ। ਇਸ ਚੁੱਕ ਹੇਠ ਭੜਕਾਏ ਹੋਏ ਮੁਸਲਮਾਨ ਸਿੱਖਾਂ ਦੇ ਵੈਰੀ ਬਣ ਗਏ। ਕਬਾਇਲੀ ਹੱਲਾ ਕਰਨ ਲਈ ਬਣੀ ਪਾਕਿਸਤਾਨੀ ਸਕੀਮ ਅਨੁਸਾਰ ਸਾਰੀ ਹੀ ਕਸ਼ਮੀਰ, ਜੰਮੂ ਤੇ ਪੁਣਛ ਚੌਗਿਰਦੇ ਇਕੱਠੇ ਹੋਏ ਅਤੇ ਕੱਤਕ ਮਹੀਨੇ 2004 ਬਿ. ਨੂੰ ਹਮਲਾ ਕਰ ਦਿੱਤਾ ਜਿਸ ਦੀ ਲਪੇਟ ਵਿਚ 7 ਕੱਤਕ, 2004 ਬਿ.[23] ਨੂੰ ਇਹ ਆਸ਼ਰਮ ਅਗਨ ਭੇਟ ਕੀਤਾ ਤੇ ਸਿੰਘ ਬੇਬਸ ਉਜਾੜੇ ਮਾਰੇ ਗਏ। ਪੱਥਰ ਦਿਲ ਹਮਲਾਵਰਾਂ ਨੇ ਇਮਾਰਤ ਨੂੰ ਅੱਗ ਲਗਾ ਕੇ ਸਾੜ ਦਿੱਤਾ ਸੀ। ਭਾ. ਭਾਨ ਸਿੰਘ (ਮੈਨੇਜਰ ਆਸ਼ਰਮ), ਭਾਈ ਨਰੈਣ ਸਿੰਘ ਤੇ ਭਾਈ ਰਵੇਲ ਸਿੰਘ ਦਾ ਕਤਲ ਕਰ ਦਿੱਤਾ ਸੀ।[24]

---

[22] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ,* ਪੰਨੇ 75-76.

[23] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''* ,ਪੰ. 67.

[24] ਹਰਨਾਮ ਸਿੰਘ ਦੁਖੀਆ, *ਪਹਾੜੀ ਲੋਕ ਜੀਵਨ,* ਪੰ. 69.

## 1947 ਈ. ਦਾ ਸੰਕਟਕਾਲ ਅਤੇ ਅਕਾਲੀ ਜੀ ਦੇ ਯਤਨ

1947 ਈ. ਦੀ ਵੰਡ ਦੇ ਭਿਅੰਕਰ ਸਿੱਟਿਆਂ ਦਾ ਅਕਾਲੀ ਜੀ ਨੂੰ ਪਹਿਲਾਂ ਤੋਂ ਹੀ ਅਨੁਮਾਨ ਸੀ। ਬੰਗਾਲ ਅਤੇ ਪੰਜਾਬ ਦੀ ਵੰਡ ਤਾਂ ਹੋ ਹੀ ਜਾਣੀ ਸੀ ਪ੍ਰੰਤੂ ਰਿਆਸਤ ਕਸ਼ਮੀਰ ਅਤੇ ਹੈਦਰਾਬਾਦ ਦੇ ਹੁਕਮਰਾਨ ਅਜੇ ਕੋਈ ਨਿਰਣਾ ਨਹੀਂ ਲੈ ਸਕੇ ਸਨ ਕਿ ਉਨ੍ਹਾਂ ਨੇ ਕਿਹੜੀ ਧਿਰ ਵਲ ਜਾਣਾ ਹੈ। ਇਹ ਦੇਰੀ ਦੋਨਾਂ ਹੀ ਰਿਆਸਤਾਂ ਦੇ ਅਲਪ ਸੰਖਿਅਕਾਂ ਦੀ ਚਿੰਤਾ ਅਤੇ ਤਕਲੀਫ਼ ਹੋਰ ਵਧਾ ਰਹੀ ਸੀ। ਅਕਾਲੀ ਕੌਰ ਸਿੰਘ ਚਕਾਰ (ਕਸ਼ਮੀਰ) ਵਿਚ ਰਹਿੰਦੇ ਹੋਏ ਵੀ ਭਾਰਤ ਅਤੇ ਪੰਜਾਬ ਦੀਆਂ ਸਾਰੀਆਂ ਘਟਨਾਵਾਂ ਦੀ ਜਾਣਕਾਰੀ ਰੱਖ ਰਹੇ ਸਨ। 14 ਅਗਸਤ 1947 ਈ. ਨੂੰ ਪਾਕਿਸਤਾਨ ਦੀ ਸਥਾਪਨਾ ਪਿੱਛੋਂ ਸਿੱਖ-ਹਿੰਦੂ ਜਨਤਾ ਸਹਿਮ ਦੇ ਮਾਹੌਲ ਵਿਚ ਸੀ। ਅਕਾਲੀ ਕੌਰ ਸਿੰਘ ਨੇ ਪਾਕਿਸਤਾਨ ਵਿਚ ਛਪਣ ਵਾਲੇ ਅੰਗਰੇਜ਼ੀ ਅਖ਼ਬਾਰ (ਡਾਨ) ਦਾ ਇਕ ਮਜ਼ਮੂਨ ਪ੍ਰਾਪਤ ਕਰ ਕੇ ਅਤੇ ਉਸ ਦੀਆਂ ਕਾਪੀਆਂ ਕਰ ਕੇ ਸਾਰੇ ਕੌਮੀ ਅਤੇ ਰਿਆਸਤੀ ਲੀਡਰਾਂ ਨੂੰ ਭੇਜੀਆਂ। ਮਜ਼ਮੂਨ ਦਾ ਵਿਸ਼ਾ ਇਹ ਸੀ ਕਿ 9 ਕੱਤਕ, ਬਿ. 2004 ਨੂੰ ਜੰਮੂ ਕਸ਼ਮੀਰ ਦੀ ਰਾਜਧਾਨੀ 'ਸ੍ਰੀਨਗਰ' ਨੂੰ ਜਿੱਤ ਕੇ ਬਕਰੀਦ ਦੀ ਨਮਾਜ਼ ਉਥੇ ਪੜ੍ਹੀ ਜਾਵੇਗੀ। ਹੋਰ ਬਹੁਤ ਸਾਰੀਆਂ ਅਫ਼ਵਾਹਾਂ ਜਿਵੇਂ ਕਿ ਕਸ਼ਮੀਰ ਦਾ ਮੁਜਫਰਾਬਾਦ ਸ਼ਹਿਰ ਪਾਕਿਸਤਾਨ ਨੇ ਲੈ ਲਿਆ ਹੈ, ਵਰਗੀਆਂ ਅਫ਼ਵਾਹਾਂ ਤੋਂ ਅਕਾਲੀ ਕੌਰ ਸਿੰਘ ਨੇ ਜ਼ਿੰਮੇਵਾਰ ਵਿਅਕਤੀਆਂ ਨੂੰ ਚੇਤੰਨ ਕੀਤਾ ਅਤੇ ਅਜਿਹੇ ਇਸ਼ਤਿਹਾਰ ਉਨ੍ਹਾਂ ਨੇ ਕਸ਼ਮੀਰ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਭੇਜੇ।[25] ਜ਼ਿੰਮੇਵਾਰ ਲੋਕਾਂ ਨੇ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਇ ਅਕਾਲੀ ਕੌਰ ਸਿੰਘ ਉਪਰ ਹੀ ਇਲਜ਼ਾਮ ਲਗਾ ਦਿੱਤੇ ਅਤੇ ਉਨ੍ਹਾਂ ਨਾਲ ਹੀ ਨਰਾਜ਼ਗੀ ਧਾਰ ਲਈ।

13 ਸਤੰਬਰ 1947 ਈ. ਨੂੰ ਮੇਜਰ ਜਨਰਲ ਸਕਾਟ ਨੇ ਮੁੜ ਕਸ਼ਮੀਰ ਸਰਕਾਰ ਨੂੰ ਪਾਕਿਸਤਾਨ ਵਲੋਂ ਹਥਿਆਰਬੰਦ ਲੋਕਾਂ ਦੇ ਕਸ਼ਮੀਰ ਵਿਚ ਦਾਖ਼ਲ ਹੋਣ ਬਾਰੇ ਸੂਚਿਤ ਕੀਤਾ। ਮਹਾਰਾਜਾ ਹਰੀ ਸਿੰਘ ਨੇ ਮੁੜ ਤਾਰਾਂ ਭੇਜੀਆਂ ਪਰ ਸਭ ਕੁਝ ਅਸਫ਼ਲ ਹੋ ਚੁੱਕਾ ਸੀ। ਜਦ ਹਾਲਾਤ ਬਹੁਤ ਖਰਾਬ ਹੋ ਰਹੇ ਸਨ ਤਾਂ

---

[25] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 78.

ਉਸ ਸਮੇਂ ਪੰਜਾਬ ਤੋਂ ਅਕਾਲੀ ਕੌਰ ਸਿੰਘ ਨੇ ਇਲਾਕਾ ਮੁਜ਼ਫਰਾਬਾਦ ਦੇ ਸਿੱਖਾਂ ਨੂੰ ਸੰਦੇਸ਼ ਭੇਜੇ ਕਿ ਉਹ ਸਾਵਧਾਨ ਰਹਿਣ, ਆਣ ਵਾਲਾ ਸਮਾਂ ਬਹੁਤ ਭਿਆਨਕ ਹੈ।[26]

ਅਕਾਲੀ ਜੀ ਨੇ ਕਸ਼ਮੀਰ ਦੇ ਸ਼ਹੀਦਾਂ ਦੀ ਯਾਦ ਵਿਚ 1948 ਦੇ 'ਖਾਲਸਾ ਸਮਾਚਾਰ' ਵਿਚ ਵੀ ਇਸ ਬਾਰੇ ਇਸ ਤਰ੍ਹਾਂ ਲਿਖਿਆ, *ਰਿਆਸਤ ਕਸ਼ਮੀਰ ਦੇ ਜ਼ਿਲਾ ਮੁਜ਼ੱਫਰਾਬਾਦ ਉਤੇ ਗੁਜ਼ਰੇ ਸਾਲ ਅਮਨ ਤੇ ਆਰਾਮ ਵਿਚ ਬੈਠੇ ਸੁਤੇ ਸਿੰਘਾਂ ਉਤੇ ਪਾਕਿਸਤਾਨੀ, ਕਬਾਇਲੀ, ਲੀਗੀ ਤੇ ਆਮ ਰਿਆਸਤੀ ਮੁਸਲਮਾਨਾਂ ਤੇ ਕਤਕ ਛੇ ੨੦੦੪ ਨੂੰ ਜਦ ਹੱਲਾ ਬੋਲਿਆ, ਤਦ ਉਥੇ ਕਈ ਥਾਈਂ ਰਿਆਸਤੀ ਮਿਲਟਰੀ ਦੇ ਮੁਸਲਮਾਨਾਂ ਨੇ ਭੀ ਆਪਣੇ ਹੱਥ ਰੰਗਣ ਵਿਚ ਕਸਰ ਨਹੀਂ ਰਖੀ। ਲੋਹਾਰ ਗਲੀ ਤੋਂ ਹਵਾਈ ਅਡੇ ਸ੍ਰੀ ਨਗਰ ਤਕ, ਯਾ ਕੋਹਾਲੇ ਡਨੇ ਚਕਾਰ ਬਾਗ ਤੇ ਪੁਣਛ ਤਕ ਕਈ ਥਾਈਂ ਇਸ ਇਲਾਕੇ ਦਿਆਂ ਸਿੰਘਾਂ ਨੇ ਮੋਰਚਿਆਂ ਵਿਚ ਯਾ ਅਗੇ ਪਿਛੇ ਇਧਰ ਉਧਰ ਸ਼ਹੀਦੀਆਂ ਪ੍ਰਾਪਤ ਕੀਤੀਆਂ। ਦੁਸ਼ਮਣ ਦਾ ਮੁਕਾਬਲਾ ਕੀਤਾ।*[27]

ਉਧਰ ਜਿਉਂ-ਜਿਉਂ ਭਾਰਤ ਦੀ ਸਿੱਖ ਫੌਜ ਸ੍ਰੀਨਗਰੋਂ ਅਗਾਂਹ ਵਧਦੀ ਗਈ ਤਿਉਂ-ਤਿਉਂ ਰਸਤਿਆਂ, ਜੰਗਲਾਂ ਅਤੇ ਕੁਝ ਕੁ ਦਿਆਲੂ ਮੁਸਲਮਾਨ ਮੁਲਖਈਆਂ ਦੇ ਘਰਾਂ ਵਿਚ ਲੁਕੇ-ਛਿਪੇ ਸਿੱਖ ਬਾਹਰ ਨਿਕਲ ਕੇ ਵਾਹੋ-ਦਾਹੀ ਸ੍ਰੀਨਗਰ ਪਹੁੰਚਣ ਲਗ ਪਏ। ਬੇਅੰਤ ਸਿੰਘ-ਸਿੰਘਣੀਆਂ ਤਾਂ ਕਬਾਇਲੀਆਂ ਦਾ ਮੁਕਾਬਲਾ ਕਰਦੇ ਸ਼ਹੀਦ ਹੋ ਗਏ। ਇਕ ਪਾਸੇ ਗੋਲੀ ਸੀ ਅਤੇ ਦੂਜੇ ਪਾਸੇ ਸਿਰਫ ਤਲਵਾਰ ਅਤੇ ਕੁਝ ਕੁ ਤੋੜੇਦਾਰ ਜਾਂ ਦੁਨਾਲੀ ਬੰਦੂਕਾਂ। ਜੋ ਸਿੰਘ ਕਬਾਇਲੀਆਂ ਦੀਆਂ ਮਸ਼ੀਨਗੰਨਾਂ ਦੀ ਬਾਛੜ ਤੋਂ ਬਚ ਕੇ ਸੁਰੱਖਿਅਤ ਥਾਂ ਵਲ ਜਾਂਦਾ ਉਸ ਨੂੰ ਸ਼ਰਾਰਤੀ ਮੁਲਖਈਆ ਤੇਜ਼ ਧਾਰ ਵਾਲ ਹਥਿਆਰਾਂ ਨਾਲ ਸ਼ਹੀਦ ਕਰ ਦਿੰਦਾ। ਸੋ ਦੋਹਰੀ ਮਾਰ ਤੋਂ ਭਲਾ ਕਿੰਨੇ ਕੁ ਲੋਕ ਬਚ ਸਕਦੇ ਸਨ। ਸਿਰਫ ਸੋਪਰ ਵਿਚ ਹੀ 40-50 ਹਜ਼ਾਰ ਦੇ ਕਾਫਲੇ ਵਿਚੋਂ ਸੈਂਕੜੇ ਸਿੰਘ ਹੀ ਬਚ ਸਕੇ।[28] ਕੁਝ ਖਤਰਨਾਕ ਤੇ ਸੰਘਣੇ ਜੰਗਲਾਂ ਦੀਆਂ ਚੋਟੀਆਂ

---

[26] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 78.

[27] *ਖਾਲਸਾ ਸਮਾਚਾਰ*, ਅੰਮ੍ਰਿਤਸਰ, 25 ਨਵੰਬਰ 1948.

[28] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 18.

ਉਪਰ ਅਤੇ ਗਾਰਾਂ ਅੰਦਰ ਲੁਕੇ ਲੋਕਾਂ ਨੂੰ ਅਕਾਲੀ ਜੀ ਨੇ ਬਾਹਰ ਆਉਣ ਲਈ ਜਹਾਜ਼ ਰਾਹੀਂ ਇਸ਼ਤਿਹਾਰ ਸੁੱਟ ਕੇ ਸੂਚਿਤ ਕਰਨ ਦਾ ਉਪਰਾਲਾ ਕੀਤਾ ਕਿਉਂਕਿ ਇਨ੍ਹਾਂ ਲੋਕਾਂ ਦਾ ਸੰਪਰਕ ਬਾਹਰਲੇ ਜਗਤ ਨਾਲੋਂ ਬਿਲਕੁਲ ਟੁੱਟ ਚੁੱਕਾ ਸੀ। ਇਨ੍ਹਾਂ ਵਿਚੋਂ ਇਕ ਇਸ਼ਤਿਹਾਰ ਦਾ ਮਜ਼ਮੂਨ ਨਿਮਨਲਿਖਤ ਸੀ-

*ਪਿਆਰੇ ਸਰਦਾਰੋ, ਬਜ਼ੁਰਗੋ, ਨੌਜਵਾਨੋ, ਬਚਿਓ, ਮਾਈਓ, ਭੈਣੋ, ਬੀਬੀਓ!*

*ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ।*

*ਸ੍ਰੀ ਵਾਹਿਗੁਰੂ ਜੀ ਕੀ ਫਤੇਹ ਹੈ*

*ਮੈਂ ਤੁਸਾਂ ਨਾਲ ਦਿਲੀ ਹਮਦਰਦੀ ਰਖਦਾ ਹਾਂ ਤੇ ਦਿੱਲੀ ਤੋਂ ਵਾਪਸ ਸ੍ਰੀ ਨਗਰ ਪੁੱਜ ਗਿਆ ਹਾਂ। ਸ੍ਰੀ ਨਗਰ ਦਿੱਲੀ ਤੋਂ ਕਾਫੀ ਫੌਜ ਆ ਗਈ ਹੈ। ਦੁਸ਼ਮਣ ਅਜੇ ਤਕ ਸ਼ਹਿਰ ਵਿਚ ਨਹੀਂ ਵੜ ਸਕਿਆ, ਬਾਹਰ ਪਿੰਡਾਂ ਵਿਚ ਛੁਪ ਲੁਕ ਕੇ ਮਾਰ-ਧਾੜ ਕਰਦਾ ਹੈ ਤੇ ਉਸ ਦਾ ਮਤਲਬ ਪਿੰਡਾਂ ਵਿਚੋਂ ਹਿੰਦੂ-ਸਿੱਖਾਂ ਦਾ ਖ਼ਾਤਮਾ ਕਰਨਾ ਹੈ। ਤੁਸੀਂ ਘਾਬਰੋ ਨਹੀਂ। ਜੇ ਗਵਾਂਢੀਆਂ ਨਾਲ ਤੁਹਾਡੀ ਬਣੀ ਹੋਈ ਹੈ ਤਾਂ ਬਣਾਈ ਰਖੋ। ਜੇ ਤੁਹਾਡੇ ਨਾਲ ਉਨ੍ਹਾਂ ਭਰਾਵਾਂ ਵਾਲਾ ਸਲੂਕ ਨਾ ਕੀਤਾ ਤਦ ਆਪਣੇ ਕੀਤੇ ਦਾ ਪਲ ਪਾਉਣਗੇ। ਤੁਸੀਂ ਤਿਆਰ ਬਰ ਤਿਆਰ ਸਭ ਦੇ ਭਲੇ ਵਾਸਤੇ ਤਤਪਰ ਰਹਿਣਾ।*

*ਅੱਜ ਕਲ੍ਹ ਹਕੂਮਤ ਦੀ ਬਾਗ ਡੋਰ ਸ਼ੇਖ ਅਬਦੁੱਲਾ ਜੀ ਦੇ ਹੱਥ ਵਿਚ ਹੈ। ਤੁਹਾਡੀ ਬਹੁਤ ਛੇਤੀ ਖਬਰ ਲੀਤੀ ਜਾਸੀ। ਆਪਸ ਵਿਚ ਪ੍ਰੇਮ ਨਾਲ ਮਿਲ ਕੇ ਰਹੋ ਤੇ ਵੰਡ ਕੇ ਛਕੋ। ਕਰਤਾਰ ਹੋਰ ਦਏਗਾ। ਘਾਬਰੋ ਨਹੀਂ ਤੇ ਰੱਬ ਨੂੰ ਯਾਦ ਕਰੋ। ਸੱਜਣ ਤੇ ਸੱਜਣ, ਵੈਰੀ ਦੇ ਭੀ ਮਿੱਤਰ ਬਣ ਕੇ ਰਹੋ। ਦੁਖ ਤਕਲੀਫ ਹਮੇਸ਼ਾਂ ਨਹੀਂ ਰਹੇਗੀ ਪਰ ਪਿਆਰ ਹਮਦਰਦੀ ਇਕ ਦੂਜੇ ਦੀ ਮਦਦ ਤੇ ਰੱਬ ਦੀ ਯਾਦ ਦਾ ਪ੍ਰਭਾਵ ਹਮੇਸ਼ਾਂ ਰਹੇਗਾ।*

*ਤੇਰੇ ਭਾਣੇ ਸਰਬੱਤ ਦਾ ਭਲਾ ਜਾਣ ਆਪਣੇ ਵਿੱਤ ਅਨੁਸਾਰ ਸਭ ਨਾਲ ਭਲਾਈ ਕਰਨੀ। ਜਦ ਹਰ ਹੀਲੇ ਤੋਂ ਕੋਈ ਲੰਘ ਜਾਏ ਤੇ ਫਰਕ ਨਾ ਕਰਨਾਂ। ਜ਼ਿੰਦਗੀ, ਧਰਮ, ਧਨ, ਇੱਜ਼ਤ, ਇਨਸਾਨੀਅਤ ਆਪਣੀ ਭੀ ਬਚਾਣੀ ਤੇ ਦੁਸ਼ਮਣ ਹੋਵੇ ਉਸ ਦੀ ਭੀ ਬਚਾਵਨੀ, ਤੁਹਾਡਾ ਕਰਤਾਰ ਰਾਖਾ ਹੋਵੇ।*

*ਪਰ ਜੋ ਰਹਿ ਗਏ ਹਨ ਉਹ ਉਧਰ ਨਹੀਂ ਜਾਣਗੇ। ਕਰੀਬ ਪੰਜ ਸੱਤ ਹਜ਼ਾਰ ਸਿੱਖ ਸਿੱਖਣੀਆਂ ਬੱਚੇ ਬੱਚੀਆਂ ਸ੍ਰੀ ਨਗਰ ਹਨ। ਸਰਕਾਰੀ ਖਰਚ ਤੇ ਰਿਹਾਇਸ਼ ਦੀ ਸਹਾਇਤਾ ਉਨ੍ਹਾਂ ਨੂੰ ਮਿਲਦੀ ਹੈ ਤੇ ਮਿਲੇਗੀ। ਕਬਾਇਲੀ ਕਿਤਨੇ ਹੀ ਨੱਸ ਭੱਜ ਗਏ ਹਨ। ਜਿਨ੍ਹਾਂ ਗਰਾਵਾਂ ਨੇ ਘੱਟ ਗਿਣਤੀ ਦੇ ਲੋਕਾਂ ਨੂੰ ਤਕਲੀਫਾਂ ਪਹੁੰਚਾਉਣ ਵਿਚ ਕਸਮ ਲਈ ਹੈ ਜਾਂ ਦੁਸ਼ਮਣ ਦਾ ਸਾਥ ਦਿੱਤਾ ਹੈ ਉਹ ਆਪਣਾ ਕੀਤਾ ਜ਼ਰੂਰ ਪਾਣਗੇ।*

*ਅੱਜ ਤਕ ਡੰਨੇ ਤੇ ਮੈਰੇ ਮੰਦਰੀ, ਮੋੜ ਨਾੜ ਵਗੈਰਾ ਤੇ ਕੋਟ ਕੂਮ੍ਹੀ, ਮੈਰਾਜਾਨਕੀ, ਬਕਾ-ਠੇਰਾ ਤੇ ਖਾਵੜਾ, ਛਤ੍ਰਕਲਾਸ, ਸਾਂਇਆਂ, ਬਗਲੇ ਵਗੈਰਾ ਦੀ ਕੋਈ ਖਬਰ ਨਹੀਂ ਕਿਧਰ ਹਨ ਤੇ ਕਿਧਰ ਗਏ ਹਨ। ਕਿਵੇਂ ਇਨ੍ਹਾਂ ਨਾਲ ਗੁਜ਼ਰੀ ਹੈ ਤੇ ਗੁਜ਼ਰ ਰਹੀ ਹੈ, ਤੁਸੀਂ ਆਪਣੇ ਹਾਲ ਤੋਂ ਜਾਣੂ ਕਰੋ। ਜਿਸ ਤਰ੍ਹਾਂ ਹੋਵੇ ਤਕੜੇ ਰਹਿ ਕੇ ਡਟੇ ਰਹੋ। ਘਾਬਰੋ ਨਹੀਂ ਤੁਹਾਡੀ ਮਦਦ ਤੇ ਇੰਤਜਾਮ ਦੀ ਕੋਸ਼ਿਸ਼ ਹੋ ਰਹੀ ਹੈ। ਸਰਬੱਤ ਕੋ ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤੇਹ ਹੈ। ਮੈਂ ਦਿੱਲੀ ਤੋਂ ਮੰਗਲਵਾਰ ਸ੍ਰੀਨਗਰ ਪੁੱਜ ਗਿਆ ਹਾਂ- ਸਤਿ ਸ੍ਰੀ ਅਕਾਲ*[29]

ਇਸ ਇਸ਼ਤਿਹਾਰ ਦੇ ਮਜ਼ਮੂਨ ਤੋਂ ਅਕਾਲੀ ਕੌਰ ਸਿੰਘ ਦੇ ਪਰਉਪਕਾਰੀ ਅਤੇ ਨਿਰਵੈਰ ਗੁਣਾਂ ਦਾ ਅੰਦਾਜ਼ਾ ਭਲੀਭਾਂਤ ਲਗਾਇਆ ਜਾ ਸਕਦਾ ਹੈ। ਦੂਜੇ ਪਾਸੇ ਤਾਂ ਕਬਾਇਲੀਆਂ ਦਾ ਮਾਨਵੀ ਕਦਰਾਂ-ਕੀਮਤਾਂ ਤੋਂ ਸੱਖਣਾ ਇਹ ਨਾਅਰਾ ਸੀ:

ਸਿੱਖੋਂ ਕਾ ਸਰ, ਹਿੰਦੂ ਕਾ ਜ਼ਰ ਅਰ ਮੁਸਲਮਾਨ ਕਾ ਘਰ।

ਅਕਾਲੀ ਕੌਰ ਸਿੰਘ ਨੇ ਆਪਣੀ ਸੋਚ ਨੂੰ ਅਜਿਹੇ ਨਾਜ਼ੁਕ ਸਮੇਂ ਬਿਲਕੁਲ ਡੋਲਣ ਨਾ ਦਿੱਤਾ ਅਤੇ ਗੁਰੂ ਨਾਨਕ ਸਾਹਿਬ ਦੀ ਸਿੱਖਿਆ ਉਪਰ ਕਾਇਮ ਅਤੇ ਅਡੋਲ ਰਹੇ। ਉਨ੍ਹਾਂ ਦੀ ਆਵਾਜ਼ ਨੂੰ ਕਸ਼ਮੀਰ ਦੇ ਦੁਖੀ ਲੋਕਾਂ ਦੀ ਪ੍ਰਤੀਨਿਧ ਆਵਾਜ਼ ਸਮਝਿਆ ਜਾਣ ਲੱਗਿਆ। ਭਾਰਤ ਵਲੋਂ ਪਟਿਆਲਾ ਸਿੱਖ ਫੌਜ ਦੀ ਟੁਕੜੀ ਦੁਸ਼ਮਣਾਂ ਦਾ ਸਫਾਇਆ ਕਰਦੀ ਹੋਈ ਬਾਰਾਮੂਲੇ ਤੋਂ ਅੱਗੇ ਨਿਕਲ ਗਈ। ਅਕਾਲੀ ਕੌਰ ਸਿੰਘ ਨੇ ਸ੍ਰੀਨਗਰ ਤੋਂ ਪਟਨ , ਸੋਪਰ ਅਤੇ ਬਾਰਾਮੂਲੇ (ਕਸ਼ਮੀਰ) ਵਿਖੇ ਪਹੁੰਚ ਕੇ ਸਭਨਾਂ ਦੀ ਸਾਰ ਲਈ ਅਤੇ

[29] ਉਦਰਿਤ, ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ ਰਚਨਾ,* ਪੰਨੇ 18-19.

ਦੁਖੀ ਅਤੇ ਬੇਸਹਾਰਿਆਂ ਦੀ ਸਹਾਇਤਾ ਲਈ ਆਪਣੇ ਆਪ ਨੂੰ ਝੋਕ ਦਿੱਤਾ। ਪਹਾੜੀ ਇਲਾਕੇ ਦੀ ਅਕਾਲੀ ਕੌਰ ਸਿੰਘ ਪੂਰੀ ਜਾਣਕਾਰੀ ਰਖਦੇ ਸਨ ਇਸ ਕਰਕੇ ਉਨ੍ਹਾਂ ਨੇ ਭਾਰਤੀ ਫੌਜ ਦੀ ਇਕ ਸੁਲਝੇ ਹੋਏ ਗਾਈਡ ਦੀ ਤਰ੍ਹਾਂ ਸਹਾਇਤਾ ਵੀ ਕੀਤੀ। ਫਸੇ ਹੋਏ ਲੋਕਾਂ ਨੂੰ ਬਚਾਉਣ ਵਿਚ ਵੀ ਉਨ੍ਹਾਂ ਦੀ ਪੂਰੀ ਸੁਰਤੀ ਲੱਗੀ ਹੋਈ ਸੀ।

ਅਕਾਲੀ ਜੀ ਨੇ ਸਭ ਤੋਂ ਪਹਿਲਾਂ ਉਨ੍ਹਾਂ ਥਾਵਾਂ ਦਾ ਦੌਰਾ ਕੀਤਾ ਜਿਹੜੀਆਂ ਥਾਵਾਂ ਹਿੰਦ-ਫੌਜ ਨੇ ਆਜ਼ਾਦ ਕਰਵਾਈਆਂ ਅਤੇ ਉਥੇ ਜਾ ਕੇ ਸ਼ਹੀਦ ਹੋਏ ਲੋਕਾਂ ਦੇ ਸਰੀਰਾਂ ਅਤੇ ਅੰਗਾਂ ਨੂੰ ਇਕੱਠਾ ਕਰ ਕੇ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ। ਫਿਰ ਅਗਲਾ ਕੰਮ ਪਤਿਤ ਹੋਇਆਂ ਨੂੰ ਮੁੜ ਸਿੱਖੀ ਜਾਮੇ ਵਿਚ ਲਿਆਉਣਾ ਸੀ। ਇਹ ਕਾਰਜ ਕੁਝ ਸਮਾਂ ਆਪ ਕਰਦੇ ਰਹੇ ਅਤੇ ਉਸ ਤੋਂ ਬਾਅਦ ਆਪਣੇ ਕੁਝ ਸਹਿਯੋਗੀਆਂ ਨੂੰ ਸੌਂਪ ਕੇ ਆਪ ਮੁੜ ਪੰਜਾਬ ਅਤੇ ਦਿੱਲੀ ਪਰਤ ਆਏ ਤਾਂ ਕਿ ਅੱਗੋਂ ਆ ਰਹੇ ਬਰਫਾਨੀ ਮੌਸਮ ਸਮੇਂ ਤਨ ਢਕਣ ਲਈ ਕੱਪੜੇ, ਕੰਬਲ, ਬਿਸਤਰੇ ਆਦਿ ਪ੍ਰਾਪਤ ਕਰ ਸਕਣ।[30]

ਪ੍ਰੰਤੂ ਪੰਜਾਬ ਦੇ ਹਾਲਾਤ ਵੀ ਬਹੁਤੇ ਸਾਜ਼ਗਾਰ ਨਹੀਂ ਸਨ ਜਿਸ ਕਰਕੇ ਇਥੋਂ ਸਹਿਜੇ ਹੀ ਸਮਾਨ ਇਕੱਤਰ ਕੀਤਾ ਜਾ ਸਕੇ ਪਰ ਆਪ ਨੇ ਹਿੰਮਤ ਨਹੀਂ ਹਾਰੀ। ਕਸ਼ਮੀਰ ਦੇ ਸ਼ਰਨਾਰਥੀਆਂ ਲਈ ਵੱਧ ਤੋਂ ਵੱਧ ਸਮਾਨ ਜੁਟਾਉਣ ਵਿਚ ਸਫ਼ਲ ਹੋਏ। ਪਰਤ ਕੇ ਆਪ ਨੇ ਮੁਜਫਰਾਬਾਦ, ਊੜੀ, ਬਾਰਾਂਮੂਲੇ ਦੇ ਆਏ ਜ਼ਖਮੀ ਤੇ ਭੁਖੇ-ਨੰਗੇ ਸਿੰਘਾਂ-ਸਿੰਘਣੀਆਂ ਨੂੰ ਕੈਂਪਾਂ ਤੇ ਹੋਰ ਥਾਵਾਂ ਵਿਚ ਟਿਕਾਇਆ ਤੇ ਉਨ੍ਹਾਂ ਦੀ ਸਾਰ ਲਈ। ਸਰਦੀ ਜ਼ੋਰਾਂ ਪਰ ਹੋਣ ਕਾਰਨ ਇਸ ਸਮੇਂ ਸਭ ਤੋਂ ਵਧੀਕ ਲੋੜ ਕਾਂਗੜੀਆਂ ਤੇ ਕੋਲਿਆਂ ਦੀ ਸੀ ਜੋ ਆਪ ਨੇ ਪੂਰੀ ਕਰਾਈ। ਇਨ੍ਹਾਂ ਦੁਖੀਆਂ ਨੂੰ ਕਪੜੇ, ਕੰਬਲ, ਰਜਾਈਆਂ, ਬਰਤਨ ਆਦਿ ਲੋੜਵੰਦੀਆਂ ਚੀਜ਼ਾਂ ਪਹੁੰਚਾਣ ਦੀ ਸਹਾਇਤਾ ਕੀਤੀ। ਆਪ ਜੀ ਨੇ 1947 ਈ. ਦੀ ਵੰਡ ਸਮੇਂ ਨਿਆਸਰਿਆਂ ਅਤੇ ਉਜੜਿਆਂ ਲਈ ਬਹੁਤ ਉਪਰਾਲੇ ਕੀਤੇ, ਉਨ੍ਹਾਂ ਦੇ ਆਸਰੇ ਬਣੇ ਅਤੇ ਸਰਬਤ ਦੇ ਭਲੇ ਵਾਲਾ ਆਦਰਸ਼ ਪੂਰਾ ਕਰਨ ਲੱਗੇ।[31]

---

[30] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰਨੇ 20-21.

[31] ਅਤਰ ਸਿੰਘ, *ਜੀਵਨ ਚਰਿੱਤ੍ਰ ਅਕਾਲੀ ਕੌਰ ਸਿੰਘ ਨਿਹੰਗ*, ਪੰਨੇ 103-104.

ਅਕਾਲੀ ਕੌਰ ਸਿੰਘ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਰਕਾਰੀ ਅਫ਼ਸਰ ਸ਼ਰਨਾਰਥੀ ਸਿੱਖ ਬੀਬੀਆਂ ਦਾ ਧਰਮ ਪਰਿਵਰਤਨ ਕਰਨਾ ਚਾਹੁੰਦੇ ਹਨ। ਇਸੇ ਕਰਕੇ ਅਕਾਲੀ ਕੌਰ ਸਿੰਘ ਇਹ ਚਾਹੁੰਦੇ ਸਨ ਕਿ ਰਿਫਿਊਜੀਆਂ ਨੂੰ ਪੰਜਾਬ ਤੋਂ ਦੂਰ ਨਾ ਲਿਜਾਇਆ ਜਾਵੇ ਪਰ ਭਾਰਤ ਸਰਕਾਰ ਦੀ ਨੀਤੀ ਹੋਰ ਸੀ। ਅਕਾਲੀ ਕੌਰ ਸਿੰਘ ਨੇ ਪੂਰੀ ਭੱਜ-ਨੱਠ ਕਰ ਕੇ ਅਤੇ ਮਿਹਨਤ ਨਾਲ ਸਰਕਾਰ ਦੀ ਇਸ ਮਾੜੀ ਨੀਤੀ ਨੂੰ ਅਸਫ਼ਲ ਬਣਾਉਣ ਲਈ ਯਤਨ ਕੀਤੇ। ਮਹਾਰਾਜਾ ਪਟਿਆਲਾ ਅਤੇ ਉਨ੍ਹਾਂ ਦੀ ਸਰਕਾਰ ਦੀ ਸਿਦਕ ਦਿਲੀ ਨੂੰ ਪੂਰੀ ਤਰ੍ਹਾਂ ਟੁੰਬ ਕੇ ਉਨ੍ਹਾਂ ਦੀ ਸਰਪ੍ਰਸਤੀ ਅਧੀਨ ਕੁਰਖੇਤਰ ਕੈਂਪ ਦੇ ਰਿਫਿਊਜੀਆਂ ਨੂੰ ਪਟਿਆਲਾ ਰਿਆਸਤ ਵਿਚ ਭਿਜਵਾਉਣ ਲਈ ਹਿੰਦ ਸਰਕਾਰ ਨੂੰ ਕਿਹਾ ਕਹਾਇਆ। ਹਿੰਦ ਸਰਕਾਰ ਨੇ ਇਸ ਕੰਮ ਲਈ ਰੁਕਾਵਟਾਂ ਪਾਈਆਂ। ਇਸੇ ਕਾਰਨ ਬਹੁਤ ਸਾਰੇ ਰਿਫਿਊਜੀ ਚਕਰਾਂਤੇ (ਯੂ. ਪੀ.), ਜੈਪੁਰ ਭੇਜ ਦਿੱਤੇ ਗਏ ਅਤੇ ਬਹੁਤ ਸਾਰੇ ਅਕਾਲੀ ਜੀ ਦੇ ਯਤਨਾਂ ਸਦਕਾ ਪੈਪਸੂ ਸਰਕਾਰ ਰਾਹੀਂ ਸੰਗਰੂਰ ਕੈਂਪ ਵਿਚ ਭੇਜ ਦਿੱਤੇ ਗਏ।[32]

ਮਹਾਰਾਜਾ ਪਟਿਆਲਾ (ਮਹਾਰਾਜਾ ਯਾਦਵਿੰਦਰ ਸਿੰਘ ਜੀ), ਉਨ੍ਹਾਂ ਦੇ ਮੁੱਖ ਮੰਤਰੀ (ਸ. ਗਿਆਨ ਸਿੰਘ ਰਾੜੇਵਾਲਾ) ਅਤੇ ਦੂਜੇ ਜ਼ਿੰਮੇਵਾਰ ਅਹਿਲਕਾਰਾਂ ਦੇ ਅਕਾਲੀ ਕੌਰ ਸਿੰਘ ਬਹੁਤ ਧੰਨਵਾਦੀ ਸਨ। ਇਕ ਜਗ੍ਹਾ ਉਹ ਇਕ ਪਤ੍ਰਕਾ ਵਿਚ ਲਿਖਦੇ ਹਨ:

*ਪੰਥ ਦੇ ਆਗੂ ਲੀਡਰਾਂ ਵਲੋਂ ਨਿਰਾਸਤਾ ਦੀ ਹੱਦ ਹੀ ਮੁੱਕ ਗਈ ਜਿਸ ਕਰਕੇ ਮਹਾਰਾਜਾ ਪਟਿਆਲਾ ਤਕ ਪੁੱਜਣ ਦੀ ਕੋਸ਼ਿਸ਼ ਕੀਤੀ ਗਈ। ਆਪ ਦੇ ਪ੍ਰਾਇਮ ਮਨਿਸਟਰ ਨੇ ਪੈਹਲੇ ਇਕ ਚਿੱਠੀ ਤੇ ਫਿਰ ਜਲਦੀ ਦੂਜੀ ਚਿੱਠੀ ਫਾਰਨ ਮਨਿਸਟਰ ਨੂੰ ਲਿਖੀ ਹੈ। ਇਸ ਤੋਂ ਯਕੀਨ ਹੋ ਰਿਹਾ ਹੈ ਕਿ ਕਰਤਾਰ ਨੂੰ ਫਿਕਰ ਹੈ ਉਨ੍ਹਾਂ ਦਾ, ਇਸ ਲਈ ਜਿਤਨਾਂ ਭੀ ਆਪ ਮਹਾਰਾਜਾ ਪਟਿਆਲਾ ਦਾ ਧੰਨਵਾਦ ਕਰੋ ਕਰਾਉ ਥੋੜ੍ਹਾ ਹੈ। (ਚੀਫ ਖ਼ਾਲਸਾ ਦੀਵਾਨ ਦੇ ਸਕੱਤਰ ਨੂੰ ਭੇਜੀ ਇਕ ਪਤ੍ਰਕਾ ਵਿਚੋਂ)* [33]

---

[32] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 22.

[33] ਉਦਰਿਤ, ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰਨੇ 22.

ਜਦ ਕਸ਼ਮੀਰ ਦੀ ਗੜਬੜ ਪਿਛੋਂ ਆਪ ਏਧਰ ਆ ਗਏ ਸਨ ਤਾਂ ਆਪ ਨੇ ਸੰਗਰੂਰ ਵਿਚ ਸ਼ਰਨਾਰਥੀ ਸਿੱਖ ਬੀਬੀਆਂ ਤੇ ਬੱਚਿਆਂ ਦੀ ਦੇਖਭਾਲ[34], ਰਾਖੀ ਤੇ ਪਾਲਣਾ ਲਈ ਇਕ ਆਸ਼੍ਰਮ ਜਾਰੀ ਕੀਤਾ ਜੋ ਆਪ ਆਪਣੇ ਆਖਰੀ ਸਵਾਸਾਂ ਤਕ ਬੜੀ ਮਿਹਨਤ ਨਾਲ ਚਲਾਂਦੇ ਰਹੇ।[35]

ਰਿਫਿਊਜੀ ਕੈਂਪਾਂ ਦਾ ਸਮੇਂ-ਸਮੇਂ ਦੌਰਾ ਕਰਨਾ ਅਤੇ ਜ਼ਿਆਦਾ ਸਮਾਂ ਉਨ੍ਹਾਂ ਨੇ ਸੰਗਰੂਰ ਕੈਂਪ ਵਿਚ ਬਿਤਾਉਣਾ ਸ਼ੁਰੂ ਕਰ ਦਿੱਤਾ। ਅਕਾਲੀ ਜੀ ਸ਼ਰਨਾਰਥੀਆਂ ਦੀਆਂ ਸਮਸਿਆਵਾਂ ਨੂੰ ਦੂਰ ਕਰਨ ਅਤੇ ਉਨ੍ਹਾਂ ਦੇ ਭਵਿੱਖ ਦੇ ਹੀ ਯਤਨਾਂ ਵਿਚ ਲੱਗੇ ਰਹਿੰਦੇ ਸਨ।

## ਜ਼ਿੰਦਗੀ ਦੀਆਂ ਅਖ਼ੀਰਲੀਆਂ ਸੇਵਾਵਾਂ

ਅਕਾਲੀ ਕੌਰ ਸਿੰਘ ਨੇ ਕਸ਼ਮੀਰ ਦੇ ਰਿਫਿਊਜੀਆਂ ਦਾ ਟਿਕਾਣਾ ਕਰਨ ਤੋਂ ਬਾਅਦ ਵੀ ਆਪਣੇ ਆਪ ਨੂੰ ਟਿਕ ਕੇ ਬੈਠਣ ਨਹੀਂ ਦਿੱਤਾ। ਉਨ੍ਹਾਂ ਅੰਦਰ ਹਮੇਸ਼ਾਂ ਇਹ ਤੜਪ ਬਣੀ ਰਹਿੰਦੀ ਕਿ ਹੋਰ ਦੁਖੀ ਲੋਕਾਂ ਦੀ ਪੀੜਾ ਨੂੰ ਕਿਵੇਂ ਘੱਟ ਕੀਤਾ ਜਾਵੇ। ਉਨ੍ਹਾਂ ਨੇ ਬਹੁਤ ਸਾਰੇ ਯਤਨ ਕੀਤੇ ਸੋਚਿਆ ਜਿਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਲੋਕਾਂ ਨੂੰ ਗੁਰਸਿੱਖੀ ਜੀਵਨ ਨਾਲ ਜੋੜਨਾ। ਪਟਿਆਲਾ ਰਿਆਸਤ ਅਤੇ ਇਸ ਦੇ ਦੁਰਾਡੇ ਇਲਾਕਿਆਂ ਵਿਚ ਸਿੱਖੀ ਸੂਝ ਦੀ ਬਹੁਤ ਕਮੀ ਸੀ ਜਿਸ ਕਰਕੇ ਉਹ ਨਸ਼ਿਆਂ ਜਿਹੀ ਦਲਦਲ ਵਿਚ ਵੀ ਖਚਿਤ ਸਨ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਅਕਾਲੀ ਕੌਰ ਸਿੰਘ ਨੇ ਯੋਜਨਾਬੱਧ ਪ੍ਰੋਗਰਾਮ ਬਣਾਇਆ ਜਿਸ ਤਹਿਤ ਥਾਓਂ-ਥਾਈਂ 'ਅਮਲ (ਨਸ਼ੇ) ਪ੍ਰਹਾਰ ਅਤੇ ਅਮਲ ਪ੍ਰਚਾਰ' ਕਮੇਟੀਆਂ ਕਾਇਮ ਕੀਤੀਆਂ। ਇਨ੍ਹਾਂ ਕਮੇਟੀਆਂ ਨੇ ਆਪਣਾ ਕਾਰਜ ਬੜੇ ਜੋਸ਼ ਨਾਲ ਸ਼ੁਰੂ ਕੀਤਾ। ਅਕਾਲੀ ਜੀ ਨੇ ਇਨ੍ਹਾਂ ਕਮੇਟੀਆਂ ਦਾ ਇਕ ਤਕੜਾ ਅਨੁਸ਼ਾਸਨ ਕਾਇਮ ਕੀਤਾ ਹੋਇਆ ਸੀ।

ਨਾ ਸਿਰਫ ਮਾਲਵਾ ਸਗੋਂ ਦਿੱਲੀ, ਕਸ਼ਮੀਰ ਆਦਿ ਤਕ ਦੇ ਇਲਾਕਿਆਂ ਵਿਚ ਇਹੋ ਜਿਹੇ ਸੰਗਠਨ ਕਾਇਮ ਕਰਵਾਉਣ ਲਈ ਅਕਾਲੀ ਜੀ ਖ਼ੁਦ ਆਉਂਦੇ-ਜਾਂਦੇ ਰਹੇ। ਇਸ ਸਾਰੇ ਕਾਰਜ ਵਿਚ ਅਕਾਲੀ ਜੀ ਦੇ

---

[34] ਪ੍ਰੋ. ਕਿਰਪਾਲ ਸਿੰਘ ਐਮ. ਏ. (ਸੰਪਾ.), *ਅਕਾਲੀ ਚੱਕ੍ਰ ਕੌਰ ਸਿੰਘ ਜੀ ਦੇ ਪਾਕਸਤਾਨ ਦੇ ਸਫ਼ਰ*, ਪੰ. 25.

[35] *ਰੋਜ਼ਾਨਾ ਅਕਾਲੀ* (ਜਲੰਧਰ), 28 ਜਨਵਰੀ 1953, ਪੰ. 5.

ਸਹਿਯੋਗੀਆਂ ਵਿਚ (ਗਿ. ਨਿਰੰਜਨ ਸਿੰਘ ਬੇਦੀ, ਬੇਦੀ ਹਰਪਾਲ ਸਿੰਘ ਆਦਿ) ਬੇਅੰਤ ਸਿਰਲੱਥ ਸੇਵਕ ਸ਼ਾਮਲ ਸਨ।[36] ਰਿਆਸਤ ਕਸ਼ਮੀਰ ਅਤੇ ਪਟਿਆਲੇ ਦੀਆਂ ਸੇਵਾਵਾਂ ਵਿਚ ਬੀਬੀ ਭਾਗਵੰਤ ਕੌਰ ਜੀ ਨੇ ਵੀ ਸੇਵਾ ਕੀਤੀ।[37]

## ਅਖ਼ੀਰਲਾ ਸਮਾਂ

ਇਨ੍ਹਾਂ ਸੇਵਾਵਾਂ ਨੂੰ ਨਿਭਾਉਂਦਿਆਂ ਵੀ ਉਨ੍ਹਾਂ ਦੇ ਜ਼ਿਹਨ ਵਿਚ ਉਜੜੇ ਕਸ਼ਮੀਰੀਆਂ ਦੇ ਮੁੜ-ਵਸੇਬੇ ਦੀ ਲਾਟ ਜਗਦੀ ਰਹਿੰਦੀ ਅਤੇ ਲਗਾਤਾਰ ਭੱਜ-ਦੌੜ ਨਾਲ ਆਪ ਦੀ ਸਿਹਤ ਖਰਾਬ ਰਹਿਣ ਲਗ ਪਈ ਪਰ ਫਿਰ ਵੀ ਆਪ ਲਗਾਤਾਰ ਯਤਨ ਕਰਦੇ ਰਹੇ। ਇਸ ਦੌਰਾਨ ਆਪ ਨੂੰ ਬਹੁਤ ਸਾਰੀਆਂ ਸਰਕਾਰੀ ਰੁਕਾਵਟਾਂ ਦਾ ਸਾਹਮਣਾ ਵੀ ਕਰਨਾ ਪਿਆ ਜਿਸ ਦਾ ਆਪ ਦੇ ਮਾਨਸਿਕ ਅਤੇ ਸਰੀਰ ਤੌਰ ’ਤੇ ਗਹਿਰਾ ਪ੍ਰਭਾਵ ਪਿਆ। 27 ਨਵੰਬਰ 1952 ਨੂੰ ਜਦੋਂ ਅਕਾਲੀ ਕੌਰ ਸਿੰਘ ਦਿੱਲੀ ਤੋਂ ਪਟਿਆਲੇ ਪੁੱਜੇ ਤਾਂ ਉਦੋਂ ਪਤਾ ਲੱਗਿਆ ਕਿ ਉਨ੍ਹਾਂ ਦਾ ਸਰੀਰ ਕੁਝ ਚਿਰ ਤੋਂ ਤੰਦਰੁਸਤ ਨਹੀਂ ਹੈ। ਅਗਲੇ ਹੀ ਦਿਨ ਉਨ੍ਹਾਂ ਦੇ ਸਰੀਰ ਉਪਰ ਅਧਰੰਗ ਦਾ ਹਮਲਾ ਹੋ ਗਿਆ ਪਰ ਫਿਰ ਵੀ ਉਨ੍ਹਾਂ ਨੇ ਸ਼ਰਨਾਰਥੀਆਂ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ। ਉਨ੍ਹਾਂ ਦੇ ਭਰਾ ਦੇ ਘਰ ਤੋਂ ਉਨ੍ਹਾਂ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਲਿਆਂਦਾ ਗਿਆ। ਇਥੇ ਉਨ੍ਹਾਂ ਦੀ ਹਾਲਤ ਕੁਝ ਸੁਧਰਨ ਲਗ ਗਈ ਅਤੇ ਥੋੜ੍ਹੀ ਜਿਹੀ ਸੁਧਰੀ ਹਾਲ ਵਿਚ ਹੀ ਉਨ੍ਹਾਂ ਨੇ ਮੁੜ ਚਿੱਠੀ-ਪੱਤਰ ਦਾ ਕੰਮ ਸ਼ੁਰੂ ਕਰ ਦਿੱਤਾ। ਜਦੋਂ ਉਨ੍ਹਾਂ ਨੂੰ ਅਕਾਲੀ ਲਾਭ ਸਿੰਘ ਨੇ ਖ਼ਬਰ ਦਿੱਤੀ[38] ਕਿ ਕਸ਼ਮੀਰੀ ਸਿੱਖਾਂ ਦੀ ਮੁੜ-ਵਸੇਬੇ ਵਾਲੀ ਫਾਈਲ ਗੁੰਮ ਹੋ ਗਈ ਹੈ ਤਾਂ ਉਨ੍ਹਾਂ ਦੇ ਮਨ ’ਤੇ ਬਹੁਤ ਜ਼ਿਆਦਾ ਅਸਰ ਹੋਇਆ ਜਿਸ ਕਾਰਨ ਉਨ੍ਹਾਂ ਦੀ ਹਾਲਤ* ਬਹੁਤ ਜ਼ਿਆਦਾ ਖ਼ਰਾਬ ਹੋ ਗਈ।

---

[36] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 23.

[37] ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰ. 62.

[38] ਅਤਰ ਸਿੰਘ, *ਜੀਵਨ ਚਰਿਤ੍ਰ ਅਕਾਲੀ ਕੌਰ ਸਿੰਘ ਨਿਹੰਗ*, ਪੰ. 145.

* ਵਿਗੜੀ ਸਿਹਤ ਦੀ ਖ਼ਬਰ ‘ਪ੍ਰਕਾਸ਼’ ਦੇ 25 ਜਨਵਰੀ 1953 ਦੇ ਅੰਕ ਵਿਚ ਵੀ ਛਪੀ ਸੀ।

ਇਸੇ ਕਾਰਨ ਕਰਕੇ 3 ਜਨਵਰੀ 1953 ਈ. ਨੂੰ ਹਾਈ ਬਲੱਡ ਪ੍ਰੈਸ਼ਰ ਦੀ ਵਜ੍ਹਾ ਕਰਕੇ ਆਪ ਦੀ ਦਿਮਾਗ ਦੀ ਨਾੜੀ 'ਤੇ ਅਸਰ ਹੋਇਆ। 22 ਜਨਵਰੀ 1953 ਈ. ਨੂੰ ਰਾਤ ਦੇ ਤਿੰਨ ਵਜੇ ਅਧਰੰਗ ਦਾ ਅਜਿਹਾ ਹਮਲਾ ਹੋਇਆ ਕਿ ਪਾਸਾ ਨਕਾਰਾ ਹੋ ਗਿਆ।[39] ਇਸੇ ਤਰ੍ਹਾਂ ਦਿਲ ਦੀ ਬਿਮਾਰੀ ਕਾਰਨ 23 ਜਨਵਰੀ 1953 ਦੀ ਰਾਤ ਨੂੰ 8 ਵੱਜ ਕੇ 10 ਮਿੰਟ 'ਤੇ ਅਕਾਲੀ ਜੀ ਅਕਾਲ ਚਲਾਣਾ ਕਰ ਗਏ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਪਿਛਲੇ ਪਾਸੇ ਇਕ ਵਿਸ਼ੇਸ਼ ਥਾਂ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਜੋ ਕਿ ਸਰਬਤ ਸੰਗਤ ਦੀ ਮਰਜ਼ੀ ਦੇਖਦਿਆਂ 'ਧਰਮ ਅਰਥ ਬੋਰਡ' ਦੀ ਪ੍ਰਵਾਨਗੀ ਨਾਲ ਕੀਤਾ ਗਿਆ। ਉਨ੍ਹਾਂ ਦੇ ਨਮਿਤ ਜੋ ਅਖੰਡ ਪਾਠ ਰਖੇ ਗਏ ਉਹ ਵੀ ਦਰਬਾਰ ਸਾਹਿਬ ਦੇ ਅੰਦਰ ਹੀ ਰੱਖੇ ਜਾਣੇ ਪ੍ਰਵਾਨ ਕੀਤੇ ਗਏ। ਉਨ੍ਹਾਂ ਦੀ ਯਾਦ ਵਿਚ 'ਸ੍ਰੀ ਗੁਰੂ ਸਿੰਘ ਸਭਾ' ਸ਼ਿਮਲੇ ਵੀ 30 ਜਨਵਰੀ ਨੂੰ ਅਖੰਡ ਪਾਠ ਸਾਹਿਬ ਰੱਖ ਕੇ 1 ਫਰਵਰੀ ਨੂੰ ਭੋਗ ਪਾਇਆ ਗਿਆ।[40]

**ਰਚਨਾਵਾਂ ਦਾ ਵਿਵਰਣ:** ਅਕਾਲੀ ਕੌਰ ਸਿੰਘ ਨੇ ਉਚ-ਪੱਧਰੀ ਸਾਹਿਤ ਰਚ ਕੇ ਸਿੱਖ ਸਾਹਿਤ ਵਿਚ ਵਡਮੁੱਲਾ ਯੋਗਦਾਨ ਦਿੱਤਾ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ; ਸ੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼, ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ, ਹਜ਼ੂਰੀ ਸਾਥੀ, ਇਸਤ੍ਰੀ ਸੰਕਟ ਮੋਚਨ ਅਰਥਾਤ ਵਿਧਵਾ ਵਿਆਹ, ਹਜ਼ੂਰੀ ਸਾਥੀ, ਸੁਖ ਸਾਗਰ ਅਰਥਾਤ ਘਰ ਦਾ ਵੈਦ, ਬੁਧਿਬਾਰਿਧ ਹਿਤ ਉਪਦੇਸ਼ ਰਤਨਾਕਰ, ਭੋਜਨ ਸੀਂਗਾਰ, ਸ੍ਰੀ ਗੁਰ ਸੋਭਾ (ਸੰਪਾਦਿਤ), ਰਾਜਤ੍ਰੰਗਨੀ (ਅਨੁਵਾਦਿਤ) ਆਦਿ ਹਨ। ਇਸ ਤੋਂ ਇਲਾਵਾ ਵਿਭਿੰਨ ਵਿਸ਼ਿਆਂ ਉਪਰ ਲੇਖ ਅਤੇ ਨਿਬੰਧਾਂ ਦੀ ਰਚਨਾ ਵੀ ਕੀਤੀ।

## ਸ਼ਖ਼ਸੀਅਤ

ਸ਼ਖ਼ਸੀਅਤ ਮਨੋਵਿਗਿਆਨੀਆਂ ਨੇ ਇਸ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ। ਸ਼ਖ਼ਸੀਅਤ ਵਿਚ ਮਨੁੱਖ ਦੇ ਬੋਧ, ਸੁਭਾਅ, ਬੋਲ-ਚਾਲ, ਵਿਸ਼ਵਾਸ ਅਤੇ ਵਿਵਹਾਰ ਆਦਿ ਦੇ ਲੱਛਣ ਸ਼ਾਮਲ ਕੀਤੇ ਜਾਂਦੇ ਹਨ। ਇਹ ਲੱਛਣ ਉਸ ਨੂੰ ਵਿਰਸੇ ਅਤੇ ਵਾਤਾਵਰਨ ਵਿਚੋਂ ਪ੍ਰਾਪਤ ਹੁੰਦੇ ਹਨ। ਹਰੇਕ ਵਿਅਕਤੀ ਦੇ ਹੀ ਸੁਤੰਤਰ

---

[39] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 24.

[40] *ਰੋਜ਼ਾਨਾ ਅਕਾਲੀ*, 6 ਫਰਵਰੀ 1953.

ਰੂਪ ਵਿਚ ਆਪੋ ਆਪਣੇ ਵਿਸ਼ੇਸ਼ ਗੁਣ ਅਤੇ ਲੱਛਣ ਹੁੰਦੇ ਹਨ ਜਿਨ੍ਹਾਂ ਨਾਲ ਉਸ ਦੀ ਇਕ ਵੱਖਰੀ ਪਛਾਣ ਬਣਦੀ ਹੈ। ਸੁਭਾਅ ਅਤੇ ਵਰਤੋਂ ਵਿਹਾਰ ਦੀਆਂ ਵਿਅਕਤੀਗਤ ਵਿਲੱਖਣਤਾਵਾਂ ਦੇ ਵਿਲੱਖਣ ਜੁੱਟ ਸ਼ਖ਼ਸੀਅਤ ਦੇ ਪਛਾਣ-ਚਿੰਨ੍ਹ ਹੁੰਦੇ ਹਨ।[41] ਇਕ ਚੰਗੀ ਸ਼ਖ਼ਸੀਅਤ ਦਾ ਧਾਰਨੀ ਮਨੁੱਖ ਹੀ ਇਸ ਦੁਨੀਆਂ ਅੰਦਰ ਆਪਣੀ ਨਿਰਾਲੀ ਅਤੇ ਨਮੋਯੋਗ ਜਗ੍ਹਾ ਸਥਾਪਤ ਕਰ ਪਾਉਂਦਾ ਹੈ।

ਅਕਾਲੀ ਜੀ ਦਾ ਵਿਅਕਤਿਤ੍ਵ ਇਕ ਬਹੁ-ਪੱਖੀ ਬਿਲੌਰ ਵਾਂਗ ਸੀ ਜਿਸਦੇ ਬੇਅੰਤ ਪਹਿਲੂਆਂ ਰਾਹੀਂ ਭਿੰਨ-ਭਿੰਨ ਕਿਸਮ ਦੀਆਂ ਰਿਸ਼ਮਾਂ ਇਕ ਪ੍ਰਮੁੱਖ ਤੇ ਕੇਂਦਰੀ ਰੰਗ ਉੱਪਰ ਆ ਟਿਕਦੀਆਂ ਸਨ ਅਤੇ ਇਸੇ ਹੀ ਇਕ ਰੰਗ ਦਾ ਰੂਪ ਧਾਰਨ ਕਰ ਲੈਂਦੀਆਂ ਸਨ। ਇਹ ਕੇਂਦ੍ਰੀ ਰੰਗ ਸੀ ਸਿੱਖੀ ਰਹਿਤ-ਮਰਿਆਦਾ ਵਾਲੀ ਸੱਚੀ ਅਤੇ ਸੁੱਚੀ ਰਹਿਣੀ ਦਾ।[42] ਪ੍ਰਿੰ. ਤੇਜਾ ਸਿੰਘ ਨੇ ਉਨ੍ਹਾਂ ਨੂੰ ਉਸ ਸਮੇਂ ਦੀ ਸਿੱਖੀ ਦਾ ਇਕ ਚਮਕਦਾ ਸਿਤਾਰਾ ਕਿਹਾ।[43] ਭਾਈ ਸਾਹਿਬ ਭਾਈ ਰਣਧੀਰ ਸਿੰਘ ਜਿਹੇ ਗੁਰਸਿੱਖਾਂ ਨਾਲ ਉਨ੍ਹਾਂ ਦਾ ਪਰਸਪਰ ਪ੍ਰੇਮ ਅਤੇ ਗੂੜ੍ਹਾ ਮੇਲ-ਮਿਲਾਪ ਸੀ।[44] ਉਨ੍ਹਾਂ ਬਾਰੇ ਇਨਸਾਈਕਲੋਪੀਡੀਆ ਆਫ਼ ਸਿੱਖਿਜ਼ਮ ਵਿਚ ਬੜਾ ਹੀ ਕਮਾਲ ਦਾ ਇੰਦਰਾਜ ਇਸ ਤਰ੍ਹਾਂ ਹੈ- The last prominent Nihang known as an Akali was Akali Kaur Singh (1886-1953)[45]

ਅਕਾਲੀ ਕੌਰ ਸਿੰਘ ਸਿੱਖ-ਜਗਤ ਅੰਦਰ ਇਕ ਅਜਿਹੀ ਸ਼ਖ਼ਸੀਅਤ ਹੋਏ ਹਨ, ਜੋ ਕਿ ਬਹੁਤ ਹੀ ਸਤਿਕਾਰਤ ਅਤੇ ਪ੍ਰਬੁਧ ਸ਼ਖ਼ਸੀਅਤ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਤਾਅ ਉਮਰ ਮਾਨਵਤਾ ਦੇ ਭਲੇ ਦੇ ਨਾਲ-ਨਾਲ ਅਕਾਦਮਿਕ ਖੇਤਰ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਨੇ ਤਨ, ਮਨ ਅਤੇ ਧਨ ਨਾਲ ਸਿੱਖੀ ਦੇ ਪ੍ਰਚਾਰ ਅਤੇ ਪਾਸਾਰ ਵਿਚ ਯੋਗਦਾਨ ਪਾਇਆ। ਅੰਗ੍ਰੇਜ਼ੀ ਕਾਲ ਦੇ ਅੰਤਮ ਛਿਨਾਂ ਅਤੇ

---

[41] https://en.m.wikipedia.org, 8 ਦਸੰਬਰ, 2018, 11:23 ਸਵੇਰੇ

[42] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 26.

[43] *ਪ੍ਰਕਾਸ਼*, 6 ਫਰਵਰੀ 1953.

[44] ਭਾਈ ਰਣਧੀਰ ਸਿੰਘ, *ਜੇਲ੍ਹ ਚਿੱਠੀਆਂ*, ਪੰਨੇ 433-435.

[45] Harbans Singh (Ed.), *Encyclopaedia of Sikhism*, vol.-1, p. 40.

ਹਿੰਦੁਸਤਾਨੀਆਂ ਦੇ ਵਰਤਮਾਨ ਰਾਜ-ਕਾਲ ਦੇ ਪਹਿਲੋਂ-ਪਹਿਲ ਦੋ ਵਰ੍ਹਿਆਂ (1952-53 ਈ.) ਤਕ ਅਕਾਲੀ ਰਹਿਣੀ-ਬਹਿਣੀ ਦੀ ਸੰਤ-ਸਿਪਾਹੀ ਵਰਗੀ ਅਤੇ ਰਹੱਸਾਤਮਕ ਪ੍ਰਾਪਤੀਆਂ ਭਰਪੂਰ ਅਜ਼ਮਤ ਦੀ ਉਦਾਹਰਨ ਸਿਰਫ਼ ਅਕਾਲੀ ਕੌਰ ਸਿੰਘ ਨੂੰ ਹੀ ਮੰਨਿਆ ਜਾਂਦਾ ਸੀ। ..........ਨਿਹੰਗ ਦੇ ਰੂਪ ਵਿਚ ਅਕਾਲੀ ਜੀ ਬੁੱਢਾ ਦਲ ਦੇ ਮੈਂਬਰ ਰਹੇ ਅਤੇ 'ਨਿਹੰਗਪੁਣੇ' ਦੀ ਸਰਵੋਤਮ ਉਦਾਹਰਨ ਬਣ ਕੇ ਇਸ ਸਦੀ ਵਿਚ ਵਿਚਰੇ।[46] ਇਸ ਦਾ ਪ੍ਰਤੱਖ ਪ੍ਰਮਾਣ ਸਾਨੂੰ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਤੋਂ ਪ੍ਰਾਪਤ ਹੁੰਦਾ ਹੈ ਜਦੋਂ ਉਹ 'ਨਾਨਕ ਪੰਥੀ' ਦੇ ਅਰਥ ਕਰਦਿਆਂ 'ਨਿਹੰਗ' ਵਜੋਂ ਅਕਾਲੀ ਕੌਰ ਸਿੰਘ ਦੀ ਤਸਵੀਰ ਛਾਪਦੇ ਹਨ।[47] ਇਸੇ ਇੰਦਰਾਜ ਤੋਂ ਉਨ੍ਹਾਂ ਦੇ ਅਕਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਨ੍ਹਾਂ ਨੇ ਅਨੇਕਾਂ ਹੀ ਸਮਾਜਿਕ, ਧਾਰਮਿਕ, ਰਾਜਨੀਤਿਕ ਤੇ ਖ਼ਾਸ ਤੌਰ 'ਤੇ ਸਾਹਿਤਕ ਕਾਰਜਾਂ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਦੇ ਜੀਵਨ ਵਿਚ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਤੋਂ ਉਨ੍ਹਾਂ ਦੇ ਜੀਵਨ ਦਾ ਮਹੱਤਵ ਅਤੇ ਘਾਲਣਾ ਸਾਡੇ ਸਾਹਮਣੇ ਉਜਾਗਰ ਹੋ ਜਾਂਦੀ ਹੈ।

ਅਕਾਲੀ ਜੀ ਨੇ ਆਪਣੀਆਂ ਤਿੰਨੇ ਸ਼ਕਤੀਆਂ 'ਬਲ-ਸ਼ਕਤੀ', 'ਧਨ-ਸ਼ਕਤੀ' ਅਤੇ 'ਵਿਦਿਆ-ਸ਼ਕਤੀ' ਨੂੰ ਪੂਰਨ ਗੁਰ-ਸਿੱਖਾਂ ਤੇ ਗੁਰਮੁਖਾਂ ਵਾਂਗ ਵਰਤੋਂ ਵਿਚ ਲਿਆਂਦਾ।[48] ਉਨ੍ਹਾਂ ਨੇ ਕਦੇ ਕੋਈ ਡੇਰਾ ਕਾਇਮ ਨਹੀਂ ਕੀਤਾ, ਗੁਰਦੁਆਰਿਆਂ ਨੂੰ ਹੀ ਆਪਣਾ ਟਿਕਾਣਾ ਜਾਣਿਆ ਅਤੇ ਆਪਣਾ ਅੰਤਮ ਸਮਾਂ ਵੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਹੀ ਬਿਤਾਇਆ।

ਅਕਾਲੀ ਕੌਰ ਸਿੰਘ ਦਾ ਕੱਦ ਸਮਦਰ ਤੇ ਸਰੀਰ ਗੁੰਦਿਆ, ਭਰਵਾਂ ਅਤੇ ਅਤਿ ਸੁੰਦਰ ਸੀ। ਸਡੌਲ ਤੇ ਫੁਰਤੀਲਾ ਇਤਨਾ ਸੀ ਕਿ ਦਲਿੱਦਰ ਬੁਢੇਪੇ ਤਕ ਇਨ੍ਹਾਂ ਦੇ ਨੇੜੇ ਨਹੀਂ ਸੀ ਆਇਆ। ਅੱਖਾਂ ਮੋਟੀਆਂ ਗੋਲ ਤੇ ਸੁੰਦਰ ਚਮਕਾਂ ਮਾਰਦੀਆਂ ਸਨ। ਉਨ੍ਹਾਂ ਦਾ ਚਿਹਰਾ ਲਾਲੀ ਭਾਅ ਮਾਰਦਾ ਸੀ।[49] ਸਾਰੀ ਉਮਰ ਉਨ੍ਹਾਂ

---

[46] *ਗੁਰਮਤਿ ਪ੍ਰਕਾਸ਼,* ਮਾਰਚ 2004, ਪੰ. 41.

[47] *ਮਹਾਨ ਕੋਸ਼,* ਪੰ. 693.

[48] *ਪ੍ਰਕਾਸ਼,* 27 ਜਨਵਰੀ 1954.

[49] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ'',* ਪੰ. 163.

ਨੇ ਪੱਟੂ ਦੇ ਕੱਪੜੇ ਪਹਿਨੇ। ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਸਰੀਰਕ ਦਿੱਖ ਬਹੁਤ ਹੀ ਸੁੰਦਰ ਅਤੇ ਮਨਮੋਹਣੀ ਸੀ। ਅਕਾਲੀ ਜੀ ਸਿੱਖ ਪੰਥ ਵਿਚ ਸਿੱਖੀ ਰਹਿਣੀ ਬਹਿਣੀ ਦਾ ਆਦਰਸ਼ਕ ਨਮੂਨਾ ਸਮਝੇ ਜਾਂਦੇ ਸਨ ਅਤੇ ਜਦ ਕਿਸੇ ਨਿਰੋਲ ਧਾਰਮਿਕ ਮੁਆਮਲੇ ਵਿਚ ਪੂਰਨ ਗੁਰ-ਸਿੱਖਾਂ ਦੀ ਜ਼ਰੂਰਤ ਮਹਿਸੂਸ ਕੀਤੀ ਜਾਂਦੀ ਸੀ ਤਾਂ ਸਭ ਤੋਂ ਪਹਿਲਾਂ ਆਪ ’ਤੇ ਹੀ ਨਜ਼ਰ ਪੈਂਦੀ ਸੀ। ਜਦ ਸ੍ਰੀ ਪੰਜਾ ਸਾਹਿਬ ਦੀ ਨਵੀਂ ਇਮਾਰਤ ਦੀ ਨੀਂਹ ਰਖੀ ਗਈ ਤਾਂ ਆਪ ਇਸ ਨੀਂਹ ਰਖਣ ਵਾਲਿਆਂ ਪੰਜਾਂ ਪਿਆਰਿਆਂ ਵਿਚੋਂ ਇਕ ਸਨ। ਇਸੇ ਤਰ੍ਹਾਂ ਆਪ ਨੂੰ ਨਾਂਦੇੜ ਦੇ ਕਈ ਪਵਿਤ੍ਰ ਗੁਰਧਾਮਾਂ ਦੇ ਬੁਨਿਆਦੀ ਪੱਥਰ ਰਖਣ ਲਈ ਚੁਣਿਆ ਗਿਆ।[50]

## ਨਿਹੰਗ ਸਿੰਘਾਂ ਵਿਚ ਅਕਾਲੀ ਜੀ ਦੀ ਸ਼ਖ਼ਸੀਅਤ ਦਾ ਪ੍ਰਭਾਵ

ਅਕਾਲੀ ਕੌਰ ਸਿੰਘ ਗੁਰਸਿੱਖੀ ਦੀ ਇਕ ਅਮਲੀ ਮੂਰਤ ਸਨ। 'ਨਿਹੰਗ' ਦੇ ਰੂਪ ਵਿਚ ਅਕਾਲੀ ਜੀ ਬੁੱਢਾ ਦਲ ਦੇ ਸਦਸਯ ਰਹੇ ਅਤੇ 'ਨਿਹੰਗਪੁਣੇ' ਦੀ ਸਰਵੋਤਮ ਉਦਾਹਰਣ ਬਣ ਕੇ ਇਸ ਸਦੀ ਵਿੱਚ ਵਿਚਰੇ।[51] ਉਨ੍ਹਾਂ ਨੇ ਗੁਰਸਿੱਖੀ ਜੀਵਨ ਨੂੰ ਆਪਣੇ ਪਿੰਡੇ ਉਪਰ ਵਿਵਹਾਰਕ ਰੂਪ ਵਿਚ ਹੰਢਾਇਆ ਅਤੇ ਬਾਅਦ ਵਿਚ ਸਿੱਖਾਂ ਨੂੰ ਉਸ ਜੀਵਨ ਉਪਰ ਚਲਣ ਲਈ ਪ੍ਰੇਰਿਤ ਕੀਤਾ। ਨਿਆਸਰਿਆਂ, ਬੇਸਹਾਰਿਆਂ, ਯਤੀਮਾਂ ਤੇ ਦੁਖੀਆਂ ਦਾ ਸਹਾਰਾ ਬਣ ਕੇ ਆਪਣੇ ਜੀਵਨ ਪ੍ਰਯੋਜਨ ਨੂੰ ਸਫ਼ਲਾ ਸਮਝਦੇ ਸਨ।

ਅਕਾਲੀ ਕੌਰ ਸਿੰਘ 1988 ਬਿ. ਦੇ ਹੋਲੇ-ਮਹੱਲੇ ਨੂੰ ਸੰਤ ਸੁੰਦਰ ਸਿੰਘ ਤੋਂ ਵਿਦਾਇਗੀ ਲੈ ਕੇ ਅੰਮ੍ਰਿਤਸਰ ਤੋਂ ਹੁੰਦੇ ਸਿੱਧੇ ਅਨੰਦਪੁਰ ਸਾਹਿਬ ਪੁੱਜੇ। ਇਥੇ ਭਾਰੀ ਇਕੱਠ ਸੀ। ਨਿਹੰਗ ਸਿੰਘਾਂ ਦੇ ਦਲ ਸਭ ਜੁੜ ਗਏ ਸਨ। ਨਿਹੰਗ ਸਿੰਘ ਅਕਾਲੀ ਜੀ ਦਾ ਬਹੁਤ ਹੀ ਭਾਰੀ ਸਤਿਕਾਰ ਕਰਦੇ ਸਨ। ਇਸੇ ਸਤਿਕਾਰ ਸਦਕਾ ਨਿਹੰਗ ਸਿੰਘ ਜਥੇਬੰਦੀਆਂ ਵਲੋਂ 1988 ਬਿ. ਦੇ ਹੋਲੇ-ਮਹੱਲੇ ਦੀ ਜਥੇਦਾਰੀ ਭੀ ਅਕਾਲੀ ਜੀ ਨੂੰ ਸੌਂਪੀ। ਘੋੜ-ਦੌੜ ਵਿਚ ਆਪ ਜੀ ਸਭ ਤੋਂ ਪਹਿਲੇ ਨੰਬਰ ’ਤੇ ਰਹੇ। ਨੇਜ਼ਾ-ਬਾਜ਼ੀ ਤੇ ਹੋਰ 2 ਖੇਡਾਂ ਸ਼ਸਤਰ ਵਿਦਿਆ ਦੀਆਂ ਸਭ ਨੇ ਕਰ ਕੇ ਦੱਸੀਆਂ। ਅੰਤ ਪੁਰ ਸਿੰਘਾਂ ਦੇ ਸਹੀ ਕਰਤਬ ਅਰ ਸ਼ਸਤਰ ਵਿਦਿਆ ਵਾ

[50] *ਰੋਜ਼ਾਨਾ ਅਕਾਲੀ* (ਜਲੰਧਰ), 28 ਜਨਵਰੀ 1953, ਪੰ. 5.

[51] ਰੂਪ ਸਿੰਘ (ਸੰਪਾ.), *ਪ੍ਰਮੁਖ ਸਿੱਖ ਸ਼ਖ਼ਸੀਅਤਾਂ*, ਪੰ. 228.

ਗੁਰਬਾਣੀ ਨਿਤਨੇਮ ਰਹਿਤ ਮਰਯਾਦਾ ਪੁਰ ਪ੍ਰਭਾਵਸ਼ਾਲੀ ਲੈਕਚਰ ਕੀਤਾ ਜਿਸ ਦਾ ਸਮੂਹ ਹਾਜ਼ਰ ਦੀਵਾਨ ਮਾਈ ਭਾਈ ਉਤੇ ਗਹਿਰਾ ਅਸਰ ਪਿਆ।[52]

## ਅਹੁਦਿਆਂ ਤੋਂ ਪ੍ਰਹੇਜ਼ ਕਰਨ ਵਾਲੇ

ਉਨ੍ਹਾਂ ਨੇ ਕਿਸੇ ਖ਼ਾਸ ਰੁਤਬੇ ਅਤੇ ਪ੍ਰਸਿੱਧੀ ਵਾਲੇ ਜੀਵਨ ਤੋਂ ਆਪਣੇ ਆਪ ਨੂੰ ਪਰ੍ਹਾਂ ਰੱਖਣ ਦੀ ਹੀ ਕੋਸ਼ਿਸ਼ ਕੀਤੀ। ਇਕ ਵਾਰ 'ਪ੍ਰਕਾਸ਼' ਅਖ਼ਬਾਰ ਵਿਚ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਲਈ ਉਨ੍ਹਾਂ ਦਾ ਨਾਂ ਸੁਝਾਇਆ ਗਿਆ ਪ੍ਰੰਤੂ ਉਨ੍ਹਾਂ ਨੇ ਬਹੁਤ ਨਿਮਰਤਾ ਨਾਲ ਇਸ ਅਹੁਦੇ ਲਈ ਜਵਾਬ ਦੇ ਦਿੱਤਾ ਅਤੇ ਉਨ੍ਹਾਂ ਨੇ ਕਿਹਾ-

ਸ੍ਰੀ ਅਕਾਲ ਤਖਤ ਜੀ ਦਾ ਜਥੇਦਾਰ ਜਿਥੇ ਸੂਰਬੀਰ ਬਚਨ ਕੇ ਬਲੀ, ਹੋਂਨੇ ਚਾਹੀਦੇ ਹਨ ਉਥੇ ਨਾਮ ਬਾਣੀ ਦੇ ਪ੍ਰੇਮ ਅਭਿਆਸੀ ਵੀ ਹੋਣੇ ਚਾਹੀਦੇ ਹਨ। ਜਿਥੇ ਦਾਸ ਇਨ੍ਹਾਂ ਗੁਣਾਂ ਤੋਂ ਖਾਲੀ ਹੈ ਉਥੇ ਇਹ ਭੀ ਬਾਤ ਹੈ ਕਿ ਮੇਰੇ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਦੰਪਤੀ (ਮਹਾਰਾਜ ਤੇ ਮਹਾਰਾਣੀ ਨਾਭਾ ਵਲ ਇਸ਼ਾਰਾ ਹੈ) ਖਾਲਸੇ ਨੇ ਅਜ 42 ਸਾਲ ਦੇ ਕਰੀਬ ਹੋਏ ਪ੍ਰਣ ਕਰਵਾਇਆ ਸੀ, ਕਿ ਮੈਂ ਕਿਸੀ ਪੰਥਕ ਜਥੇ ਦੀ ਔਹਦੇਦਾਰੀ ਯਾਂ ਗੌਰਮੈਂਟ ਦੇ ਕਿਸੀ ਮਹਿਕਮੇ ਦੀ ਨੌਕਰੀ ਨਹੀਂ ਕਰਨੀ। ਇਸ ਲਈ ਦਾਸ ਇਸ ਦੀ ਜ਼ਿਮੇਂਵਾਰੀ ਲੈਣੋਂ ਅਸਮਰਥ ਹੈ। ਤਾਂਤੇ ਕੋਈ ਸਜਣ ਮੇਰੇ ਸਬੰਧ ਵਿਚ ਕਿਸੀ ਅਜੇਹੀ ਸੇਵਾ ਲਈ ਨਾਮ ਲੈਣ ਦਾ ਸੰਕਲਪ ਹੀ ਦਿਲ ਵਿਚ ਯਾ ਲਿਖਤ ਵਿਚ ਨਾ ਲਿਆਵੇ ਇਸ ਤਰ੍ਹਾਂ ਮੈਂ ਗੁਰੂ ਕਾ ਜਿਥੇ ਦੇਣਦਾਰ ਹੋਵਾਂਗਾ ਓਥੇ ਬਚਨ ਭੰਗ ਕਰਨ ਦਾ ਅਪਰਾਧੀ ਵੀ ਹੋਵਾਂਗਾ ਤੇ ਹੋਰ ਕਿਤਨੇ ਹੀ ਗੁਣਾਂ ਤੋਂ ਹੀਣ ਹੋਣ ਕਰ ਕੇ ਇਹ ਸੇਵਾ ਨਹੀਂ ਨਿਭਾ ਸਕਾਂਗਾ।[53]

ਭਾਵੇਂ ਕਿ ਅਕਾਲੀ ਕੌਰ ਸਿੰਘ ਇਨ੍ਹਾਂ ਪਦਵੀਆਂ ਅਤੇ ਸੇਵਾਵਾਂ ਲਈ ਬਿਲਕੁਲ ਯੋਗ ਅਤੇ ਕਾਬਲ ਸਨ, ਪਰ ਇਹ ਉਨ੍ਹਾਂ ਦਾ ਵਡੱਪਣ ਅਤੇ ਨਿਮਰਤਾ ਸੀ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਇਨ੍ਹਾਂ ਰੁਤਬਿਆਂ ਤੋਂ ਪਾਸੇ ਰੱਖਣ ਦੀ ਕੋਸ਼ਿਸ਼ ਕੀਤੀ। ਸਪਸ਼ਟ ਹੈ ਕਿ ਆਪ ਪਦਵੀਆਂ ਵਾਲੀ ਜ਼ਿੰਦਗੀ ਨੂੰ ਕਿਸ ਨਜ਼ਰ ਨਾਲ

---

[52] ਗਿ. ਖੇਮ ਸਿੰਘ ਚਕਾਰਵੀ, *ਜੀਵਨਾਵਲੀ ਸਚਕੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ "ਨਿਹੰਗ"*, ਪੰ. 108.

[53] ਅਤਰ ਸਿੰਘ, *ਜੀਵਨ ਚਰਿਤ੍ਰ ਅਕਾਲੀ ਕੌਰ ਸਿੰਘ ਨਿਹੰਗ*, ਪੰਨੇ 29-30.

ਵੇਖਦੇ ਸਨ। ਉਪਰੋਕਤ ਵਾਕਾਂ ਵਿਚ ਜਿਥੇ ਇਕ ਪਾਸੇ ਅਕਾਲ ਤਖ਼ਤ ਦੀ ਜੱਥੇਦਾਰੀ ਦੇ ਰੁਤਬੇ ਨੂੰ ਐਨਾ ਬੁਲੰਦ ਦੱਸ ਗਏ ਹਨ ਕਿ ਉਹ ਆਪਣੇ ਆਪ ਨੂੰ ਵੀ ਉਸ ਰੁਤਬੇ ਦੀ ਕਸਵੱਟੀ ਉੱਪਰ ਪੂਰੇ ਉਤਰਦੇ ਨਹੀਂ ਜਤਲਾ ਸਕੇ ਉਥੇ ਉਹ ਹਮੇਸ਼ਾਂ ਲਈ ਇਸ ਰੁਤਬੇ ਉੱਤੇ ਕਾਇਮ ਹੋਣ ਵਾਲੇ ਹਰ ਇਕ ਸਿੰਘ ਨੂੰ ਚਿਤਾਵਨੀ ਵੀ ਦੇ ਗਏ ਹਨ ਕਿ ਇਸ ਜ਼ਿੰਮੇਵਾਰੀ ਦੀ ਪ੍ਰਪੱਕਤਾ ਨਾ ਨਿਭਾ ਸਕਣ ਦੇ ਦੋਸ਼ੀ ਉਹ ਸਜਣ ਆਪ ਹੀ ਹੋਣਗੇ। ਬੜੇ ਵਿਚਿੱਤਰ ਢੰਗ ਨਾਲ ਆਪਣੀ ਗੱਲ ਵੀ ਕਹਿ ਗਏ ਹਨ ਅਤੇ ਦੂਜਿਆਂ ਨੂੰ ਵੀ ਇਕ ਪਿਆਰੇ ਜਿਹੇ ਅੰਦਾਜ਼ ਨਾਲ ਹਲੂਣਾ ਦੇ ਗਏ ਹਨ।[54]

## ਬਹੁਪੱਖੀ ਵਿਗਿਆਨਕ ਦ੍ਰਿਸ਼ਟੀ

ਅਕਾਲੀ ਜੀ ਨੇ ਪ੍ਰਚਾਰ ਬੜੇ ਵਿਗਿਆਨਕ ਢੰਗ ਨਾਲ ਕੀਤਾ। ਸਿੱਖਾਂ ਵਿੱਚ ਸਿੱਖੀ ਦੇ ਬੁਨਿਆਦੀ ਅਸੂਲ਼ਾਂ ਨੂੰ ਕਾਇਮ ਕਰਨ ਲਈ ਪਰਚਾਰ ਪੰਥ ਦੀ ਨਵੀਂ ਪਨੀਰੀ ਦੇ ਜੀਵਨ ਆਰੰਭ ਤੋਂ ਹੀ ਸ਼ੁਰੂ ਕਰਨ ਵਾਲੇ ਮੰਤਵ ਦੀ ਪ੍ਰਾਪਤੀ ਲਈ ਚਕਾਰ ਵਿੱਚ ਮੁੰਡੇ ਕੁੜੀਆਂ ਦੇ ਵਖ-ਵਖ ਵਿਦਿਅਕ ਆਸ਼ਰਮ ਚਾਲੂ ਕੀਤੇ। ਬੋਰਡਿੰਗ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਅਨੁਸਾਸ਼ਨ ਅਧੀਨ ਰਹਿ ਕੇ ਜਿਥੇ ਦੁਨਿਆਵੀ ਵਿਦਿਆ ਦਿੱਤੀ, ਉਥੇ ਉਨ੍ਹਾਂ ਨੂੰ ਨਿਤਨੇਮੀ ਬਣਾਇਆ, ਬਾਣੀ ਦਾ ਪਾਠ ਕੰਠ ਕਰਨ ਤੋਂ ਛੁਟ ਸਤਸੰਗ ਵਿੱਚ ਜੁੜਨ ਦੀ ਜਾਂਚ ਦੱਸੀ। ਉਨ੍ਹਾਂ ਵਿੱਚ ਵਿਸ਼ਵਾਸ ਅਤੇ ਆਚਰਨਕ ਉੱਚਤਾ ਪੈਦਾ ਕੀਤੀ।

ਦੂਜਾ, ਆਸ਼ਰਮ ਵਿੱਚ ਧਾਰਮਿਕ ਤੇ ਵਿਦਿਅਕ ਵਾਤਾਵਰਨ ਕਾਇਮ ਕਰਨ ਲਈ ਇਕ ਬਹੁਮੁਲਾ ਪੁਸਤਕਾਲਾ ਸਥਾਪਿਤ ਕੀਤਾ।

ਤੀਜਾ, ਕੌਮ ਵਿੱਚ ਗੁਰਮਤ ਦਾ ਪਰਚਾਰ ਕਰਨ ਲਈ ਪੂਰਨ ਮਰਿਆਦਾ ਅਨੁਸਾਰ ਅੰਮ੍ਰਿਤ ਪਰਚਾਰ ਕਰਨ 'ਤੇ ਜ਼ੋਰ ਦਿੱਤਾ।

[54] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 27.

ਚੌਥਾ, ਕੌਮ ਵਿੱਚ ਕਿਸੇ ਪਰਕਾਰ ਦੀ ਗਿਰਾਵਟ ਦਾ ਹਰ ਸਮੇਂ ਇਹਸਾਸ ਰਹਿੰਦਾ। 1947 ਵਿੱਚ ਦੇਸ ਦੇ ਬਟਵਾਰੇ ਮਗਰੋਂ ਹਜ਼ਾਰਾਂ ਸਿੱਖ ਬੱਚੀਆਂ ਤੇ ਇਸਤਰੀਆਂ ਨੂੰ ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ ਮਨਮਤ ਦੇ ਪਾਸੇ ਜਾਣ ਤੋਂ ਰੋਕਿਆ ਅਤੇ ਗੈਰ ਭਾਈ ਚਾਰੇ ਵਿੱਚ ਜਾਣ ਤੋਂ ਬਚਾ ਲਿਆ।

ਪੰਜਵਾਂ, ਪਰਚਾਰ ਦੇ ਆਧੁਨਿਕ ਸਾਧਨਾਂ ਤੋਂ ਅਕਾਲੀ ਜੀ ਪੂਰੇ ਸੁਚੇਤ ਸਨ। ਇਹ ਸਾਧਨ ਸੀ ਪ੍ਰੈਸ ਤੇ ਪਬਲਿਸਿਟੀ ਦਾ। ਇਹਦੀ ਪੂਰਤੀ ਲਈ ਆਪ ਜੀ ਨੇ ਚਕਾਰ ਵਿੱਚ ਪ੍ਰੈਸ ਲਗਾ ਕੇ 'ਕਸ਼ਮੀਰ ਸਿੱਖ ਸਮਾਚਾਰ' ਮਾਸਕ ਪੱਤਰ ਜਾਰੀ ਕੀਤਾ। ਕਸ਼ਮੀਰ ਵਿੱਚ ਇਹ ਸਭ ਤੋਂ ਪਹਿਲਾ ਉੱਦਮ ਸੀ।

ਛੇਵਾਂ, ਮਾਸਕ ਪਤਰ ਤੋਂ ਛੁਟ ਆਪ ਦੀਆਂ ਰਚਨਾਵਾਂ ਜਿਵੇਂ ਗੁਰੂ ਗ੍ਰੰਥ ਸਾਹਿਬ ਦਾ ਤਤਕਰਾ- ਸ੍ਰੀ ਗੁਰੁ ਸ਼ਬਦ ਰਤਨ ਪ੍ਰਕਾਸ਼, ਤਤਕਰਾ ਵਾਰਾਂ ਭਾਈ ਗੁਰਦਾਸ, ਸ੍ਰੀ ਗੁਰੁ ਸੋਭਾ, ਇਸਤਰੀ ਸੰਕਟ ਮੋਚਨ, ਹਜ਼ੂਰੀ ਸਾਥੀ ਅਤੇ ਅਣਛਪੇ ਗ੍ਰੰਥ ਜਿਵੇਂ ਪੁਰਾਤਨ ਲਿਖਤੀ ਰਹਿਤਨਾਮੇ, ਜਪੁਜੀ ਸਟੀਕ (ਭਾਈ ਮਨੀ ਸਿੰਘ ਲਿਖਤ), ਮਹਿਮਾ ਪ੍ਰਕਾਸ਼ ਗ੍ਰੰਥ, ਬੁਧਿਬਾਰਿਧ ਹਿਤ ਉਪਦੇਸ਼ ਰਤਨਾਕਰ ਦਾ ਉਲਥਾ ਆਦਿ ਪੁਸਤਕਾਂ ਸਿੱਖ ਧਰਮ ਦੇ ਪਰਚਾਰ ਨੂੰ ਮੁੱਖ ਰਖਕੇ ਹੀ ਲਿਖੀਆਂ ਗਈਆਂ। ਇਸ ਤੋਂ ਇਲਾਵਾ ਜਦੋਂ ਲਹੌਰ ਵਿਚ 'ਸਿੱਖ ਹਿਸਟਰੀ ਸੋਸਾਇਟੀ' ਦੀ ਨੀਂਹ ਜੂਨ 1934 ਨੂੰ ਰੱਖੀ ਗਈ ਸੀ ਤਾਂ ਉਸ ਸਮੇਂ ਅਕਾਲੀ ਜੀ ਨੇ ਸੁਯੋਗ ਮਸ਼ਵਰੇ ਦਿੱਤੇ ਸਨ।[55]

ਉਪਰੋਕਤ ਸਾਧਨਾਂ ਦੀ ਵਰਤੋਂ ਤੋਂ ਛੁਟ ਅਕਾਲੀ ਜੀ ਦੇ ਜੀਵਨ ਦੀ ਪਾਰਸ ਛੋਹ ਨਾਲ ਹਰ ਵਿਅਕਤੀ ਪ੍ਰਭਾਵਿਤ ਹੋਣੋਂ ਨਹੀਂ ਸੀ ਰਹਿ ਸਕਦਾ। ਆਪ ਜੀ ਗੁਰਬਾਣੀ ਦੇ ਪ੍ਰਸਿੱਧ ਵਿਆਖਿਆਕਾਰ ਤੇ ਕਥਾਕਾਰ ਸਨ।

ਅਕਾਲੀ ਜੀ ਦੇ ਪਰਚਾਰ ਨੂੰ ਵਿਗਿਆਨਿਕ ਤੇ ਸਮੇਂ ਦੇ ਅਨੁਕੂਲ ਕਿਹਾ ਜਾ ਸਕਦਾ ਹੈ।[56]

## ਸੁਯੋਗ ਪ੍ਰਚਾਰਕ:

ਅਕਾਲੀ ਕੌਰ ਸਿੰਘ ਦੀ ਉੱਚ ਦਰਜੇ ਦੀ ਸ਼ਖ਼ਸੀਅਤ ਅਤੇ ਵਡਮੁੱਲੇ ਯੋਗਦਾਨ ਬਾਰੇ ਪ੍ਰੋ. ਸੇਵਾ ਸਿੰਘ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ- "ਅਕਾਲੀ ਜੀ ਅੰਮ੍ਰਿਤਧਾਰੀ ਬਿਹੰਗਮ ਜੀਉੜੇ ਸਨ ਅਤੇ ਸਿੱਖ ਧਰਮ ਵਿਚ

---

[55] *ਰੋਜ਼ਾਨਾ ਅਕਾਲੀ,* 5 ਫਰਵਰੀ 1953.

[56] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ,* ਪੰਨੇ 261-263.

ਗੁਰਮਤ ਦੇ ਨਾਲ ਨਾਲ ਜੁੜੀਆਂ ਫੋਕਟ ਤਾਂਤ੍ਰਿਕ ਤੇ ਬ੍ਰਹਿਮਣੀ ਰਸਮਾਂ ਨੂੰ ਦੂਰ ਕਰਨਾ ਉਨ੍ਹਾਂ ਨੇ ਆਪਣਾ ਮਨੋਰਥ ਮਿਥ ਲਿਆ ਸੀ। ਇਸ ਕਾਰਜ ਲਈ ਆਪ ਜੀ ਨੇ ਮੁਢਲੀ ਅਵਸਥਾ ਤੋਂ ਹੀ ਕਮਰ ਕਸੇ ਕਰ ਲਏ। ਆਪ ਜੀ ਦੇ ਪ੍ਰਚਾਰ ਦੌਰੇ ਕਸ਼ਮੀਰ ਤਕ ਹੀ ਸੀਮਿਤ ਨਹੀਂ ਸਨ ਸਗੋਂ ਇਹ ਢਾਕਾ, ਲਾਲਪੁਰਾ, ਅਫਗਾਨਿਸਤਾਨ, ਉਤਰ ਪੱਛਮੀ ਸਰਹਦੀ ਸੂਬਾ ਅਤੇ ਪੰਜਾਬ ਦੇ ਮਾਲਵੇ ਖੇਤਰ ਤਕ ਫੈਲੇ ਹੋਏ ਸਨ। ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿੱਚ ਅਕਾਲੀ ਜੀ ਨੇ 1947 ਦੇ ਘੱਲੂਘਾਰੇ ਤੋਂ ਪ੍ਰਭਾਵਿਤ ਦੁਖੀ ਪਰਵਾਰਾਂ ਦੇ ਵਸੇਬੇ ਲਈ ਕੀਤੀ ਜਦੋ ਜ਼ਹਿਦ ਤੋਂ ਸਮਾਂ ਕਢ ਕੇ , ਮਾਲਵੇ ਦੀ ਧਰਤੀ ਵਿੱਚ ਫੈਲੀ ਮਨਮਤ ਅਤੇ ਗੁਰਮਤ ਦੇ ਵਿਪ੍ਰੀਤ ਰੀਤਾਂ ਤੇ ਬੁਰਾਈਆਂ ਨੂੰ ਦੂਰ ਕਰਨ ਲਈ ਗੁਰਮਤ ਪ੍ਰਚਾਰ ਜਥਾ ਕਾਇਮ ਕਰਕੇ ਭਾਦਰੋਂ 2009 ਬਿ. ਵਿਚ ਮਾਨਸਾ (ਮਾਲਵਾ) ਤੋਂ 500 ਸਿੱਖਾਂ ਨੂੰ ਅੰਮ੍ਰਿਤ ਛਕਾਣ ਤੋਂ ਆਰੰਭ ਕੀਤਾ। ਆਪ ਜੀ ਦੀ ਗਿਰਦੀ ਜਾ ਰਹੀ ਸਿਹਤ ਕਾਰਨ ਇਹ ਪਰਚਾਰ ਅਗੇ ਨਾ ਵਧ ਸਕਿਆ। ਆਪ ਜੀ ਦੇ ਪਰਚਾਰ ਦੇ ਮੁੱਖ ਉਦੇਸ਼ ਗੁਰਮਤ ਤੇ ਖਾਲਸਾ ਪੰਥ ਦੇ ਨਿਯਮਾਂ ਦੇ ਅਨੁਕੂਲ ਸਨ।[57]

## ਪ੍ਰਭਾਵਸ਼ਾਲੀ ਬੁਲਾਰੇ

ਅਕਾਲੀ ਕੌਰ ਸਿੰਘ ਸਿੱਖੀ ਦੇ ਬਹੁਤ ਹੀ ਸੁਲਝੇ ਹੋਏ ਪ੍ਰਚਾਰਕ ਹੋਣ ਦੇ ਨਾਲ-ਨਾਲ ਪ੍ਰਭਾਵਸ਼ਾਲੀ ਬੁਲਾਰੇ ਵੀ ਸਨ ਜੋ ਕਿ ਹਰ ਇਕ ਉਪਰ ਆਪਣਾ ਪ੍ਰਭਾਵ ਛਡਣ ਵਿਚ ਕਾਮਯਾਬ ਸਨ, ਇਸ ਗੱਲ ਦੀ ਗਵਾਹੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਭਰਦੇ ਹਨ। ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ 1907 ਈ. ਨੂੰ ਵਾਪਰੀ ਘਟਨਾ ਬਾਰੇ ਇੰਞ ਲਿਖਿਆ ਹੈ:

ਇਸ ਪਿਆਰੇ ਸਾਜਨੜੇ ਦੇ ਪਹਿਲੇ ਰੰਗੀਲੇ ਦਰਸ਼ਨ ਮੈਨੂੰ 1907 ਵਿਚ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੇ ਗੁਰਦਵਾਰੇ ਦੇ ਬਾਹਰ ਲਗੇ ਰਹਿਰਾਸ ਸਾਹਿਬ ਦੇ ਦੀਵਾਨ ਵਿਚ ਹੋਏ। ਜਦੋਂ ਮੈਂ ਉਥੇ ਸੁਪ੍ਰਡੰਟ ਲਗਾ ਹੋਇਆ ਸੀ। ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਪਿਛੋਂ ਯਕਾਯਕ ਇਕ ਅਨੁਪਮ ਯੁਵਕ ਵਿਅਕਤੀ ਅਕਾਲੀ ਵੇਸ ਵਿਚ ਉਠ ਕੇ ਭਾਸ਼ਨ ਦੇਣ ਲਗ ਪਏ। ਭਾਸ਼ਨ ਦੇ ਆਰੰਭ ਤੇ ਹੀ ਇਸ ਵਿਅਕਤੀ ਦੇ

---

57 ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰ. 261.

ਮੁਖਾਰਬਿੰਦ ਤੋਂ ਜੋ ਕੁਛ ਨਿਕਲਨਾ ਆਰੰਭ ਹੋਇਆ, ਉਹ ਇਕ ਅਜ਼ਗੈਬੀ ਇਬਾਰਤ ਵਿਚ ਸੁਤੇ ਸੁਫੁਟ ਰੰਗ ਫੁਲਝੜੀ ਦੀ ਨਿਆਈਂ ਸੀ। ਇਕ ਇਕ ਲਫਜ਼ ਗੁਰਮਤਿ ਦੇ ਪੂਰਨ ਅੰਦਾਜ਼ ਵਿਚ ਗੁੰਦਿਆ ਹੋਇਆ ਕ੍ਰਿਸ਼ਮਾ ਸੀ। ਸ੍ਰੋਤੇ ਜਨ ਸੁਣਨਸਾਰ ਹੀ ਚਕ੍ਰਿਤ ਰਹਿ ਗਏ।[58]

1931 ਵਿਚ ਮੰਡੀ ਮੁੱਲਾਂਪੁਰ ਵਿਖੇ 'ਕੂਕਾ ਕੁਫਰ ਤੋੜ ਕਾਨਫ਼ਰੰਸ' ਹੋਈ ਜਿਸ ਵਿਚ ਅਕਾਲੀ ਜੀ ਪੰਜਾਂ ਪਿਆਰਿਆਂ ਵਿਚ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਬਾਰੇ ਵਿਦਵਤਾ ਭਰਪੂਰ ਵਿਚਾਰ ਪੇਸ਼ ਕੀਤੇ ਅਤੇ ਗੁਰੂ ਡੰਮ੍ਹ ਦੇ ਵਿਰੋਧ ਵਿਚ ਪ੍ਰਭਾਵਸ਼ਾਲੀ ਲੈਕਚਰ ਕੀਤਾ।[59] ਅਕਾਲੀ ਜੀ ਦੀ ਅਨਮੋਲ ਕਿਸਮ ਦੀ ਕਥਾ ਵਿਚ ਭਾਈ ਸਾਹਿਬ (ਭਾ. ਸਾ. ਭਾ. ਰਣਧੀਰ ਸਿੰਘ) ਦੇ ਪ੍ਰਮਾਣ ਐਨ ਟਿਕਵੇਂ ਅਤੇ ਸੋਨੇ 'ਤੇ ਸੁਹਾਗੇ ਦਾ ਕੰਮ ਕਰ ਰਹੇ ਸਨ।[60]

ਅਕਾਲੀ ਜੀ ਵਿਚ ਇੰਨੀ ਸਮਰੱਥਾ ਸੀ ਕਿ ਉਨ੍ਹਾਂ ਨੇ ਕੱਟੜ ਆਰੀਆ ਸਮਾਜੀ, ਉਹ ਵੀ ਪ੍ਰਧਾਨ, ਸ. ਲਛਮਣ ਸਿੰਘ* ਦਾ ਜੀਵਨ ਬਦਲ ਦਿੱਤਾ ਅਤੇ ਗੁਰਸਿੱਖੀ ਵਿਚ ਲਿਆਂਦਾ। ਢਾਡੀ ਜੱਥੇ ਪਿੱਛੋਂ ਅਕਾਲੀ ਜੀ ਨੇ ਗੁਰਬਾਣੀ, ਗੁਰਸਿੱਖ ਇਤਿਹਾਸ ਸੰਬੰਧਿਤ ਹਰੀ ਸਿੰਘ 'ਨਲੂਏ' ਦੀ ਐਸੀ ਪ੍ਰਭਾਵਸ਼ਾਲੀ ਕਥਾ ਵਾਚੀ ਜੋ ਕੱਟੜ ਆਰੀਆ ਸਮਾਜੀ ਸ. ਲਛਮਣ ਸਿੰਘ ਜੀ ਪਰਿਵਾਰ ਸਹਿਤ ਅੰਮ੍ਰਿਤਪਾਨ ਕਰਨ ਲਈ ਤਤਪਰ ਹੋਏ। ਅਕਾਲੀ ਜੀ ਨੇ ਪੂਰੀ ਬਿਧੀ ਨਾਲ ਇਸ ਪਰਿਵਾਰ ਦੇ ਸਮੂਹ ਮੈਂਬਰਾਂ ਨੂੰ ਅੰਮ੍ਰਿਤ ਛਕਾਇਆ। ਸਿੰਘ ਰਹਿਣੀ ਵਿਚ ਆ ਕੇ ਇਹ ਸਪਰਵਾਰ ਸ੍ਰੀ ਅੰਮ੍ਰਿਤਸਰ ਤੋਂ ਹੋ ਕੇ ਜਮਰੌਦ ਪੁੱਜੇ ਤੇ ਸਿੱਖ ਰਾਜ ਦੀਆਂ

---

[58] *ਪ੍ਰਕਾਸ਼,* 24 ਜੁਲਾਈ, 1970.

[59] ਉਹੀ, 24 ਜਨਵਰੀ, 1956.

[60] ਗਿ. ਮੇਵਾ ਸਿੰਘ ਜੀ ਟਕਸਾਲ ਦੇ ਪ੍ਰਚਾਰਕ, ਸ਼ਰਧਾਂਜਲੀ, (ਬੀਬੀ ਭਾਗ ਜੀ ਦੀ ਦੇਣ), ਉਦਰਿਤ, ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ,* ਪੰ. 117.

* ਭਰਮਤੋੜ ਜੀ ਦੇ ਕਥਨ ਅਨੁਸਾਰ ਇਹ ਸਰਦਾਰ ਸਾਹਿਬ ਹਰੀ ਸਿੰਘ ਨਲੂਆ ਜੀ ਦੇ ਖਾਨਦਾਨ ਵਿਚੋਂ ਬੰਗਲਾ ਦੇਸ਼ ਦੇ ਵੱਡੇ ਧਨਾਢ ਅਤੇ ਆਰੀਆ ਸਮਾਜ ਦੇ ਪ੍ਰਧਾਨ ਸਨ।

ਕਾਇਮ ਥਾਵਾਂ ਦੇਖੀਆਂ। ਗੁਰੂ ਕੇ ਬਾਗ ਵਾਲੇ ਮੋਰਚੇ ਦੇ ਸਮੇਂ ਜ਼ਨਾਨਾ ਵਲੰਟੀਅਰ ਅਰ ਜ਼ਖ਼ਮੀਆਂ ਦੀ ਸੇਵਾ ਕਰਨ ਲਈ ਜੱਥੇ ਦੇ ਰੂਪ ਵਿਚ ਸ੍ਰੀ ਅੰਮ੍ਰਿਤਸਰ ਭੇਜੀਆਂ। ਧਨ ਕਰਕੇ ਵੀ ਹਿੱਸਾ ਲਿਆ।[61]

## ਰਹਿਤਵਾਨ ਸਿੱਖ

ਅਕਾਲੀ ਕੌਰ ਸਿੰਘ ਸਿੱਖ ਰਹਿਤ ਮਰਯਾਦਾ ਅਤੇ ਸਿੱਖੀ ਲਈ ਪੂਰੀ ਤਰ੍ਹਾਂ ਸਮਰਪਿਤ ਸਨ, ਇਸੇ ਲਈ ਉਨ੍ਹਾਂ ਨੇ ਅੰਮ੍ਰਿਤ ਛਕਣ ਤੋਂ ਬਾਅਦ ਗੁਰਮਤਿ ਪ੍ਰਚਾਰ ਅਤੇ ਸੇਵਾ ਦਾ ਕਾਰਜ ਪਹਿਲਾਂ ਹਜ਼ੂਰ ਸਾਹਿਬ ਅਤੇ ਹਰਿਮੰਦਰ ਸਾਹਿਬ ਤੋਂ ਆਰੰਭ ਕੀਤਾ। ਉਨ੍ਹਾਂ ਨੇ ਸਿੱਖੀ ਪ੍ਰਚਾਰ ਹਿਤ ਸਮੁੱਚੇ ਰੂਪ ਵਿਚ ਵੱਖ-ਵੱਖ ਥਾਵਾਂ ਦੇ ਪ੍ਰਚਾਰ ਦੌਰੇ ਕੀਤੇ ਜਿਨ੍ਹਾਂ ਦਾ ਜ਼ਿਕਰ ਉਨ੍ਹਾਂ ਦੇ ਜੀਵਨ ਵਾਲੇ ਭਾਗ ਵਿਚ ਕੀਤਾ ਜਾ ਚੁੱਕਿਆ ਹੈ।

ਸਿੱਖਾਂ ਵਿਚ ਵਧ ਰਹੇ ਪਤਿਤਪੁਣੇ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪੰਥ ਦਰਦੀ ਸੇਵਕਾਂ ਨੇ ਵਿਚਾਰ ਕੀਤਾ ਕਿ 'ਗੁਰਮਤਿ ਪ੍ਰਚਾਰਕ' ਸੇਵਕਾਂ ਦੀ ਕਮੇਟੀ ਪਿੰਡਾਂ, ਸ਼ਹਿਰਾਂ, ਸਕੂਲਾਂ, ਕਾਲਜਾਂ ਵਿਚ ਪੁਜਕੇ ਥਾਂ-ਥਾਂ ਸਿੱਖੀ ਦੀਆਂ ਪੁਰਾਤਨ ਅਸਲੀ ਲੀਹਾਂ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਵਾਸਤੇ ਬਣਾਈ ਜਾਵੇ। ਇਸ ਵਿਚਾਰ ਨੂੰ ਸਿਰੇ ਚੜ੍ਹਾਣ ਵਾਸਤੇ ਜੇਠ ਦੇ ਆਰੰਭ ਵਿੱਚ ਗੁਰਦਵਾਰਾ ਸਾਹਿਬ ਧਮਧਾਨ ਰੇਲਵੇ ਸਟੇਸ਼ਨ ਪਟਿਆਲਾ ਦੇ ਬੁੰਗੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਜੀ ਦੀ ਸਮਾਪਤੀ ਪਰ ਹਾਜ਼ਰ ਸੰਗਤਾਂ ਵਿਚ ਸ੍ਰੀ ਮਾਨ ਸੰਤ ਤੇਜਾ ਸਿੰਘ ਜੀ ਡਬਲ ਐਮ. ਏ. ਮਸਤੂਆਣੇ ਵਾਲਿਆਂ ਦੀ ਪ੍ਰਧਾਨਗੀ ਵਿੱਚ (1) ਸ੍ਰੀ ਮਾਨ ਹਰੀ ਸਿੰਘ ਜੀ ਸਪੁਤਰ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ (2) ਸ੍ਰੀ ਮਾਨ ਸ੍ਰ. ਰਘਵੀਰ ਸਿੰਘ ਜੀ ਜਜ, (3) ਸ੍ਰੀ ਮਾਨ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ (4) ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ ਅਤੇ (5) ਗਿਆਨੀ ਨਿਰੰਜਨ ਸਿੰਘ ਜੀ ਦੁਖ ਨਿਵਾਰਨ ਸਾਹਿਬ ਵਾਲੇ ਦੇ ਨਾਮ ਪੇਸ਼ ਕਰਕੇ ਅਰਦਾਸਾ ਸੋਧਿਆ ਗਿਆ ਤੇ ਫ਼ਿਲਹਾਲ ਇਕ ਮਹੀਨੇ ਲਈ ਇਨ੍ਹਾਂ ਦੇ ਜੁਮੇ ਇਹ ਸੇਵਾ ਲਾਈ ਗਈ ਹੈ ਕਿ ਇਹ ਸੇਵਕ ਤਹਿਸੀਲ ਮਾਨਸਾ (ਬਠਿੰਡਾ) ਵਿਚ ਜਿਥੇ ਚੌਧਰੀ ਭਾਈ ਡੱਲਾ ਸਾਹਿਬ ਦੀ ਬੰਸ ਦੇ ਬਰਾੜ ਸਿਖ ਪਿੰਡਾਂ ਵਿਚ ਡੇਢ ਸੌ ਸਾਲ ਤੋਂ ਅੰਮ੍ਰਿਤ ਤੇ ਰਹਿਤ ਵਲੋਂ ਗਿਰ ਕੇ ਦਸਮੇਸ਼ ਜੀ ਦੇ ਚਰਨਾਂ ਤੋਂ ਵਿਛੜੀ ਸਿੱਖ ਸੰਤਾਨ ਵਿਚ ਅੰਮ੍ਰਿਤ ਪਰਚਾਰ

---

[61] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 85.

ਦੀ ਸੇਵਾ ਕਰਨਗੇ ਉਥੇ ਨਾਲ ਨਾਲ ਸ਼ਰਾਬ ਦੀਆਂ ਮਟੀਆਂ ਦੇ ਹੜਪ ਕਰਨ ਦੇ ਖਿਲਾਫ਼ ਪਰਚਾਰ ਤੇ ਆਪਣੇ ਵੀਰਾਂ ਨੂੰ ਸਿੱਖੀ ਰਹਿਤ ਦੇ ਧਾਰਨੀ ਤੇ ਪਿੰਡ ਪਿੰਡ ਧਾਰਮਿਕ ਪੰਚਾਇਤਾਂ ਦੀ ਰਾਹੀਂ ਆਪਣੇ ਵੀਰਾਂ ਦੇ ਸੁਧਾਰ ਦਾ ਜਿਥੇ ਯਤਨ ਕਰਨਗੇ ਉਥੇ ਪਿੰਡ ਪਿੰਡ ਗੁਰਦਵਾਰਿਆਂ ਵਿਚ ਦੋ ਵੇਲੇ ਕਥਾ, ਕੀਰਤਨ, ਪ੍ਰਚਾਰ, ਪਾਠ, ਗੁਰਬਾਣੀ ਨਿਤਨੇਮ ਦਾ ਪਰਵਾਹ ਭੀ ਚਲਾਵਣਗੇ। ਸਿੱਖ ਵੀਰਾਂ ਨੂੰ ਦਸਵੰਧੀ ਬਣਾ ਕੇ ਉਨ੍ਹਾਂ ਦੇ ਕਮਾਏ ਪਦਾਰਥ ਨੂੰ ਗੁਰੂ ਪੰਥ ਤੇ ਗੁਰਬਾਣੀ, ਗੁਰਮੁਖੀ ਪਰਚਾਰ ਵਿਚ ਸਫ਼ਲ ਬਣਾਉਣ ਦਾ ਯਤਨ ਕਰਨਗੇ।[62]

ਅਕਾਲੀ ਕੌਰ ਸਿੰਘ ਦੇ ਅੰਦਰ ਸਿੱਖੀ ਦੇ ਪਿਆਰ, ਉਮਾਹ ਅਤੇ ਵਿਦਵਤਾ ਦੇ ਸਦਕਾ ਹੀ ਸਿੱਖ-ਜਗਤ ਅੰਦਰ ਉਨ੍ਹਾਂ ਦੀਆਂ ਬਲਵਾਨ ਅਤੇ ਮੁੱਲਵਾਨ ਰਾਵਾਂ ਨੂੰ ਹਮੇਸ਼ਾਂ ਪ੍ਰਵਾਨਗੀ ਅਤੇ ਸਤਿਕਾਰ ਮਿਲਦਾ ਰਿਹਾ ਹੈ, ਜਿਸਦਾ ਪ੍ਰਮਾਣ ਸਿੱਖ ਰਹਿਤ ਮਰਯਾਦਾ ਦੀ 25 ਮੈਂਬਰੀ ਕਮੇਟੀ ਵਿਚ ਆਪ ਦੀ ਸ਼ਮੂਲੀਅਤ ਤੋਂ ਮਿਲਦਾ ਹੈ।[63]

## ਚੇਤੰਨ ਧਾਰਮਿਕ ਆਗੂ

ਧਰਮ ਪ੍ਰਚਾਰ ਦੇ ਨਾਲ-ਨਾਲ ਅਕਾਲੀ ਕੌਰ ਸਿੰਘ ਚਲੰਤ ਮਾਮਲਿਆਂ 'ਤੇ ਵੀ ਹਮੇਸ਼ਾਂ ਨਿਗ੍ਹਾ ਰੱਖਦੇ ਸਨ, ਜਿਹੜੇ ਕਿ ਖਾਲਸਾ ਪੰਥ ਨੂੰ ਫਾਇਦਾ ਜਾਂ ਨੁਕਸਾਨ ਪਹੁੰਚਾ ਸਕਦੇ ਸਨ। ਇਹ ਉਨ੍ਹਾਂ ਦੀ ਸ਼ਖ਼ਸੀਅਤ ਦਾ ਇਕ ਮਹਤਵਪੂਰਨ ਹਿੱਸਾ ਸੀ ਕਿ ਉਹ ਹਮੇਸ਼ਾਂ ਜਾਗ੍ਰਿਤ ਰਹਿੰਦੇ ਸਨ ਅਤੇ ਸਿੱਖਾਂ ਨੂੰ ਵੀ ਇਨ੍ਹਾਂ ਮਸਲਿਆਂ ਤੋਂ ਜਾਗ੍ਰਿਤ ਕਰਦੇ ਰਹਿੰਦੇ ਸਨ। ੧੯੦੭-੮ ਈ. ਵਿਚ ਗੁਰਦਵਾਰਾ ਰਕਾਬ ਗੰਜ ਦਿੱਲੀ ਸੰਬੰਧਤ ਗੜਬੜ ਆਰੰਭ ਹੋਈ। ਵਾਇਸਰਾਏ ਹਿੰਦ ਦੀ ਕੋਠੀ ਮੂਹਰਲੀ ਗੁਰਦਵਾਰੇ ਦੀ ਕੰਧ ਸਰਕਾਰ ਹਿੰਦ ਵਲੋਂ ਐਲਾਨੀਆਂ ਢਾਹੁਣ ਦਾ ਫ਼ੈਸਲਾ ਹੋਇਆ ਜਿਸ ਨੂੰ ਸਰਬ ਸੰਸਾਰ ਦੇ ਸਿੱਖਾਂ ਨੇ ਸੁਣ ਕੇ ਭਾਰੀ ਰੋਸ ਪ੍ਰਗਟਾਇਆ। ਇਸ ਸਮੇਂ ਨੂੰ ਸ਼ੁਭ ਸਮਝ 'ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ' ਮੁਤਾਬਕ ਗੁਰੂ ਕੀ ਲਾਡਲੀ ਫੌਜ ਖ਼ਾਲਸਾ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਗੁਪਤ-ਪ੍ਰਗਟ ਸਰਬਤ ਖ਼ਾਲਸਾ ਜੀ ਨੂੰ ਸਮਾਂ ਛੇਤੀ ਤੋਂ ਛੇਤੀ ਸੰਭਾਲਣ ਦੀ ਥਾਂ ਥਾਂ

---

[62] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 157.

[63] *ਸਿੱਖ ਰਹਿਤ ਮਰਯਾਦਾ*, ਪੰ. 3.

ਪੁਜ ਰਾਏ ਦਸੀ ਤੇ ਇਸਦੇ ਹਾਨ ਭੀ ਦਸੇ ਅਤੇ ੧੯੧੧ ਈ. ਨੂੰ ਸਿੰਘਾਂ ਦਾ ਜਾਗ੍ਰਤੀ ਸਾਲ ਕਹਿਕੇ ਪੁਕਾਰਿਆ ਗਿਆ ਕਿਉਂਕਿ ਅਕਾਲੀ ਜੀ ਅਨੁਸਾਰ ਸਿੱਖ ਸੰਗਤ ਨੇ ਮਹੰਤ ਸਾਹਿਬਾਨ ਤੋਂ ਗੁਰਦਵਾਰਾ ਰਕਾਬ ਗੰਜ ਦਾ ਕਬਜ਼ਾ ਲੈ ਕੇ ਗੁਰਦਵਾਰਾ ਸੁਧਾਰ ਲਹਿਰ ਦਾ ਬਾਨਣੂੰ ਬੱਧਾ।" [64]

## ਦਰਵੇਸ਼ ਨੇਤਾ

ਅਕਾਲੀ ਕੌਰ ਸਿੰਘ ਕੋਈ ਕੋਝੇ ਸਿਆਸਤਦਾਨ ਨਹੀਂ ਸਨ ਕਿਉਂਕਿ ਉਹ ਦੁਨੀਆਂ ਦੀ ਹਲਕੀ ਸਿਆਸਤ ਤੋਂ ਉਹ ਗੁਰੇਜ਼ ਕਰਿਆ ਕਰਦੇ ਸਨ। ਉਹ ਇਕ ਪ੍ਰਪੱਕ ਧਰਮੀ ਸਨ, ਜਿਨ੍ਹਾਂ ਉੱਪਰ ਕਿਸੇ ਤਰ੍ਹਾਂ ਦੀ ਕੋਈ ਵਿਸ਼ੇਸ਼ ਮੋਹਰ ਲਗਾਉਣੀ ਸੰਭਵ ਨਹੀਂ। ਸਿਆਸਤ ਭਾਵੇਂ ਆਪ ਦੇ ਮੁੱਖ ਪੇਸ਼ੇ ਵਜੋਂ ਨਹੀਂ ਸੀ ਪਰ ਆਪ ਜੀ ਦੀ ਸਿਆਸੀ ਸ਼ਮੂਲੀਅਤ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਆਪ ਇਕ ਦਰਵੇਸ਼ ਸਿਆਸਤਦਾਨ ਸਨ ਅਤੇ ਪੂਰੀ ਸੂਝ-ਬੂਝ ਰੱਖਦੇ ਸਨ।

ਸਿੱਖਾਂ ਉੱਪਰ ਚਲ ਰਹੇ ਔਖੇ ਸਮੇਂ ਅਤੇ ਸੰਨ 1914 ਈ. ਵਿਚ ਸਿੱਖਾਂ ਨਾਲ ਜੋ ਅਨਿਆਇ ਅਤੇ ਅੱਤਿਆਚਾਰ ਹੋ ਰਿਹਾ ਸੀ, ਜਿਵੇਂ ਅਮਰੀਕਾ ਅਤੇ ਕੈਨੇਡਾ ਤੋਂ ਆਏ ਸਿੰਘਾਂ ਨੂੰ ਸਿਆਸੀ ਡਾਕੂ ਸਮਝ ਕੇ ਫ਼ਾਂਸੀ ਚੜ੍ਹਾਉਣਾ, ਪੰਜਾਬ ਵਿਚਲੇ ਸਿੰਘਾਂ ਦੀ ਕ੍ਰਿਪਾਨ ਉੱਤੇ ਪਾਬੰਦੀ ਲੱਗਣਾ, ਮਹੰਤਾਂ ਦਾ ਅੰਗ੍ਰੇਜ਼ੀ ਸਰਕਾਰ ਨਾਲ ਮਿਲਕੇ ਸਿੱਖ-ਲੀਡਰਾਂ ਨੂੰ ਸਿੱਖੀ ਤੋਂ ਖਾਰਜ ਕਰਨਾ ਅਤੇ ਫਤਵੇ ਲਾਉਣਾ, ਜੇਲ੍ਹਾਂ ਵਿਚਲੇ ਸਿੰਘਾਂ ਦੇ ਕਕਾਰ ਲਹਾਉਣੇ ਅਤੇ ਟੋਪੀਆਂ ਪਵਾਉਣੀਆਂ, ਬਜਬਜ ਘਾਟ ਦੇ ਜ਼ੁਲਮ, ਜਲ੍ਹਿਆਂ ਵਾਲੇ ਬਾਗ਼ ਵਿਚਲਾ ਖ਼ੂਨੀ ਸਾਕਾ ਆਦਿ ਜੋ ਸਾਰੀਆ ਘਟਨਾਵਾਂ ਵਾਪਰੀਆਂ, ਰਾਜਨੀਤੀ ਤੋਂ ਹੀ ਪ੍ਰੇਰਿਤ ਸਨ। ਇਨ੍ਹਾਂ ਵਿਚ ਅਕਾਲੀ ਕੌਰ ਸਿੰਘ ਨੇ ਬੜੀ ਸਰਗਰਮੀ ਨਾਲ ਹਿੱਸਾ ਲਿਆ ਅਤੇ ਜੇਲ੍ਹਾਂ ਵਿਚਲੇ ਸਿੰਘਾਂ ਨਾਲ ਮੁਲਾਕਾਤਾਂ ਕੀਤੀਆਂ। ਆਪ ਨੇ ਉਨ੍ਹਾਂ ਦੇ ਹੌਂਸਲੇ ਬੁਲੰਦ ਕੀਤੇ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਯੋਗ ਅਗਵਾਈ ਦੇਣ ਦਾ ਕਾਰਜ ਵੀ ਕੀਤਾ।

[64] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. ੧੮.

ਇਸ ਤੋਂ ਬਿਨਾਂ ਅਕਾਲੀ ਜੀ ਨੇ ਕਸ਼ਮੀਰ ਵਿਖੇ ਸਿੰਘਾਂ ਦੇ ਹਕਾਂ-ਹਕੂਕਾਂ ਲਈ ਕਸ਼ਮੀਰ ਦੀ ਸਰਕਾਰ ਅਤੇ ਸੰਬੰਧਤ ਅਧਿਕਾਰੀਆਂ ਨੂੰ ਮਿਲ-ਮਿਲਾ ਕੇ, ਘਟ-ਗਿਣਤੀ ਵਾਲਿਆਂ ਦੇ ਅਧਿਕਾਰਾਂ ਦੀ ਮੰਗ ਕੀਤੀ। ਵੱਖ-ਵੱਖ ਮਹਿਕਮਿਆਂ ਵਿਚ ਯੋਗ ਨੁਮਾਇੰਦਗੀ ਲਈ ਆਪ ਹਮੇਸ਼ਾਂ ਲਿਖਦੇ ਰਹਿੰਦੇ ਸਨ। ਜਦੋਂ ਵੀ ਕਿਧਰੇ ਚੋਣਾਂ ਹੁੰਦੀਆਂ ਤਾਂ ਉਸ ਵਿਚ ਪੂਰੀ ਦਿਲਚਸਪੀ ਲਿਆ ਕਰਦੇ ਸਨ। 'ਕਸ਼ਮੀਰ ਸਿੱਖ-ਸਮਚਾਰ' ਅਖਬਾਰ ਦਾ ਕੱਢਣਾ ਅਕਾਲੀ ਜੀ ਦੀ ਸਿਆਸੀ ਸੂਝ ਹੀ ਦਾ ਪ੍ਰਤੱਖ ਸਬੂਤ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਕਾਲੀ ਜੀ ਸਿਆਸਤ ਨੂੰ ਧਰਮ ਦੀ ਪਾਲਣਾ ਤੇ ਪ੍ਰਫੁੱਲਤਾ ਵਾਸਤੇ ਵਰਤਦੇ ਸਨ। ਸਿਆਸਤ ਵਿਚ ਉਲਝ ਕੇ, ਧਰਮ ਤੋਂ ਦੂਰ ਹੋਣਾ ਉੱਕਾ ਹੀ ਬਰਦਾਸ਼ਤ ਨਹੀਂ ਸਨ ਕਰ ਸਕਦੇ। ਜਿਥੇ ਉਹ ਸਿੰਘਾਂ ਨੂੰ ਸਿਆਸੀ ਮੈਦਾਨ ਵਿਚ ਉੱਚਾ ਉਠਿਆ ਵੇਖਣਾ ਚਾਹੁੰਦੇ ਸਨ ਉਥੇ ਪਦਵੀਆਂ ਪਿੱਛੇ ਧਰਮ ਨੂੰ ਪਿੱਠ ਦੇਣ ਵਾਲਿਆਂ ਦੀ ਨਿਖੇਧੀ ਕਰਿਆ ਕਰਦੇ ਸਨ।[65]

ਜਿਥੇ ਅਕਾਲੀ ਕੌਰ ਸਿੰਘ ਚੰਗੀ ਰਾਜਨੀਤਿਕ ਸੂਝ-ਬੂਝ ਰਖਦੇ ਸਨ ਉਸਦੇ ਨਾਲ-ਨਾਲ ਸਮੇਂ ਦੀਆਂ ਪ੍ਰਸਿੱਧ ਅਤੇ ਸਿਰਮੌਰ ਸਖ਼ਸੀਅਤਾਂ ਨਾਲ ਵੀ ਉਨ੍ਹਾਂ ਦੀ ਗੂੜ੍ਹੀ ਸਾਂਝ ਸੀ। ਇਹ ਸਭ ਸੱਜਣ ਆਪ ਦਾ ਪ੍ਰਭਾਵ ਕਬੂਲਦੇ ਸਨ ਅਤੇ ਆਪ ਦੀ ਰਾਇ ਨੂੰ ਵੀ ਸਤਿ ਕਰਕੇ ਪ੍ਰਵਾਨਿਆ ਜਾਂਦਾ ਸੀ। ਇਨ੍ਹਾਂ ਸ਼ਖ਼ਸੀਅਤਾਂ ਵਿਚੋਂ ਅਸੀ ਸੁਭਾਸ਼ ਚੰਦਰ ਬੋਸ ਦਾ ਜ਼ਿਕਰ ਕਰਾਂਗੇ, ਸਿਆਸੀ ਮੈਦਾਨ ਜੇਤੂ ਸੁਭਾਸ਼ ਜੀ ਸਿੱਖ ਇਤਿਹਾਸ ਦੇ ਗੂੜ੍ਹੇ ਪਿਆਰੇ ਹੋ ਗਏ। ਜਦੋਂ ਕੋਈ ਗੁਪਤ ਤੇ ਦੇਸ਼ ਭਲਾਈ ਸੰਬੰਧੀ ਵੀਚਾਰ ਕਰਨੇ ਹੁੰਦੇ ਇਹ ਅਕਾਲੀ ਜੀ ਨੂੰ ਮਿਲਕੇ ਜਰੂਰੀ ਰਾਏ ਲੈ ਕੇ ਅਗਲਾ ਕਦਮ ਪੁੱਟਦੇ। ਇਨ੍ਹਾਂ ਦੇ ਬਚਨਾਂ ਨੂੰ ਸ਼ੁਭ ਸਮਝ ਸਤ ਕਰਕੇ ਮੰਨਦੇ।[66]

ਕੁਰਖੇਤਰ ਕੈਂਪ ਦੇ ਪੀੜਤਾਂ ਦਾ ਦੁੱਖ ਸਦਾ ਲਈ ਨਵਿਰਤ ਕਰਨ ਲਈ ਅਕਾਲੀ ਜੀ ਦਿੱਲੀ ਪੁੱਜੇ ਤੇ ਉਥੇ ਪੰਡਤ ਜਵਾਹਰ ਲਾਲ ਨਹਿਰੂ ਨੂੰ (1948 ਈ. ਵਿਚ) ਮਿਲ ਕੇ ਇਨ੍ਹਾਂ ਪੀੜਤਾਂ ਨਾਲ ਜਦ ਸਾਰੀ

---

[65] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 56.

[66] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 91.

ਬੀਤੀ ਸੁਣਾਈ ਤਾਂ ਜਵਾਹਰ ਲਾਲ ਨਹਿਰੂ ਨੇ ਵਾਅਦਾ ਕੀਤਾ ਕਿ ਅਸੀਂ ਕੁਰਖੇਤਰ ਪੁੱਜ ਕੇ ਸਾਰੇ ਹਾਲਾਤ ਵੇਖਾਂ ਸੁਣਾਂਗੇ ਅਤੇ ਫਿਰ ਫੈਸਲਾ ਕਰਾਂਗੇ।[67]

ਸਮੇਂ ਦੀਆਂ ਪ੍ਰਬੁਧ ਅਤੇ ਪ੍ਰਮੁਖ ਸ਼ਖ਼ਸੀਅਤਾਂ ਉਨ੍ਹਾਂ ਦੀਆਂ ਮੁਰੀਦ ਸਨ ਅਤੇ ਪ੍ਰਭਾਵ ਵੀ ਮੰਨਦੀਆਂ ਸਨ। ਵੱਡੇ ਤੋਂ ਵੱਡਾ ਰਾਜਾ-ਮਹਾਰਾਜਾ, ਵੱਡੇ ਤੋਂ ਵੱਡਾ ਜਾਗੀਰਰਦਾਰ, ਵੱਡੇ ਤੋਂ ਵੱਡਾ ਨੇਤਾ ਅਕਾਲੀ ਕੌਰ ਸਿੰਘ ਦੀ ਬੇ-ਲਾਗ ਅਤੇ ਵਿਆਪਕ ਦ੍ਰਿਸ਼ਟੀ ਦਾ ਕਾਇਲ ਬਣਿਆ ਰਿਹਾ। ਇਨ੍ਹਾਂ ਸਨਮਾਨਯੋਗ ਲੋਕਾਂ ਵਿਚ (ਜਿਨ੍ਹਾਂ ਦੇ ਹਿਰਦੇ ਵਿਚ ਅਕਾਲੀ ਜੀ ਦਾ ਸਨਮਾਨ ਕਿਧਰੇ ਉੱਚ ਦਰਜਾ ਸੀ) ਵਿਚ ਸੰਤ ਅੱਤਰ ਸਿੰਘ ਜੀ, ਭਾ: ਕਾਨ੍ਹ ਸਿੰਘ, ਭਾਈ ਵੀਰ ਸਿੰਘ ਜੀ, ਭਾਈ ਅਰਜਨ ਸਿੰਘ, ਅਰਦੁਮਨ ਸਿੰਘ ਬਾਗੜੀਆਂ, ਸ. ਹਰਬੰਸ ਸਿੰਘ 'ਅਟਾਰੀ', ਸੁਭਾਸ਼ ਚੰਦ੍ਰ ਬੋਸ, ਸ਼ੇਖ ਮੁਹੰਮਦ ਅਬਦੁੱਲਾ, ਮਹਾ. ਹੀਰਾ ਸਿੰਘ, ਮਹਾ. ਰਿਪੁਦਮਨ ਸਿੰਘ, ਮਹਾ. ਯਾਦਵਿੰਦਰ ਸਿੰਘ, ਬਾ.ਖੜਕ ਸਿੰਘ, ਸੰਤ ਗੁਰਮੁਖ ਸਿੰਘ (ਪਟਿਆਲਾ), ਗਿ. ਸ਼ੇਰ ਸਿੰਘ (ਸੂਰਮੇ), ਸੰਤ ਸੰਮਤ ਸਿੰਘ, ਭਾ. ਸਾ. ਭਾ. ਰਣਧੀਰ ਸਿੰਘ, ਮਹਾ. ਫਰੀਦਕੋਟ, ਮਹਾ. ਕਪੂਰਥਲਾ, ਮਾ. ਤਾਰਾ ਸਿੰਘ, ਸਿੰਘ ਸਾਹਿਬ ਗਿਆਨੀ ਅੱਛਰ ਸਿੰਘ, ਗਿ. ਨਿਰੰਜਨ ਸਿੰਘ (ਪਟਿਆਲਾ) ਆਦਿ ਦਰਜਨ ਹੀ ਮਿੱਤਰ-ਪਿਆਰੇ ਹਿਰਦਿਆਂ ਦੇ ਨਾਮ ਲਏ ਜਾ ਸਕਦੇ ਹਨ।[68]

ਪ੍ਰੋ. ਹਿੰਮਤ ਸਿੰਘ ਅਕਾਲੀ ਜੀ ਦੀ ਰਾਜਨੀਤੀ ਦੀ ਸੂਝ ਬਾਰੇ ਦਿੰਦੇ ਹਨ- ਨਨਕਾਣਾ ਸਾਹਿਬ ਦੇ ਸਾਕੇ ਵਿਚ ਮਹਾਤਮਾ ਗਾਂਧੀ ਵਰਗੀ ਸ਼ਖ਼ਸੀਅਤ ਦੀ ਸ਼ਮੂਲੀਅਤ ਦਾ ਪ੍ਰਬੰਧ ਕਰਨਾ, ਅਕਾਲੀ ਜੀ ਦੀ ਸਿਆਸੀ ਸੂਝ ਦਾ ਨਤੀਜਾ ਹੀ ਜਾਪਦਾ ਹੈ।[69]

## ਧਾਰਮਿਕ ਆਗੂ ਅਤੇ ਪੰਥ ਦਰਦੀ

ਉਨ੍ਹੀਵੀਂ ਸਦੀ ਦੇ ਅਖੀਰ ਵਿਚ ਇਕ ਗੁਰਮਤਿ ਲਹਿਰ ਨੇ ਜ਼ੋਰ ਫੜਿਆ ਜਿਸਨੂੰ ਕਿ 'ਸਿੰਘ ਸਭਾ ਲਹਿਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਲਹਿਰ ਦਾ ਮਨੋਰਥ ਖਾਲਸਾ ਪੰਥ ਵਿਚੋਂ ਅਨਮਤੀ ਅਤੇ ਮਨਮਤੀ ਰੀਤਾਂ

---

[67] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ*, ਪੰ. 110.

[68] ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ 2007, ਪੰ. 328.

[69] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 55.

ਨੂੰ ਦੂਰ ਕਰਕੇ ਸਿੱਖੀ ਦਾ ਪ੍ਰਚਾਰ ਕਰਨਾ ਅਤੇ ਨਿਰੋਲਤਾ ਲੈ ਕੇ ਆਉਣਾ ਸੀ। ਅਕਾਲੀ ਕੌਰ ਸਿੰਘ ਨੇ ਲਾਮਡੀਂਗ (ਆਸਾਮ) ਵਿਖੇ ਇਕ ਅਮੀਰ ਮਾਈ ਦੀ ਸਹਾਇਤਾ ਨਾਲ ਸਿੰਘ ਸਭਾ ਕਾਇਮ ਕੀਤੀ ਸੀ। ਆਮ ਸਿੰਘ ਸਭਾਵਾਂ ਵਿਚ ਅਕਾਲੀ ਕੌਰ ਸਿੰਘ ਆਪਣੇ ਵਿਚਾਰ ਪ੍ਰਗਟ ਕਰਨ ਜਾਂਦੇ ਰਹਿੰਦੇ ਸਨ, ਜਿਹੜੇ ਕਿ ਸਿੰਘ ਸਭੀਆਂ ਦੁਆਰਾ ਨਿਰਧਾਰਿਤ ਕੀਤੇ ਗਏ ਸਨ।

ਅਕਾਲੀ ਜੀ ਦਾ ਨਾਂ ਸਿੱਧੇ ਤੌਰ ਉੱਤੇ ਸਿੰਘ ਸਭਾ ਦੇ ਲੀਡਰਾਂ ਵਿਚ ਭਾਵੇਂ ਨਾ ਲਿਆ ਜਾ ਸਕੇ ਪਰ ਸਿੰਘ ਸਭਾ ਦੇ ਟੀਚਿਆਂ ਨੂੰ ਪ੍ਰਚਾਰਨ ਵਿਚ ਉਹ ਕਿਸੇ ਲੀਡਰ ਨਾਲੋਂ ਪਿਛੇ ਨਹੀਂ ਰਹੇ ਸਨ। ਸਿੱਖ-ਬੱਚਿਆਂ ਦੀ ਪੜ੍ਹਾਈ ਵੱਲ (ਕਸ਼ਮੀਰ ਵਿਚ ਖਾਸ ਕਰ ਕੇ ਅਤੇ ਬਾਕੀ ਥਾਈਂ ਆਮ ਕਰਕੇ) ਅਕਾਲੀ ਜੀ ਨੇ ਉਚੇਚਾ ਧਿਆਨ ਦਿੱਤਾ। ਖ਼ਾਲਸਾ ਕਾਲਜ ਅੰਮ੍ਰਿਤਸਰ, ਤਰਨਤਾਰਨ ਅਤੇ ਹੋਰ ਖ਼ਾਲਸਾ ਸਕੂਲਾਂ ਦੇ ਚਾਲੂ ਹੋਣ ਵਿਚ ਜੇ ਅਕਾਲੀ ਜੀ ਦਾ ਸਿੱਧਾ ਹੱਥ ਨਾ ਵੀ ਮੰਨਿਆ ਜਾਏ ਤਾਂ ਵੀ ਉਹ ਮਾਹੌਲ ਪੈਦਾ ਕਰਨ ਵਿਚ, ਜਿਸ ਵਿਚ ਇਹ ਸਾਰਾ ਕੁਝ ਸੰਭਵ ਹੋਇਆ, ਅਕਾਲੀ ਜੀ ਦਾ ਨਾਮ ਕੁਝ ਕੁ ਗਿਣਵੀਆਂ ਪੰਥਕ ਹਸਤੀਆਂ ਵਿਚ ਆ ਜਾਏਗਾ। ਦੇਹਧਾਰੀ ਗੁਰੂ ਡੰਮ, ਫੋਕੀਆਂ ਰਸਮਾਂ, ਭੂਤਾਂ, ਪ੍ਰੇਤਾਂ, ਮੜ੍ਹੀਆਂ ਆਦਿ ਦੀ ਪੂਜਾ ਦਾ ਵਿਰੋਧ ਆਪ ਉਮਰ-ਭਰ ਕਰਦੇ ਰਹੇ। ਵੈਸੇ ਵੀ ਸਿੰਘ ਸਭਾਈ ਲੀਡਰਾਂ ਨਾਲ ਉਨ੍ਹਾਂ ਦਾ ਬਹੁਤ ਨੇੜੇ ਦਾ ਸੰਬੰਧ ਸੀ ਅਤੇ ਇਹ ਲੀਡਰ ਸਮੇਂ-ਸਮੇਂ ਉਨ੍ਹਾਂ ਤੋਂ ਅਗਵਾਈ ਲੈਂਦੇ ਰਹਿੰਦੇ ਸਨ।[70]

ਅਕਾਲੀ ਕੌਰ ਸਿੰਘ ਨੂੰ ਪੰਥ ਨਾਲ ਏਨਾ ਪਿਆਰ ਸੀ ਕਿ ਉਹ ਪੰਥ ਦਾ ਨੁਕਸਾਨ ਕਿਤੇ ਵੀ ਬਰਦਾਸ਼ਤ ਨਹੀਂ ਕਰ ਸਕਦੇ ਸਨ। ਉਹ ਪੰਥ ਦੇ ਨਫ਼ੇ ਨੁਕਸਾਨ ਪ੍ਰਤਿ ਹਮੇਸ਼ਾਂ ਹੀ ਚੇਤਨਤਾ ਦਿਖਾਉਂਦੇ ਅਤੇ ਆਪਣੀ ਵਡਮੁਲੀ ਰਾਇ ਰਾਹੀਂ ਹਮੇਸ਼ਾਂ ਹੀ ਸਹੀ ਸੇਧ ਦਿੰਦੇ ਰਹਿੰਦੇ। ਜੈਸਾ ਕਿ ਆਪ ਨੇ ਸ੍ਰੀ ਹਜ਼ੂਰ ਸਾਹਿਬ ਦੇ ਗੁਰਦੁਆਰਿਆਂ ਸੰਬੰਧੀ ਨਵਾਂ ਪ੍ਰਬੰਧ ਹੋ ਰਿਹਾ ਵੇਖ, ਪੰਥ ਨੂੰ ਚਿਤਾਵਨੀ ਕੀਤੀ ਤੇ ਕਿਹਾ ਕਿ ਸਰਕਾਰ ਦੇ ਹੱਥੋਂ ਨੁਕਸਾਨ ਹੋ ਜਾਣ ਦਾ ਭਾਰੀ ਡਰ ਹੈ। ਇਸ ਲਈ ਲੋੜ ਹੈ ਕਿ ਪੰਥ ਦਰਦੀਆਂ ਦੀ ਕਮੇਟੀ ਬਣ ਜਾਏ ਜਿਸ ਵਿਚ ਕੋਈ ਇਕ ਪਾਰਟੀ ਪ੍ਰਧਾਨ ਨਾ ਹੋਵੇ ਸਗੋਂ ਸਮੂਹ ਪੰਥ ਦੇ ਪ੍ਰਤੀਨਿਧਾਂ ਦੀ ਇਕ ਕਮੇਟੀ ਹੋਵੇ, ਜਿਸ ਵਿਚ

---

[70] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 55.

ਗੁਰੂ ਘਰ ਦੀਆਂ ਸਾਰੀਆਂ ਸੰਪ੍ਰਦਾਵਾਂ ਦੇ ਪ੍ਰਤੀਨਿਧ ਵੀ ਸ਼ਾਮਲ ਹੋਣ ਤੇ ਉਹ ਨਿਰੋਲ ਪੰਥਕ ਲਾਭ ਤੇ ਗੁਰੂ ਦਾ ਇੰਦੀਆ (ਆਗਿਆ) ਲੈ ਕੇ ਇਸ ਕਾਰਜ ਨੂੰ ਸਿਰੇ ਚੜ੍ਹਾਉਣ।[71]

## ਸਾਹਿਤਕਾਰ

ਅਕਾਲੀ ਕੌਰ ਸਿੰਘ ਦੀ ਸ਼ਖ਼ਸੀਅਤ ਦਾ ਇਕ ਇਹ ਗੁਣ ਵੀ ਸੀ ਕਿ ਉਹ ਕਵਿਤਾ ਦੇ ਰਚੈਤਾ ਵੀ ਸਨ। ਉਨ੍ਹਾਂ ਦੀਆਂ ਕਾਵਿ ਰਚਨਾਵਾਂ ਵੀ ਧਿਆਨ ਗੋਚਰੇ ਕਰਨੀਆਂ ਬਣਦੀਆਂ ਹਨ। ਸ. ਬਹਾਦਰ ਧਰਮ ਸਿੰਘ ਜੀ ਦਿੱਲੀ ਵਾਲਿਆਂ ਅਤੇ ਬਾਵਾ ਲੱਧਾ ਸਿੰਘ ਜੀ ਕਲਕੱਤੇ ਵਾਲਿਆਂ ਦੇ ਆਸ਼੍ਰਮ ਲਈ ਪਾਏ ਯੋਗਦਾਨ ਅਤੇ ਉਤਸ਼ਾਹ ਲਈ ਅਕਾਲੀ ਕੌਰ ਸਿੰਘ ਨੇ ਚਾਰ ਬੰਦਾਂ ਦੀ ਇਹ ਕਵਿਤਾ ਲਿਖੀ ਜੋ ਉਨ੍ਹਾਂ ਦੀ ਕਾਵਿਕ ਪ੍ਰਤਿਭਾ ਨੂੰ ਪ੍ਰਗਟ ਕਰਦੀ ਹੈ:

ਧਰਮ ਸਿੰਘ ਦਿਲੀ, ਬਾਬਾ ਲਧਾ ਸਿੰਘ ਕਲਕਤੇ,
ਦੋਵੇਂ ਇਕ ਸ਼ਹਿਰੀ ਪੇਸ਼ਾ ਪ੍ਰੇਮ ਪ੍ਰਚਾਰ ਇਕ।
ਦਾਨੀ ਮਹਾਂ ਦਾਨੀ ਕਹੋ, ਭਾਵੇਂ ਬ੍ਰਹਮ ਗਿਆਨੀ ਕਹੋ,
ਹੈਨ ਦਿਹਾਂ ਜੁਦਾ ਦੋਵੇਂ ਆਤਮਾ ਉਦਾਰ ਇਕ।
ਵਾਧਾ ਗੁਰੂ ਅੰਸੀ ਹੋਣਾ ਐਪਰ ਗੁਰ ਸਿਖੀ ਇਕ,
ਉਜਲ ਦੀਦਾਰੇ ਬ੍ਰਿਧ ਦੋਹਾਂ ਦਾ ਦੀਦਾਰ ਇਕ।
ਅਸੀਂ ਭਾਵੇਂ ਸੈਂਕੜੇ ਹੀ ਮਿਲ ਛੇ ਹਜ਼ਾਰ ਦਈਏ,
ਐਪਰ ਇਹ ਲਾਸਾਨੀ ਦੇਵੇ ਛੇ ਛੇ ਹਜ਼ਾਰ ਇਕ।[72]

ਇਸ ਤੋਂ ਇਲਾਵਾ ਅਕਾਲੀ ਜੀ ਦੀਆਂ ਕਵਿਤਾਵਾਂ ਦੇ ਨਮੂਨੇ ਉਨ੍ਹਾਂ ਦੀ ਰਚਨਾ 'ਇਸਤਰੀ ਸੰਕਟ ਮੋਚਨ' ਵਿਚ ਮਿਲ ਜਾਂਦੇ ਹਨ।

---

[71] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ,* ਪੰ. 40.

[72] ਉਦਰਿਤ, ਸ. ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ,* ਪੰਨੇ 71-72.

ਅਕਾਲੀ ਜੀ ਦੇ ਸਮੇਂ ਦੇ ਪ੍ਰਸਿੱਧ ਵਿਆਖਿਆਕਾਰ ਤੇ ਉਪਦੇਸ਼ਕਾਂ ਦੀ ਗਿਣਤੀ ਵਿਚ ਅਕਾਲੀ ਕੌਰ ਸਿੰਘ ਦਾ ਨਿਵੇਕਲਾ ਸਥਾਨ ਸੀ। ਉਨ੍ਹਾਂ ਦੀ ਵਿਆਖਿਆ ਤੇ ਵਿਚਾਰ ਪ੍ਰਮਾਣੀਕ ਮੰਨੇ ਜਾਂਦੇ ਸਨ। ਉਨ੍ਹਾਂ ਦੀ ਮਾਣ ਅਤੇ ਪ੍ਰਤਿਸ਼ਠਾ ਦਾ ਅੰਦਾਜ਼ਾ ਅਸੀਂ ਇਸ ਗੱਲ ਤੋਂ ਵੀ ਲਗਾ ਸਕਦੇ ਹਾਂ ਕਿ ਅਕਾਲੀ ਕੌਰ ਸਿੰਘ ਚੀਫ ਖਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਹਜ਼ੂਰ ਸਾਹਿਬ , ਸ੍ਰੀ ਪਟਨਾ ਸਾਹਿਬ ਅਤੇ ਹੋਰ ਕਈ ਧਾਰਮਿਕ ਸੰਸਥਾਵਾਂ ਦੇ ਧਾਰਮਿਕ ਸਲਾਹਕਾਰ ਸਨ।[73]

ਉਹ ਕਲਮ ਦੇ ਉਚ ਦਰਜੇ ਦੇ ਧਨੀ ਸਨ। ਉਨ੍ਹਾਂ ਨੇ ਪੌਰਾਣਿਕ ਕਥਾਵਾਂ, ਇਤਿਹਾਸ ਅਤੇ ਕਸ਼ਮੀਰ ਦੇ ਪੁਰਾਤਨ ਸੰਸਕ੍ਰਿਤ ਗ੍ਰੰਥਾਂ ਆਦਿ ਦਾ ਵੀ ਅਧਿਐਨ ਕੀਤਾ ਹੋਇਆ ਸੀ। ਇਸੇ ਸਦਕਾ/ਕਾਰਨ ਹੀ ਉਨ੍ਹਾਂ ਦੀਆਂ ਰਚਨਾਵਾਂ ਵਿਚ ਪੁਰਾਣੇ ਸਾਹਿਤਕ, ਇਤਿਹਾਸਕ ਤੇ ਦਾਰਸ਼ਨਿਕ ਵਿਰਸੇ ਦੀਆਂ ਕਈ ਉਦਾਹਰਨਾਂ ਮਿਲਦੀਆਂ ਹਨ। ਉਨ੍ਹਾਂ ਦੀ ਇਸ ਉਚ ਵਿਦਵਤਾ ਦੀ ਝਲਕ ਸਾਨੂੰ ਉਨ੍ਹਾਂ ਦੀ ਪੁਸਤਕ 'ਇਸਤ੍ਰੀ ਸੰਕਟ ਮੋਚਨ' ਵਿਚ ਸਪਸ਼ਟ ਰੂਪ ਵਿਚ ਮਿਲਦੀ ਹੈ। ਉਨ੍ਹਾਂ ਦੀਆਂ ਲਿਖਤਾਂ ਤੋਂ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ ਦਾ ਮਨੋਰਥ ਗੁਰਮਤਿ ਦੀ ਸਹੀ ਵਿਆਖਿਆ ਕਰਨਾ ਹੁੰਦਾ ਸੀ।

ਅਕਾਲੀ ਕੌਰ ਸਿੰਘ ਦੀ ਵਾਰਤਕ ਇਤਿਹਾਸਕ ਵਾਰਤਕ ਕਹੀ ਜਾ ਸਕਦੀ ਹੈ। ਸ਼ਬਦਾਂ ਦੀ ਸਰਲਤਾ ਤੇ ਪ੍ਰਾਚੀਨਤਾ, ਵਿਆਕਰਣਕ ਪਕਿਆਈ ਅਤੇ ਖਿਆਲਾਂ ਦੇ ਵਹਾਓ ਉਨ੍ਹਾਂ ਦੀ ਵਾਰਤਕ ਦੇ ਵਿਸ਼ੇਸ਼ ਗੁਣ ਹਨ। ਹੇਠ ਲਿਖੇ ਟੁਕੜੇ ਤੋਂ ਇਹ ਗੱਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ:

*ਇਸ ਦੇਸ ਵਿਚ ਲੋਕੀ ਬਹੁਤੇ ਸ਼ੈਵਮਤ ਦੇ ਹੋਣ ਕਰਕੇ ਭਾਵੇਂ ਵੇਦ ਸ਼ਾਸਤਰਾਂ ਦੇ ਵਿਦਵਾਨ ਭੀ ਹੁੰਦੇ ਸਨ ਤਾਂ ਭੀ ਮੂਰਤੀ-ਪੂਜਕ ਤੇ ਤੰਤ੍ਰ ਮੰਤ੍ਰ ਜਪ ਅਨੁਸ਼ਟਾਂਨ ਵਿਚ ਵਧੀਕ ਲੀਨ ਰਹਿ ਕੇ ਪਾਰਬ੍ਰਹਮ, ਪਰਮਾਤਮਾ ਦੇ ਸਿਮਰਨ ਤੋਂ ਦੂਰ ਸਨ, ਪ੍ਰੰਤੂ ਜਦ ਪਰਮਬ੍ਰਹਮ ਕਰਤਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਥਾਂ-ਥਾਂ ਵਿਚਰ ਕੇ ਲੋਕਾਂ ਨੂੰ ਗਫਲਤ ਤੋਂ ਬੇਦਾਰ ਕਰਨ ਲਈ ਸੰਸਾਰ ਵਿਚ ਭੇਜਿਆ ਤਦ ਆਪ ਕਸ਼ਮੀਰ ਦੇਸ਼ ਵਿਚ ਵੀ ਪੁਜੇ।*[74]

---

[73] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰ. 322.

[74] ਕਰਮ ਸਿੰਘ ਹਿਸਟੋਰੀਅਨ (ਸੰਪਾ.), *ਬਹੁ-ਮੁੱਲੇ ਇਤਹਾਸਕ ਲੇਖ*, ਪੰ. 57.

ਅਕਾਲੀ ਕੌਰ ਸਿੰਘ ਦੀ ਵਾਰਤਕ ਆਧੁਨਿਕ ਵਾਰਤਕ ਦੀ ਕਸੌਟੀ ’ਤੇ ਵੀ ਖਰੀ ਉਤਰਦੀ ਹੈ। ਇਸ ਵਾਰਤਕ ਦਾ ਵਿਕਾਸ ਉਨ੍ਹਾਂ ਦੀ ਪਤਰਕਾਰੀ ਤੋਂ ਵੀ ਹੋਇਆ।

## ਆਯੁਰਵੈਦ ਦੇ ਗਿਆਤਾ

ਜਿਥੇ ਅਕਾਲੀ ਕੌਰ ਸਿੰਘ ਇਕ ਸੁਲਝੇ ਹੋਏ ਵਿਦਵਾਨ ਸਨ ਉਸ ਦੇ ਨਾਲ-ਨਾਲ ਉਹ ਆਯੁਰਵੈਦ ਦਾ ਵੀ ਭਰਪੂਰ ਗਿਆਨ ਰੱਖਦੇ ਸਨ। ਉਨ੍ਹਾਂ ਨੇ ਆਯੁਰਵੈਦ ’ਤੇ ਇਕ ਪੁਸਤਕ ‘ਸੁਖ ਸਾਗਰ’ ਅਰਥਾਤ ਘਰ ਦਾ ਵੈਦ ਵੀ ਲਿਖੀ ਜੋ ਕਿ ਸਾਨੂੰ ਕਾਫੀ ਯਤਨਾਂ ਦੇ ਬਾਵਜੂਦ ਪ੍ਰਾਪਤ ਨਹੀਂ ਹੋ ਸਕੀ।

ਇਕ ਵਾਰੀ ਜਦੋਂ ਅਕਾਲੀ ਜੀ ਸਰਹੱਦੀ (ਪਾਕਿਸਤਾਨੀ) ਇਲਾਕਿਆਂ ਵਿਚੋਂ ਪ੍ਰਚਾਰ ਕਰ ਕੇ ਵਾਪਸ ਬਾਵਾ ਖੇਮ ਸਿੰਘ ਜੀ ਹੋਤੀ ਵਾਲਿਆਂ ਦੇ ਨਿਵਾਸ (ਹੋਤੀ ਮਰਦਾਨ) ਦੇਰ ਨਾਲ ਰਾਤ ਨੂੰ ਪੁੱਜੇ। ਉਸ ਇਲਾਕੇ ਵਿਚ ਉਸ ਵੇਲੇ ਹੈਜੇ ਦੀ ਬਿਮਾਰੀ ਫੈਲੀ ਹੋਈ ਸੀ ਇਸ ਦੇ ਬਾਵਜੂਦ ਅਤੇ ਬਾਵਾ ਜੀ ਦੇ ਰੋਕਣ ’ਤੇ ਵੀ ਅਕਾਲੀ ਜੀ ਨੇ ਉਥੇ ਮੌਜੂਦ ਹਿਦਵਾਣਾ ਸਤਿ ਸ੍ਰੀ ਅਕਾਲ ਦਾ ਜੈਕਾਰਾ ਲਗਾ ਕੇ ਛਕ ਲਿਆ ਅਤੇ ਬਿਮਾਰੀ ਤੋਂ ਬਚਣ ਲਈ ਆਪਣੀ ਤਿਆਰ ਕੀਤੀ ਹੈਜੇ ਦੀ ਦਵਾਈ ਲੈ ਲਈ।

ਅਕਾਲੀ ਜੀ ਹੈਜੇ ਦੀ ਇਕ ਬਾ ਅਸਰ ਦਵਾਈ ਵੀ ਜਾਣਦੇ ਸਨ ਜੋ ਉਨ੍ਹਾਂ ਨੇ ਪਰਉਪਕਾਰ ਹਿਤ ਆਮ ਲੋਕਾਂ ਵਿਚ ਵੰਡੀ ਜਿਸ ਤੋਂ ਬਹੁਤ ਲੋਕਾਂ ਨੂੰ ਲਾਭ ਹੋਇਆ ਸੀ।[75]

ਅਕਾਲੀ ਕੌਰ ਸਿੰਘ ਦੇ ਉਪਰੋਕਤ ਗੁਣਾਂ ਤੋਂ ਇਲਾਵਾ ਉਨ੍ਹਾ ਦੇ ਬਹੁਤ ਸਾਰੇ ਵਿਅਕਤਿਤਵ ਗੁਣ ਮੌਜੂਦ ਸਨ ਜੋ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਰੂਪਮਾਨ ਕਰਦੇ ਹਨ। ਉਨ੍ਹਾਂ ਦਾ ਵੇਰਵਾ ਅੱਗੇ ਦਿੱਤਾ ਹੈ:

## ਤੀਖਣ ਬੁੱਧੀ

ਅਕਾਲੀ ਕੌਰ ਸਿੰਘ ਦਿਮਾਗ਼ੀ ਤੌਰ 'ਤੇ ਤੀਖਣ ਬੁੱਧੀ ਵਾਲੇ, ਸਾਹਸੀ ਅਤੇ ਅਕਲਮੰਦ ਸਨ। ਮੌਕੇ ਦੀ ਨਬਜ਼ ਪਕੜਨੀ, ਸਮੇਂ ਦੀ ਚੁਣੌਤੀ ਨੂੰ ਸਵੀਕਾਰ ਕਰਕੇ ਉਸਦਾ ਢੁੱਕਵਾਂ ਹੱਲ ਕੱਢਣਾ ਉਨ੍ਹਾਂ ਦੀ ਸ਼ਖ਼ਸੀਅਤ ਦਾ

---

[75] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ*, ਪੰ. 26.

ਵਿਸ਼ੇਸ਼ ਗੁਣ ਰਿਹਾ ਹੈ। ਕਈ ਨਾਜ਼ੁਕ ਮੌਕਿਆਂ 'ਤੇ ਉਨ੍ਹਾਂ  ਨੇ ਦਿਮਾਗ਼ੀ ਚੁਸਤੀ ਅਤੇ ਸਾਹਸ ਤੋਂ ਕੰਮ ਲਿਆ, ਜਿਸਦੀ ਇਕ ਮਿਸਾਲ ਇਸ ਤਰ੍ਹਾਂ ਹੈ:

ਅਕਾਲੀ ਜੀ ਨਾਲ ਕਾਬਲ ਦੇ ਸਿੰਘਾਂ ਦਾ ਬੜਾ ਗੂੜ੍ਹਾ ਸਨੇਹ ਰਿਹਾ ਹੈ। ਸ੍ਵਦੇਸ਼ੀਆਂ ਤੋਂ ਦੂਰ, ਬਹੁ-ਸੰਖਿਅਕ ਮੁਸਲਮ-ਹੁਕਮਰਾਨੀ ਦੇ ਅਧੀਨ ਜੀਵਨ ਬਿਤਾਉਣ ਵਾਲੇ ਇਨ੍ਹਾਂ ਅਲਪ-ਸੰਖਿਅਕ ਸਿੱਖਾਂ ਦੀ ਸਾਰ ਲੈਣ ਅਕਾਲੀ ਜੀ ਵਿਸ਼ੇਸ਼ ਤੌਰ ਉੱਪਰ ਇਨ੍ਹਾਂ ਬੇਆਸਰਿਆਂ ਪਾਸ ਪਹੁੰਚ ਜਾਇਆ ਕਰਦੇ ਸਨ। ਇਸ ਇਲਾਕੇ ਵਿਚ ਸਿੱਖੀ ਪ੍ਰਚਾਰ ਕਰਦਿਆਂ ਅਕਾਲੀ ਜੀ ਦੀਆਂ ਦੋ ਪ੍ਰਚਾਰ-ਫੇਰੀਆਂ ਪ੍ਰਸਿੱਧ ਹਨ, 1918 ਈਸਵੀ ਦੀ ਅਤੇ 1931 ਦੀ। ਪਹਿਲੀ ਫੇਰੀ ਦੌਰਾਨ ਚਕਨੌਰ ਤੇ ਢੱਕਾ, ਲਾਲਪੁਰਾ, ਕਾਬਲ ਵਿਖੇ ਆਪ ਨੂੰ ਮੌਲਵੀਆਂ ਅਤੇ ਹੋਰ ਮੁਸਲਮਾਨਾਂ ਦੇ ਤਕੜੇ ਵਿਰੋਧ ਦਾ ਡਟ ਕੇ ਮੁਕਾਬਲਾ ਕਰਨਾ ਪਿਆ। ਇਥੋਂ ਦੇ ਮੌਲਵੀ ਅਬਦੁਰ ਰਹਿਮਾਨ ਦੁਆਲੇ ਇਕੱਠੇ ਹੋਏ ਮੁਸਲਮਾਨਾਂ ਦੀ ਗੁਰਦੁਆਰੇ ਨੂੰ ਅਗਨ-ਭੇਂਟ ਕਰਨ ਅਤੇ ਸਿੱਖਾਂ ਨੂੰ ਜਾਨੀ ਨੁਕਸਾਨ ਪਹੁੰਚਾਣ ਦੀ ਮਨਸ਼ਾ ਨੂੰ ਅਕਾਲੀ ਜੀ ਦੀ ਜੁਰਅਤ ਅਤੇ ਦਾਨਾਈ ਨੇ ਨਾਕਾਮ ਬਣਾ ਦਿੱਤਾ। ਇਸ ਘਟਨਾ ਦੌਰਾਨ ਅਕਾਲੀ ਜੀ ਨੇ ਆਪਣੇ ਪਰੰਪਰਾਗਤ ਅਕਾਲੀ ਕਰਤੱਵ ਨੂੰ ਸੁਰਜੀਤ ਕੀਤਾ ਅਤੇ ਇਕੱਲਿਆਂ ਹੀ ਸਿਰੀ ਸਾਹਿਬ ਸਹਿਤ ਦੁਸ਼ਮਣ ਦੇ ਦਰਮਿਆਨ ਜਾ ਖੜੇ ਹੋਏ ਅਤੇ ਵਿਰੋਧੀ ਹੱਥ ਨਾ ਚੁੱਕ ਸਕੇ।"[76]

ਜਿਥੇ ਅਕਾਲੀ ਕੌਰ ਸਿੰਘ ਖ਼ੁਦ ਇੰਨੇ ਗੁਣਾਂ ਅਤੇ ਅਗਾਂਹ-ਵਧੂ ਸੋਚ ਦੇ ਮਾਲਕ ਸਨ, ਉਥੇ ਉਹ ਸਮੁੱਚੇ ਪੰਥ ਨੂੰ ਵੀ ਇਸੇ ਸੋਚ ਦੇ ਧਾਰਨੀ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਲੰਮੀ ਅਤੇ ਸੁੱਚੀ ਸੋਚ ਸਦਕਾ ਹੀ 'ਗੁਰੂ ਨਾਨਕ ਆਸ਼ਰਮ', ਚਕਾਰ ਵਿਖੇ 1928 ਈ. ਨੂੰ ਤਿਆਰ ਕੀਤਾ ਗਿਆ। ਇਥੋਂ ਹੀ ਅਕਾਲੀ ਕੌਰ ਸਿੰਘ ਸਿੱਖੀ ਦੀ ਪਨੀਰੀ ਤਿਆਰ ਕਰਨਾ ਚਾਹੁੰਦੇ ਸਨ ਅਤੇ ਕਸ਼ਮੀਰ ਅੰਦਰ ਵਿਦਿਆ ਦੀ ਘਾਟ ਨੂੰ ਪੂਰਾ ਕਰਨਾ ਚਾਹੁੰਦੇ ਸਨ। ਇਸ ਆਸ਼ਰਮ ਅੰਦਰ ਕਿਸੇ ਵੀ ਹਿੰਦੂ, ਮੁਸਲਿਮ ਅਤੇ ਸਿੱਖ ਆਦਿ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਭੇਦ-ਭਾਵ ਨਹੀਂ ਸੀ ਕੀਤਾ ਜਾਂਦਾ, ਸਭ ਨਾਲ ਇਕੋ ਜਿਹਾ ਵਿਵਹਾਰ ਕੀਤਾ ਜਾਂਦਾ ਸੀ। ਅਕਾਲੀ ਕੌਰ ਸਿੰਘ ਨੇ ਇਹ ਆਸ਼ਰਮ ਖੋਲ੍ਹ ਕੇ ਲੋਕਾਂ ਲਈ ਸਰਬੱਤ ਦੇ ਭਲੇ ਵਾਲਾ ਕਾਰਜ ਕੀਤਾ।

---

[76] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 47.

ਇਸ ਆਸ਼ਰਮ ਅੰਦਰ ਆਪ ਬੱਚਿਆਂ ਦੀ ਸਿਹਤ ਅਤੇ ਵਿਦਿਆ ਦਾ ਖ਼ਾਸ ਖਿਆਲ ਰੱਖਿਆ ਕਰਦੇ ਸਨ, ਕਿਉਂਕਿ ਬੱਚਿਆਂ ਦਾ ਸਰਵ-ਪੱਖੀ ਵਿਕਾਸ ਕਰਨਾ ਆਪ ਦੀ ਇੱਛਾ ਸੀ। ਆਪ ਨਹੀਂ ਚਾਹੁੰਦੇ ਸਨ ਕਿ ਇਹ ਵਿਦਿਆਰਥੀ ਕਿਸੇ ਗੱਲੋਂ ਵੀ ਜ਼ਮਾਨੇ ਨਾਲੋਂ ਪਛੜਨ, ਇਸ ਕਰਕੇ ਆਪ ਨੇ ਵਿਸ਼ੇਸ਼ ਸਿੱਖਿਆਵਾਂ ਦਾ ਪ੍ਰਬੰਧ ਵੀ ਕੀਤਾ ਹਇਆ ਸੀ। ਬਚਿਆਂ ਨੂੰ ਰਾਗ ਵਿਦਿਆ ਸਿਖਾਉਣ ਦਾ ਖਾਸ ਪ੍ਰਬੰਧ ਸੀ। ਜੋੜੀ ਤੇ ਵਾਜੇ ਦੀ ਸਿਖਲਾਈ ਕਰਾਈ ਜਾਂਦੀ ਸੀ ਤੇ ਇਸ ਸੇਵਾ ਲਈ ਗਿਆਨੀ ਖੇਮ ਸਿੰਘ ਜੀ (ਜੋ ਆਪ ਦੇ ਭਣੇਵੇਂ ਹਨ) ਨੇ ਪਹਿਲੇ ਤਾਂ ਬਿਨਾਂ ਤਨਖਾਹ ਤੇ ਫਿਰ ਮਾਮੂਲੀ ਤਨਖਾਹ ਪਰ ਆਪਣੀ ਸੇਵਾ ਪੇਸ਼ ਕੀਤੀ ਹੋਈ ਸੀ। ਜਿਥੇ ਬਚਿਆਂ ਤੋਂ ਹੋਰ ਸਾਰੇ ਕੰਮ ਕੀਤੇ ਕਰਾਏ ਜਾਂਦੇ ਸਨ ਉਥੇ ਬਚਿਆਂ ਦੀ ਸਿਹਤ ਦਾ ਖਾਸ ਧਿਆਨ ਦਿਤਾ ਜਾਂਦਾ ਸੀ। ਮੁਗਦਰ ਚੁਕਣਾ, ਗੋਲਾ ਸਿਟਣਾ, ਮੁੰਗਲੀਆਂ ਫੇਰਨੀਆਂ, ਦੌੜ ਕਰਨੀ, ਦੰਡ ਕਢਣੇ, ਕੁਸ਼ਤੀ ਕਰਨੀ, ਰੱਸਾਕਸ਼ੀ ਤੇ ਹੋਰ ਖੇਲਾਂ ਫੁਟਬਾਲ, ਹਾਕੀ ਆਦਿ ਤੋਂ ਇਲਾਵਾ ਗਤਕਾ ਖੇਲਣਾ ਤਾਂ ਇਥੇ ਦੇ ਵਿਦਿਆਰਥੀਆਂ ਦਾ ਖਾਸ ਅੰਗ ਸੀ ਤੇ ਇਸਦੀ ਸਿਖਲਾਈ ਲਈ ਕਈ ਮਾਹਿਰ ਸਿੰਘਾਂ ਦੀ ਸੇਵਾ ਆਪ ਨੇ ਲਾਈ ਹੋਈ ਸੀ, ਜਿਸ ਕਰਕੇ ਇਸ ਇਲਾਕੇ ਦਾ ਹਰ ਸਿੰਘ ਹੀ ਗਤਕਾ ਬਾਜ਼ੀ ਵਿਚ ਮਾਹਿਰ ਸੀ।[77]

ਅਕਾਲੀ ਜੀ ਦੀ ਪ੍ਰੇਰਨਾ ਨਾਲ ਸ. ਸਵਰਨ ਸਿੰਘ ਤੇ ਸ. ਮੀਰ ਸਿੰਘ ਪੁਣਛ ਵਾਲੇ ਬੀ. ਏ. ਦੀ ਡਿਗਰੀ ਲੈਣ ਤੋਂ ਬਾਅਦ ਲਾ (ਕਾਨੂੰਨ) ਦੀ ਡਿਗਰੀ ਹਾਸਲ ਕਰਨ ਵਿਚ ਸਫਲ ਰਹੇ।[78]

## ਸਮੇਂ ਅਤੇ ਬਚਨ ਦੇ ਪਾਬੰਦ

ਅਕਾਲੀ ਕੌਰ ਸਿੰਘ ਹਮੇਸ਼ਾਂ ਸਮੇਂ ਦੇ ਪਾਬੰਦ ਰਹਿੰਦੇ ਸਨ ਅਤੇ ਸਮੇਂ ਦੀ ਕਦਰ ਕਰਨ ਵਾਲੇ ਸਨ। ਜਦੋਂ ਉਹ ਕੋਈ ਸਮਾਂ ਕਿਤੇ ਜਾਣ ਜਾਂ ਆਉਣ ਦਾ ਨਿਰਧਾਰਤ ਕਰ ਲੈਂਦੇ ਸਨ ਤਾਂ ਉਸ ਤੋਂ ਖੁੰਝਦੇ ਨਹੀਂ ਸਨ। ਉਹ ਬਣਾਏ ਹੋਏ ਪ੍ਰੋਗਰਾਮ, ਸਮੇਂ ਅਤੇ ਕੀਤੇ ਹੋਏ ਬਚਨਾਂ ਦੇ ਪਾਬੰਦ ਸਨ ਇਸੇ ਕਰਕੇ ਉਹ ਬਣਾਏ ਹੋਏ ਟਾਈਮ ਟੇਬਲ ਦੀ ਉਲੰਘਣਾ ਕਰਨੀ ਅਯੋਗ ਸਮਝਿਆ ਕਰਦੇ ਸਨ ਅਤੇ ਇਸ ਨੂੰ ਝੂਠ ਤੇ ਕੁਸਤ ਦੀ ਜੜ੍ਹ ਸਮਝਦੇ ਸਨ। ਜਦੋਂ ਪਹਿਲੀ ਵਿਸ਼ਵ ਜੰਗ ਦਾ ਬਿਖਮ ਸਮਾਂ ਸੀ ਉਸ ਵੇਲੇ ਉਹ ਕਾਬਲ ਦੀ ਪ੍ਰਚਾਰਕ ਫੇਰੀ

[77] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ,* ਪੰਨੇ 90-91.

[78] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ,* ਪੰ. 76.

ਤੇ ਪਹੁੰਚੇ। ਕਾਬਲ ਤੋਂ ਵਾਪਸ ਉਹ ਮਿਥੇ ਸਮੇਂ 'ਪਰ ਹੀ ਆਏ ਭਾਵੇਂ ਕਿ ਜਾਨ ਜਾਣ ਦਾ ਵੀ ਖਤਰਾ ਸੀ। ਸੰਗਤ ਨੇ ਰਸਤਿਆਂ ਦੀਆਂ ਔਖਿਆਈਆਂ ਤਾਂ ਬਹੁਤ ਦਸੀਆਂ। ਲੇਕਿਨ ਇਨ੍ਹਾਂ ਨੇ ਕਿਸ਼ਤੀ ਦੇ ਰਸਤੇ ਮੁੜਨ ਦਾ ਵੀਚਾਰ ਪੇਸ਼ ਕਰਕੇ ਕਿਹਾ ਕਿ- ਜਾਲੇ ਦਾ ਪਰਬੰਧ ਕੀਤਾ ਜਾਵੇ, ਉਹ ਠੀਕ ਰਹੇਗਾ। ਇਸ ਤਰਾਂ ਦਰਿਆਏ ਕਾਬਲ ਰਾਹੀਂ ਪਸ਼ਾਵਰ ਦੇ ਦਰਿਆਏ ਸ਼ਹਾਲਮ ਕੰਢੇ ਨੌਸ਼ਹਿਰੇ ਨੇੜੇ ਜਾ ਉਤਰਾਂਗਾ। ਚਿੰਤਾ ਮਤ ਕਰੋ। ਜੋ ਗੁਰੂ ਪਾਤਸ਼ਾਹ ਦਾ ਹੁਕਮ ਹੈ, ਸੋਈ ਹੋਣਾ ਹੈ। ਉਸਦੀ ਰਜ਼ਾ 'ਤੇ ਚਲਣਾ ਗੁਰ ਸਿੱਖ ਦਾ ਧਰਮ ਹੈ। ਤੁਸੀਂ ਸੋਚੀਂ ਨਾ ਪਵੋ। ਗੁਰੂ ਰਾਖਾ ਹੈ। ਜਾਓ ਪਰਬੰਧ ਕਰੋ।

ਸੋ ਸਿੰਘਾਂ ਨੇ ਜ਼ਹੀਰ ਉ ਦੀਨ ਜਾਲੀ ਤਿਆਰ ਕੀਤਾ। ਭਾਵੇਂ ਉਹ ਭੀ ਮਹੀਨਾ ਬਰਸਾਤ ਦਾ (ਜੁਲਾਈ) ਜਾਣ ਡਰਦਾ ਸੀ। ਅੰਤ ਉਹ ਭੀ ਆਪ ਪਾਸ ਪੁਜ ਮੰਨ ਗਿਆ। ਮਿਹਨਤ ਤਿਗੁਣੀ ਲੈਣੀ ਕਰਕੇ ਤਿਆਰੀ ਕਰਦਾ ਹੈ।

ਅੰਮ੍ਰਿਤ ਵੇਲੇ ਸਾਜਰੇ ਹੀ ਸੰਗਤ ਤੋਂ ਵਿਦਾਇਗੀ ਲੈ ਜਾਲੇ ਪੁਰ ਸਵਾਰ ਹੋ ਤੁਰੇ। ਰਸਤਾ ਬਹੁਤ ਬਿਖੜਾ ਸੀ। ਛੱਲਾਂ ਤੇ ਘੁੰਮਣ ਬਹੁਤ ਸਨ। ਇਹ ਅਡੋਲ ਹੀ ਸ਼ਹਾਲਮ ਪਾਸ ਨੌਸ਼ਹਿਰੇ ਜਾ ਉਤਰੇ। ਜਾਲੀ ਨੇ ਮੁੜ ਕੇ ਸੰਗਤ ਨੂੰ ਦਸਿਆ ਜੋ ਉਹ ਇਕ ਟਕ ਰੱਬੀ ਯਾਦ ਵਿਚ ਜਾਲੇ ਵਿਚ ਸਵਾਰ ਰਹੇ। ਡੋਲੇ ਨਹੀਂ। ਮੈਨੂੰ ਤਾਂ ਕੋਈ ਰੱਬੀ ਬੰਦੇ ਹੀ ਜਾਪੇ ਜਿਹੜੇ ਰਤਾ ਭੀ ਡਰੇ ਝਿਝਕੇ ਨਹੀਂ।[79]

ਉਨ੍ਹਾਂ ਦੀ ਸਮੇਂ ਅਤੇ ਗੁਰ-ਮਰਯਾਦਾ ਸੰਬੰਧੀ ਪਾਬੰਦ ਹੋਣ ਦੀ ਇਕ ਹੋਰ ਮਿਸਾਲ ਇਹ ਮਿਲਦੀ ਹੈ ਕਿ, ਨਲੂਛੀ (ਮੁਜਫਰਾਬਾਦ) ਦੇ ਗੁਰਦਵਾਰੇ ਵਿਖੇ ਸ਼ਾਮ ਸਮੇਂ ਰਾਗੀ ਸਿੰਘਾਂ ਨੇ 'ਰਹਿਰਾਸ' ਦੇ ਪਾਠ ਸਮੇਂ ਕੀਰਤਨ ਕਰਨਾ ਆਰੰਭ ਲਿਆ। ਤਦ ਅਕਾਲੀ ਜੀ ਨੇ ਕਿਹਾ "ਪਹਿਲੇ ਪਾਠ ਹੋ ਲੈਣ ਦਿਓ। ਫਿਰ ਜਿਤਨਾ ਸਮਾਂ ਚਾਹੋ ਕੀਰਤਨ ਕਰਨਾ। ਲੇਕਿਨ ਪਾਠ ਸਮਾਂ ਨਾ ਖੁੰਝਾਓ!" ਇਹ ਸੁਣ ਕੇ ਰਾਗੀ ਸਿੰਘ ਸਮਝ ਗਏ, ਰਹਿਰਾਸ ਆਰੰਭ ਹੋ ਗਈ।[80]

---

[79] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 118.

[80] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 166.

## ਸਿੱਖੀ ਲਈ ਸੁਹਿਰਦ ਅਤੇ ਅਗਾਂਹ-ਵਧੂ ਵਿਚਾਰਵਾਨ

ਸਿੱਖੀ ਦੇ ਫੈਲਾਉ ਅਤੇ ਸਿੱਖਾਂ ਵਿਚ ਸ਼ੁੱਧਤਾ ਲਿਆਉਣ ਲਈ ਅਕਾਲੀ ਕੌਰ ਸਿੰਘ ਹਮੇਸ਼ਾਂ ਹੀ ਤਤਪਰ ਰਹਿੰਦੇ ਸਨ ਅਤੇ ਸੁਹਿਰਦਤਾ ਰਖਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਇਮਾਰਤਾਂ ਉਪਰ ਪੈਸਾ ਖਰਚ ਕਰਨ ਨਾਲੋਂ ਜ਼ਰੂਰੀ ਹੈ ਕਿ ਸਿੱਖੀ ਦਾ ਪ੍ਰਚਾਰ ਅਤੇ ਸਿੱਖਾਂ ਵਿਚੋਂ ਕੁਰੀਤੀਆਂ ਦੂਰ ਕੀਤੀਆਂ ਜਾਣ। ਗੁਰਦੁਆਰਾ ਸੁਧਾਰ ਲਹਿਰ ਦੇ ਆਰੰਭ ਸਰੋਵਰ ਕਾਰ ਦੇ ਸਮੇਂ ਤੋਂ ਹੀ ਜਦੋਂ ਦਰਬਾਰ ਸਾਹਿਬ ਦੀਆਂ ਪ੍ਰਕਰਮਾ ਖੁੱਲ੍ਹੀਆਂ ਕਰਨ ਵਾਸਤੇ ਵੀਚਾਰਾਂ ਹੋ ਰਹੀਆਂ ਸਨ ਤਾਂ ਹੌਲੀ-ਹੌਲੀ ਹੋਰ ਰੁਝੇਵਿਆਂ ਕਾਰਨ ਇਹ ਕਾਰਜ ਵਿਚਾਲੇ ਹੀ ਅਧੂਰਾ ਰਹਿ ਗਿਆ ਸੀ। ਜੁਲਾਈ 1943 ਈ. ਤੋਂ ਲੋਕਲ ਤੇ ਸ਼੍ਰੋਮਣੀ ਗੁਰਦੁਆਰਾ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕੁਝ ਕੁ ਮੁਖੀ ਸੱਜਣਾਂ ਨੇ ਮਿਲ ਕੇ ਇਸ ਵਿਚਾਰ ਨੂੰ ਸਿਰੇ ਚੜ੍ਹਾਉਣ ਲਈ ਉਦਮ ਕੀਤੇ। ਇਸ ਕਾਰਜ ਦੇ ਸੰਬੰਧ ਵਿਚ ਸਭ ਸਿੱਖਾਂ ਨੂੰ ਆਪਣੀਆਂ-ਆਪਣੀਆਂ ਰਾਵਾਂ ਦੇਣ ਦਾ ਹੱਕ ਦਿੱਤਾ ਗਿਆ ਤਾਂ ਕਿ ਭਲਾਈ ਹੋਵੇ, ਅਕਾਲੀ ਕੌਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਦੱਸਿਆ- ਬਜਾਏ ਇਸ ਪਾਸੇ ਪੰਥ ਦੇ ਲੱਖਾਂ ਰੁਪਈਏ ਖਰਚ ਕਰਨ ਦੇ ਪਹਿਲੇ ਖ਼ਾਲਸੇ ਨੂੰ ਖ਼ਾਲਸਾ ਰਖਣ ਲਈ ਜਿਨ੍ਹਾਂ ਚੀਜ਼ਾਂ ਦੀ ਲੋੜ ਹੈ, ਉਨ੍ਹਾਂ ਦਾ ਪ੍ਰਬੰਧ ਕੀਤਾ ਜਾਏ। ਕਿਉਂਕਿ ਸਹਿਜਧਾਰੀ ਹਿੱਸਾ ਜੋ ਕਰੋੜਾਂ ਦੀ ਗਿਣਤੀ ਵਿਚ ਸਿੰਧ ਫ਼ਰੰਟੀਅਰ ਤੇ ਪੋਠੋਹਾਰ ਦੇ ਇਲਾਕੇ ਤੋਂ ਇਲਾਵਾ ਯੂ.ਪੀ., ਸੀ.ਪੀ. ਤੇ ਹੋਰ ਹੋਰ ਦਖਣ, ਮਦਰਾਸ, ਮਹਾਰਾਸ਼ਟਰ ਤੇ ਗੁਜਰਾਤ ਵਿਚ ਪੰਥ ਤੋਂ ਨਿਖੜ ਰਿਹਾ ਹੈ। ਉਹੀ ਨਹੀਂ ਬਲਕਿ ਬੜੇ ਬੜੇ ਖਾਨਦਾਨੀ ਪੁਸ਼ਤ ਦਰ ਪੁਸ਼ਤ ਦੇ ਕੇਸਾ ਧਾਰੀ ਕੇਸ ਹੀਨ ਹੋਈ ਜਾਂਦੇ ਹਨ। ਉਹ ਬਹੁਤੇ ਉਪਰੋਂ ਸ਼ਕਲ ਮੂਰਤ ਦੇ ਨਾਮ ਮਾਤਰ ਦੇ ਸਿੰਘ ਹਨ। ਅੰਮ੍ਰਿਤ, ਕਕਾਰ, ਗੁਰਬਾਣੀ ਪਾਠ ਵੀਚਾਰ, ਕੀਰਤਨ ਤੇ ਸਿਮਰਣ ਵਲੋਂ ਅਵੇਸਲੇ ਹੋ ਕੇ ਕੁੱਠਾ, ਗੋਮਾਸ, ਸ਼ਿੰਗਾਰ ਅਤੇ ਪਰ ਤਨ ਆਦਿਕ ਦੇ ਸ਼ਿਕਾਰੀ ਹੋਈ ਬੈਠੇ ਹਨ। ਦਸਵੰਧ ਦਾ ਨਾਮ ਤਕ ਨਹੀਂ ਜਾਣਦੇ। ਗੁਰਮਤ, ਗੁਰਸਿੱਖੀ ਦੀਆਂ ਰਸਮਾਂ ਦੇ ਭੀ ਨਾਂ ਤਕ ਜਾਣੂ ਨਹੀਂ।[81]

ਲੋੜ ਹੈ ਇਨ੍ਹਾਂ ਅਮੀਰਾਂ ਦੀ ਪੱਕੀ ਜਥੇਬੰਦੀ ਹੋਏ; ਗਰੀਬ ਦੀ ਕਿਰਤ ਕਾਰ ਦਾ ਪ੍ਰਬੰਧ ਕਰਕੇ ਗੁਰਮਤ ਅਨੁਸਾਰ ਸਿੱਖੀ ਮਾਰਗ ਉਤੇ ਤੋਰੇ ਜਾਣ। ਫਿਰ ਬਾਅਦ ਵਿਚ ਇਕ 'ਸੂਧੇ ਸੂਧੇ ਰੇਗਿ

---

[81] *ਕਸ਼ਮੀਰ ਸਿੱਖ ਸਮਾਚਾਰ,* ਜੁਲਾਈ 1943.

ਚਲਹੁ....'[82] ਵਾਲੀ ਹਾਲਤ ਹੋ ਜਾਏ ਤਦ ਫਿਰ ਪਰਕਰਮਾ ਆਦਿ ਦੇ ਵਧਾਉਣ ਤੇ ਹੋਰ ਐਸੇ ਕੰਮਾਂ ਪੁਰ ਮਾਇਆ ਅਤੇ ਵਕਤ ਨੂੰ ਖ਼ਰਚ ਕੀਤਾ ਜਾਵੇ, ਨਹੀਂ ਤਾਂ ਸਿੱਖ ਜੇ ਸਿੱਖ ਨਹੀਂ ਰਹਿਣਗੇ ਤਾਂ ਸਿੱਖਾਂ ਲਈ ਬਣਾਈਆਂ ਖੁੱਲ੍ਹੀਆਂ ਥਾਵਾਂ ਕਿਸ ਕੰਮ ਆਉਣਗੀਆਂ। ਇਸ ਗੱਲ ਦਾ ਇਕ ਪਹਿਲੂ ਹੋਰ ਵੇਖਣ ਵਾਲਾ ਹੈ ਉਹ ਇਹ ਹੈ ਕਿ ਅੱਜ ਕੱਲ੍ਹ ਖਾਸ ਸਾਵਣ ਦਾ ਮਹੀਨਾ! ਭਾਵੇਂ ਅਸੀਂ ਹਰਿਦੁਆਰ, ਮਥਰਾ, ਗੋਕਲ ਜੀ ਤੇ ਹੋਰ ਬਾਲਾ ਜੀ ਜੈਸੇ ਮੰਦਰਾਂ ਥਾਵਾਂ ਨੂੰ ਨਿੰਦਦੇ ਤੇ ਭੰਡਦੇ ਹਾਂ ਪ੍ਰੰਤੂ ਆਪਣੀ ਬੁੱਕਲ ਵਿਚ ਝਾਤੀ ਮਾਰਕੇ ਨਹੀਂ ਤਕਦੇ। ਆਓ! ਜਰਾ ਗਹੁ ਕਰਕੇ ਵੇਖੀਏ:

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਦਰਸ਼ਨੀ ਡਿਓਢੀ ਤੋਂ ਅਕਾਲ ਤਖ਼ਤ ਦੇ ਸਾਹਮਣੇ ਸਾਵਨ ਦੇ ਮਹੀਨੇ ਵਿਚ, ਹੋਰ ਤਿਉਹਾਰਾਂ ਸਮੇਂ ਜੋ ਪ੍ਰਕਰਮਾਂ ਨਾਲੋਂ ਵਧੀਕ ਖੁਲ੍ਹੀ ਥਾਂ ਪਈ ਹੈ, ਇਥੇ ਦੁਪਹਿਰ ਵੇਲੇ ਜਾਂ ਦੁਪਹਿਰ ਦੇ ਪਿਛਲੇਰੇ ਸਮੇਂ ਹਿੰਦੀ ਪੰਜਾਬੀ ਤੋਂ ਪੈਰਸ ਬਣਿਆ ਹੁੰਦਾ ਹੈ। ਗਹਿਣਾ, ਕਪੜਾ, ਤੁਰਨ, ਫਿਰਨ, ਬੈਠਣ, ਖਲੋਣ, ਖਾਣ, ਪੀਣ ਅਤੇ ਹਸਣ-ਖੇਡਣ ਕਿਸ ਅਦਾਅ ਅਰ ਨਜ਼ਾਕਤ ਨਾਲ ਹੁੰਦਾ ਹੈ। ਗੁੰਡੇ ਬਦਮਾਸ਼, ਸ਼ਰਾਰਤੀ 'ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ॥'[83] ਐਰ ਗ਼ੈਰ ਨਹੀਂ ਬਲਕਿ ਚੰਗੇ ਚੰਗੇ ਸਿੱਖ ਘਰਾਣਿਆਂ ਦੇ ਪੁੱਤਰ ਕਿਸ ਤਰ੍ਹਾਂ ਪੈਲਾਂ ਪਾਉਂਦੇ ਅਤੇ ਹਰਲ ਹਰਲ ਕਰਦੇ ਫਿਰਦੇ ਤਕਦੇ ਹਨ! ਸੋ ਜੇ ਇਸ ਪਰਕਰਮਾ ਨੂੰ ਹੀ ਨਹੀਂ ਸੰਭਾਲ ਸਕਦੇ ਤਾਂ ਬਣਨ ਵਾਲੀ ਸਾਰੀ ਪਰਕਰਮਾ ਨੂੰ ਕਿਵੇਂ ਸੰਭਾਲਾਂਗੇ?

ਕਿਸੀ ਚੀਜ਼ ਦਾ ਬਣਾਉਣਾ ਉਤਨਾ ਕਠਨ ਨਹੀਂ ਜਿਤਨਾ ਕਿ ਉਸ ਦਾ ਯੋਗ ਤਰੀਕੇ ਨਾਲ ਵਰਤਣਾ ਕਠਿਨ ਹੈ। ਐ ਪਰਕਰਮਾ ਦੀ ਖੁੱਲ੍ਹ ਦੇਖਣ ਵਾਲੇ ਸ਼ਰਧਾਲੂ ਤੇ ਸਿੱਖ ਜ਼ੁੰਮੇਵਾਰ ਲੀਡਰ, ਪਰਧਾਨ, ਸਕੱਤਰ ਅਤੇ ਮੈਂਬਰਾਨ ਸਾਹਿਬੋ ਗੁਰੂ ਦਾ ਵਾਸਤਾ ਏ; ਜੇ ਪਰਕਰਮਾ ਬਾਰੇ ਵੀਚਾਰ ਦਿਲ ਵਿਚ ਰਖਕੇ ਚੁਪ ਚਾਪ ਜ਼ਰਾ ਦਸ ਪੰਦਰਾਂ ਦਿਨ ਸ਼ਾਮੀ ਤਿੰਨ-ਚਾਰ ਵਜੇ ਤੋਂ ਸਤ ਅੱਠ ਵਜੇ ਤਕ ਕੁਝ ਦੇਰ ਅੰਦਰ ਹਰਿਮੰਦਰ ਬੈਠਕੇ, ਕੁਝ ਦੇਰ ਅਕਾਲ ਤਖ਼ਤ ਅਥਵਾ ਇਧਰ ਉਧਰ ਬੁੰਗਿਆਂ ਵਿਚ ਬੈਠਕੇ, ਕੁਝ ਦੇਰ ਦਰਸ਼ਨੀ ਡਿਓਢੀ ਦੇ ਮੈਦਾਨ ਵਿਚ ਤੇ ਕੁਝ ਦੇਰ ਹਰ ਪਰਕਰਮਾ ਗੁਰੂ ਕੇ ਬਾਗ ਅਤੇ ਬਾਬਾ ਅਟਲ

---

[82] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 855.

[83] ਉਹੀ, ਪੰ. 1124.

ਸਾਹਿਬ ਆਦਿਕ ਵਿਚ ਫਿਰ ਤੁਰ ਕੇ ਜ਼ਰਾ ਆਪਣੀਆਂ ਅਖੀਆਂ ਨਾਲ ਖੁਲ੍ਹੇ-ਡੁਲ੍ਹੇ ਵੇਖੋ; ਇਸ ਨੂੰ ਨਿਰਾ ਯੂਰਪ ਦੇ ਚਾਲ ਚਲਣ ਨੂੰ ਦਿਲ ਵਿਚ ਟਿਕਾ ਕੇ ਨਾ ਵੇਖੋ ਅਰ ਨਾ ਹੀ ਲੋਕਾਂ ਦੀਆਂ ਧੀਆਂ ਭੈਣਾਂ ਸਮਝ ਕੇ ਵੇਖੋ। ਦੋਹਾਂ ਧਿਰਾਂ ਦੀ ਰਹਿਮਾਨਾ ਹਾਲਤ ਨੂੰ ਵੀਚਾਰੋ ਅਤੇ ਆਪੋ ਅਪਣੇ ਦਿਲਾਂ ਤੋਂ ਪੁਛੋ ਕਿ ਕੀ ਹੋਣਾ ਚਾਹੀਦਾ ਹੈ।[84] ਅਕਾਲੀ ਕੌਰ ਸਿੰਘ ਦੁਆਰਾ ਪੇਸ਼ ਕੀਤੇ ਇਨ੍ਹਾਂ ਵਿਚਾਰਾਂ ਤੋਂ ਉਨ੍ਹਾਂ ਦੀ ਦੂਰ ਦ੍ਰਿਸ਼ਟੀ ਅਤੇ ਅਗਾਂਹ ਵਧੂ ਵਿਚਾਰਾਂ ਦਾ ਪਤਾ ਚਲਦਾ ਹੈ ਕਿ ਉਹ ਸਿੱਖੀ ਲਈ ਕਿੰਨੀ ਦੂਰਅੰਦੇਸ਼ੀ ਸੋਚ ਰਖਦੇ ਸਨ।

## ਨਿਧੜਕ ਆਗੂ

1947 ਈ. ਦੀ ਦੇਸ਼ ਦੀ ਗੜਬੜ ਸਮੇਂ ਗੁਰਦੁਆਰਾ ਕਰੋਲ ਬਾਗ, ਗਲੀ ਨਾਈ ਵਾਲੀ ਦਿੱਲੀ ਵਿਖੇ ਜਦੋਂ ਅਕਾਲੀ ਜੀ ਦੇਸ਼ ਰਾਜ ਪਲੀਡਰ ਦੇ ਘਰ ਬਿਸ਼ਰਾਮ ਕਰ ਰਹੇ ਸਨ ਤਾਂ ਬਟਵਾਰੇ ਕਾਰਨ ਸਿੱਖ-ਹਿੰਦੂ ਤੇ ਮੁਸਲਮਾਨਾਂ ਵਿਚਾਲੇ ਫਸਾਦ ਵਧ ਗਏ ਸਨ। ਦੇਸ਼ ਰਾਜ ਨੇ ਅਕਾਲੀ ਜੀ ਨੂੰ ਸਮੇਤ ਨਿਜੀ ਪਰਿਵਾਰ ਜਾਨਾਂ ਬਚਾ ਕੇ ਭੱਜਣ ਲਈ ਕਿਹਾ। ਇਸ ਗੱਲ ਨੂੰ ਅਕਾਲੀ ਜੀ ਨਹੀਂ ਮੰਨੇ ਅਤੇ ਨੰਗੀ ਤਲਵਾਰ ਸੂਤ ਕੇ ਦਰਵਾਜ਼ੇ ਅੱਗੇ ਖੜ੍ਹੇ ਹੋ ਗਏ। ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਲੋਕਾਂ ਦੀ ਰੱਖਿਆ ਕਰਾਂਗਾ ਜਾਂ ਸ਼ਹੀਦੀ ਪਾਵਾਂਗਾ। ਦੂਜੇ ਪਾਸੇ ਮੁਸਲਮਾਨ ਹਜੂਮ ਹਰਲ-ਹਰਲ ਕਰਦੇ ਲੰਘ ਰਹੇ ਸਨ ਤਾਂ ਇਨ੍ਹਾਂ ਦਾ ਨੂਰਾਨੀ ਚਿਹਰਾ ਦੇਖ ਕੇ ਕਿਸੇ ਦੀ ਵੀ ਹਮਲਾ ਕਰਨ ਦੀ ਜੁਰਅਤ ਨਾ ਹੋਈ। ਜਿਸ ਕਰਕੇ ਉਹ ਮਕਾਨ ਸਮੇਤ ਮਾਲ ਬਚ ਗਿਆ ਅਤੇ ਹਜੂਮ ਇਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਿਆ।[85] ਇਸ ਤਰ੍ਹਾਂ ਦੀ ਦਲੇਰੀ ਉਨ੍ਹਾਂ ਅੰਦਰ ਭਰੀ ਹੋਈ ਸੀ।

## ਸਹਿਣਸ਼ੀਲਤਾ ਅਤੇ ਨਿਮਰਤਾ ਦੇ ਪੁੰਜ

ਅਕਾਲੀ ਕੌਰ ਸਿੰਘ ਜਿਥੇ ਦਲੇਰੀ ਅਤੇ ਬਹਾਦਰੀ ਦੇ ਗੁਣ ਦੇ ਧਾਰਨੀ ਸਨ ਉਸ ਦੇ ਨਾਲ-ਨਾਲ ਉਹ ਆਪਣੇ ਅੰਦਰ ਸਹਿਣਸ਼ੀਲਤਾ ਅਤੇ ਨਿਮਰਤਾ ਦਾ ਗੁਣ ਵੀ ਸਮੋਈ ਬੈਠੇ ਸਨ। ਉਨ੍ਹਾਂ ਵਿਚ ਇੰਨੀ ਨਿਮਰਤਾ

[84] *ਕਸ਼ਮੀਰ ਸਿੱਖ ਸਮਾਚਾਰ,* ਜੁਲਾਈ 1943.

[85] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 130.

ਸੀ ਕਿ ਆਪਣੇ ਆਪ ਨੂੰ ਕੀਟ (ਤੁਕ-ਤਤਕਰੇ ਵਿਚ) ਲਿਖਦੇ ਸਨ। ਉਹ 'ਕਸ਼ਮੀਰ ਸਿੱਖ ਸਮਾਚਾਰ ਦੇ ਐਡੀਟਰ ਸਨ। ਇਨ੍ਹਾਂ ਨੇ ਸ੍ਰੋਮਣੀ ਖ਼ਾਲਸਾ ਦਰਬਾਰ ਜੰਮੂ ਕਸ਼ਮੀਰ ਦੀ ਕਿਸੇ ਕਾਨਫ੍ਰੰਸ ਦੇ ਪ੍ਰਧਾਨਗੀ ਲੇਖ ਉਤੇ ਟੀਕਾ ਟਿਪਣੀ ਦੇ ਤੌਰ 'ਤੇ ਸੁਝਾਉ ਵਜੋਂ ਸਤਰਾਂ ਲਿਖੀਆਂ ਜਿਸ ਕਰਕੇ ਕਿਸੇ ਸਜਣ ਨੇ ਲੇਖਕ (ਅਕਾਲੀ ਜੀ) ਨੂੰ ਕਿਸੇ ਸਜਣ ਨੇ ਬੜੇ ਫਿਕੇ, ਕੌੜੇ ਅਤੇ ਭੱਦੇ ਸ਼ਬਦਾਂ ਨਾਲ ਬੁਲਾਇਆ। ਇਨ੍ਹਾਂ ਕੌੜੇ ਬਚਨਾਂ ਨੂੰ ਸੁਣ ਕੇ ਇਕ ਸੱਚ ਦੇ ਉਪਾਸ਼ਕ ਸੱਜਣ ਨੂੰ ਗੁੱਸਾ ਆਇਆ ਅਤੇ ਉਸ ਨੇ ਦੂਜੇ ਸੱਜਣ ਨਾਲ ਲੜਨਾ ਝਗੜਨਾ ਸ਼ੁਰੂ ਕਰ ਦਿੱਤਾ। ਨੌਬਤ ਡਾਂਗੋ ਡਾਂਗੀ ਤਕ ਪੁਜ ਗਈ। ਜਦੋਂ ਅਕਾਲੀ ਕੌਰ ਸਿੰਘ ਨੂੰ ਇਸ ਬਾਰੇ ਪਤਾ ਲੱਗਾ ਕਿ ਦੋ ਸੱਚ ਦੇ ਪ੍ਰੇਮੀ ਝਗੜ ਪਏ ਹਨ ਜਦਕਿ ਇਕ ਨੇ ਉਨ੍ਹਾਂ ਨੂੰ ਬੋਲ-ਕੁਬੋਲ ਬੋਲੇ ਹਨ ਤਦ ਉਨ੍ਹਾਂ ਨੇ 1943 ਦੇ ਪਰਚੇ ਵਿਚ ਬਹੁਤ ਹੀ ਪ੍ਰੇਮ ਨਾਲ ਲਿਖਤ ਦੁਆਰਾ ਸਮਝਾਇਆ ਕਿ ਉਨ੍ਹਾਂ ਵਾਸਤੇ ਕਿਸੇ ਨਾਲ ਝਗੜਾ ਨਾ ਕਰਨ।

ਅਸੀਂ ਬੇਨਤੀ ਕਰਦੇ ਹਾਂ ਕਿ ਜੇ ਕੋਈ ਮਿਹਰਬਾਨ ਸਾਨੂੰ ਬੁਰਾ ਕਹੇ ਯਾ ਫਿਕੇ ਕੌੜੇ ਬਚਨ ਆਖੇ ਤਦ ਆਪ ਨੂੰ ਉਨ੍ਹਾਂ ਨਾਲ ਝਗੜਨ ਦੀ ਯਾ ਬਹਿਸ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਏ। ਕਿਉਂਕਿ ਗੁਰੂ ਜੀ ਫੁਰਮਾਉਂਦੇ ਹਨ, 'ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥'[86] ਪੁੰਨ੍ਹਾ ਹੁਕਮ ਕਰਦੇ ਹਨ 'ਮੂਰਖੈ ਨਾਲਿ ਨ ਲੁਝੀਐ॥[87] ਭਰੋਸਾ ਹੈ ਅਗੇ ਲਈ ਸੁਹਿਰਦ ਸਜਨ ਪਰਵਾਨ ਕਰਨਗੇ।[88] ਇਹ ਸੀ ਅਕਾਲੀ ਕੌਰ ਸਿੰਘ ਦੀ ਸ਼ਹਿਣਸ਼ੀਲਤਾ ਅਤੇ ਨਿਮਰਤਾ ਜਿਹੜੀ ਕਿ ਉਨ੍ਹਾਂ ਨੂੰ ਸਧਾਰਨ ਤੋਂ ਵਿਸ਼ੇਸ਼ ਦਰਸਾਉਂਦੀ ਹੈ।

## ਧੀਰਜ ਬੰਨ੍ਹਾਉਣ ਵਾਲੇ

ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਚ ਇਹ ਵਿਸ਼ੇਸ਼ ਗੁਣ ਰਿਹਾ ਕਿ ਉਹ ਦੁਖੀਆਂ ਨੂੰ ਹੌਂਸਲਾ ਦੇ ਕੇ ਜੀਵਨ ਵਿਚ ਅੱਗੇ ਵਧਣ ਲਈ ਪ੍ਰੇਰਦੇ ਸਨ। ਕੋਇਟੇ (ਬਲੋਚਿਸਤਾਨ) ਦੀਆਂ ਦੋ ਬੀਬੀਆਂ ਪੁਸ਼ਪਾਵੰਤੀ ਤੇ ਭਾਗਵੰਤੀ ਜੋ

---

[86] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ. 473

[87] ਉਹੀ

[88] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰਨੇ 122-123.

ਅਮਰੀਕ ਸਿੰਘ ਪੇਸ਼ਾਵਰ ਵਾਲਿਆਂ ਦੇ ਘਰ ਠਹਿਰੀਆਂ ਹੋਈਆਂ ਸਨ। ਭੁਚਾਲ ਦੇ ਕਾਰਨ ਇਨ੍ਹਾਂ ਦਾ ਖਾਨਦਾਨ ਅਤੇ ਧਨ-ਮਾਲ ਬਰਬਾਦ ਹੋਣ ਕਾਰਨ ਇਹ ਦਿਨ-ਰਾਤ ਰੋਂਦੀਆਂ ਰਹਿੰਦੀਆਂ ਸਨ।

ਅਕਾਲੀ ਜੀ ਨੇ ਇਨ੍ਹਾਂ ਨੂੰ ਇੰਨੇ ਪਿਆਰ ਨਾਲ ਸਮਝਾਇਆ ਅਤੇ ਧੀਰ ਧਰਾਇਆ ਜਿਸ ਸਦਕਾ ਇਹ ਬੀਬੀਆਂ ਵਾਹਿਗੁਰੂ ਮੰਤਰ ਦਾ ਜਾਪ ਜਪਣ ਲੱਗੀਆਂ ਅਤੇ ਅੰਮ੍ਰਿਤ ਛਕ ਕੇ ਪੂਰਨ ਨਿਤਨੇਮੀ ਬਣ ਗਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਗੁਰੂ ਮੰਨਣ ਲੱਗੀਆਂ।

## ਪੰਥਕ ਏਕਤਾ ਅਤੇ ਆਪਸੀ ਪਿਆਰ ਦੇ ਹਾਮੀ

ਅਕਾਲੀ ਕੌਰ ਸਿੰਘ ਹਮੇਸ਼ਾਂ ਪੰਥ ਦੀ ਸੰਗਤ ਵਾਲੀ ਪੰਥਕ ਰਾਇ ਅਤੇ ਇਕਮੁਠਤਾ ਦੇ ਹਾਮੀ ਰਹੇ ਹਨ। ਉਹ ਮੰਨਦੇ ਸਨ ਕਿ ਇਕਮੁਠ ਹੋ ਕੇ ਕੀਤਾ ਸਾਂਝਾ ਯਤਨ ਵਿਅਕਤੀਗਤ ਯਤਨ ਨਾਲੋਂ ਕਿਤੇ ਹੀ ਜ਼ਿਆਦਾ ਲਾਹੇਵੰਦ ਹੈ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਧੜੇਬੰਦੀਆਂ ਅਤੇ ਹਲਕੇ ਸਵਾਰਥਾਂ ਤੋਂ ਉਪਰ ਉਠ ਕੇ ਇਕ ਸਾਂਝੇ ਮੰਚ 'ਤੇ ਇਕੱਠੇ ਹੋਣ ਲਈ ਪ੍ਰੇਰਿਆ। ਬਹੁਤ ਸਾਰੀਆਂ ਉਨ੍ਹਾਂ ਦੀਆਂ ਅਪੀਲਾਂ ਵੀ ਅਜਿਹੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਨੇ ਸਿਰਮੌਰ ਹਸਤੀਆਂ, ਆਗੂਆਂ ਅਤੇ ਰਾਜੇ-ਮਹਾਰਾਜਿਆਂ ਨੂੰ ਸਖ਼ਤੀ ਨਾਲ ਵੀ ਪੰਥਕ ਏਕਤਾ ਕਾਇਮ ਕਰਨ ਲਈ ਸਮਝਾਇਆ ਹੈ। ਇਥੇ ਇਕ ਹੋਰ ਗੱਲ ਸਾਡੇ ਸਾਹਮਣੇ ਉਭਰ ਕੇ ਆਉਂਦੀ ਹੈ ਕਿ ਅਕਾਲੀ ਕੌਰ ਸਿੰਘ ਜੁਰਅਤ ਰੱਖਣ ਵਾਲੇ ਸ਼ਖ਼ਸ ਸਨ। ਕੋਈ ਵੀ ਵਿਚਾਰ ਜੋ ਕਿ ਪੰਥ ਦੇ ਹਿਤ ਵਿਚ ਹੋਵੇ ਅਤੇ ਪੰਥਕ-ਏਕਤਾ ਪੈਦਾ ਕਰਨ ਵਾਲਾ ਹੋਵੇ ਉਸਨੂੰ ਪ੍ਰਗਟ ਕਰਨ ਤੋਂ ਬਿਲਕੁਲ ਵੀ ਗੁਰੇਜ਼ ਨਹੀਂ ਕਰਦੇ ਸਨ।

ਇਕ ਵਾਰੀ ਸ੍ਰੀਨਗਰ ਵਿਖੇ ਸਿੰਘਾਂ ਦਾ ਸ਼੍ਰੋ: ਖਾ: ਦਰਬਾਰ ਤੇ ਕਸ਼ਮੀਰ ਪਰਵਿਨਸ਼ਨਲ ਖਾਲਸਾ ਬੋਰਡ ਆਦਿਕ ਦਾ ਇਕੱਠ ਕਰਨਾ ਨੀਯਤ ਕੀਤਾ ਗਿਆ।[89] ਅਕਾਲੀ ਜੀ ਨੇ ਪਹਿਲਾਂ ਹੀ ਮੌਕਾ ਵਿਚਾਰਦਿਆਂ ਹੋਇਆਂ ਕਿ ਇਕੱਠ ਵਿਚ ਕਿਧਰੇ ਕੋਈ ਬਹਿਸ ਜਾਂ ਆਪਸੀ ਮਤਭੇਦ ਨਾ ਹੋ ਜਾਵੇ ਅਤੇ ਕੋਈ ਝਗੜਾ ਨਾ ਹੋਵੇ ਦੋਹਵਾਂ ਤਰਫਾਂ ਨੂੰ ਸਮਝੌਤਾ ਦਿੰਦੇ ਹਨ ਤਾਂ ਕਿ ਜਥੇਬੰਦਕ ਏਕਤਾ ਕਾਇਮ ਰੱਖੀ ਜਾ ਸਕੇ। ਸਭਨਾਂ ਨੂੰ ਇਕੋ ਨਿਸ਼ਾਨ ਹੇਠ ਇਕੱਠੇ ਹੋਣ ਦੀ ਤਾਕੀਦ ਕੀਤੀ ਅਤੇ ਕਿਸੇ ਵੀ ਤਰ੍ਹਾਂ ਦੀ ਆਪਹੁਦਰੀ

---

[89] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 126.

ਤੋਂ ਵਰਜਿਆ। ਸਭਨਾਂ ਨੂੰ ਸਮਝਾਇਆ ਕਿ ਅਸੀ ਜੇਕਰ 'ਏਕ ਪਿਤਾ ਏਕਸ ਕੇ ਹਮ ਬਾਰਿਕ॥'[90] ਦੇ ਬਚਨ ਨਾ ਮੰਨੇ ਤਾਂ ਅਸੀ ਹਜ਼ਾਰਾਂ ਕੋਹ ਪਛੜ ਜਾਵਾਂਗੇ।

## ਧਰਮ ਨਿਰਪੇਖ ਸ਼ਖ਼ਸੀਅਤ

ਅਕਾਲੀ ਕੌਰ ਸਿੰਘ ਇਕ ਧਰਮ-ਨਿਰਪੇਖ ਸ਼ਖ਼ਸੀਅਤ ਸਨ। ਆਪ ਦੇ ਅੰਦਰ ਬਿਲਕੁਲ ਵੀ ਧਾਰਮਿਕ ਕੱਟੜਤਾ ਨਹੀਂ ਸੀ, ਸਗੋਂ ਹਰੇਕ ਧਰਮ ਦਾ ਸਤਿਕਾਰ ਕਰਦੇ ਸਨ। ਆਪ ਨੇ ਆਪਣੇ ਪ੍ਰਚਾਰ ਦੌਰੇ ਦੌਰਾਨ ਕਦੇ ਵੀ ਕਿਸੇ ਧਰਮ ਦੀ ਨਿਖੇਧੀ ਨਹੀਂ ਕੀਤੀ। "ਅਕਾਲੀ ਜੀ ਅੰਦਰ ਸੁਹਿਰਦ ਅਤੇ ਮੇਲ-ਮਿਲਾਪ ਰਾਹੀਂ ਦੂਰੀ ਘਟਾਉਣ ਵਾਲੀ ਤੇ ਚੰਗੀ ਤਰ੍ਹਾਂ ਪੱਕ ਚੁੱਕੀ ਚਾਸ਼ਨੀ (ਮਿਸ਼ਰੀ ਜਿਹੀ ਮਿੱਠੀ) ਮਿਲਦੀ ਹੈ। ਇਹ ਮਾਖਿਓਂ ਤੇ ਮਿਸ਼ਰੀ ਹੋਰ ਕਿਸੇ ਵਿਚ ਕਿਧਰੇ ਨਹੀਂ ਮਿਲਦੇ।"[91] 1947 ਵਿਚ ਪਾਕਿਸਤਾਨ ਬਣਨ ਸਮੇਂ ਹੋਏ ਘੱਲੂਘਾਰੇ ਦੌਰਾਨ ਉਨ੍ਹਾਂ ਵਲੋਂ ਸਿੱਖ ਸੰਗਤ ਦੀ ਚੜ੍ਹਦੀ ਕਲਾ ਅਤੇ ਹਾਲਾਤਾਂ ਨਾਲ ਨਜਿੱਠਣ ਦੀ ਪ੍ਰੇਰਨਾ ਸੰਬੰਧੀ ਲਿਖ ਕੇ ਵੰਡੇ ਗਏ ਇਸ਼ਤਿਹਾਰ ਉਨ੍ਹਾਂ ਦੀ ਧਰਮ ਨਿਰਪੇਖਤਾ ਦਾ ਪ੍ਰਤੱਖ ਸਬੂਤ ਹਨ।

## ਬਹੁਪੱਖੀ ਵਿਦਿਆ/ਸਿੱਖਿਆ ਦੇ ਹਾਮੀ

ਅਕਾਲੀ ਕੌਰ ਸਿੰਘ ਸਿੱਖਾਂ ਦੇ ਵਿਦਿਆ ਦੇ ਪੱਖ ਵਲ ਵਿਸ਼ੇਸ਼ ਧਿਆਨ ਦਿੰਦੇ ਸਨ। ਵਿਦਿਆ ਪੜ੍ਹਨੀ-ਪੜ੍ਹਾਉਣੀ ਅਤੇ ਹੁਨਰ ਸਿੱਖਣਾ-ਸਿਖਾਉਣਾ ਸਭ ਲਈ ਜ਼ਰੂਰੀ ਸਮਝਦੇ ਸਨ। ਵਿਦਿਆ ਦੇ ਮਾਮਲੇ ਵਿਚ ਉਨ੍ਹਾਂ ਦਾ ਵਿਚਾਰ ਸੀ ਕਿ, ਵੇਦ, ਸ਼ਾਸਤਰ, ਗਾਇਤਰੀ, ਗੀਤਾ, ਕੁਰਾਨ, ਤੌਰੇਤ, ਜੰਬੂਰ ਤੇ ਅੰਜੀਲ ਆਦਿਕਾਂ ਉਤੇ ਨਿਸ਼ਚਾ ਨਹੀਂ ਲਿਆਉਣਾ ਪ੍ਰੰਤੂ ਪੜ੍ਹਾਈ ਸਭ ਤਰ੍ਹਾਂ ਦੀ ਕਰਨੀ ਤੇ ਸਤਿਕਾਰ ਕਰਨਾ ਹੋਵੇਗਾ।[92] ਉਨ੍ਹਾਂ ਦਾ ਆਪਣਾ ਵਿਦਿਆ ਦੇ ਪਾਸਾਰ ਅਤੇ ਕਾਬਲੀਅਤ ਦਾ ਨਮੂਨਾ ਸਾਨੂੰ ਵਿਸ਼ੇਸ਼ ਤੌਰ 'ਤੇ 'ਇਸਤਰੀ ਸੰਕਟ ਮੋਚਨ' ਵਿਚੋਂ ਮਿਲ ਜਾਂਦਾ ਹੈ।

---

[90] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 611.

[91] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 57.

[92] ਗਿ. ਖੇਮ ਸਿੰਘ ''ਚਕਾਰਵੀ'', *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 78.

## ਦੂਰਅੰਦੇਸ਼ੀ ਵਿਚਾਰਧਾਰਕ

15 ਅਗਸਤ 1947 ਮਗਰੋਂ ਰਿਆਸਤ ਪਟਿਆਲਾ ਅਤੇ ਜੰਮੂ ਕਸ਼ਮੀਰ ਸਟੇਟ ਵਲੋਂ ਆਪੋ-ਆਪਣੀਆਂ ਯੂਨੀਵਰਸਿਟੀਆਂ ਬਣਾਉਣ ਸੰਬੰਧੀ ਵਿਚਾਰ ਹੋ ਰਹੇ ਸਨ। ਉਦੋਂ ਹੀ ਖਾਲਸਾ ਕਾਲਜ ਮੈਨੇਜਿੰਗ ਕਮੇਟੀ 'ਸਿੱਖ ਯੂਨੀਵਰਸਿਟੀ' ਬਣਾਉਣ ਬਾਰੇ ਸੋਚ ਰਹੀ ਸੀ। ਉਥੇ ਅਕਾਲੀ ਜੀ ਇਸ ਵਿਚਾਰ ਬਾਰੇ ਕਸ਼ਮੀਰ ਸਿੱਖ ਸਮਾਚਾਰ ਜਿਲਦ 14 ਅਕਤੂਬਰ 1947 ਵਿਚ ਇਸ ਤਰ੍ਹਾਂ ਲਿਖਦੇ ਹਨ:

*ਸ਼ੁਰੂ ਵਿਚ ਕਈ ਸਾਲਾਂ ਤੋਂ ਖਾਲਸਾ ਕਾਲਜ ਮੈਨੇਜਿੰਗ ਕਮੇਟੀ ਸਿੱਖ ਯੂਨੀਵਰਸਿਟੀ ਬਣਾਉਣ ਦੇ ਖਿਆਲ ਵਿਚ ਲਗੀ ਰਹੀ ਹੈ, ਇਸੀ ਗਲ ਨੂੰ ਮੁੜ ਉਨ੍ਹਾਂ ਨੇ ਫਿਰ ਭੀ ਦੁਹਰਾਇਆ ਹੈ। ਇਸੀ ਅਰਸ਼ੇ ਵਿਚ ਇਕ ਐਲਾਨ ਪਟਿਆਲਾ ਸਟੇਟ ਵਲੋਂ ਭੀ ਯੂਨੀਵਰਸਿਟੀ ਕਾਇਮ ਕਰਨ ਦਾ ਨਿਕਲਿਆ ਸੀ ਅਤੇ ਹੁਣ ਸਟੇਟ ਕਸ਼ਮੀਰ ਵਲੋਂ ਭੀ ਯੂਨੀਵਰਸਿਟੀ ਬਣਾਉਣ ਦੇ ਵੀਚਾਰ ਕੀਤੇ ਜਾ ਰਹੇ ਸਨ। ਹੋ ਸਕਦਾ ਹੈ ਕਿ ਪੰਜਾਬ ਯੂਨੀਵਰਸਿਟੀ ਭੀ ਜਿਥੇ ਕੋਈ ਵੀਚਾਰ ਕਰੇ ਉਥੇ ਨਾਲ ਲਗਦੇ ਪਾਕਿਸਤਾਨੀ ਹਿੱਸੇ ਵਾਲੇ ਭੀ ਉੱਦਮ ਕਰਨ। ਐਸੀ ਹੀ ਹਾਲਤ ਵਿਚ ਬਜਾਏ ਇਕੋ ਹੀ ਕਿਸਮ ਦੀਆਂ ਯੂਨੀਵਰਸਿਟੀਆਂਬਣਾਉਂਦੇ ਅਗਰ ਐਸੇ ਤਰੀਕੇ ਨਾਲ ਇਨ੍ਹਾਂ ਦਾ ਬਣਾਉਣਾ ਬਾਇਤਫਾਕ ਸੋਚਿਆ ਜਾਵੇ ਤਾਂ ਕਿ ਹੁਣ ਜੋ ਹਿੰਦੁਸਤਾਨੀ ਜਾਪਾਨ, ਅਮਰੀਕਾ ਤੇ ਜਰਮਨ ਆਦਿ ਦੀਆਂ ਜੁਦਾ ਜੁਦਾ ਯੂਨੀਵਰਸਿਟੀਆਂ ਵਿਚ ਜਾ ਕੇ ਪੜ੍ਹਾਈ ਕਰਦੇ ਹਨ ਉਹ ਉਸੀ ਤਰ੍ਹਾਂ ਦੀਆਂ ਇਥੇ ਬਣ ਜਾਣ ਨਾਲ ਹਿੰਦੁਸਤਾਨ ਵਿਚ ਭੀ ਹਰ ਇਕ ਮਜ਼ਮੂਨ ਦੀ ਪੜ੍ਹਾਈ ਕਰਕੇ ਲਾਭ ਉਠਾ ਸਕਣ ਅਤੇ ਹਿੰਦੁਸਤਾਨ ਪੜ੍ਹਾਈ ਦੇ ਕੰਮ ਵਿਚ ਦੂਜਿਆਂ ਦੇਸ਼ਾਂ ਦੀ ਮੁਹਤਾਜੀ ਤੋਂ ਛੁਟਕਾਰਾ ਹਾਸਲ ਕਰੇ।* [93]

ਇਸ ਤਰ੍ਹਾਂ ਦੇ ਦੂਰਅੰਦੇਸ਼ੀ ਅਤੇ ਸਰਬੱਤ ਦੇ ਭਲੇ ਵਾਲੇ ਵਿਚਾਰ ਅਕਾਲੀ ਜੀ ਰਖਦੇ ਸਨ।

## ਸੁਲਝੇ ਅਤੇ ਸਿਆਣੇ ਨੀਤੀਵਾਨ

ਅਕਾਲੀ ਜੀ ਇਕ ਸਿਆਣੇ ਨੀਤੀਵਾਨ ਸਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਉਹ ਇਕ ਧਾਰਮਿਕ ਆਗੂ, ਸਮਾਜ ਸੁਧਾਰਕ ਅਤੇ ਵਿਦਿਆ ਦੇ ਪ੍ਰਚਾਰਕ ਸਨ। ਇਸ ਦੇ ਨਾਲ ਹੀ ਉਹ ਸਿੱਖ ਧਰਮ ਵਿਚ ਰਾਜਨੀਤੀ

---

[93] *ਕਸ਼ਮੀਰ ਸਿੱਖ ਸਮਾਚਾਰ*, 14 ਅਕਤੂਬਰ 1947.

ਨੂੰ ਵਿਸ਼ੇਸ਼ ਸਥਾਨ ਵੀ ਦਿੰਦੇ ਸਨ। ਜਦੋਂ ਰਿਆਸਤ ਵਿਚ ਸਿੱਖਾਂ ਦੀ ਸਮਾਜੀ, ਵਿਦਿਅਕ, ਆਰਥਿਕ ਆਦਿ ਖੇਤਰਾਂ ਨਾਲ ਜੁੜੇ ਹੋਏ ਮਸਲਿਆਂ ਦੇ ਸੁਧਾਰ ਅਤੇ ਹੋਰ ਅਣਗਿਣਤ ਮੰਗਾਂ ਦੀ ਗੱਲ ਹੁੰਦੀ ਤਾਂ ਆਪ ਇਸ ਕਾਰਜ ਖੇਤਰ ਵਿਚ ਅਗਵਾਈ ਕਰਦੇ। ਅਕਾਲੀ ਜੀ ਰਿਆਸਤ ਵਿਚ ਸਿੱਖਾਂ ਦੀਆਂ ਇਨ੍ਹਾਂ ਸਮਕਾਲੀ ਸਮਸਿਆਵਾਂ ਵਲ ਉਚੇਚੇ ਤੌਰ ’ਤੇ ਧਿਆਨ ਦਿੰਦੇ ਰਹੇ। ਉਹ ਸਿੱਖਾਂ ਦੇ ਹੱਕਾਂ ਲਈ ਰਿਆਸਤ ਕਸ਼ਮੀਰ ਦੇ ਮਨਿਸਟਰਾਂ ਤੇ ਅਧਿਕਾਰੀਆਂ ਨੂੰ ਮੁੜ-ਮੁੜ ਮਿਲਦੇ ਤੇ ਉਨ੍ਹਾਂ ਨੂੰ ਸਿੱਖਾਂ ਦੀਆਂ ਮੰਗਾਂ ਬਾਰੇ ਸੁਚੇਤ ਕਰਦੇ ਰਹਿੰਦੇ। ਇਸੇ ਤਰ੍ਹਾਂ ਅਸੈਂਬਲੀ ਦੀਆਂ ਚੋਣਾਂ ਸਮੇਂ ਸਿੱਖਾਂ ਦੀ ਰਹਿਨੁਮਾਈ ਕਰਦੇ ਤੇ ਜਿਸ ਸੱਜਣ ਦਾ ਸਾਥ ਦਿੰਦੇ ਉਸ ਦੀ ਕਾਮਯਾਬੀ ਯਕੀਨੀ ਹੁੰਦੀ।[94]

ਅਕਾਲੀ ਕੌਰ ਸਿੰਘ ਦਾ ਵਿਚਾਰ ਸੀ ਕਿ ਰਾਜਨੀਤਿਕ ਸੂਝ-ਬੂਝ ਰਖਦੇ ਸਿੱਖ ਨੂੰ ਆਪਣੇ ਧਰਮ ਦੀ ਨਿਸ਼ਕਾਮ ਸੇਵਾ ਕਰਨੀ ਚਾਹੀਦੀ ਹੈ। ਕਸ਼ਮੀਰ ਸਿੱਖ ਸਮਾਚਾਰ ਦੇ ਅਕਤੂਬਰ 1947 ਦੇ ਪਰਚੇ ਦੇ ਪੰਨਾ 4 ਉਪਰ ਇਸ ਤਰ੍ਹਾਂ ਲਿਖਿਆ:

*ਖਾਲਸਾ ਜੀ! ਨਿਰੀ ਦੌਲਤ ਤੇ ਮਾਲ ਦੀ ਵਡਿਆਈ ਨੂੰ ਮੁਖ ਰਖਕੇ ਆਗੂ ਨ ਚੁਣੋ ਬਲਕਿ ਜੇ ਜਗਤ ਦੇ ਸੁਖ ਵਾਸਤੇ ਜਥੇਬੰਦ ਹੋਣਾ ਹੈ ਤਦ ‘ਗੁਣ ਕੀ ਸਾਝ ਸੁਖੁ ਊਪਜੈ’[95] ਇਸ ਗੁਰਵਾਕ ਨੂੰ ਸਦਾ ਮੁਖ ਰਖਕੇ ਬੜੇ ਤੋਂ ਬੜੇ ਗੁਣੀ ਨੂੰ ਆਗੂ ਥਾਪਿਆ ਕਰੋ ਅਤੇ ਜਿਥੇ ਨਵਾਬ ਕਪੂਰ ਸਿੰਘ ਜੀ ਦੇ ਵੇਲੇ ਦਾ ਇਤਿਹਾਸ ਦੋਹਰਾਂਦੇ ਹੋ ਉਥੇ ਉਸ ਵੇਲੇ ਦੇ ਸਿੰਘ ਸਰਦਾਰ ਬਣਕੇ ਵੀ ਵਿਖਾਓ, ਨਹੀਂ ਤਾਂ ‘ਆਪਿ ਨ ਬੂਝਾ ਲੋਕ ਬੁਝਾਈ ਐਸਾ ਆਗੂ’[96] ਹੋਣਾ ਜਿਥੇ ਪੰਥ ਲਈ ਹਾਨੀ ਕਾਰਕ ਸਾਬਤ ਹੋਇਆ ਤੇ ਹੋਵੇਗਾ ਉਥੇ ਆਪਦੇ ਲਈ ਵੀ ਕਿਸੀ ਤਰਾਂ ਦੀ ਵਡਿਆਈ ਦਾ ਕਾਰਨ ਨਹੀਂ ਬਣੇਗਾ।*[97]

---

[94] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰਨੇ 332-33.

[95] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 756.

[96] ਉਹੀ, ਪੰ. 140.

[97] *ਕਸ਼ਮੀਰ ਸਿੱਖ ਸਮਾਚਾਰ*, ਅਕਤੂਬਰ 1947, ਪੰ. 4.

## ਪ੍ਰਭਾਵਸ਼ਾਲੀ ਵਾਰਤਾਲਾਪ (ਸੰਵਾਦ) ਕਰਨ ਵਾਲੇ

ਜਿਸ ਵੇਲੇ ਅਕਾਲੀ ਕੌਰ ਸਿੰਘ ਕਾਬਲ ਤੋਂ ਵਾਪਸ ਢਾਕੇ (ਲਾਲਪੁਰੇ) ਪੁਜੇ ਤਾਂ ਇਥੋਂ ਦੇ ਮੌਲਵੀ ਇਨ੍ਹਾਂ ਦਾ ਤਿਆਰ-ਬਰ-ਤਿਆਰ ਨਿਹੰਗ ਬਾਣਾ ਦੇਖ ਕੇ ਇਨ੍ਹਾਂ ਦੇ ਖਿਲਾਫ ਭੜਕ ਉਠੇ। ਲਾਲਪੁਰੇ ਤੋਂ ਅੱਗੇ ਚਕਨੋਰ ਪਿੰਢ ਦੇ ਮੌਲਵੀਆਂ ਨੇ ਹੋਰ ਮੁਸਲਮਾਨਾਂ ਨੂੰ ਆਪਣੇ ਨਾਲ ਰਲਾ ਕੇ ਲਾਲਪੁਰੇ ਵਿਚ ਸਿੰਘਾਂ ਉਪਰ ਹਮਲਾ ਕਰਨ ਅਤੇ ਗੁਰਦੁਆਰਾ ਸਾਹਿਬ ਨੂੰ ਅਗਨ ਭੇਂਟ ਕਰਨ ਦੀ ਵਿਉਂਤ ਬਣਾਈ। ਜਦੋਂ ਅਕਾਲੀ ਕੌਰ ਸਿੰਘ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਅੱਗੇ ਹੋ ਕੇ ਇਨ੍ਹਾਂ ਮੁਲਾਣਿਆਂ ਤੇ ਮੁਸਲਮਾਨਾਂ ਅੱਗੇ ਆਪਣਾ ਆਪ ਪੇਸ਼ ਕਰਕੇ ਇਸ ਤਰ੍ਹਾਂ ਕਿਹਾ-

ਭਾਈਓ ਤੁਸੀਂ ਨਾ ਤੇ ਇਨ੍ਹਾਂ ਸਿੰਘਾਂ ਨੂੰ ਹੀ ਮਾਰੋ ਤੇ ਨਾ ਹੀ ਗੁਰਦੁਆਰਾ ਸਾਹਿਬ ਨੂੰ ਹੀ ਕੋਈ ਨੁਕਸਾਨ ਪਹੁੰਚਾਓ ਕਿਉਂਕਿ ਦੋਸ਼ੀ ਮੈਂ ਹੀ ਹਾਂ ਮੈਨੂੰ ਮਾਰੋ ਯਾ ਜੋ ਕਰਨਾ ਹੈ ਕਰੋ ਇਨ੍ਹਾਂ ਨੂੰ ਕੁਝ ਨਾ ਕਹੋ।

ਇਥੇ ਆਪ ਨੇ ਖੁਦਾਈ ਖਲਕ ਅਤੇ ਭਰਾਤਰੀ ਭਾਵ ’ਤੇ ਅਜਿਹਾ ਵਿਦਵਤਾ ਭਰਿਆ ਭਾਸ਼ਨ ਦਿੱਤਾ ਤੇ ਕੁਰਾਨ ਦੀਆਂ ਆਇਤਾਂ ਪੜ੍ਹ ਕੇ ਸੁਣਾਈਆਂ ਕਿ ਕਾਤਲਾਨਾਂ ਹਮਲਾ ਕਰਨ ਦੀ ਬਜਾਇ ਉਨ੍ਹਾਂ ਦੇ ਸਿਰ ਆਪ ਦੇ ਸਾਹਮਣੇ ਝੁਕ ਗਏ। ਅਕਾਲੀ ਜੀ ਦੀ ਸ਼ਖ਼ਸੀਅਤ ਦਾ ਅਸਰ ਇਨ੍ਹਾਂ ਮੁਲਾਣਿਆਂ ’ਤੇ ਅਜਿਹਾ ਹੋਇਆ ਕਿ ਇਨ੍ਹਾਂ ਦੀ ਨਿਰਾਦਰੀ ਕਰਨ ਬਦਲੇ ਇਨ੍ਹਾਂ ਦਾ ਸਤਿਕਾਰ ਕਰ ਕੇ ਘਰੀਂ ਮੁੜ ਗਏ।[98]

ਉਨ੍ਹਾਂ ਦੇ ਬਚਨਾਂ ਵਿਚ ਇੰਨੀ ਮਿਠਾਸ ਤੇ ਨਿਮਰਤਾ ਸੀ ਕਿ ਆਪਣੇ ਆਪ ਹੀ ਆਦਮੀ ਉਧਰ ਖਿਚਿਆ ਜਾਂਦਾ ਸੀ। ਅਤਰ ਸਿੰਘ ਲਿਖਦੇ ਹਨ- ਮੈਨੂੰ ਇਤਫ਼ਾਕ ਹੋਇਆ ਉਨ੍ਹਾਂ ਨੂੰ ਨਾਲ ਲੈ ਕਈ ਇਕ ਇੰਡੀਅਨ ਪਾਰਲੀਮੈਂਟ (Indian Parliament) ਦੇ ਮੈਂਬਰਾਂ ਅਤੇ ਮਨਿਸਟਰਾਂ ਪਾਸ ਗਿਆ, ਜਿਸ ਪਾਸ ਉਹ ਜਾਂਦੇ ਉਹ ਆਖਦਾ ਕਿ ਫਿਰ ਦਰਸ਼ਨ ਦੇਣਾ ਤੇ ਮੈਨੂੰ ਇਹ ਆਖਦੇ ਕਿ “ਇਨ ਕੋ ਆਪ ਫਿਰ ਜ਼ਰੂਰ ਲਾਈਏ ਹਮ ਇਨ ਕੇ ਦਰਸ਼ਨ ਚਾਹਤੇ ਹੈਂ।[99]

---

[98] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ*, ਪੰ. 24.

[99] *ਪ੍ਰਕਾਸ਼*, 27 ਜਨਵਰੀ 1954 (ਅਤਰ ਸਿੰਘ ਦਾ ਲੇਖ, ਅਕਾਲੀ ਕੌਰ ਸਿੰਘ ਜੀ ਦੀਆਂ ਜੀਵਨ ਝਾਕੀਆਂ)

ਕਿਸੇ ਵੀ ਗੰਭੀਰ ਮੁੱਦੇ 'ਤੇ ਕੋਈ ਚਰਚਾ ਕਰਨ ਸਮੇਂ ਉਹ ਸ਼ਾਂਤ-ਸੁਭਾਅ ਬਣਾ ਕੇ ਰਖਦੇ ਸਨ ਅਕਾਲੀ ਕੌਰ ਸਿੰਘ ਝਟਕੇ ਮਾਸ ਦੇ ਪੱਖ ਵਿਚ ਸਨ ਅਤੇ ਭਾਈ ਰਣਧੀਰ ਸਿੰਘ ਇਸ ਦੇ ਵਿਪੱਖ ਵਿਚ ਸਨ। ਸ੍ਰੀਨਗਰ ਕਸ਼ਮੀਰ ਵਿਖੇ 1944 ਈ. ਨੂੰ ਸਰਦਾਰ ਦਿਆਲ ਸਿੰਘ ਜੀ ਦੇ ਘਰ ਝਟਕਾ ਮਾਸ ਪ੍ਰਥਾਇ ਅਕਾਲੀ ਕੌਰ ਸਿੰਘ ਅਤੇ ਭਾਈ ਰਣਧੀਰ ਸਿੰਘ ਦੀ ਗੋਸ਼ਟੀ ਹੋਈ।[100] ਜਿਸ ਵਿਚ ਅਕਾਲੀ ਕੌਰ ਸਿੰਘ ਨੇ ਭਾਈ ਰਣਧੀਰ ਸਿੰਘ ਜੀ ਦੇ ਸਾਹਮਣੇ ਸ਼ਾਂਤੀ ਅਤੇ ਨਿਮਰਤਾ ਬਣਾ ਕੇ ਰੱਖੀ। ਅਕਾਲੀ ਜੀ ਨੇ ਇਸ ਗੋਸ਼ਟੀ ਵੇਲੇ ਗੁੱਸੇ ਨੂੰ ਆਪਣੇ ਨੇੜੇ ਨਹੀਂ ਆਉਣ ਦਿੱਤਾ ਅਤੇ ਮੁਸਕਰਾਉਂਦੇ ਰਹੇ।[101] ਉਨ੍ਹਾਂ ਨੇ ਇਸ ਵੇਲੇ ਆਪਣਾ ਸਹਿਜ ਬਣਾਈ ਰੱਖਿਆ।

ਸੰਖਿਪਤ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਅਕਾਲੀ ਕੌਰ ਸਿੰਘ ਅਜਿਹੇ ਸਿੱਖ-ਚਿੰਤਕ ਸਨ, ਜਿਨ੍ਹਾਂ ਦੀ ਵਿਚਾਰਧਾਰਾ ਇਕ ਪਾਸੜ ਨਹੀਂ ਸੀ, ਸਗੋਂ ਬਹੁ-ਪਾਸਾਰੀ (multi-facet) ਅਤੇ ਦੂਰ-ਅੰਦੇਸ਼ੀ ਸੀ। ਉਹ ਕਹਿਣੀ ਅਤੇ ਕਥਨੀ ਦੇ ਪੂਰੇ, ਮਿਹਨਤੀ, ਸਿਰੜੀ ਅਤੇ ਸਿਦਕ ਦੇ ਪੱਕੇ ਸਨ। ਉਨ੍ਹਾਂ ਦਾ ਸਮੁੱਚਾ ਜੀਵਨ ਹੀ ਸੰਪੂਰਨ ਗੁਰਸਿੱਖੀ ਦੇ ਇਕ ਰੋਲ-ਮਾਡਲ ਵਜੋਂ ਲਿਆ ਜਾ ਸਕਦਾ ਹੈ। ਅਕਾਲੀ ਕੌਰ ਸਿੰਘ ਨੇ ਆਪਣੇ ਜੀਵਨ ਵਿਚ ਆਈਆਂ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਉਨ੍ਹਾਂ ਦਾ ਸਾਰਥਕ ਹੱਲ ਵੀ ਕੱਢਿਆ। ਗੁਰਬਾਣੀ ਨਾਲ ਆਪ ਦਾ ਇਤਨਾ ਪਿਆਰ ਸੀ ਕਿ ਆਪ ਲੋਕਾਈ ਨੂੰ ਗੁਰਬਾਣੀ ਦੇ ਨਿਰੋਲ ਅਰਥਾਂ ਤੱਕ ਪਹੁੰਚਾਉਣਾ ਚਾਹੁੰਦੇ ਸਨ। ਇਸ ਪਾਕ ਮਨੋਰਥ ਲਈ ਆਪ ਨੇ ਸਿਰ-ਤੋੜ ਮਿਹਨਤ, ਲਗਨ ਅਤੇ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਨੂੰ ਪਾਰ ਕਰਦੇ ਹੋਏ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ 'ਤੁਕ-ਤਤਕਰਾ' ਤਿਆਰ ਕੀਤਾ, ਜੋ ਕਿ ਲਗ-ਪਗ 13 ਸਾਲਾਂ ਦੀ ਕਰੜੀ ਮਿਹਨਤ ਅਤੇ ਲਗਨ ਨਾਲ ਤਿਆਰ ਕੀਤਾ ਅਤੇ ਪ੍ਰਕਾਸ਼ਿਤ ਹੋਇਆ।

ਅਕਾਲੀ ਕੌਰ ਸਿੰਘ ਬਾਕੀ ਖੇਤਰਾਂ ਦੇ ਨਾਲ-ਨਾਲ ਚਕਿਤਸਾ ਤੇ ਆਯੁਰਵੈਦ ਦੀ ਵੀ ਪੂਰੀ ਸੂਝ ਰੱਖਦੇ ਸਨ। ਆਪਣੇ ਜੀਵਨ ਵਿਚ ਛੇਤੀ ਕਿਤੇ ਉਨ੍ਹਾਂ ਨੇ ਡਾਕਟਰੀ ਇਲਾਜ ਨਹੀਂ ਕਰਵਾਇਆ ਸੀ, ਸਗੋਂ ਦੇਸੀ ਨੁਕਤਿਆਂ ਰਾਹੀਂ ਹੀ ਆਪਣਾ ਇਲਾਜ ਕਰ ਲੈਂਦੇ ਸਨ। ਉਨਾਂ ਦੀ ਇਕ ਰਚਨਾ 'ਸੁਖ-ਸਾਗਰ' ਅਰਥਾਤ ਘਰ

---

[100] ਡਾ. ਗੁਲਜ਼ਾਰ ਸਿੰਘ ਕੰਗ, *ਭਾਈ ਰਣਧੀਰ ਸਿੰਘ ਜੀਵਨ ਤੇ ਰਚਨਾ*, ਪੰ. 111.

[101] ਗਿ. ਨਿਰੰਜਨ ਸਿੰਘ ਸਰਲ, *ਝਟਕਾ ਪ੍ਰਕਾਸ਼*, ਪੰ. 141.

ਦਾ ਵੈਦ ਵੀ ਆਯੁਰਵੈਦ ਨਾਲ ਸੰਬੰਧ ਰੱਖਦੀ ਹੈ। ਇਸਤਰੀ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਇਨ੍ਹਾਂ ਦੀ ਨਵਿਰਤੀ ਲਈ 'ਇਸਤ੍ਰੀ ਸੰਕਟ ਮੋਚਨ' ਦੀ ਰਚਨਾ ਕੀਤੀ। ਇਥੋਂ ਪਤਾ ਲੱਗਦਾ ਹੈ ਕਿ ਇਸਤਰੀ ਦੀਆਂ ਸਮੱਸਿਆਵਾਂ ਪ੍ਰਤਿ ਉਨ੍ਹਾਂ ਦੀ ਕਿੰਨੀ ਦੀਰਘ ਸੋਚ ਸੀ।

ਜਦੋਂ ਸੰਨ 1993 ਬਿ. ਸਾਉਣ ਦੇ ਮਹੀਨੇ ਭਾਈ ਕਾਨ੍ਹ ਸਿੰਘ ਜੀ ਨਾਭਾ ਆਸ਼ਰਮ ਵਿਚ ਠਹਿਰੇ ਹੋਏ ਸਨ ਉਨ੍ਹਾਂ ਦੇ ਬਚਨ ਬਿਲਾਸ ਚਲਦਿਆਂ ਉਨ੍ਹਾਂ ਨੇ ਅਕਾਲੀ ਕੌਰ ਸਿੰਘ ਬਾਰੇ ਕਿਹਾ ਸੀ- ਅਕਾਲੀ ਜੀ ਨੂੰ ਸਹੀ ਸਿੱਖੀ ਦਾ ਰੂਪ ਜਾਣਨਾ ਚਾਹੀਏ। ਅਕਾਲੀ ਫੂਲਾ ਸਿੰਘ ਜੀ ਮਗਰੋਂ ਇਹ ਆਉਂਦੇ ਹਨ।[102]

2 ਫਰਵਰੀ 1953 ਦੇ 'ਰੋਜ਼ਾਨਾ ਅਕਾਲੀ' ਦੇ ਮੁੱਖ ਸਫ਼ੇ 'ਤੇ ਸ਼ੋਕ ਪ੍ਰਗਟ ਕੀਤਾ ਗਿਆ ਅਤੇ ਉਨ੍ਹਾਂ ਦੀ ਤਸਵੀਰ ਅਤੇ ਅੰਤਿਮ ਸੰਸਕਾਰ ਸਮੇਂ ਦੀਆਂ ਤਸਵੀਰਾਂ ਵੀ ਛਾਪੀਆਂ ਗਈਆਂ।[103] ਜਿਸ ਤੋਂ ਅਸੀਂ ਉਨ੍ਹਾਂ ਦੀ ਪ੍ਰਤਿਸ਼ਠਾ ਦਾ ਅੰਦਾਜ਼ਾ ਲਗਾ ਸਕਦੇ ਹਾਂ।

ਅਸੀਂ ਦੇਖਦੇ ਹਾਂ ਕਿ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਵੀ ਅਕਾਲੀ ਕੌਰ ਸਿੰਘ ਦੀ ਅਦੁੱਤੀ ਸ਼ਖ਼ਸੀਅਤ ਅਤੇ ਵਿਚਾਰਧਾਰਾ ਉਘੜ ਕੇ ਸਾਡੇ ਸਾਹਮਣੇ ਆਉਂਦੀ ਹੈ, ਪ੍ਰੰਤੂ ਅਸੀਂ ਇਸ ਅਧਿਆਇ ਦੀ ਸੀਮਾ ਦੇ ਮੱਦੇ-ਨਜ਼ਰ ਇਕ ਦਾਇਰੇ ਵਿਚ ਰਹਿ ਕੇ ਹੀ ਵਰਣਨ ਕੀਤਾ ਹੈ। ਅਕਾਲੀ ਕੌਰ ਸਿੰਘ ਵਰਗੇ ਸਿਰੜੀ ਵਿਦਵਾਨ ਦਾ ਕਿਸੇ ਧਰਮ, ਕੌਮ ਜਾਂ ਖਿੱਤੇ ਵਿਚ ਪੈਦਾ ਹੋਣਾ ਉਸ ਕੌਮ, ਧਰਮ ਜਾਂ ਖਿੱਤੇ ਲਈ ਸ਼ੋਭਾ ਦੀ ਗੱਲ ਹੋ ਨਿਬੜਦੀ ਹੈ। ਅਕਾਲੀ ਕੌਰ ਸਿੰਘ ਵਿਚ ਵਿਦਵਤਾ ਦੇ ਨਾਲ-ਨਾਲ ਅਥਾਹ ਪ੍ਰੇਮ-ਸ਼ਰਧਾ, ਲਗਨ ਅਤੇ ਸਿਰੜ ਵੀ ਸ਼ਾਮਲ ਸੀ। ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਅਕਾਲੀ ਕੌਰ ਸਿੰਘ ਇਕ ਸੁਘੜ, ਸੂਝਵਾਨ, ਦੂਰ-ਅੰਦੇਸ਼ੀ ਅਤੇ ਬਹੁ-ਪਾਸਾਰੀ ਚਿੰਤਕ ਸਨ ਜੋ ਕਿ ਆਦਰਸ਼ ਰੂਪ ਹਨ।

---

102 ਉਦਰਿਤ, ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 59.

103 *ਰੋਜ਼ਾਨਾ ਅਕਾਲੀ* (ਜਲੰਧਰ), 2 ਫਰਵਰੀ 1953.

# ਅਧਿਆਇ ਤੀਜਾ

## ਅਕਾਲੀ ਕੌਰ ਸਿੰਘ: ਸਿੱਖ ਸਾਹਿਤ ਦਾ ਸਮੀਖਿਆਤਮਕ ਅਧਿਐਨ

ਵਿਦਿਅਕ, ਸਾਹਿਤਕ ਅਤੇ ਪ੍ਰਮਾਣਿਕ ਖੋਜ-ਟਕਸਾਲ ਦੇ ਖੇਤਰ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲੀਆਂ ਬਹੁਤ ਸਾਰੀਆਂ ਸਿੱਖ ਸ਼ਖ਼ਸੀਅਤਾਂ ਵਿਚ ਅਕਾਲੀ ਕੌਰ ਸਿੰਘ ਦਾ ਨਿਵੇਕਲਾ ਸਥਾਨ ਹੈ। ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜਾ ਕਰਨ ਤੋਂ ਬਾਅਦ ਸਿੱਖਾਂ ਉੱਪਰ ਹੋ ਰਹੇ ਧਾਰਮਿਕ ਹਮਲਿਆਂ ਨੂੰ ਰੋਕਣ ਲਈ ਸਿੱਖ ਚਿੰਤਕਾਂ ਨੇ ਗੁਰਮਤਿ ਦਰਸ਼ਨ, ਵਿਚਾਰਧਾਰਾ, ਸਿਧਾਂਤਾ ਅਤੇ ਸਿੱਖ ਰਹਿਤ ਮਰਯਾਦਾ ਦੇ ਪੱਖ ਤੋਂ ਸਾਹਿਤ ਰਚਣਾ ਸ਼ੁਰੂ ਕਰ ਦਿੱਤਾ ਸੀ। ਇਸ ਸਾਹਿਤ ਨੇ ਕੇਵਲ ਬਾਹਰੀ ਹਮਲਿਆਂ ਨੂੰ ਠੱਲ੍ਹ ਹੀ ਨਹੀਂ ਪਾਈ ਸਗੋਂ ਗੁਰਮਤਿ ਸਾਹਿਤ ਤੇ ਗੁਰਮਤਿ ਪ੍ਰਚਾਰ ਵਿਚ ਵੀ ਭਾਰੀ ਯੋਗਦਾਨ ਪਾਇਆ। ਪੰਜਾਬੀ ਦਾ ਆਧੁਨਿਕ ਤੇ ਟਕਸਾਲੀ ਰੂਪ ਘੜਿਆ ਜਾਣ ਲੱਗਾ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਕੋਸ਼ਾਂ, ਟੀਕਿਆਂ ਅਤੇ ਆਦਿ ਦੀ ਰਚਨਾ ਸ਼ੁਰੂ ਹੋਈ। ਇਸੇ ਨਾਲ ਗੁਰਬਾਣੀ ਦੀ ਵਿਆਖਿਆ ਵਿਚ ਦਾਰਸ਼ਨਿਕ ਪੱਖ ਦੀ ਚਰਚਾ ਵਧੇਰੇ ਹੋਣ ਲੱਗੀ ਜਿਸ ਵਿਚ ਅਕਾਲੀ ਕੌਰ ਸਿੰਘ ਨੇ ਸੁਚੱਜੇ ਰੂਪ ਵਿਚ ਭੂਮਿਕਾ ਨਿਭਾਈ। ਅਕਾਲੀ ਕੌਰ ਸਿੰਘ ਦੁਆਰਾ ਰਚਿਤ 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' ਉਨ੍ਹਾਂ ਸਮਿਆਂ ਵਿਚ ਇੱਕ ਮੀਲ ਪੱਥਰ ਸਥਾਪਿਤ ਕਰਨ ਵਾਲਾ ਕਾਰਜ ਸੀ। ਉਹਨਾਂ ਦੀ ਕਲਮ ਦਾ ਕੇਂਦਰੀ ਨੁਕਤਾ ਕੇਵਲ ਸਿੱਖ ਮਸਲਿਆਂ ਨੂੰ ਹੀ ਰੂਪਮਾਨ ਕਰਨਾ ਨਹੀਂ ਸੀ, ਸਗੋਂ ਸਮੇਂ ਵਿਚ ਆ ਰਹੀਆਂ ਸਮਾਜਿਕ ਕੁਰੀਤੀਆਂ ਤੋਂ ਜਾਣੂੰ ਕਰਵਾਉਣਾ ਤੇ ਉਨ੍ਹਾਂ ਦਾ ਹੱਲ ਕੱਢਣ ਦਾ ਕੰਮ ਸੀ। ਅਕਾਲੀ ਜੀ ਨੇ ਮਨੋਰੰਜਨ ਲਈ ਕੋਈ ਸਾਹਿਤ ਨਹੀਂ ਰਚਿਆ। ਜੋ ਮੌਲਿਕ ਰਚਨਾ ਕੀਤੀ ਹੈ ਉਹ ਸਮੇਂ ਦੀ ਦੀਰਘ ਲੋੜ ਅਨੁਸਾਰ ਤੇ ਸਿਖੀ ਦੀ ਸੇਵਾ ਲਈ ਕੀਤੀ ਹੈ, ਉਹ ਲੋਕ-ਦਰਦ ਵਿਚੋਂ ਉਪਜੀ ਹੈ, ਉਸ ਵਿਚ ਲੋਕਾਂ ਦੇ ਹਾੜ੍ਹੇ ਤੇ ਹੀਲੇ, ਆਸ਼ਾ ਤੇ ਨਿਰਾਸ਼ਾ, ਦੁਖ ਤੇ ਦਰਦ ਹਨ। 'ਹਜ਼ੂਰੀ ਸਾਥੀ', 'ਇਸਤ੍ਰੀ ਸੰਕਟ ਮੋਚਨ' ਤੇ ਬਹੁਤ ਸਾਰੇ ਲੇਖ ਇਸ ਭਾਵਨਾ ਦੀ ਹਾਮੀ ਭਰਦੇ ਹਨ। ਅਕਾਲੀ ਜੀ 'ਵਖਤੇ ਉਪਰ ਲੜ ਮੁਏ' ਵਾਲੇ ਸੂਰਮੇ ਸਨ।[1] ਜੋ ਕੁਝ ਆਪ ਨੇ ਦੇਸ਼-ਵੰਡ ਮਗਰੋਂ ਲਿਖਿਆ ਹੈ ਉਸ ਵਿਚ ਕਸ਼ਮੀਰੀ ਤੇ ਹੋਰ ਜਨਤਾ ਦੇ ਦੁਖੜੇ ਹਰਨ ਦਾ ਉਪਰਾਲਾ ਹੈ, ਜਾਂ ਦੁਖੀਆਂ ਲਈ ਸੰਜੀਵਨੀ ਹੈ।

---

[1] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ,* ਪੰ. ਭੂਮਿਕਾ viii.

ਡਾ. ਗੁਲਸ਼ਨ ਨੇ 1900-1947 ਈ. ਦੇ ਵਿਚਲੇ ਸਮੇਂ ਵਿਚ ਜਿਨ੍ਹਾਂ ਵਾਰਤਕਕਾਰਾਂ ਦਾ ਜ਼ਿਕਰ ਕੀਤਾ ਹੈ ਉਨ੍ਹਾਂ ਵਿਚ ਅਕਾਲੀ ਕੌਰ ਸਿੰਘ ਵੀ ਪ੍ਰਮੁਖ ਵਿਚ ਸ਼ਾਮਲ ਕੀਤੇ ਹਨ।[2] ਆਧੁਨਿਕ ਤਕਨੀਕੀ ਸਾਧਨਾਂ ਦੇ ਬਾਵਜੂਦ ਅੱਜ ਵੀ ਗੁਰਮਤਿ ਨਾਲ ਸੰਬੰਧਿਤ ਕਿਸੇ ਵੀ ਖੋਜ-ਕਾਰਜ ਵਿਚ ਅਕਾਲੀ ਕੌਰ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਤੋਂ ਬਿਨਾਂ ਤੁਰਿਆ ਹੂ ਨਹੀਂ ਜਾ ਸਕਦਾ।[3] ਅਕਾਲੀ ਕੌਰ ਸਿੰਘ ਨਿਰੰਤਰ ਰਚਨਾ ਕਰਨ ਵਾਲੇ ਸਾਹਿਤਕਾਰ ਸਨ। ਉਨ੍ਹਾਂ ਨੇ ਬਹੁ-ਪੱਖੀ ਸਾਹਿਤ ਰਚਿਆ ਲੇਕਿਨ ਉਨ੍ਹਾਂ ਦੀ ਪ੍ਰਮੁੱਖ ਦੇਣ ਸਿੱਖ ਸਾਹਿਤ ਵਿਚ ਹੀ ਹੈ।

ਸਿੱਖ ਸਾਹਿਤ ਤੋਂ ਭਾਵ ਉਨ੍ਹਾਂ ਰਚਨਾਵਾਂ ਜਾਂ ਲਿਖਤਾਂ ਤੋਂ ਹੈ ਜਿਨ੍ਹਾਂ ਵਿਚ ਗੁਰਮਤਿ ਦੇ ਵਿਭਿੰਨ ਪਾਸਾਰਾਂ ਜਾਂ ਪੱਖਾਂ ਬਾਰੇ ਵਰਣਨ ਹੈ। ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਵਿਆਖਿਆ ਹੈ ਅਤੇ ਇਸ ਵਿਆਖਿਆ ਲਈ ਸਹਾਈ ਵੀ ਹੈ। ਸਿੱਖ ਸਾਹਿਤ ਸਿੱਖੀ ਦੇ ਸੰਚਾਰ ਦਾ ਪਾਸਾਰ ਮਾਧਿਅਮ ਅਤੇ ਸਿੱਖੀ ਦੇ ਪ੍ਰਚਾਰ-ਪਾਸਾਰ ਲਈ ਕਾਰਗਰ ਸਾਧਨ ਹੈ। ਇਸੇ ਕਰਕੇ ਅਸੀਂ ਸੰਕੇਤ ਸਾਹਿਤ (Reference Literature) ਨੂੰ ਵੀ ਸ਼ਾਮਲ ਕੀਤਾ ਹੈ। ਅਕਾਲੀ ਕੌਰ ਸਿੰਘ ਨੇ ਗੁਰਬਾਣੀ ਵਿਆਖਿਆਕਾਰੀ ਦੇ ਸੰਦ ਪੈਦਾ ਕਰਨ ਦੇ ਨਾਲ-ਨਾਲ ਹੋਰ ਵਿਸ਼ਿਆਂ ਉਪਰ ਵੀ ਕਾਰਜ ਕੀਤਾ ਹੈ ਜਿਨ੍ਹਾਂ ਨੂੰ ਅਸੀਂ ਸਿੱਖ ਸਾਹਿਤ ਦੇ ਅੰਤਰਗਤ ਰੱਖ ਕੇ ਹੀ ਅਧਿਐਨ ਕੀਤਾ ਹੈ। ਉਨ੍ਹਾਂ ਦੇ ਸਾਹਿਤਕ ਕਾਰਜਾਂ ਦਾ ਅਧਿਐਨ ਅਸੀਂ ਨਿਮਨਲਿਖਤ ਕੀਤਾ ਹੈ:

### 1. **'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' (ਤੁਕ-ਤਤਕਰਾ)**[#]

ਅਕਾਲੀ ਕੌਰ ਸਿੰਘ ਨੇ ਗੁਰਬਾਣੀ ਵਿਆਖਿਆਕਾਰੀ ਦੇ ਖੇਤਰ ਵਿਚ 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' ਦੀ ਰਚਨਾ ਕਰਕੇ ਆਪਣਾ ਵਡਮੁੱਲਾ ਯੋਗਦਾਨ ਦਿੱਤਾ ਜੋ ਕਿ ਸਾਡੇ ਇਸ ਅਧਿਆਇ ਦਾ ਵਿਸ਼ਾ ਹੈ, ਇਸ ਬਾਰੇ

---

[2] ਪ੍ਰੋ. ਸੇਵਾ ਸਿੰਘ, *ਜੰਮੂ ਕਸ਼ਮੀਰ ਪੰਜਾਬੀ ਸਾਹਿਤ ਦੀਆਂ ਵੰਨਗੀਆਂ*, ਪੰਨੇ 75-76.

[3] ਡਾ. ਸਰਬਜਿੰਦਰ ਸਿੰਘ (ਸੰਪਾ.), *ਵਾਰਾਂ ਭਾਈ ਗੁਰਦਾਸ ਤੁਕ-ਤਤਕਰਾ*, ਪੰ. ਭੂਮਿਕਾ xv.

[#] ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਐਡੀਸ਼ਨਾਂ ਵਿਚ ਇਸ ਦਾ ਨਾਮ 'ਗੁਰੁ ਸ਼ਬਦ ਰਤਨ ਪ੍ਰਕਾਸ਼' ਲਿਖਿਆ ਗਿਆ ਹੈ ਜੋ ਕਿ ਇਕ ਅਣਗਹਿਲੀ ਹੀ ਮੰਨੀ ਜਾ ਸਕਦੀ ਹੈ।

ਅਸੀਂ ਵਿਸਤ੍ਰਿਤ ਚਰਚਾ ਕਰਾਂਗੇ। ਇਸ ਤਤਕਰੇ ਦਾ ਵੱਖ-ਵੱਖ ਪੱਖਾਂ ਤੋਂ ਮਹਤਵ ਅਤੇ ਹੋਰ ਬਹੁਤ ਸਾਰੇ ਪੱਖ ਜੋ ਵੀ ਇਸ ਨਾਲ ਸੰਬੰਧਿਤ ਹਨ, ਬਾਰੇ ਵੀ ਚਰਚਾ ਕੀਤੀ ਜਾਵੇਗੀ।

ਧਰਮ ਗ੍ਰੰਥ ਕਿਸੇ ਵੀ ਧਰਮ ਦੀ ਬੁਨਿਆਦ ਮੰਨੇ ਜਾਂਦੇ ਹਨ। ਇਨ੍ਹਾਂ ਧਰਮ ਗ੍ਰੰਥਾਂ ਵਿਚਲੇ ਅਰਥਾਂ ਨੂੰ ਪਾਠਕ ਜਾਂ ਸ੍ਰੋਤੇ ਤਕ ਪਹੁੰਚਾਉਣ ਦੀ ਪ੍ਰਕਿਰਿਆ (Process) ਇਨ੍ਹਾਂ ਦੇ ਨਾਲ ਹੀ ਪੈਦਾ ਹੋਈ ਮੰਨੀ ਜਾ ਸਕਦੀ ਹੈ। ਇਸ ਸਾਰੀ ਪ੍ਰਕਿਰਿਆ ਨੂੰ ਹੀ ਵਿਆਖਿਆਕਾਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਪਾਠ (text) ਦੇ ਗੁੱਝੇ ਅਰਥਾਂ ਨੂੰ ਸ਼ਰਧਾਲੂਆਂ, ਪਾਠਕਾਂ, ਸ੍ਰੋਤਿਆਂ ਜਾਂ ਖੋਜੀਆਂ ਤਕ ਪੁਜਦਾ ਕਰਨ ਲਈ ਸਮੇਂ-ਸਮੇਂ ’ਤੇ ਵੱਖ-ਵੱਖ ਕੌਮਾਂ/ਧਰਮਾਂ ਦੇ ਵਿਦਵਾਨ ਆਪਣਾ ਬਣਦਾ ਯੋਗਦਾਨ ਕਿਸੇ ਨਾ ਕਿਸੇ ਰੂਪ ਵਿਚ ਦਿੰਦੇ ਰਹੇ ਹਨ। ਬਹੁਤ ਸਾਰੇ ਸਿਰਕੱਢ ਵਿਦਵਾਨਾਂ ਵਿਚੋਂ ਅਕਾਲੀ ਕੌਰ ਸਿੰਘ ਦਾ ਨਾਮ ਵੀ ਸਾਡੇ ਸਾਹਮਣੇ ਉਭਰ ਕੇ ਆਉਂਦਾ ਹੈ ਜਿਨ੍ਹਾਂ ਨੇ ਸਖ਼ਤ ਘਾਲਣਾ ਅਤੇ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਤੁਕਾਂ ਦਾ ਤਤਕਰਾ ਤਿਆਰ ਕੀਤਾ। ਇਸ ਤੁਕ-ਤਤਕਰੇ ਦਾ ਨਾਮ ਉਨ੍ਹਾਂ ਨੇ ‘ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼’ ਰੱਖਿਆ। ਇਹ ਤਤਕਰਾ ਭਾਵੇਂ ਕਿ ਗੁਰਬਾਣੀ ਦੀ ਸਿੱਧੇ ਤੌਰ ’ਤੇ ਵਿਆਖਿਆ ਨਹੀਂ ਪ੍ਰੰਤੂ ਗੁਰਬਾਣੀ ਦੇ ਅਰਥਾਂ ਨੂੰ ਸਮਝਣ ਲਈ ਇਕ ਮਹਤਵਪੂਰਨ ਖੋਜ-ਸੰਦ (tool) ਵਜੋਂ ਵਰਤਿਆ ਜਾਂਦਾ ਹੈ। ਖੋਜ-ਸੰਦ ਵਿਚ ਆਏ ਸੰਦ ਸ਼ਬਦ ਤੋਂ ਭਾਵ, ਜੋ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰੇ, ਔਜਾਰ ਜਾਂ ਹਥਿਆਰ[4] ਵਿਆਖਿਆਕਾਰੀ ਲਈ ਖੋਜ-ਸੰਦਾਂ ਦਾ ਆਪਣਾ ਇਕ ਵਿਸ਼ੇਸ਼ ਤੇ ਮਹਤਵਪੂਰਨ ਸਥਾਨ ਰਹਿੰਦਾ ਹੈ। ਤੁਕ-ਤਤਕਰੇ ਤੋਂ ਇਲਾਵਾ ਇਹ ਖੋਜ-ਸੰਦ ਕਈ ਤਰ੍ਹਾਂ ਦੇ ਹਨ ਜਿਵੇਂ- ਵਿਸ਼ਵ ਕੋਸ਼,ਵਿਚਾਰ ਕੋਸ਼, ਸੰਕੇਤ ਕੋਸ਼, ਸ੍ਰੀ ਗੁਰੂ ਗ੍ਰੰਥ ਕੋਸ਼, ਸੰਖਿਆ ਕੋਸ਼, ਨਿਰੁਕਤ, ਗੁਰੁਮਤ ਮਾਰਤੰਡ,ਗੁਰਮਤਿ ਪਰਿਪੇਖ, ਅਨੁਕ੍ਰਮਣਿਕਾ, ਗੁਰਸ਼ਬਦ ਰਤਨਾਕਰ, ਗੁਰਸ਼ਬਦ ਪ੍ਰਭਾਕਰ, ਗੁਰ ਛੰਦ ਦਿਵਾਕਰ, ਬਾਣੀ-ਬਿਉਰਾ, ਗੁਰਬਾਣੀ ਤਤ ਸਾਗਰ, ਸੰਦਰਭ ਕੋਸ਼, ਸ਼ਬਦਾਰਥ, ਟੀਕੇ ਆਦਿ।

ਸਿੱਖ ਧਰਮ ਗ੍ਰੰਥ/ ਗ੍ਰੰਥਾਂ ਵਿਚ ਛੰਦ ਦੇ ਇਕ ਚਰਨ ਨੂੰ ਆਮ ਕਰਕੇ ਤੁਕ ਕਿਹਾ ਜਾਂਦਾ ਹੈ ਪਰ ਵਧੇਰੇ ਕਰਕੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀਆਂ ਪੰਕਤੀਆਂ ਲਈ ਪ੍ਰਚਲਤ ਹੈ। ਤਤਕਰਾ ਤੋਂ ਭਾਵ

---

[4] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰ. 183.

ਬਣਦਾ ਹੈ ਕਿਸੇ ਗ੍ਰੰਥ ਦੇ ਮਜ਼ਮੂਨਾਂ ਦਾ ਤਿਆਰ ਕੀਤਾ ਹੋਇਆ ਸੂਚੀ-ਪੱਤਰ (Index)[5]। ਇਸ ਤਰ੍ਹਾਂ ਤੁਕਤਤਕਰੇ ਤੋਂ ਭਾਵ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਤੁਕਾਂ ਦਾ ਤਤਕਰਾ।

ਅਜੋਕੇ ਸਮੇਂ ਵਿਚ ਭਾਵੇਂ ਕਿ ਸਾਡੇ ਕੋਲ ਬਹੁਤ ਹੀ ਆਧੁਨਿਕ ਸਾਫਟਵੇਅਰ ਉਪਲਬਧ ਹੋ ਗਏ ਹਨ ਜਿਨ੍ਹਾਂ ਰਾਹੀਂ ਅਸੀਂ ਗੁਰਬਾਣੀ ਦੀਆਂ ਪੰਕਤੀਆਂ ਨੂੰ ਬੜੀ ਹੀ ਅਸਾਨੀ ਨਾਲ ਅਤੇ ਸਕਿੰਟਾਂ ਵਿਚ ਹੀ ਲੱਭ ਸਕਦੇ ਹਾਂ ਪਰ ਇਨ੍ਹਾਂ ਤਕਨੀਕਾਂ ਦੀਆਂ ਆਪਣੀਆਂ ਸੀਮਾਵਾਂ ਹਨ। ਇਨ੍ਹਾਂ ਤਕਨੀਕਾਂ ਨੂੰ ਤਿਆਰ ਕਰਨ ਪਿੱਛੇ ਵੀ ਮਨੁੱਖ ਦਾ ਹੀ ਯੋਗਦਾਨ ਰਿਹਾ ਹੈ। ਗੁਰਬਾਣੀ ਪੰਕਤੀਆਂ ਦੀ ਭਾਲ ਕਰਨ ਪਿੱਛੇ ਵੀ ਜੋ ਤਕਨੀਕ ਕੰਮ ਕਰਦੀ ਹੈ ਉਸ ਦਾ ਆਧਾਰ ਵੀ ਅਸੀਂ ਅਕਾਲੀ ਕੌਰ ਸਿੰਘ ਦੇ ਤੁਕ-ਤਤਕਰੇ ਨੂੰ ਮੰਨ ਸਕਦੇ ਹਾਂ। ਇਸ ਦੀ ਸਾਰਥਕਤਾ ਹਮੇਸ਼ਾਂ ਬਣੀ ਰਹੇਗੀ।

ਤੁਕ-ਤਤਕਰਾ ਤਿਆਰ ਕਰਨ ਵਿਚ ਸਭ ਤੋਂ ਮੋਹਰੀ ਨਾਮ ਭਾਈ ਗੰਗਾ ਸਿੰਘ ਦਾ ਹੈ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਤੁਕ-ਤਤਕਰਾ 'ਅਖਰਵਾਰ ਇੰਡੈਕਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਸਿਰਲੇਖ ਹੇਠ ਤਿਆਰ ਕੀਤਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਚਿਤ ਸਾਰੇ ਸ਼ਬਦਾਂ ਦੀਆਂ ਕੇਵਲ ਪਹਿਲੀਆਂ ਤੁਕਾਂ ਜਾਂ ਤੁਕਾਂਗਾਂ ਨੂੰ ਹੀ ਗੁਰਮੁਖੀ ਪੈਂਤੀ ਦੇ ਅੱਖਰਾਂ ਤੇ ਉਨ੍ਹਾਂ ਨਾਲ ਸੰਬੰਧਿਤ ਮਾਤ੍ਰਾਂ ਦੇ ਕ੍ਰਮ ਅਨੁਸਾਰ ਬੀੜ ਦਿੱਤਾ ਗਿਆ ਸੀ।[6] 'ਅੱਖਰਵਾਰ ਇੰਡੈਕਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1430 ਪੰਨਿਆਂ ਵਾਲੀ ਪਾਵਨ ਬੀੜ ਦਾ ਤੁਕ-ਤਤਕਰਾ ਅਤੇ ਸ਼ਬਦ-ਅਨੁਕ੍ਰਮਣਿਕਾ ਤਿਆਰ ਕਰਨ ਦਾ ਪਹਿਲਾ ਤੇ ਲੀਹ-ਪਾਊ ਉੱਦਮ ਹੈ।[7] 108 ਲੰਮ-ਆਕਾਰੀ ਪੰਨਿਆਂ ਦੀ ਇਸ ਰਚਨਾ ਨੂੰ ਕਾਰੋਨੇਸ਼ਨ ਪ੍ਰਿੰਟਿੰਗ ਵਰਕਸ, ਅੰਮ੍ਰਿਤਸਰ ਨੇ "ਟ੍ਰੈਕਟ ਨੰਬ੍ਰ 3" ਦੇ ਅਧੀਨ ਸੰਮਤ ਨਾਨਕਸ਼ਾਹੀ ੪੪੬ ਮੁਤਾਬਕ ਸੰਨ 1914 ਈ. ਵਿਚ ਭਾਈ ਸੁੱਚਾ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਾਪਿਆ ਸੀ। ਡਾ. ਹਰਨਾਮ ਸਿੰਘ ਸ਼ਾਨ ਮੁਤਾਬਕ ਇਸ ਦੀ ਇਕ ਕਾਪੀ ਇੰਡੀਆ ਆਫਿਸ ਲੰਡਨ ਦੀ ਲਾਇਬਰੇਰੀ ਦੇ ਨੰਬਰ Panj. F. 54 ਹੇਠ ਸੁਰੱਖਿਅਤ ਹੈ ਅਤੇ ਦੋ ਕਾਪੀਆਂ ਭਾ. ਮੋਹਨ ਸਿੰਘ ਦੇ ਉਕਤ

---

[5] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰ. 428.

[6] ਡਾ. ਹਰਨਾਮ ਸਿੰਘ ਸ਼ਾਨ, *ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ*, ਪੰ. 170.

[7] ਉਹੀ, ਪੰ. 169.

ਸੰਗ੍ਰਹਿਲੇ ਵਿਚ ਨੰ: :Q-21 C 153 E5 ਹੇਠ ਮੌਜੂਦ ਹਨ। ਭਾਈ ਮੋਹਨ ਸਿੰਘ ਵੈਦ ਕੁਲੈਕਸ਼ਨ ਵਿਚ ਇਸ ਦਾ ਨਵਾਂ ਨੰ. 294.682016 GA-A ਹੈ।

## ਅਕਾਲੀ ਕੌਰ ਸਿੰਘ ਰਚਿਤ 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' (ਤੁਕ-ਤਤਕਰਾ)

ਅਕਾਲੀ ਕੌਰ ਸਿੰਘ ਦਾ ਇਹ ਕਾਰਜ ਪੰਜਾਬੀ ਸਾਹਿਤ ਵਿਚ ਮੁੱਢਲਾ ਤੇ ਮੌਲਿਕ ਕਾਰਜ ਸੀ, ਇਸ ਰਚਨਾ ਤੋਂ ਪਹਿਲਾਂ ਕੋਸ਼, ਟੀਕੇ ਆਦਿ ਸਾਡੇ ਪਾਸ ਸਨ ਪਰ 'ਤੁਕ-ਤਤਕਰੇ' ਦੀ ਸ਼ੈਲੀ ਅਜੇ ਸਾਡੇ ਸਾਹਿਤ ਵਿਚ ਪ੍ਰਚਲਿਤ ਨਹੀਂ ਸੀ ਹੋਈ।[8] ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਜੋ ਤਤਕਰਾ ਹੈ ਉਸ ਰਾਹੀਂ ਹਰੇਕ ਸ਼ਬਦ ਦੀ ਪਹਿਲੀ ਤੁਕ ਦੀ ਜਾਣਕਾਰੀ ਹੀ ਮਿਲ ਸਕਦੀ ਹੈ ਪ੍ਰੰਤੂ ਹਰੇਕ ਤੁਕ ਦਾ ਤਤਕਰਾ ਤਿਆਰ ਕਰਨ ਦੀ ਬਿਰਤੀ ਵਿਸ਼ੇਸ਼ ਕਰਕੇ ਪੱਛਮੀ ਪ੍ਰਭਾਵ ਤੋਂ ਪ੍ਰਾਪਤ ਹੋਈ। ਅਕਾਲੀ ਕੌਰ ਸਿੰਘ ਦੀ ਰਚਨਾ ਦਾ ਇਹ ਪਹਿਲਾ ਸੰਸਕਰਣ ਬਿਕਰਮੀ ਸੰਮਤ 1980 (1923 ਈ.) ਨੂੰ ਪ੍ਰਕਾਸ਼ਿਤ ਹੋਇਆ ਸੀ।[9] ਇਸ ਦਾ ਪ੍ਰਕਾਸ਼ਨ ਸਥਾਨ ਕੋਰੋਨੇਸ਼ਨ ਪ੍ਰੈਸ ਪਿਸ਼ਾਵਰ ਸੀ। ਭਾਸ਼ਾ ਵਿਭਾਗ, ਪੰਜਾਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੁਆਰਾ ਇਸ ਦੀ ਪੁਨਰ ਸੋਧ ਕਰਵਾ ਕੇ ਇਸ ਨੂੰ 1963 ਈ. ਵਿਚ ਪਟਿਆਲੇ ਤੋਂ ਮੁੜ ਛਾਪ ਦਿੱਤਾ ਸੀ। ਇਹ ਤੁਕ-ਤਤਕਰਾ ਪੰਜਾਬੀ ਸਾਹਿਤ ਦੀਆਂ ਹਵਾਲਾ ਪੁਸਤਕਾਂ ਵਿਚ ਇਕ ਨਿਵੇਕਲਾ ਅਤੇ ਮੌਲਿਕ ਕਾਰਜ ਸੀ। ਅਕਾਲੀ ਕੌਰ ਸਿੰਘ ਸਮੇਂ ਦੇ ਵਿਦਵਾਨਾਂ ਨਾਲ ਨਵੇਂ ਸਾਹਿਤ ਵਿਚ ਪੂਰਨ ਸਹਿਯੋਗ ਦੇ ਰਹੇ ਸਨ। ਇਸ ਘਾਲਣਾ ਭਰੇ ਕਾਰਜ ਬਾਬਤ ਡਾ. ਤਾਰਨ ਸਿੰਘ ਇਸ ਤਰ੍ਹਾਂ ਲਿਖਦੇ ਹਨ- ਅਕਾਲੀ ਕੌਰ ਸਿੰਘ ਦੀ ਕਲਮੀ ਘਾਲਨਾ ਬਹੁਤ ਮਹਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੁਕ-ਤਤਕਰਾ ਤਿਆਰ ਕਰਨ ਲਈ ਇਕੱਲੇ ਨੂੰ ਦਰਜਨਾਂ ਬੰਦਿਆਂ ਦਾ ਕੰਮ ਕਰਨਾ ਪਿਆ ਹੋਣਾ ਹੈ ਅਤੇ ਕਲਮ ਨੂੰ ਨਿਰੰਤਰ ਚਲਾਨਾ ਪਿਆ ਹੋਣਾ ਹੈ। ਇਹ ਸਾਹਿਤ 'ਸਿਰਜਣਾ' ਦਾ ਕਾਰਜ ਨਹੀਂ ਸੀ, 'ਸੰਪਾਦਕੀ' ਕਰਵਤ ਹੈ, ਪਰ ਮਹਾਨ ਕਰਤਵ, ਜੋ ਕੋਈ ਸੂਰਮਾ ਹੀ ਨਿਭਾ ਸਕਦਾ ਹੈ। ਇਸ ਤਤਕਰੇ ਤੋਂ ਅਨੇਕਾਂ ਹੀ ਜਗਿਆਸੂ, ਵਿਦਵਾਨ ਤੇ ਖੋਜੀ ਲਾਭ ਉਠਾਂਦੇ ਰਹਿਣਗੇ ਅਤੇ ਇਹ ਕੰਮ ਸਦਾ ਹੀ ਮਹਾਨ, ਤਾਜ਼ਾ, ਲਾਹੇਵੰਦ ਤੇ ਲੋੜੀਂਦਾ ਰਹੇਗਾ। ਇਹ ਮਿਹਨਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਰ

---

[8] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 63.

[9] ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਰਿਜ਼ਰਵ ਸੈਕਸ਼ਨ ਵਿਚ Q-:21 153bF3 (182460) ਨੰ. ਹੇਠ ਪ੍ਰਾਪਤ ਹੈ।

ਵਾਕ ਦੀ ਦੱਸ ਸਦਾ ਹੀ ਪਾਉਂਦੀ ਰਹੇਗੀ।[10] ਇਸ ਕਾਮਨਾ ਰਹਿਤ ਤੇ ਸਖ਼ਤ ਘਾਲਣਾ ਭਰੇ ਕਾਰਜ ਵਿਚਲੀ ਮੁਸ਼ੱਕਤ ਦਾ ਅਨੁਮਾਨ ਇਸ ਤਤਕਰੇ ਦੀ ਸਮਾਪਤੀ 'ਤੇ ਪੰਨਾ 715 ਉਤੇ ਦਰਜ ਅਕਾਲੀ ਕੌਰ ਸਿੰਘ ਦੁਆਰਾ ਕੀਤੀ ਸਨਿਮਰ ਬੇਨਤੀ ਤੋਂ ਲਗ ਸਕਦਾ ਹੈ-

ਹੇ ਜਗਤ ਅਧਾਰ ਅਕਾਲ ਪੁਰਖ ਪਰਮ ਪਿਤਾ ਜੀਓ!

ਆਪਦੀ ਪਵਿਤਰ ਪ੍ਰੇਰਨਾ ਕਰਕੇ ਅਗਸਤ ੧੯੦੭ ਵਿਚ ਜੋ ਤਤਕਰਾ ਸ਼ੈਹਰ ਢਾਕੇ (ਬੰਗਾਲੇ) ਅੰਦਰ ਅਰੰਭ ਕਰਕੇ ੧੯੦੯ (ਲਾਮਡੀਂਗ) (ਆਸਾਮ)। ੧੯੧੦ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ (ਦਖਨ)। ੧੯੧੧ ਪੰਡਰ ਪੁਰ (ਮਹਾਰਾਸਟਰ)। ੧੯੧੨ ਕਾਸ਼ੀ ਪੁਰ (ਉਤ੍ਰਾ ਖੰਡ)। ੧੯੧੩ ਸ੍ਰੀ ਅੰਮ੍ਰਿਤਸਰ ਜੀ (ਪੰਜਾਬ)। ੧੯੧੪ ਸ੍ਰੀ ਨਗਰ (ਕਸ਼ਮੀਰ)। ੧੯੧੫ ਪਿਸ਼ਾਵਰ (ਸਰਹੱਦ)। ੧੯੧੬-੧੭ ਕਲਕਤਾ (ਬੰਗਾਲ) ਸਦੀਆ (ਆਸਾਮ)। ੧੯੧੮ ਲਾਲ ਪੁਰਾ (ਕਾਬਲ)। ੧੯੧੯ ਤੋਂ ੧੯੨੦ ਡੇਹਰਾ ਸਾਹਿਬ (ਲਾਹੌਰ) ਆਦ ਦੇਸ਼ ਦੇਸ਼ਾਂਤਰਾਂ ਵਿਚ ਰਟਨ ਕਰਦਿਆਂ ਸ੍ਰੀਮਾਨ ਭਾਈ ਬਿਸਾਖਾ ਸਿੰਘ ਜੀ ਲੇਟ ਗ੍ਰੰਥੀ ਪਲਟਨ ਨੰ. ੧੪ ਸਿਖ। ਭਾਈ ਗੰਡਾ ਸਿੰਘ ਜੀ ਸਕਤਰ ਸ੍ਰੀ ਗੁਰੂਸਿੰਘ ਸਭਾ ਲਾਮਡੀਂਗ। ਭਾਈ ਜਗਨਨਾਥ ਸਿੰਘ ਜੀ ਨਾਜਰ ਕਾਲੂ ਦੀ ਗਲੀ ਮਹਲਾ ਆਸੀਆ ਸ਼ੈਹਰ ਪਿਸ਼ਾਵਰ (ਏਹ ਤਿਨੇ ਸਜਣ ਇਸ ਤਤਕਰੇ ਦੀ ਤਿਆਰੀ ਵਿਚ ਅਤੀਅੰਤ ਉਤਸ਼ਾਹ ਤੇ ਸਹਾਇਤਾ ਦੇਣ ਵਾਲੇ ਸੀ ਜੋ ਪਰਕਾਸ਼ਤ ਹੋਣ ਤੋਂ ਪੈਹਲੇ ਸਚਖੰਡ ਵਾਸਾ ਕਰ ਗਏ ਹਨ)। ਸਿਰੀਮਾਨ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ ਸਿੰਘ ਹੈਡ ਗ੍ਰੰਥੀ ਹਜ਼ੂਰ ਸਾਹਿਬ ਜੀ ਸੈਹਤ ਹੋਰ ਬਿਅੰਤ ਮਾਈਆਂ ਭਾਈਆਂ ਦੀ ਸੁਹਿਰਦਤਾ ਅਤੇ ਪਰਯਤਨ ਦੁਆਰੇ ੧੩ ਸਾਲਾ ਵਿਚ ਤਿਆਰ ਕੀਤਾ ਹੈਸੀ। ਓਹੁ ਅਜ ੧੦ ਮਾਰਚ ੧੯੨੩ ਨੂੰ ਛਾਵਣੀ ਪਿਸ਼ਾਵਰ ਵਿਚ ਸੰਪੂਰਨ ਛਪ ਗਿਆ ਹੈ।

ਹੇ ਦਾਤਾਰ ਕਰਣਾਮਯ ਪਿਤਾ ਜੀ! ਆਪਦੀ ਅਪਾਰ ਕਿਰਪਾਲਤਾ ਦਾ ਕਿਸ ਮੂੰਹ ਨਾਲ ਧੰਨਯਵਾਦ ਕਰਾਂ। ਹੇ ਪ੍ਰਾਣ ਨਾਥ ਗੋਬਿੰਦਹ!

ਸਲੋਕ ਮਹਲਾ ੫

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥

---

[10] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. ਭੂਮਿਕਾ viii.

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥ (ਅੰਗ ੧੪੨੯)

## ਤੁਕ-ਤਤਕਰਾ ਤਿਆਰ ਕਰਨ ਸਮੇਂ ਔਕੜਾਂ

ਅਕਾਲੀ ਕੌਰ ਸਿੰਘ ਨੂੰ ਤੁਕ-ਤਤਕਰਾ ਤਿਆਰ ਕਰਨ ਸਮੇਂ ਜਿਥੇ ਸਮਾਂ, ਸਾਧਨ ਆਦਿ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਉਸ ਦੇ ਨਾਲ-ਨਾਲ ਉਨ੍ਹਾਂ ਨੂੰ ਸਿੱਖਾਂ ਵਲੋਂ ਪੈਦਾ ਕੀਤੀਆਂ ਰੁਕਾਵਟਾਂ ਦਾ ਸਾਹਮਣਾ ਵੀ ਕਰਨਾ ਪਿਆ। ਕਈ ਵੀਰਾਂ ਨੇ ਕਿਹਾ ਕਿ ਅਕਾਲੀ ਕੌਰ ਸਿੰਘ ਗੁਰਬਾਣੀ ਦੇ ਸ਼ਬਦਾਂ ਨੂੰ ਤੋੜ-ਮਰੋੜ ਕੇ ਲਿਖ ਰਿਹਾ ਹੈ। ਭਾਈ ਮਨੀ ਸਿੰਘ ਦੀ ਸ਼ਹੀਦੀ ਦੀਆਂ ਮਿਸਾਲਾਂ ਘੜਨ ਲੱਗੇ ਕਿ ਇਸ ਦੋਸ਼ ਕਰਕੇ ਬੰਦ-ਬੰਦ ਕਟਾਣਾ ਪਿਆ। ਕਈ ਕਿਸਮ ਦੇ ਇਲਜ਼ਾਮ ਲਾਣੇ ਸ਼ੁਰੂ ਕਰ ਦਿੱਤੇ ਤੇ ਆਪ ਦੇ ਕੰਮ ਵਿਚ ਰੁਕਾਵਟ ਪਾ ਦਿੱਤੀ।

ਇਕ ਵੇਰ ਐਬਟਾਬਾਦ (ਫਰੰਟੀਅਰ ਪਾਕਿਸਤਾਨ) ਦੀ ਸੰਗਤ ਅਕਾਲੀ ਜੀ ਨੂੰ ਮਾਰਨ ਲਈ ਵੀ ਤਿਆਰ ਹੋ ਗਈ ਤੇ ਉਨ੍ਹਾਂ ਪਰ ਗੁਰੂ ਮਹਾਰਾਜ ਦੇ ਪੱਤਰੇ ਫਾੜਨ ਦਾ ਇਲਜ਼ਾਮ ਲਗਾਣ ਤਕ ਵੀ ਸੰਕੋਚ ਨਾ ਕੀਤਾ। ਇਨ੍ਹਾਂ ਭੁੱਲੜ ਵੀਰਾਂ ਨੂੰ ਪਤਾ ਨਹੀਂ ਸੀ ਕਿ ਮਹਾਰਾਜ ਦੀ ਬੀੜ ਦੇ ਖੁੱਲ੍ਹੇ ਪੱਤਰੇ ਵੀ ਮਿਲ ਜਾਂਦੇ ਹਨ। ਆਖਰ ਭਗਤ ਦੁੱਨਾ ਸਿੰਘ ਜੀ (ਜੋ ਕਿ ਐਬਟਾਬਾਦ ਵਿਚ ਉੱਘੇ ਪ੍ਰਚਾਰਕ ਸਨ ਗੁਰਸਿੱਖ ਸਨ) ਨੇ ਸੰਗਤ ਨੂੰ ਸਮਝਾ ਕੇ ਮਾਮਲਾ ਠੀਕ ਕਰ ਦਿੱਤਾ ਸੀ।

ਆਪ ਨੂੰ ਇਸ ਮਹਾਨ ਕਾਰਜ ਦੀ ਪੂਰਨਤਾ ਲਈ ਚੀਫ ਖਾਲਸਾ ਦੀਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਆਦਿ ਪਾਸੋਂ ਐਲਾਨ ਜਾਰੀ ਕਰਾਉਣੇ ਪਏ ਕਿ ਅਕਾਲੀ ਕੌਰ ਸਿੰਘ ਜੀ ਜੋ ਪੁਸਤਕ ਤਤਕਰਾ ਤਿਆਰ ਕਰਦੇ ਹਨ, ਇਹ ਗੁਰਮਤ ਗੁਰਆਸ਼ੇ ਅਨੁਸਾਰ ਇਕ ਮਹਾਨ ਕਾਰਜ ਹੈ ਤੇ ਪੰਥ ਦੀ ਮਹਾਨ ਸੇਵਾ ਹੈ ਇਸ ਵਿਚ ਕੋਈ ਰੁਕਾਵਟ ਨਾ ਪਾਈ ਜਾਵੇ ਬਲਕਿ ਇਸ ਦੇ ਪੂਰਾ ਕਰਨ ਵਿਚ ਸਹਾਇਤਾ ਦਿੱਤੀ ਜਾਵੇ।[11]

---

[11] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ,* ਪੰ. 223.

## ਤੁਕ-ਤਤਕਰੇ ਲਈ ਸਹਾਇਤਾ ਕਰਨ ਵਾਲੇ

ਜਿਥੇ ਬਹੁਤ ਸਾਰੇ ਭੁੱਲੜ ਸਿੱਖ ਇਸ ਕਾਰਜ ਵਿਚ ਅੜਿੱਕੇ ਡਾਹ ਰਹੇ ਸਨ ਉਥੇ ਬਹੁਤ ਸਾਰੇ ਸਿੱਖਾਂ ਨੇ ਅਕਾਲੀ ਜੀ ਦੀ ਭਿੰਨ-ਭਿੰਨ ਤਰੀਕਿਆਂ ਨਾਲ ਸਹਾਇਤਾ ਵੀ ਕੀਤੀ ਜਿਨ੍ਹਾਂ ਵਿਚ ਭਾਈ ਹਜ਼ੂਰਾ ਸਿੰਘ ਤੇ ਭਾਈ ਲੱਧਾ ਸਿੰਘ ਜੀ ਨੇ ਵੀ 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' ਤਿਆਰ ਕਰਨ ਵਿਚ ਅਕਾਲੀ ਜੀ ਨਾਲ ਹਿੱਸਾ ਲਿਆ।[12]

ਅਕਾਲੀ ਕੌਰ ਸਿੰਘ ਇਸ ਤਤਕਰੇ ਦੇ ਕਾਰਜ ਸਹਾਇਕਾਂ ਬਾਰੇ ਇਸ ਤਰ੍ਹਾਂ ਦਸਦੇ ਹਨ- ਜਿਤਨਾ ਸਮਾਂ ਦਾਸ ਨੇ ਬਾਹਰ ਗੁਜਾਰਿਆ, ਉਸ ਵਿਚੋਂ ਬਹੁਤਾ ਵਕਤ ਅਕਾਲ ਪੁਰਖ ਜੀ ਨੇ ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼ ਅਰਥਾਤ ਇੰਡੈਕਸ (ਤਤਕਰਾ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਣ ਦੀ ਸੇਵਾ ਕਰਵਾਈ ਤੇ ਆਸਾਮ, ਬੰਗਾਲ ਵਾ ਪਸ਼ਾਵਰ ਤੇ ਅਫਗਾਨਿਸਤਾਨ ਦੇ ਇਲਾਕੇ ਦੀ ਸੰਗਤ ਨੇ ਉਸਦੇ ਛਪਵਾਉਣ ਵਾਸਤੇ ਤਕਰੀਬਨ ਦਸ ਹਜ਼ਾਰ ਰੁਪਈਆ ਬਿਨਾਂ ਕਿਸੀ ਸ਼ਰਤ ਦੇ ਸੇਵਕ ਦੇ ਸਪੁਰਦ ਕੀਤਾ।[13]

ਜਿਸ ਵੇਲੇ ਅਕਾਲੀ ਕੌਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੁਕ-ਤਤਕਰਾ ਤਿਆਰ ਕਰ ਰਹੇ ਸਨ, ਠੀਕ ਉਸੀ ਸਮੇਂ ਸ. ਭਗਵੰਤ ਸਿੰਘ ਹਰੀ ਜੀ ਦਸਮ ਗੰਥ ਸਾਹਿਬ ਜੀ ਦਾ ਤੁਕ-ਤਤਕਰਾ ਤਿਆਰ ਕਰ ਰਹੇ ਸਨ।[14] ਇਹ ਦੋਹਵੇਂ ਖੋਜ-ਕਾਰਜਾਂ ਦਾ ਸਮਾਨਾਂਤਰ ਚਲਣਾ ਇਤਫਾਕੀਆ ਵੀ ਹੋ ਸਕਦੇ ਹਨ ਜਾਂ ਫਿਰ ਕੋਈ ਅੰਤਰ-ਸੰਬੰਧ ਵੀ ਹੋ ਸਕਦਾ ਹੈ।

## ਤੁਕ-ਤਤਕਰੇ ਦੀ ਲੋੜ ਕਿਉਂ ਪਈ?

ਆਰੀਆ ਸਮਾਜੀ ਲਹਿਰ ਦੇ ਟਾਕਰੇ ਤੇ ਸਮੇਂ ਦੀ ਲੋੜ ਅਨੁਸਾਰ ਆਪ ਨੇ ਸਮੇਂ ਭਾਵੇਂ ਗੁਰਬਾਣੀ ਤੇ ਗੁਰਸਿੱਖ ਇਤਿਹਾਸ ਦੀ ਖੋਜ ਸਮੇਂ ਦੀ ਲੋੜ ਅਨੁਸਾਰ ਆਪ ਨੇ ਵੱਧ ਤੋਂ ਵੱਧ ਕਰ ਲਈ ਸੀ। ਸਮਾਜੀਆਂ ਪੁਰ ਜਿੱਤਾਂ ਭੀ ਪ੍ਰਾਪਤ ਕੀਤੀਆਂ। ਸਰਹਦੀ ਕੇਸਾਧਾਰੀ ਤੇ ਸਹਿਜਧਾਰੀ ਤੰਬਾਕੂ ਆਦਿ ਬਿਵਰਜਤ ਵਸਤੂਆਂ ਆਪ ਦੇ

---

[12] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ'*, ਪੰ. 20.

[13] ਉਦਰਿਤ, ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ'*, ਪੰ. 40.

[14] ਅਮਰਜੀਤ ਸਿੰਘ ਖੋਸਾ, *ਅਕਾਲੀ ਕੌਰ ਸਿੰਘ ਜੀ ਦਸਮ ਗ੍ਰੰਥ ਬਾਰੇ*, (ਲੇਖ), ਪੰ. 4, www.patshahi10.org, 16.02.2018.

ਉਪਦੇਸ਼ ਸਦਕਾ ਜਿਥੇ ਵੇਚਣੀਆਂ ਛਡ ਗਏ: ਕੜਛੀਆਂ, ਚਮਚਾਂ ਤੇ ਹੱਥਾਂ ਨਾਲ ਕਿਸੀ ਹਾਲਤ ਵਿਚ ਭੀ ਉਨ੍ਹਾਂ ਨੂੰ ਭਿਟਦੇ ਹੀ ਨਹੀਂ ਸਨ ਉਥੇ ਇਸਲਾਮੀ, ਕੁੱਠਾ ਆਦਿ ਭੀ ਤਿਆਗਦੇ ਹਨ।

ਇਨ੍ਹੀਂ ਦਿਨੀਂ ਬਹਿਸਾਂ ਸਮੇਂ ਗੁਰਬਾਣੀ ਦ੍ਰਿਸ਼ਟਾਂਤ ਲੱਭਣ ਦੀ ਔਖ ਮਹਿਸੂਸ ਕਰਦਿਆਂ ਇਸ ਘਾਟ ਨੂੰ ਪੂਰਾ ਕਰਨ ਲਈ 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' ਤਿਆਰ ਕਰਨ ਦੀ ਵਿਉਂਤ ਬਣਾਈ। ਜਿਸ ਦੁਆਰੇ ਮਨੋਘੜਤ ਬਣਾਈ ਬਾਣੀ ਦਾ ਠੀਕ ਖੰਡਨ ਕੀਤਾ ਜਾ ਸਕੇ ਕਿਉਂਕਿ ਗਿ. ਸ਼ੇਰ ਸਿੰਘ ਜੀ ਨੇ ਆਪ ਦੇ ਖਿਆਲਾਂ ਦੀ ਪੁਸ਼ਟੀ ਕਰ ਦਿੱਤੀ ਜੋ ਗੁਰਬਾਣੀ ਦੀਆਂ ਤੁਕਾਂ ਸੁਖੈਨ ਲੱਭਣ ਲਈ ਐਸੀ ਪੁਸਤਕ ਦੀ ਅਤਿਅੰਤ ਲੋੜ ਹੈ। ਸੋ ਇਹੋ ਜੇਹੇ ਖਿਆਲ ਕਰਦੇ ਹੀ ਸੀ ਕਿ ਆਪ ਨੂੰ ਬੰਗਾਲ ਦੇਸ਼ (ਢਾਕੇ) ਵਿਖੇ ਜਾਣਾ ਪਿਆ। ਉਥੇ ਹੀ 1907 ਈ: ਅੰਦਰ ਇਹ ਤਤਕਰਾ ਅਖਰਵਾਰ ਕ੍ਰਮ ਅਨੁਸਾਰ ਲਿਖਣਾ ਆਰੰਭ ਦਿੱਤਾ ਜਿਸ ਦੀ ਸਮਾਪਤੀ 1920 ਈ: ਤਕ ਹੋ ਕੇ ਪੇਸ਼ਾਵਰ ਵਾਪਸੀ ਪੁਰ ਛਪਵਾਉਣ ਦਾ ਪ੍ਰਬੰਧ ਕਰਨਾ ਆਰੰਭਿਆ। ਇਸ ਮਹਾਨ ਕੰਮ ਲਈ 8000 ਰੁਪਈਏ ਸ. ਧਰਮ ਸਿੰਘ ਜੀ ਦਿੱਲੀ ਨਿਵਾਸੀ ਨੇ ਕਰਵਾਈ ਅਤੇ ਸਮੂਹ ਗੁਣੀਆਂ ਗਿਆਨੀਆਂ, ਪ੍ਰਚਾਰਕਾਂ, ਕਥਾਕਾਰਾਂ ਲਈ ਗੁਰਬਾਣੀ ਦੀਆਂ ਤੁਕਾਂ ਅਖਰੀਂ ਕ੍ਰਮਵਾਰ ਲਭਣ ਵਿਚ ਮਹਾਨ ਪਰਉਪਕਾਰ ਕੀਤਾ।[15]

## ਤੁਕ-ਤਤਕਰੇ ਦਾ ਸਰੂਪ ਤੇ ਵਰਤੋਂ ਵਿਧੀ

ਅਕਾਲੀ ਜੀ ਨੇ ਤੁਕ-ਤਤਕਰਾ ਹੱਥ ਲਿਖਤ ਬੀੜ ਤੋਂ ਹੀ ਤਿਆਰ ਕੀਤਾ, ਪ੍ਰੰਤੂ ਇਸਦੀ ਖਾਸੀਅਤ ਹੈ ਕਿ ਤੁਕ ਦੇ ਸਾਹਮਣੇ ਵੇਰਵਾ 1430 ਪੰਨਿਆ ਵਾਲੀ ਬੀੜ ਦਾ ਦਿੱਤਾ ਜਾਂਦਾ ਹੈ। ਇਸਦਾ ਘੇਰਾ ਵਿਸ਼ਾਲ ਕਰਨ ਲਈ 1257, 1323 ਪੰਨਿਆਂ ਵਾਲੀਆਂ ਬੀੜਾਂ ਦਾ ਹਵਾਲਾ ਵੀ ਦਿੱਤਾ ਹੈ ਜੋ ਕਿ ਅੰਤਿਕਾ ਦੇ ਰੂਪ ਵਿਚ ਮਿਲਦਾ ਹੈ। ਇਸ ਕਾਰਜ ਨੂੰ ਅਕਾਲੀ ਕੌਰ ਸਿੰਘ ਨੇ ਬੜੇ ਸੁਚੇਤ ਤੇ ਸੁਚੱਜੇ ਢੰਗ ਨਾਲ ਕੀਤਾ।

ਵਡ-ਅਕਾਰੀ 638 ਪੰਨਿਆਂ ਦੇ ਇਸ ਹਵਾਲਾ-ਕੋਸ਼ ਦੇ ਹਰੇਕ ਪੰਨੇ ਦੇ ਦੋ ਕਾਲਮ ਹਨ ਅਤੇ ਹਰੇਕ ਕਾਲਮ ਵਿਚ ਤਿੰਨ ਖਾਨੇ ਬਣੇ ਹੋਏ ਹਨ। ਉਨ੍ਹਾਂ ਵਿਚੋਂ ਪਹਿਲੇ ਵਿਚ ਸੰਬੰਧਿਤ ਤੁਕ ਦਾ ਰਾਗ, ਕਾਵਿ-ਭੇਦ ਤੇ ਪਾਵਨ ਲੇਖਕ ਸੂਚਿਤ ਹੈ। ਦੂਜੇ ਵਿਚ ਉਹ ਤੁਕ ਆਪਣੇ ਪਹਿਲੇ ਅੱਖਰ ਤੇ ਲਗ ਮਾਤ੍ਰ ਦੇ ਕ੍ਰਮ ਅਨੁਸਾਰ ਓਸ 'ਸਤਰੀ ਅੰਕ' ਸਮੇਤ ਅੰਕਿਤ ਹੈ ਜੋ ਉਸ ਨੂੰ ਪਾਵਨ ਬੀੜ ਦੇ ਸੰਬੰਧਿਤ ਪੰਨੇ ਵਿਚ ਪ੍ਰਾਪਤ ਥਾਂ ਦਾ ਲਖਾਇਕ

---

[15] ਗਿ. ਖੇਮ ਸਿੰਘ ਚਕਾਰਵੀ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ "ਨਿਹੰਗ"*, ਪੰਨੇ 13-14.

ਹੈ। ਤੀਜੇ ਖਾਨੇ ਵਿਚ ਉਸ ਪੰਨੇ ਦਾ ਨੰਬਰ ਦਿੱਤਾ ਹੋਇਆ ਹੈ ਜਿਸ ਵਿਚ ਉਹ ਤੁਕ ਕਾਨੀਬੰਦ ਹੈ। ਜਿਵੇਂ ਪੰਨਾ ੩੨੮ ਵਿਚ ਅੰਕਿਤ ਇੰਦਰਾਜ:

| | | |
|---|---|---|
| ਗੋਂਡ ਨਾਮ: | ਜਾਸ ਜਪਤ ਭੈ ਅਪ: ੧੪ | ੮੭੪ |

ਇਸ ਤੋਂ ਪਤਾ ਲਗਦਾ ਹੈ ਕਿ ਪਾਵਨ ਪੰਕਤੀ ਗੋਂਡ ਰਾਗ ਵਿਚ ਭਗਤ ਨਾਮਦੇਵ ਜੀ ਦੁਆਰਾ ਰਚੀ ਹੋਈ ਹੈ ਅਤੇ ੧੪੩੦ ਪੰਨਿਆਂ ਵਾਲੀ ਸਟੈਂਡਰਡ ਬੀੜ ਦੇ ੮੭੪ ਵੇਂ ਪੰਨੇ ਦੀ ੧੪ ਵੀਂ ਪੰਕਤੀ ਵਿਚ ਦਰਜ ਹੈ। ਇਸ ਤੋਂ ਛੁੱਟ ਹਰ ਕਾਲਮ ਦੇ ਹਾਸ਼ੀਏ ਦੀ ਉਪਰਲੀ ਲਕੀਰ ਉਤੇ ਉਸ ਵਿਚ ਮੁਦ੍ਰਿਤ ਆਖ਼ਰੀ ਪੰਕਤੀ ਦੇ ਕੁਝ ਲਫਜ਼ ਛਾਪੇ ਹੋਏ ਹਨ ਤਾਂ ਜੋ ਉਨ੍ਹਾਂ ਨੂੰ ਵੇਖਦਿਆਂ ਹੀ ਲੋੜੀਂਦੀ ਪੰਕਤੀ ਦੇ ਉਸ ਵਿਚ ਸੰਚਿਤ ਹੋਣ ਜਾਂ ਨਾ ਹੋਣ ਦੀ ਸੂਚਨਾ ਦਾ ਪਤਾ ਲਗ ਜਾਵੇ। ਇਸ ਤਤਕਰੇ ਵਿਚ ਵਰਤੇ ਅੰਕ ਭਾਵੇਂ ੧੪੩੦ ਪੰਨਿਆਂ ਵਾਲੀ ਬੀੜ ਵਾਲੇ ਹਨ, ਪਰ ੧੨੫੭ ਅਤੇ੧੩੨੩ ਪੰਨਿਆਂ ਵਾਲੀਆਂ ਬੀੜਾਂ ਦੇ ਪਾਠਕਾਂ ਦੀ ਮੁਸ਼ਕਿਲ ਨੂੰ ਧਿਆਨ ’ਚ ਰਖਦਿਆਂ ਇਕ ਅਜਿਹਾ ਤਤਕਰਾ ਵੀ ਦੇ ਦਿੱਤਾ ਗਿਆ ਹੈ ਜਿਸਦੀ ਸਹਾਇਤਾ ਨਾਲ ਲੁੜੀਂਦੀਆਂ ਤੁਕਾਂ ਦੇ ਥਾਂ ਟਿਕਾਣੇ ਸਹਿਜੇ ਹੀ ਪਤਾ ਲੱਗ ਜਾਂਦੇ ਹਨ। ਉਸ ਦੀ ਅੰਕਬੰਦੀ ਜੋ ਤਿਆਰ ਕੀਤੀ ਹੈ ਉਹ ਵੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮਿਹਨਤ ਦਾ ਅੰਦਾਜ਼ਾ ਉਸ ਹਦਾਇਤ ਤੋਂ ਲਗਾਇਆ ਜਾ ਸਕਦਾ ਹੈ ਜੋ ਇਸ ਦੇ ਪੰਨਾ ੭੧੬ ਉਤੇ ਇਸ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਪਾਠਕ ਨੂੰ ਸੰਬੋਧਨ ਕਰਦਿਆਂ ਜ਼ਰੂਰੀ ਵੀਚਾਰ ਦੇ ਸਿਰਲੇਖ ਹੇਠ ਇਸ ਤਰ੍ਹਾਂ ਦਰਜ ਹੈ-

(੧) ਅਗੇ ਲਿਖੀ ਅੰਕ ਬੰਦੀ ਦੇ (ੳ) ਵਾਲੇ ਖਾਨੇ ਵਿਚ ੧੨੫੭ ਅਤੇ (ੲ) ਵਾਲੇ ਖਾਨੇ ਵਿਚ ੧੩੨੩ ਪੰਨੇ ਵਾਲੀ ਬੀੜ ਦੇ ਅੰਕ ਦਿਤੇ ਹਨ॥

(੨) ਤਤਕਰੇ ਅੰਦਰ ਵਰਤੇ, ੧੪੩੦ ਪੰਨੇ ਵਾਲੀ ਬੀੜ ਦੇ ਅੰਕ, ਜਿਸ (ਅ) ਵਾਲੇ ਖਾਨੇ ਵਿਚ ਲਿਖੇ ਹਨ ਉਸਦੇ ਤਿੰਨ ਹਿਸੇ ਕਰਕੇ, ਪੈਹਲੇ ਹਿਸੇ ਵਿਚ, ਦੋਨੋ ਤਰਾਂ ਦੇ ਅੰਕ ੧੨੫੭ ਨਾਲ, ਅਤੇ ਤੀਜੇ ਹਿਸੇ ਵਿਚ ਦੋਨੋ ਤਰਾਂ ਦੇ ਅੰਕ, ੧੩੨੩ ਨਾਲ ਸਬੰਧ ਰਖਣ ਵਾਲੇ ਲਿਖਕੇ, ਦੂਜੇ ਹਿਸੇ ਵਿਚ ਪੰਨੇ ਦੇ ਅੰਕ ਲਿਖੇ ਹਨ ਜਿਨਾਂ ਦਾ ਤੱਲਕ ੧੨੫੭ ਤੇ ੧੩੨੩ ਦੋਹਾਂ ਨਾਲ ਹੈ॥

(੩) ਇਸਤੋਂ ਭਾਵ ਏਹ ਹੈ, ਕੇ ਜੋ ਤੁਕਾਂ ਤਤਕਰੇ ਵਿਚ ਪੈਹਲੇ ਪੰਨੇ ਦੀ ਪੈਹਲੀ ਸਤਰ ਤੋਂ , ਦੂਜੇ ਪੰਨੇ ਦੀ ੬ ਸਤਰ ਤਕ ਦਸੀਆਂ ਹਨ, ਓਹ ੧੩੨੩ ਵਾਲੀ ਬੀੜ ਦੇ ਸਿਰਫ ੧ ਪੰਨੇ ਤੇ ਹਨ, ਯਾ ਜੋ ਤੁਕਾਂ ਤਤਕਰੇ ਵਿਚ ਪੈਹਲੇ ਤੋਂ ਦੂਜੇ ਪੰਨੇ ਦੀ ੯ ਸਤਰ ਤਕ ਦਸੀਆਂ ਹੈਨ, ਓਹੁ ੧੨੫੭ ਦੇ ਪੈਹਲੇ ਹੀ ਪੰਨੇ ਪਰ ਹਨ, ਇਸੀ ਤਰਹ ਹੋਰ ਸਾਰੀਆਂ ਤੁਕਾਂ ਯਾ ਸਤਰਾਂ ਨੂੰ ਮੁਕਾਬਲੇ ਪਰ ਸਮਝ ਲੈਣਾਂ॥[16]

ਵਾਰ ਦੀ ਸੂਚਨਾ ਦੇਣ ਲਈ (ਵਾ:) ਜਾਂ (ਵਾਰ) ਲਿਖਿਆ ਹੈ, ਮਹਲੇ ਦੇ ਸੂਚਕ ੧ ੨ ੩ ੪ ੫ ੯ ਲਿਖੇ ਗਏ ਹਨ, ਭਗਤਾਂ ਦੇ ਸੂਚਕ ਰਵਿ:, ਨਾਮ:, ਰਾਮਕਲੀ ਦੀ ਵਾਰ- ਰਾਮ: ਵ: ਰਾ: ਲਿਖੇ ਹਨ ਅਤੇ ਤਤਕਰੇ ਵਿਚ ਤੁਕਾਂ ਦੇ ਸਿਰਫ ਪਹਿਲੇ 4-5 ਸ਼ਬਦ ਹੀ ਦਿੱਤੇ ਗਏ ਹਨ।

## 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' (ਤੁਕ-ਤਤਕਰੇ) ਦਾ ਵਿਆਖਿਆਕਾਰੀ ਵਿਚ ਮਹੱਤਵ

1. ਇਸ ਰਚਨਾ ਨਾਲ ਪੰਜਾਬੀ ਜਗਤ ਵਿਚ ਇਕ ਨਵੀਂ ਪ੍ਰਪਾਟੀ ਹੋਂਦ ਵਿਚ ਆਈ, ਵਿਦਵਾਨ ਸੱਜਣਾਂ ਲਈ ਇਕ ਨਵਾਂ ਮਾਰਗ ਦਿਖਾਈ ਦਿੱਤਾ ਅਤੇ ਇਸ ਤੋਂ ਵਿਆਖਿਆਕਾਰੀ ਲਈ ਹੋਰ ਵੀ ਹਵਾਲਾ ਗ੍ਰੰਥ ਤਿਆਰ ਕਰਨ ਦੀ ਪ੍ਰੇਰਨਾ ਵੀ ਮਿਲਦੀ ਹੈ।

2. ਇਸ ਦੀ ਸਹਾਇਤਾ ਨਾਲ ਬਾਣੀ ਦੀਆਂ ਤੁਕਾਂ ਦੇ ਸ਼ੁੱਧ ਰੂਪ ਬਾਰੇ ਜਾਂਚ ਕੀਤੀ ਜਾ ਸਕਦੀ ਹੈ। 'ਤੁਕ-ਤਤਕਰਾ' ਗੁਰਬਾਣੀ ਦੀ ਸ਼ੁੱਧਤਾ ਤੇ ਪ੍ਰਚਾਰ ਦਾ ਉਸ ਸਮੇਂ ਵੱਡਾ ਹਥਿਆਰ ਬਣ ਗਿਆ ਕਿਉਂਕਿ ਉਸ ਸਮੇਂ ਗੁਰਬਾਣੀ ਦੀਆਂ ਤੁਕਾਂ ਨੂੰ ਤਰੋੜ-ਮਰੋੜ ਕੇ ਪੜ੍ਹਿਆ ਜਾਂਦਾ ਸੀ ਅਤੇ ਕਈ ਕਥਾ ਵਾਚਕ, ਕਥਾ ਦੌਰਾਨ ਆਪਣੇ ਕੋਲੋਂ ਗੁਰਬਾਣੀ ਦੇ ਮਨ ਘੜਤ ਹਵਾਲੇ ਪੇਸ਼ ਕਰ ਦਿੰਦੇ ਸਨ, ਜਿਸ ਕਾਰਨ ਅਕਾਲੀ ਜੀ ਨੂੰ ਇਹ ਤਤਕਰਾ ਤਿਆਰ ਕਰਨ ਦੀ ਪ੍ਰੇਰਨਾ ਮਿਲੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਤਤਕਰੇ ਦੇ ਮੁਖਬੰਧ ਵਿਚ ਇਸ ਤਰ੍ਹਾਂ ਇਸ ਦ ਮਹਾਨਤਾ ਜ਼ਾਹਰ ਕੀਤੀ ਹੈ- ਅਨੇਕ ਅਨਮਤੀਏ ਅਸ਼ੁਧ ਤੁਕਾਂ ਪੜਕੇ ਮਨ ਨੂੰ ਭ੍ਰਮ ਚਕ੍ਰ ਵਿਚ ਪਾ ਦੇਂਦੇ, ਅਰ ਲੋਕਾਂ ਨੂੰ ਯਥਾਰਥ ਪਾਠ ਦੇਖਣ ਲਈ ਕੋਈ ਸਹਾਇਤਾ ਨਾ ਮਿਲਣ ਕਾਰਣ ਵਯਾਕੁਲਤਾ ਹੁੰਦੀ, ਜੈਸੇ ਅਸੀ ਕਈ ਚਲਾਕ ਅਥਵਾ ਅਗਯਾਨੀਆਂ ਦੇ ਮੁਖ ਤੋਂ ਐਸੇ ਪਾਠ ਸੁਣਦੇ ਹਾਂ:-

'ਹਿੰਦੂ ਸਲਾਹ ਸਿਲਾਹ'……

[16] ਅਕਾਲੀ ਕੌਰ ਸਿੰਘ, *ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼*, ਪੰ. 716.

'ਭਦਣ ਉਣੇਤ ਕਰਾਓ'….

'ਸਾਲਗ੍ਰਾਮ ਬਿਪ ਪੂਜ ਮਨਾਓ'……

'ਫੂਲ ਹਰਿ ਸਰ ਪਾਓ'…….

………… ਪ੍ਰੇਮੀ ਪਾਠਕ ਤੇ ਵਿਦਯਾ ਦੇ ਸਨੇਹੀ ਸਜਨ ਇਸ ਤਤਕਰੇ ਨੂੰ ਦੇਖਕੇ ਨਿਰ ਸੰਦੇਹ ਪ੍ਰਸੰਨ ਹੋਣਗੇ। ਅਰ ਉਸ ਕੀਟ ਲਈ (ਜਿਸ ਨੇ "ਅਕਾਲੀ" ਪਦਵੀ ਸਫਲ ਕਰਣ ਲਈ ਅਕਾਲੀ ਬਾਣੀ ਦੀ ਇਹ ਮਹਾਨ ਸੇਵਾ ਕਰਕੇ ਸਿੱਖ ਕੌਮ ਦੀ ਲੋੜ ਪੂਰੀ ਕੀਤੀ ਹੈ) ਸਨੇਹ ਭਰੇ ਚਿੱਤ ਤੋਂ ਅਕਾਲ ਪੁਰਖ ਦਾ ਧਨਯਵਾਦ ਕਰਨਗੇ॥[17] ਤਤਕਰੇ ਦੇ ਇੰਦਰਾਜਾਂ ਵਿਚ ਪੜ੍ਹੀ-ਸੁਣੀ ਤੁਕ ਬਾਰੇ ਨਿਰਣਾ ਕੀਤਾ ਜਾ ਸਕਦਾ ਹੈ ਕਿ ਇਹ ਬਾਣੀ ਦੀ ਤੁਕ ਹੈ ਜਾਂ ਕਿਸੇ ਦੀ ਮਨਘੜਤ ਰਚਨਾ ਹੈ।

3. ਤੁਕ-ਤਤਕਰੇ ਦੀ ਮਦਦ ਨਾਲ ਖੋਜਾਰਥੀਆਂ ਦਾ ਕੰਮ ਕਾਫੀ ਸੁਖਾਲਾ ਹੋਇਆ ਹੈ, ਇਸ ਰਾਹੀਂ ਉਹ ਤੁਕਾਂ ਦੀ ਭਾਲ ਥੋੜ੍ਹੀ ਮਿਹਨਤ ਨਾਲ ਹੀ ਕਰ ਸਕਦੇ ਹਨ।

4. ਕੀਰਤਨ ਕਰਨ ਵਾਲੇ ਬਹੁਤ ਸਾਰੇ ਰਾਗੀਆਂ ਵਿਚ ਆਮ ਕਰਕੇ ਇਹ ਪਰੰਪਰਾ ਰਹੀ ਹੈ ਕਿ ਉਹ ਜਿਸ ਸ਼ਬਦ ਦਾ ਗਾਇਨ ਕਰਦੇ ਹਨ, ਉਸ ਸ਼ਬਦ ਦੇ ਗੁਰਬਾਣੀ ਵਿਚੋਂ ਹੋਰ ਵੀ ਪ੍ਰਮਾਣ ਦਿੰਦੇ ਹਨ। ਇਹ ਇਕ ਕਿਸਮ ਦੀ ਟੀਕਾਕਾਰੀ ਹੀ ਹੈ। ਅਜਿਹੇ ਰਾਗੀਆਂ ਲਈ ਇਕੋ ਵਿਸ਼ੇ ਦੀਆਂ ਪੰਕਤੀਆਂ ਲੱਭਣ ਵਿਚ ਮਦਦ ਮਿਲਦੀ ਹੈ।

5. ਗੁਰਬਾਣੀ ਵਿਚ ਇਕ ਸ਼ਬਦ ਦੇ ਇਕ ਤੋਂ ਵੱਧ ਰੂਪ ਪ੍ਰਾਪਤ ਹੁੰਦੇ ਹਨ ਜਿਵੇਂ- 'ਉਇ', 'ਉਹਿ', 'ਇਹ', 'ਏਹ', 'ਇਕ', 'ਏਕ', 'ਕਹਿ', 'ਕਹ', 'ਕਹਤ', 'ਕਹਿਤ', 'ਕਬੀਰ', 'ਕਮੀਰ', 'ਕਾਰਣ', 'ਕਰਣ', 'ਕਾਰਨ', 'ਕਰਨ', 'ਗਰਬ', 'ਗਰਭ', 'ਗੁਨ', 'ਗੁਣ', 'ਚਰਨ', 'ਚਰਣ', 'ਗ੍ਰਸਤ', 'ਗ੍ਰਿਸਤ' ਆਦਿ। ਅਜਿਹੇ ਪਾਠ ਸਾਨੂੰ ਕਈ ਵਾਰੀ ਕਿਸੇ ਨਾ ਕਿਸੇ ਹੋਰ ਰੂਪ ਵਿਚ ਜ਼ੁਬਾਨੀ ਯਾਦ ਹੁੰਦੇ ਹਨ, ਪਰ ਗੁਰਬਾਣੀ ਵਿਚ ਇਨ੍ਹਾਂ ਦਾ ਕੋਈ ਹੋਰ ਰੂਪ ਹੁੰਦਾ ਹੈ। ਇਸ ਕਰਕੇ ਜਦੋਂ ਕਿਸੇ ਇਕ ਰੂਪ ਵਿਚ ਕੋਈ ਤੁਕ ਨਾ ਮਿਲੇ ਤਾਂ ਦੂਸਰੇ ਰੂਪਾਂ ਵਿਚੋਂ ਖੋਜੀ ਜਾ ਸਕਦੀ ਹੈ। ਇਹ ਤੁਕ-ਤਤਕਰੇ ਨਾਲ ਹੀ ਸੰਭਵ ਹੋ ਸਕਿਆ ਹੈ।

---

[17] ਅਕਾਲੀ ਕੌਰ ਸਿੰਘ, *ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼*, ਮੁਖਬੰਧ ਪੰ. ੳ-ਅ.

6. ਵਿਆਖਿਆਕਾਰੀ ਦੌਰਾਨ ਵੱਖਰੇ-ਵੱਖਰੇ ਸੰਕਲਪਾਂ ਅਤੇ ਸਿਧਾਂਤਾਂ ਲਈ ਪ੍ਰਮਾਣਾਂ ਵਜੋਂ ਪੰਕਤੀਆਂ ਨੂੰ ਖੋਜਿਆ ਜਾ ਸਕਦਾ ਹੈ ਅਤੇ ਵਿਆਖਿਆਕਾਰ ਬਹੁਪੱਖੀ ਅਧਿਐਨ ਵੱਲ ਵਧ ਸਕਦਾ ਹੈ।

7. ਵਿਆਖਿਆਕਾਰੀ ਵਿਚ ਵਿਆਕਰਨ ਦਾ ਆਪਣਾ ਇਕ ਵਿਸ਼ੇਸ਼ ਸਥਾਨ ਹੈ। ਸ਼ਬਦਾਂ ਦੇ ਵਿਆਕਰਨਕ ਰੂਪਾਂ ਨੂੰ ਸਮਝਣ ਵਿਚ ਵੀ ਤੁਕ-ਤਤਕਰੇ ਤੋਂ ਸਹਾਇਤਾ ਮਿਲਦੀ ਹੈ ਕਿਉਂਕਿ ਇਕੋ ਥਾਂ ’ਤੇ ਕਿਸੇ ਸੰਕਲਪ ਦੇ ਵੱਖਰੇ-ਵੱਖਰੇ ਵਿਆਕਰਨਕ ਰੂਪ ਮਿਲ ਜਾਂਦੇ ਹਨ। ਇਸ ਤਰ੍ਹਾਂ ਵਿਆਖਿਆਕਾਰ ਨੂੰ ਵਿਆਕਰਨਕ ਪੱਖ ਤੋਂ ਮਦਦ ਮਿਲਦੀ ਹੈ।

8.ਜੇਕਰ ਕਿਸੇ ਖੋਜਾਰਥੀ ਜਾਂ ਵਿਆਖਿਆਕਾਰ ਨੂੰ ਕੋਈ ਤੁਕ ਹੱਥ-ਲਿਖਤ ਛਾਪੇ ਤੋਂ ਦੇਖਣੀ ਪਵੇ ਤਾਂ ਵੀ ਉਹ ਆਸਾਨੀ ਨਾਲ ਲੋੜੀਂਦੀ ਤੁਕ ਲੱਭ ਸਕਦਾ ਹੈ ਕਿਉਂਕਿ ਅਕਾਲੀ ਜੀ ਨੇ ਹੱਥ-ਲਿਖਤ ਬੀੜਾਂ (1323 ਅਤੇ 1257 ਪੰਨੇ ਵਾਲੀ) ਦਾ ਤਤਕਰਾ ਵੀ ਅਖੀਰ ਵਿਚ ਦੇ ਦਿੱਤਾ ਹੈ।

ਭਾਈ ਰਣਧੀਰ ਸਿੰਘ ਨੇ ਤੁਕ-ਤਤਕਰੇ ਦੇ ਮਹਾਤਮ ਨੂੰ ਦਸਦਿਆਂ ਕਿਹਾ ਹੈ- ਮੈਥੋਂ ਸਤਿਗੁਰੂ ਜੀ ਨੇ ਜਿਤਨੀਆਂ ਭੀ ਪੁਸਤਕਾਂ ਲਿਖਾਣ ਦੀ ਸੇਵਾ ਲਈ ਹੈ, ਉਹਨਾਂ ਨੂੰ ਲਿਖਦਿਆਂ ਹੋਇਆਂ ਗੁਰਬਾਣੀ ਦੇ ਪ੍ਰਮਾਣ ਅੰਕਤ ਕਰਨ ਦੀ ਸੁਗਮਤਾ ਅਕਾਲੀ ਕੌਰ ਸਿੰਘ ਜੀ ਦਾ ਲਿਖਿਆ ਹੋਇਆ ਸ਼ਬਦ ‘ਰਤਨਾਵਲੀ ਇੰਡੈਕਸ’ ਦੇਂਦਾ ਰਿਹਾ ਹੈ ਉਹ ਅਦੁੱਤੀ ਯਾਦਗਾਰ ਉਹਨਾਂ ਦੇ ਉਪਕਾਰ ਦੀ ਖਿਨ ਖਿਨ ਯਾਦ ਕਰਵਾਉਂਦਾ ਰਿਹਾ ਹੈ ਅਤੇ ਕਰਵਾਉਂਦਾ ਰਹੇਗਾ।[18]

ਅਕਾਲੀ ਕੌਰ ਸਿੰਘ ਦੀ ਰਚਨਾ ‘ਹਜ਼ੂਰੀ ਸਾਥੀ’ ਦੇ ਅਖੀਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਰਾਏ ਅਤੇ ਇਸ ਦੀ ਕੀਮਤ ਸੰਬੰਧੀ ਵੇਰਵਾ ਵੀ ਅੰਕਿਤ ਹੈ ਜਿਸ ਤੋਂ ਇਸ ਦੀ ਮਹਾਨਤਾ ਅਤੇ ਹੋਈ ਪ੍ਰਸ਼ੰਸਾ ਦਾ ਪਤਾ ਚਲਦਾ ਹੈ। ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ ‘ਨਿਹੰਗ’ ਨੇ ਜੋ ਭਾਰੀ ਮਿਹਨਤ ਕਰਕੇ ‘ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼’ ਨਾਮੇ ਪੁਸਤਕ ਛਪਵਾਈ ਹੈ ਉਸ ਨੂੰ ਸ਼ੋ: ਗੁ: ਪ੍ਰ: ਕਮੇਟੀ ਪ੍ਰਸੰਸਾ ਦੀ ਨਜ਼ਰ ਨਾਲ ਵੇਖਦੀ ਹੈ। ਇਸ ਗ੍ਰੰਥ ਨੂੰ ਰਚਕੇ ਆਪ ਨੇ ਪੰਥ ਦੀ ਇਕ ਭਾਰੀ ਲੋੜ ਨੂੰ ਪੂਰਾ ਕਰ ਦਿਤਾ ਹੈ!! ਇਸ ਦੀ ਮਦਦ ਨਾਲ ਹਰ ਇਕ ਤੁਕ ਪੂਰੇ ਪਤੇ ਸਮੇਤ ਇਕੋ ਹੀ ਮਿੰਟ ਵਿਚ ਮਿਲ ਸਕਦੀ ਹੈ!!!

---

[18] *ਪ੍ਰਕਾਸ਼*, ਗਿਆਨੀ ਗੁਰਦਿੱਤ ਸਿੰਘ (ਸੰਪਾ.), 24 ਜੁਲਾਈ 1970.

ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਇਕ ਨਿਵਾਸ ਅਸਥਾਨ ਵਿਚ ਇਸ ਦਾ ਹੋਣਾ ਅਤੀ ਜ਼ਰੂਰੀ ਹੈ! ਸ਼੍ਰੋ: ਗੁ: ਪ੍ਰ: ਕਮੇਟੀ ਆਸ ਰੱਖਦੀ ਹੈ ਕਿ ਸਮੂਹ ਗ੍ਰੰਥੀ, ਗਿਆਨੀ, ਰਾਗੀ ਤੇ ਪ੍ਰਚਾਰਕ ਇਸ ਗ੍ਰੰਥ ਨੂੰ ਖ੍ਰੀਦਕੇ ਲਾਭ ਉਠਾਉਨਗੇ।

ਇਹ ਗ੍ਰੰਥ ੨੦-੩੦ ਦੇ ੮ ਪੇਜਾਂ ਤੇ ੧੪ ਪੁਆਇੰਟ ਦੇ ਟੈਪ ਵਿਚ ੭੪੦ ਪੰਨਿਆਂ ਤੇ ਪ੍ਰਕਾਸ਼ਿਤ ਹੈ। ਇਸਦੀ ਭੇਟਾ ਖਰਚ ਮਾਤਰ ੧੦) ਹੈ, ਪਰੰਤੂ ਸ: ਬ: ਸ: ਧਰਮ ਸਿੰਘ ਜੀ ਸਚਖੰਡ ਵਾਸੀ ਵਲੋਂ ਪਰਚਾਰ ਹਿਤ ਰਿਆਇਤੀ ਭੇਟਾ ੫।) ਹੈ।[19]

ਅਸੀਂ ਆਖ ਸਕਦੇ ਹਾਂ ਕਿ ਅਕਾਲੀ ਕੌਰ ਸਿੰਘ ਨੇ ਸਖਤ ਘਾਲਣਾ ਕਰਦੇ ਹੋਏ ਅਤੇ ਔਕੜਾਂ ਨੂੰ ਪਾਰ ਕਰਦੇ ਹੋਏ ਤੁਕ-ਤਤਕਰਾ ਪੰਜਾਬੀ ਸਾਹਿਤ ਦੀ ਝੋਲੀ ਪਾਇਆ ਅਤੇ ਨਵੀਂਆਂ ਲੀਹਾਂ ਪੈਦਾ ਕੀਤੀਆਂ। ਵਿਆਖਿਆਕਾਰੀ ਲਈ ਉਨ੍ਹਾਂ ਨੇ ਤੁਕ-ਤਤਕਰੇ ਰਾਹੀਂ ਆਪਣਾ ਯੋਗਦਾਨ ਦੇ ਕੇ ਆਪਣਾ ਨਾਮ ਸਿੱਖ ਵਿਦਵਾਨਾਂ ਦੀ ਮੂਹਰਲੀ ਕਤਾਰ ਵਿਚ ਸਥਾਪਿਤ ਕੀਤਾ।

## 2. **ਤੁਕ-ਤਤਕਰਾ ਵਾਰਾਂ ਤੇ ਕਬਿਤ ਸਵੱਯੇ**

ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਬੇਸ਼ੱਕ ਭਾਈ ਗੁਰਦਾਸ ਦੀ ਰਚਨਾ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਲ ਨਾ ਕਰਨ ਕਰਕੇ ਗੁਰਬਾਣੀ ਦਾ ਦਰਜਾ ਪ੍ਰਾਪਤ ਨਹੀਂ ਹੈ ਪਰ ਉਨ੍ਹਾਂ ਦੀ ਰਚਨਾ ਨੂੰ 'ਕੀਰਤਨ' ਦੀ ਆਗਿਆ ਦੇ ਕੇ ਇਸ ਨੂੰ ਗੁਰਬਾਣੀ ਦੇ ਬਹੁਤ ਨਜ਼ਦੀਕ ਮੰਨ ਲਿਆ ਗਿਆ ਹੈ। ਸਿੱਖ-ਚਿੰਤਨ ਦੀ ਵਿਆਖਿਆ ਅਤੇ ਸਿੱਖ-ਚਿੰਤਨ ਦੇ ਗੁਹਜ ਦੇ ਪ੍ਰਸੰਗ ਸਥਾਪਨ ਕਰਨ ਵਾਸਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਕੇਂਦਰੀ ਭੂਮਿਕਾ ਹੈ।[20] ਇਸ ਕਰਕੇ ਅਕਾਲੀ ਕੌਰ ਸਿੰਘ ਨੇ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿਤ ਸਵਈਆਂ ਦਾ ਤੁਕ-ਤਤਕਰਾ ਵੀ ਤਿਆਰ ਕੀਤਾ ਜਿਸ ਨਾਲ ਕਿ ਗੁਰਮਤਿ ਦੇ ਸੰਦੇਸ਼ ਨੂੰ ਸਰਲ ਅਤੇ ਤੇਜ਼ੀ ਨਾਲ ਲੋਕਾਂ ਤਕ ਪਹੁੰਚਾਇਆ ਜਾ ਸਕੇ। ਇਸ ਦੇ ਨਾਲ-ਨਾਲ ਹੀ

---

[19] ਅਕਾਲੀ ਕੌਰ ਸਿੰਘ ਜੀ ਨਿਹੰਗ '*ਹਜ਼ੂਰੀ ਸਾਥੀ*', ਪੰ.- ਅੰਤਿਕਾ

[20] ਡਾ. ਸਰਬਜਿੰਦਰ ਸਿੰਘ (ਸੰਪਾ.), *ਵਾਰਾਂ ਭਾਈ ਗੁਰਦਾਸ ਤੁਕ-ਤਤਕਰਾ*, ਪੰ. ਭੂਮਿਕਾ ix.

ਇਹ ਗੁਰਮਤਿ ਦਰਸ਼ਨ ਦੇ ਖੋਜੀਆਂ ਲਈ ਵੀ ਲਾਹੇਵੰਦ ਹੋ ਸਕੇ। ਇਹ ਤੁਕ-ਤਤਕਰਾ 6-5-1929 ਈ. ਨੂੰ ਖਾਲਸਾ ਪ੍ਰਦੇਸੀ ਮਾਲਵਾ ਪ੍ਰੈਸ, ਅੰਮ੍ਰਿਤਸਰ ਵਿਚ ਛਪਵਾਇਆ ਗਿਆ।

ਗੁਰਮਤਿ ਸਾਹਿਤ ਨੂੰ ਸਮਝਣ, ਪੜ੍ਹਨ, ਲਿਖਣ ਵਾਸਤੇ ਇਹ ਦੋਨੋਂ ਮੂਲ ਗ੍ਰੰਥ ਸਨ (ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਕਬਿਤ ਸਵੱਯੇ ਭਾਈ ਗੁਰਦਾਸ ਜੀ) ਜੋ ਇਸ ਸਦੀ ਦੇ ਆਰੰਭ ਵਿਚ ਗੁਰਬਾਣੀ, ਗੁਰਮਤਿ ਸਾਹਿਤ ਨਾਲ ਸੰਬੰਧਤ ਗੁਰਬਾਣੀ ਰੀਸਰਚ ਟੂਲ ਕੰਪਿਊਟਰ 'ਤੇ ਆਉਣ ਤੀਕ 100% ਸਫ਼ਲ, ਸਾਰਥਕ-ਸਹਾਇਕ ਸਾਬਤ ਹੋਏ। ਇਹ ਹਵਾਲਾ ਗ੍ਰੰਥ ਹਨ ਜਿਨ੍ਹਾਂ ਦੀ ਮਦਦ ਤੋਂ ਬਿਨਾਂ ਗੁਰਬਾਣੀ ਸੰਬੰਧੀ ਪੜ੍ਹਨਾ-ਲਿਖਣਾ, ਅਧਿਐਨ ਮੁਸ਼ਕਲ ਸੀ। ਇਸ ਧਾਰਮਕ, ਇਤਿਹਾਸਕ ਤੇ ਸਾਹਿਤਕ ਕਾਰਜ ਨੇ ਅਕਾਲੀ ਕੌਰ ਸਿੰਘ ਨੂੰ ਅਮਰ ਕਰ ਦਿੱਤਾ।[21]

ਅਕਾਲੀ ਜੀ ਨੇ ਭਾਈ ਗੁਰਦਾਸ ਜੀ ਦੇ ਕਬਿਤ ਸਵੱਯਾਂ ਬਾਰੇ ਦੱਸਿਆ ਕਿ ਇਹ ਸਾਰੇ ਛਪ ਨਹੀਂ ਸਕੇ ਕਿਉਂਕਿ ਕੁਝ ਅਣਛਪੀਆਂ ਸੈਂਚੀਆਂ ਸ੍ਰੀ ਗੁਰਦਵਾਰਾ ਪਟਨਾ ਸਾਹਿਬ ਦੇ ਮਹੰਤ ਜੀ ਦੇ ਸਪੁੱਤਰਾਂ ਪਾਸ ਵੇਖਣ ਵਿਚ ਆਈਆਂ ਸਨ ਕਹਿੰਦੇ ਸਨ ਕਿ *ਮੈਨੇ ਕੋਸ਼ਿਸ਼ ਕੀਤੀ ਤਾਂ ਸੀ ਜੋ ਉਹ ਹੱਥ ਆ ਜਾਣ ਅਥਵਾ ਮਿਲ ਜਾਣ ਪ੍ਰੰਤੂ ਮਹੰਤ ਸਾਹਿਬ ਦੇ ਚਲਾਣੇ ਪਿਛੋਂ ਉਨ੍ਹਾਂ ਦੇ ਪੁਤਰ ਟਾਲ ਮਟੋਲ ਕਰ ਜਾਂਦੇ ਰਹੇ*[22]

ਤੁਕ-ਤਤਕਰਾ ਵਾਰਾਂ ਤੇ ਕਬਿਤ ਸ੍ਵਯੇ ਵਿਚ ਅਕਾਲੀ ਜੀ ਦਸਦੇ ਹਨ ਕਿ ਬਹੁਤ ਯਤਨ ਕਰਨ ਪਰ ਕੋਈ ਐਸੀ ਲਿਖਤੀ ਪੋਥੀ ਇਸ ਰਚਨਾ ਦੀ ਅਜੇ ਹੱਥ ਨਹੀਂ ਲੱਗੀ ਜਿਸ ਤੋਂ ਪਾਠ ਦੀਆਂ ਮਾਤਰਾਂ ਤੇ ਸ਼ਬਦ ਜਾਂ ਵਾਕ ਨਿਸ਼ਚਤ ਗੁਰਬਾਣੀ ਦੇ ਨਿਯਮ ਅਨੁਸਾਰ ਵਰਤੇ ਮਿਲ ਜਾਣ। ਇਕ ਲਿਖਤੀ ਗ੍ਰੰਥ ਐਸਾ ਵੇਖਿਆ ਗਿਆ ਹੈ ਜੋ ਕਿ 1646 ਈ. ਦਾ ਲਿਖਿਆ ਦੱਸਿਆ ਜਾਂਦਾ ਹੈ। ਇਸ ਗ੍ਰੰਥ ਦੇ ਸੰਮਤ ਪਰ ਤਾਂ ਕੁਛ ਨਹੀਂ ਕਿਹਾ ਜਾ ਸਕਦਾ ਪ੍ਰੰਤੂ ਇਹ ਜ਼ਰੂਰ ਹੈ ਕਿ ਇਹ ਗ੍ਰੰਥ ਉਸ ਵੇਲੇ ਤੋਂ ਪਹਿਲੇ ਦਾ ਲਿਖਿਆ ਜ਼ਰੂਰ ਹੈ ਜਿਸ ਵੇਲੇ 40ਵੀਂ ਵਾਰ ਅਜੇ ਨਹੀਂ ਰਚੀ ਗਈ ਸੀ ਕਿਉਂਕਿ ਇਸ ਵਿਚ ਕੇਵਲ 39 ਵਾਰਾਂ ਤੇ ਕਬਿਤ ਸ੍ਵਯੇ ਆਦਿ ਹੀ ਰਚਨਾ ਹੈ।

---

[21] ਡਾ. ਰੂਪ ਸਿੰਘ, *ਅਕਾਲੀ ਕੌਰ ਸਿੰਘ ਨਿਹੰਗ ਇਕ ਸ਼ਰਧਾਂਜਲੀ*, ਪੰ. 5.

[22] ਉਦਰਿਤ, ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ "ਨਿਹੰਗ"*, ਪੰ. 63.

ਕਰੀਬ 200 ਸ੍ਵਯੇ ਬਾਅਦ ਵਿਚ ਕਿਸੇ ਹੋਰ ਵਿਦਵਾਨ ਦੇ ਜਾਂ ਭਾਈ ਗੁਰਦਾਸ ਜੀ ਦੇ ਹੀ ਰਚੇ ਹੋਏ ਇਸ ਗ੍ਰੰਥ ਦੇ ਅੰਤ 'ਤੇ ਪਹਿਲੀ ਲਿਖਤ ਤੇ ਸਿਆਹੀ ਤੋਂ ਵਿਲਖਣਤਾ ਵਾਲੇ ਦਰਜ ਹਨ।[23]

## ਵਰਤੋਂ-ਵਿਧੀ

ਕਿਸੇ ਵੀ ਤੁਕ ਦੀ ਭਾਲ ਕਰਨ ਲਈ ਜਿਹੜਾ ਢੰਗ ਤਰੀਕਾ ਅਕਾਲੀ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁਕ-ਤਤਕਰੇ ਬਾਰੇ ਦੱਸਿਆ ਸੀ ਇਸ ਰਚਨਾ ਦਾ ਵੀ ਉਨ੍ਹਾਂ ਨੇ ਭੂਮਿਕਾ ਵਿਚ ਦੱਸ ਦਿੱਤਾ ਹੈ ਕਿਉਂਕਿ ਪਾਠਕਾਂ ਜਾਂ ਖੋਜੀਆਂ ਨੂੰ ਬਹੁਤ ਸਾਰੀਆਂ ਤਕਨੀਕੀ ਪੱਖੋਂ ਉਲਝਣਾ ਹੁੰਦੀਆਂ ਹਨ। ਭਾਈ ਗੁਰਦਾਸ ਜੀ ਦੀ ਰਚਨਾ ਵਿਚ ਛੰਦ ਦੇ ਅੰਕਾਂ ਦੇ ਸਮਸਿਆ ਦੇ ਹੱਲ ਲਈ ਉਨ੍ਹਾਂ ਨੇ ਵਿਧੀ ਦੱਸ ਦਿੱਤੀ ਹੈ। ਇਸ ਨੂੰ ਵਰਤਣ ਲਈ ਉਨ੍ਹਾਂ ਨੇ ਨਿਮਨਲਿਖਤ ਢੰਗ ਸੁਝਾਇਆ ਹੈ:

ਕਬਿਤ ਸਵਯੇ ਨਾਮਾਂ ਵਾਲੀ ਰਚਨਾ ਦਾ ਛਾਪੇ ਦੇ ਗ੍ਰੰਥਾਂ ਤੇ ਟੀਕਿਆਂ ਤੋਂ ਅੰਕਾਂ ਦੇ ਭੇਦ ਦਾ ਪੂਰਾ ਨਿਰਣੇ ਨਹੀਂ ਪ੍ਰਤੀਤ ਹੁੰਦਾ ਪਰੰਤੂ ਉਪਰ ਦੇ ਲਿਖਤੀ ਪੁਸਤਕ (1646 ਵਾਲੇ ਹੱਥ-ਲਿਖਤ ਗ੍ਰੰਥ) ਨੂੰ ਵੀਚਾਰਨ ਤੇ ਪ੍ਰਤੀਤ ਹੋਯਾ ਹੈ-

1. ਇਸ ਵਿਚ ਪਹਿਲੇ ੮ ਦੋਹਰੇ, ੮ ਸੋਰਠੇ, ੮ ਛੰਤ ਹਨ ਜੋ ਮੇਲ ਕੇ ੨੪ ਬਣਦੇ ਹਨ ਪਰ ਗਿਣਤੀ ਉਨ੍ਹਾਂ ਦੀ ਛੰਤ ਦੇ ਨਾਲ ਹੋਣ ਕਰਕੇ ਲਿਖਤੀ ਗੰਥ ਵਿਚ ੮ ਹੀ ਦੱਸੀ ਹੈ।

2. ਇਸ ਤੋਂ ਅੱਗੇ ਸਵਯੇ ਅਰੰਭ ਹੁੰਦੇ ਹਨ ਜੋ ੩੪ ਅੰਕ ਤਕ ਹਨ ਪ੍ਰੰਤੂ ਅੱਗੇ ਕਬਿਤ ਹੋਣ ਤੇ ੩੫॥੧॥ ਇਉਂ ਗਿਣਤੀ ਅਰੰਭ ਹੁੰਦੀ ਹੈ ਜੋ ੮੨॥੧੧੬॥ ਤਕ ਪੁਜ ਕੇ ਦੋਹਰੇ ਅੰਕ ਫਿਰ ੧੧੭ ਤੋਂ ਅੱਗੇ ਇਕਹਿਰੇ ਹੀ ੫੫੬ ਤਕ ਪੁਜਦੇ ਹਨ ਪ੍ਰੰਤੂ ਕਿਸੇ ਛਾਪੇ ਦੀ ਪੁਸਤਕ ਵਿਚ ਇਹ ਅੰਕ ੨੪ ਤਕ ਪੁਜ ਕੇ ਫਿਰ ੧ ਤੋਂ ਸ਼ੁਰੂ ਹੁੰਦਾ ਹੈ, ੧੧ ਤੋਂ ਅੱਗੇ ੨੦ ਹੈ। ਸੋ ੩੪ ਤਕ ਪੁਜ ਕੇ ਫਿਰ ੩੫॥੧॥ ਬਣ ਕੇ ਅੱਗੇ ਦੂਹਰੀ ਗਿਣਤੀ ਚਲ ਕੇ ਫਿਰ ॥੧੧੯॥ ਤੋਂ ੫੫੬ ਤਕ ਠੀਕ ਇਕਹਿਰੀ ਗਿਣਤੀ ਚਲਦੀ ਹੈ।

ਇਸ ਭੇਦ ਕਰਕੇ ਛਪੇ ਹੋਏ ਗ੍ਰੰਥਾਂ ਵਿਚੋਂ ਇਸ ਤਤਕਰੇ ਵਿਚ ਦੱਸੇ ਮੁਤਾਬਕ ਤੁਕ ਲੱਭਣੀ ਕਠਨ ਹੈ ਪ੍ਰੰਤੂ ਜੇ ਆਦਿ ਤੋਂ ਅੰਤ ਤਕ ਇਕੋ ਅੰਕ ਹੋਵੇ ਤਦ ੫੭੨ ਹੋ ਕੇ ਤੁਕ ਸੁਖੈਨ ਮਿਲ ਸਕਦੀ ਹੈ। ਇਸੇ ਵਿਚਾਰ ਨੂੰ

---

[23] ਅਕਾਲੀ ਕੌਰ ਸਿੰਘ ਨਿਹੰਗ, *ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ*, ਪੰ. ਭੂਮਿਕਾ

ਮੁੱਖ ਰੱਖ ਕੇ ਇਸ ਤਤਕਰੇ ਵਿਚ ਸ਼ੁਰੂ ਤੋਂ ਅਖ਼ੀਰ ਤਕ ਇਕੋ ਹੀ ਸਿੱਧੀ ੫੭੨ ਤਕ ਗਿਣਤੀ ਵਰਤੀ ਗਈ ਹੈ। ਇਸ ਲਈ ਪਾਠਕ ਸੱਜਣ ਇਕ ਤੋਂ ਚੌਵੀ, ਇਕ ਤੋਂ ਬਾਰਾਂ ਅੱਗੇ ੨੦ ਤੋਂ ੩੪ ਆਦਿ ਅੰਕ ਸੋਚ ਕੇ ਇਕੋ ਅੰਕ ੫੭੨ ਦੇ ਆਧਾਰ 'ਤੇ ਤੁਕ ਲੱਭਣ ਦਾ ਯਤਨ ਕਰਨ।

ਕਈ ਤੁਕਾਂ ਦੇ ਆਦਿ (ਅਰੰਭ) ਸ਼ਬਦ ਵਿਚ ਅਕਸਰ ਪਾਠ ਭੇਦ ਹੁੰਦਾ ਹੈ ਜੋ ਬੋਲਣ ਵੇਲੇ ਮਹਿਸੂਸ ਨਹੀਂ ਹੁੰਦਾ ਇਸ ਲਈ ਤੁਕ ਲੱਭਣ ਵੇਲੇ ਜੇ ਇਕ ਥਾਂ ਤੁਕ ਨਾ ਮਿਲੇ ਤਾਂ ਉਹ ਪਾਠ ਭੇਦ ਦੇ ਦੂਜੇ ਰੂਪ ਤੋਂ ਲੱਭਣੀ ਹੈ ਜਿਵੇਂ ਕਿ-

| | | |
|---|---|---|
| ਆਇਆ | – | ਆਯਾ |
| ਸਉ | – | ਸੌ |
| ਗਊ | – | ਗੋ |
| ਜਉ | – | ਜੋ |
| ਤਉ | – | ਤੋ |
| ਤੈਸੇ | – | ਜੈਸੇ |
| ਨਉ ਨਿਧ | – | ਨੌ ਨਿਧ |
| ਮਾਇਆ | – | ਮਾਯਾ |

ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਖਰੀਦਣ ਲਈ ਪਾਠਕਾਂ ਨੇ ਕੋਈ ਬਹੁਤੀ ਦਿਲਚਸਪੀ ਨਹੀਂ ਸੀ ਦਿਖਾਈ ਸਿਰਫ 150 ਜਾਂ 200 ਹੀ ਵਿਕ ਸਕੇ ਸਨ। ਇਸ ਰੋਸ ਨੂੰ ਅਕਾਲੀ ਕੌਰ ਸਿੰਘ ਦੂਜੇ ਤਤਕਰੇ ਵਾਰਾਂ ਤੇ ਭਾਈ ਗੁਰਦਾਸ ਵਾਲੇ ਦੀ ਭੂਮਿਕਾ ਵਿਚ ਪ੍ਰਗਟ ਕੀਤਾ ਹੈ ਅਤੇ ਲਿਖਿਆ ਹੈ ਕਿ ਤਾਂ ਵੀ ਉਨ੍ਹਾਂ ਨੇ ਇਸ ਨੂੰ 1000 ਦੀ ਗਿਣਤੀ ਵਿਚ ਛਪਵਾਉਣ ਦਾ ਯਤਨ ਕੀਤਾ ਹੈ। ਛਾਪੇਖਾਨੇ ਬਾਰੇ ਵੀ ਉਨ੍ਹਾਂ ਨੇ ਰੋਸਾ ਜਤਾਇਆ ਅਤੇ ਲਿਖਿਆ ਹੈ, ਇਹ ਗਲ ਦਸਦਿਆਂ ਸ਼ਰਮ ਆਉਂਦੀ ਹੈ ਕਿ ਜਿਥੇ ਏਹ ਪੁਸਤਕ ਰਾਤ ਦਿਨ ਲਗਾਤਾਰ ਦੁਖ ਕਲੇਸ਼ ਵਿਚ ਭੀ ਫਰਵਰੀ 1924 ਨੂੰ ਸ. ਕੁੰਦਨ ਸਿੰਘ, ਸ. ਨਗੀਨਾ ਸਿੰਘ ਜੀ ਕੰਟਰੈਕਟਰ ਸੱਜਣਾਂ ਦੇ ਡੇਰੇ ਝੂਲਿਨਿ ਮਾਨਭੂਮ (ਬੰਗਾਲ) ਵਿਚ ਖਤਮ ਕਰਕੇ ਅਪਰੈਲ 1927 ਵਿਚ ਖਾਲਸਾ ਪ੍ਰਦੇਸੀ ਮਾਲਵਾ ਪ੍ਰੈਸ ਅੰਮ੍ਰਿਤਸਰ ਵਿਚ 50) ਪੇਸ਼ਗੀ ਸਮੇਤ ਇਕ ਮਹੀਨੇ ਵਿਚ ਛਾਪ ਦੇਨ ਦੇ ਕਰਾਰ ਪਰ ਦਿਤਾ ਗਿਆ, ਉਥੇ ਦੋ

ਸਾਲ ਪਿਛੋਂ ਹੁਣ ਕੁਛ ਅਸਾਰ ਮਹੀਨੇ ਤਕ ਮਿਲਨ ਦੇ ਪਰਤੀਤ ਹੋਣ ਲਗੇ ਹਨ। ਇਸੀ ਦੇਰ ਤੇ ਨਿਰਾਸਤਾ ਕਰਕੇ ਇਸਦੀਆਂ ਅਸ਼ੁਧੀਆਂ ਦਾ ਪੱਤਰ ਨਹੀਂ ਦਿਤਾ ਗਿਆ ਅਤੇ ਨਾ ਹੀ ਕੋਈ ਸੁੰਦਰਤਾ ਦਾ ਧਿਆਨ ਰਖਿਆ ਗਿਆ ਜਿਸ ਲਈ ਪਾਠਕਾਂ ਤੇ ਖਾਸ ਜੋ ਪੁਛਦੇ ਮੰਗਦੇ ਰਹੇ ਉਨ੍ਹਾਂ ਸੱਜਣਾਂ ਤੋਂ ਮੈਂ ਖਿਮਾਂ ਚਾਹੁੰਦਾ ਹਾਂ।[24]

ਉਪਰਲੀ ਬੇਨਤੀ ਅਕਾਲੀ ਜੀ ਵਲੋਂ ਲਿਖਣੀ ਜ਼ਰੂਰੀ ਸਮਝੀ ਗਈ ਜਿਸ ਤੋਂ ਸਾਨੂੰ ਇਹ ਵੀ ਸੂਚਨਾ ਮਿਲਦੀ ਹੈ ਕਿ ਉਸ ਸਮੇਂ 32 ਲੱਖ ਹੀ ਸਿੱਖਾਂ ਦੀ ਮਰਦਮਸ਼ੁਮਾਰੀ ਹੋਵੇਗੀ ਜਿਨ੍ਹਾਂ ਵਿਚੋਂ ਸਿਰਫ 150-200 ਹੀ ਗੁਰਮਤਿ ਖੋਜ ਵਲ ਧਿਆਨੀ ਪ੍ਰਤੀਤ ਹੋਏ। ਅਕਾਲੀ ਕੌਰ ਸਿੰਘ ਦੇ ਪ੍ਰਚਾਰ ਖੇਤਰ ਦਾ ਵੀ ਪਤਾ ਚਲਦਾ ਹੈ ਕਿ ਉਹ ਕਿਥੇ-ਕਿਥੇ ਫਿਰਦੇ ਰਹੇ ਜਿਵੇਂ ਬੂਲਿਨਿ, ਮਾਨਭੂਮ (ਬੰਗਾਲ) ਦਾ ਜ਼ਿਕਰ ਆਇਆ ਹੈ। ਇਸ ਦੀ ਛਪਾਈ ਵਿਚ ਹੋਈ ਦੇਰੀ ਅਤੇ ਗੇੜਿਆਂ ਨੇ ਅਕਾਲੀ ਜੀ ਦਾ ਕਿੰਨਾ ਸਮਾਂ ਜ਼ਾਇਆ ਕੀਤਾ ਹੋਵੇਗਾ ਇਹ ਵੀ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ।

## 3. ਇਸਤ੍ਰੀ ਸੰਕਟ ਮੋਚਨ ਅਥਵਾ ਵਿਧਵਾ ਵਿਆਹ

'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' ਅਤੇ 'ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ' ਤੋਂ ਬਾਅਦ ਅਕਾਲੀ ਕੌਰ ਸਿੰਘ ਜੀ ਦੀ ਮਹੱਤਵਪੂਰਨ ਰਚਨਾ 'ਇਸਤ੍ਰੀ ਸੰਕਟ ਮੋਚਨ' ਹੈ। ਜਿਸ ਨੂੰ 1925 ਈ. ਵਿਚ ਨਾਨਕ ਸਿੰਘ, ਕ੍ਰਿਪਾਲ ਸਿੰਘ ਹਜੂਰੀਆ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਦੇ ਕੁਲ 360 ਪੰਨੇ ਹਨ ਅਤੇ ਵਿਸ਼ੇ ਦੀ ਸਪਸ਼ਟਤਾ ਲਈ ਢੁਕਵੀਂ ਥਾਂ 'ਤੇ ਰੰਗਦਾਰ ਤਸਵੀਰਾਂ ਵੀ ਦਿੱਤੀਆਂ ਗਈਆਂ ਹਨ। ਇਸ ਵਿਚ ਅਕਾਲੀ ਕੌਰ ਸਿੰਘ ਨੇ ਆਪਣੀਆਂ ਲਿਖੀਆਂ ਕੁਝ ਕਵਿਤਾਵਾਂ ਵੀ ਦਿੱਤੀਆਂ ਹਨ।

## ਦਸਮ ਗ੍ਰੰਥ ਸੰਬੰਧੀ ਵਿਚਾਰ ਅਤੇ ਇਸਤ੍ਰੀ ਸੰਕਟ ਮੋਚਨ ਦਾ ਸੰਬੰਧ

ਨਿਹੰਗ ਸਿੰਘੀ ਪਹਿਨਾਵਾ ਅਤੇ ਸ੍ਵਰੂਪ ਧਾਰਨ ਦੇ ਨਾਲ-ਨਾਲ ਉਹ ਸਹਿਜੇ ਹੀ ਦਸਮ ਗ੍ਰੰਥ ਨੂੰ ਸੰਪੂਰਨ ਤੌਰ ਉਪਰ ਗੁਰ-ਰਚਨਾ ਅਤੇ ਗੁਰਬਾਣੀ ਮੰਨਦੇ ਸਨ, ਇਸ ਗੱਲੋਂ ਉਨ੍ਹਾਂ ਦਾ ਨਿਸ਼ਚਾ ਦ੍ਰਿੜ੍ਹ ਸੀ। ਭਾਵੇਂ ਅਜੋਕੀ ਖੋਜ

---

[24] ਅਕਾਲੀ ਕੌਰ ਸਿੰਘ ਨਿਹੰਗ, *ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ*, ਪੰ. ਭੂਮਿਕਾ

ਦਸਮ-ਗ੍ਰੰਥ ਬਾਰੇ ਭਿੰਨ-ਭਿੰਨ ਰਾਵਾਂ ਪ੍ਰਗਟ ਕਰਦੀ ਹੈ ਪਰ ਅਕਾਲੀ ਜੀ ਇਕ ਅਟੱਲ ਅਤੇ ਦ੍ਰਿੜ੍ਹ ਰਾਏ ਦੇ ਧਨੀ ਸਨ ਡਿਕੋਡੋਲੇ ਖਾਂਦੇ ਰਹਿਣਾ ਉਨ੍ਹਾਂ ਦੇ ਨੇੜੇ ਨਹੀਂ ਸੀ ਢੁਕਦਾ। ਸੋ ਨਿਸਚੇ ਹੀ ਹੈ ਕਿ ਦਸਮ ਗ੍ਰੰਥ ਦੀ ਰਚਨਾ 'ਤ੍ਰਿਆ ਚਰਿਤ੍ਰ' ਨੂੰ ਉਨ੍ਹਾਂ ਨੇ ਸਹੀ ਤਰ੍ਹਾਂ ਦ੍ਰਿੜ੍ਹ ਅਤੇ ਨਿਝੱਕ ਹੋ ਕੇ ਵਾਚਿਆ ਅਤੇ ਘੋਖਿਆ ਹੋਵੇਗਾ ਜਿਵੇਂ ਕਿ ਦਸਮ ਗ੍ਰੰਥ ਦੀਆਂ ਹੋਰ ਬਾਣੀਆਂ ਨੂੰ 'ਤ੍ਰਿਆ ਚਰਿਤ੍ਰ' ਰਚਨਾ ਨੇ ਕਿਸੇ ਹੱਦ ਤਕ ਉਨ੍ਹਾਂ ਨੂੰ ਇਸ਼ਾਰਤਨ ਇਸਤ੍ਰੀ ਜਾਤਿ ਦੀ ਸੁਭਾਵਕ ਬਣਤਰ ਦੇ ਅਧਿਐਨ ਵਲ ਪ੍ਰੇਰਿਆ ਹੋਵੇਗਾ।[25] ਇਸੇ ਅਧਿਐਨ ਅਤੇ ਚਿੰਤਨ ਦੇ ਸਿੱਟੇ ਵਜੋਂ 'ਇਸਤ੍ਰੀ ਸੰਕਟ ਮੋਚਨ' ਦੀ ਰਚਨਾ ਹੋਣੀ ਸੁਭਾਵਕ ਹੀ ਹੈ।

## ਵਿਸ਼ਾ ਤੇ ਸ਼ੈਲੀ

ਭਾਵੇਂ ਕਿ ਪੁਸਤਕ ਦਾ ਮੁਖ ਵਿਸ਼ਾ ਇਸਤਰੀ ਸੰਕਟ ਦੀ ਸਮਸਿਆ ਦੀ ਨਵਿਰਤੀ ਹੈ ਪਰ ਅਕਾਲੀ ਕੌਰ ਸਿੰਘ ਨੇ ਇਕ ਸੌ ਤੋਂ ਵੱਧ ਸਹਾਇਕ ਵਿਸ਼ਿਆਂ ਨੂੰ ਨਾਲ ਲੈ ਕੇ ਅਤੇ ਇਕ ਲੜੀ ਵਿਚ ਪ੍ਰੋ ਕੇ ਮੁੱਖ ਵਿਸ਼ੇ ਦੀ ਮਹੱਤਤਾ ਅਤੇ ਸਮਾਧਾਨ ਨੂੰ ਸਿਰੇ ਚੜ੍ਹਾਇਆ ਹੈ। ਇਨ੍ਹਾਂ ਸਹਾਇਕ ਵਿਸ਼ਿਆਂ ਵਿਚ ਕਈ ਗੱਲਾਂ ਸ਼ਾਮਲ ਹਨ, 1. ਸਿਧਾਂਤਕ ਤੌਰ 'ਤੇ ਮੁੱਖ ਵਿਸ਼ੇ ਦੀ ਨੁਹਾਰ 2. ਵਿਰਸੇ ਵਿਚ ਮੁੱਖ ਵਿਸ਼ੇ ਬਾਰੇ ਸਰਵ ਪ੍ਰਧਾਨ ਸਿਧਾਂਤਕ ਵਿਚਾਰ 3. ਵਿਸ਼ੇ ਦੇ ਘਿਣੌਣੇ ਪਹਿਲੂ ਬਾਰੇ ਤਤਕਾਲੀਨ ਸਮੇਂ (1925) ਵਿਚ ਮਿਲ ਰਹੀਆਂ ਆਮ ਦੁਖਦਾਈ ਸ਼ਰਮਨਾਕ ਉਦਾਹਰਨਾਂ ਅਤੇ ਬਿਰਤੀਆਂ 4. ਤਤਕਾਲੀਨ ਸਮੇਂ ਦੇ ਚੁਣੇ ਹੋਏ ਅਤੇ ਚੋਟੀ ਦੇ ਚੇਤੰਨ ਲੋਕਾਂ ਦਾ ਸਚੇਸ਼ਟ ਤੌਰ 'ਤੇ ਇਸ ਸੁਧਾਰ ਲਈ ਉਪਰਾਲਾ ਕਰਨ ਵਿਚ ਜੁਟ ਜਾਣਾ ਆਦਿ।[26] ਲਗਭਗ 92 ਵਰ੍ਹੇ ਬੀਤ ਜਾਣ ਮਗਰੋਂ ਭਾਵੇਂ ਅੱਜ ਇਹ ਵਿਸ਼ਾ ਓਪਰਾ ਲਗਦਾ ਹੋਵੇ ਪਰ ਇਸ ਦੇ ਲਿਖਣ ਕਾਲ ਵਿਚ ਇਸ ਨੂੰ ਦੇਖ ਕੇ ਇਸ ਦੀ ਪ੍ਰਸੰਗਿਕਤਾ ਅਤੇ ਅਹਿਮੀਅਤ ਸਮਝ ਆ ਜਾਂਦੀ ਹੈ।

ਪੁਸਤਕ ਦੀ ਸ਼ੈਲ ਬੜੀ ਹੀ ਪ੍ਰਭਾਵਸ਼ਾਲੀ ਹੈ। ਭਾਰਤੀ ਲਿਖਣ-ਸ਼ੈਲੀ ਦੇ ਪੁਰਾਤਨ ਢੰਗ ਦੀ ਝਲਕ ਪੈਂਦੀ ਹੈ ਜਿਸ ਵਿਚ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚ ਵਾਰਤਾਲਾਪ ਦੇ ਦ੍ਰਿਸ਼ ਨੂੰ ਪੇਸ਼ ਕਰ ਕੇ ਵਿਸ਼ੇ/ਸਮਸਿਆ ਨੂੰ ਛੇੜਿਆ ਜਾਂਦਾ ਹੈ। ਇਸ ਵਿਚ ਬਹਿਸ ਹੁੰਦੀ ਹੈ, ਬਹਿਸ ਤਿੱਖੀ ਅਤੇ ਤਰਕ-ਭਰਪੂਰ

---

[25] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 70.

[26] ਉਹੀ, ਪੰ. 72.

ਹੁੰਦੀ ਚਲੀ ਜਾਂਦੀ ਹੈ। ਇਸ ਪ੍ਰਕਾਰ ਦਲੀਲ ਸਹਿਤ ਪ੍ਰਸ਼ਨ ਕਰਨ ਵਾਲ ਉਪਰ ਜਿੱਤ ਪ੍ਰਾਪਤ ਹੁੰਦੀ ਹੈ ਅਤੇ ਲੇਖਕ ਆਪਣੇ ਵਿਸ਼ੇ ਦੀ ਸਫ਼ਲਤਾ ਵਲ ਵਧਦਾ ਹੈ। ਪੁਸਤਕ ਦਾ ਅਰੰਭ ਭਾਵੇਂ '੧ਓਂ ਸਤਿਗੁਰਪ੍ਰਸਾਦਿ' ਤੋਂ ਕੀਤਾ ਹੋਇਆ ਹੈ ਪਰ ਅਕਾਲੀ ਜੀ ਆਪਣੇ ਵਿਸ਼ੇ ਨੂੰ ਪ੍ਰੰਪਰਾਗਤ ਸ਼ੈਲੀ ਅਨੁਸਾਰ ਇਸ਼ਟ-ਮੰਗਲ ਦੋਹਰੇ ਤੋਂ ਆਰੰਭ ਕਰਦੇ ਹਨ-

"ਦੋਹਰਾ : ਸੰਕਟ ਮੋਚਨ ਨਾਮ ਗੁਰ ਤਾਂਹਿ ਕ੍ਰਿਪਾ ਸੁਖ ਚੈਨ।

ਗ੍ਰੰਥ ਰਚੋਂ ਹਿਤ ਤ੍ਰਿਯਨ ਕੇ, ਬਿਘਨ ਹਰਨ ਸੁਖ ਦੈਨ॥੧॥"

ਸ਼ੈਲੀ ਧਿਆਨ ਨੂੰ ਖਿੱਚਣ ਵਾਲੀ ਹੈ ਜਿਵੇਂ ਕਿ: 1. *ਜਿਸਤ੍ਰਾਂ ਅਮੀਰ ਗਰੀਬ ਦੇ ਬੱਚੇ ਬਚਪਨ ਵਿਚ ਮਾਤਾ ਪਿਤਾ ਤੋਂ ਬਿਨਾਂ ਹੋਰ ਕਿਸੀ ਪਾਸ ਸੁਖੀ ਨਹੀਂ ਰਹਿ ਸਕਦੇ, ਇਸੀ ਤਰਾਂ ਇਸਤ੍ਰੀ ਜਾਤੀ ਨੂੰ ਜਵਾਨੀ ਵਿਚ ਪਤੀ ਤੋਂ ਬਿਨਾਂ ਮਾਤਾ ਪਿਤਾ ਭੈਣ ਭਰਾ, ਪੁਤ ਧੀ, ਆਦਿ ਸਾਕਾਂ ਤੋਂ ਯਾ ਦੁਨੀਆਂ ਭਰ ਦੇ ਧਨ ਪਦਾਰਥਾਂ ਤੋਂ ਕਦੀ ਸੁਖ ਨਹੀਂ ਪ੍ਰਾਪਤ ਹੋ ਸਕਦਾ.....*[27]

2. *ਕਈ ਮੂੰਹ ਫਟ ਤਾਂ ਇਉਂ ਕਹਿ ਦੇਂਦੇ ਹਨ ਕਿ ਰੰਡੀਆਂ ਨੂੰ ਰੋਟੀ ਕਪੜੇ ਦੀ ਹੀ ਲੋੜ ਹੈ, ਖਸਮ ਕਰਕੇ ਉਨ੍ਹਾਂ ਕੀ ਲੈਣਾ ਹੈ? ਪਰ ਕਦੀ ਕੀ ਉਨ੍ਹਾਂ ਇਹ ਭੀ ਆਖਿਆ ਹੈ ਕਿ ਮਰਦਾਂ ਨੇ ਹੋਰ ਵਿਆਹ ਕਰਕੇ ਕੀ ਲੈਣਾ ਹੈ?*[28]

ਪਹਿਲਾ ਅਧਿਆਇ ਵਿਸ਼ੇ ਦੇ ਸਿਧਾਂਤਕ ਪਿਛੋਕੜ ਅਤੇ ਲੋੜ ਨਾਲ ਜਾਣ-ਪਛਾਣ ਕਰਵਾਉਂਦਾ ਹੈ। ਅਗਲੇ ਅਧਿਆਇ ਤੋਂ ਦੋ ਵਿਅਕਤੀਆਂ; 'ਧਰਮਵੀਰ' ਅਤੇ 'ਪ੍ਰਚਾਰਕ' ਵਿਚਕਾਰ ਪ੍ਰਸ਼ਨੋਤਰੀ ਸ਼ੁਰੂ ਹੁੰਦੀ ਹੈ। ਇਕ-ਇਕ ਕਰ ਕੇ ਸਮਸਿਆ/ਮਸਲੇ ਸਾਹਮਣੇ ਆਉਂਦੇ ਹਨ ਅਤੇ 'ਪ੍ਰਚਾਰਕ' ਸਭ ਦਾ ਉਤਰ ਦਲੀਲ ਅਤੇ ਵਿਸਥਾਰ ਨਾਲ ਦਿੰਦਾ ਹੈ।

ਅਕਾਲੀ ਕੌਰ ਸਿੰਘ ਦਾ ਇਸਤਰੀ-ਉਦਾਰ ਦਾ ਇਹ ਉਪਰਾਲਾ ਨਿਵੇਕਲੀ ਭਾਂਤਿ ਦਾ ਤੇ ਸਾਹਸਪੂਰਨ ਸੀ। ਪੰਜਾਬੀ ਵਿਚ ਸ਼ਾਇਦ ਇਸ ਤੋਂ ਪਹਿਲਾਂ ਕੋਈ ਵੀ ਅਜਿਹੀ ਪੁਸਤਕ ਨਹੀਂ ਸੀ ਲਿਖੀ ਗਈ ਜਿਸ ਨੇ ਖ਼ਾਸ

---

[27] ਅਕਾਲੀ ਕੌਰ ਸਿੰਘ, *ਇਸਤਰੀ ਸੰਕਟ ਮੋਚਨ*, ਪੰ. 38.

[28] ਉਹੀ, ਪੰ. 49.

ਤੌਰ 'ਤੇ ਇਸ ਵਿਸ਼ੇ ਨੂੰ ਚੁਣਿਆ ਹੋਵੇ।[29] ਅਜਿਹੇ ਸੰਕੀਰਣ ਸੋਚ ਵਾਲੇ ਸਮਾਜ ਵਿਚ ਅਜਿਹੇ ਵਿਸ਼ੇ ਦੀ ਚੋਣ ਅਤੇ ਕਾਰਜ ਕਰਨਾ ਅਕਾਲੀ ਜੀ ਦੀ ਉਚ-ਕਿਰਦਾਰੀ ਸ਼ਖ਼ਸੀਅਤ ਦੀ ਨਿਸ਼ਾਨੀ ਹੈ।

ਅਕਾਲੀ ਜੀ ਦੀ ਇਸ ਪੁਸਤਕ ਦਾ ਸਮਾਂ ਸਮਾਜ ਸੁਧਾਰ ਲਹਿਰਾਂ ਦਾ ਸਮਾਂ ਸੀ। ਇਸ ਸਮੇਂ ਭਾਰਤ ਵਿਚ ਭਾਰਤੀ ਧਰਮਾਂ ਤੋਂ ਬਿਨਾਂ ਵਿਦੇਸ਼ੀ ਧਰਮ ਇਸਲਾਮ ਅਤੇ ਇਸਾਈ ਮਤ ਦਿਨੋਂ ਦਿਨ ਵਧ ਰਹੇ ਹਨ। ਇਨ੍ਹਾਂ ਧਰਮਾਂ ਦੀ ਗਿਣਤੀ ਬਾਹਰੋਂ ਆਏ ਲੋਕਾਂ ਕਾਰਨ ਨਹੀਂ ਵਧ ਰਹੀ ਸੀ, ਬਲਕਿ ਭਾਰਤ ਦੇ ਲੋਕਾਂ ਵੱਲੋਂ ਲਗਾਤਾਰ ਹੋ ਰਹੀ ਧਰਮ ਬਦਲੀ ਦੇ ਕਾਰਨ ਵਧ ਰਹੀ ਸੀ। ਅਕਾਲੀ ਜੀ ਨੇ ਇਸ ਦਾ ਮੂਲ ਕਾਰਨ ਭਾਰਤੀ ਸਮਾਜ ਵਿਚ ਹੋ ਰਹੀ ਔਰਤ ਦੀ ਦੁਰਦਸ਼ਾ ਨੂੰ ਦੱਸਿਆ ਹੈ। ਇਸ ਪੁਸਤਕ ਦੀ ਮੂਲ ਸਮੱਸਿਆ ਸਮਾਜਕ ਹੈ ਜਿਹੜੀ ਕਿ ਔਰਤ ਨਾਲ ਜੁੜੀ ਹੋਈ ਹੈ। ਇਸਤਰੀ ਦੀ ਵਿਆਹ ਸੰਬੰਧੀ ਸਮਾਜਕ ਨਾਬਰਾਬਰੀ ਨੂੰ ਇਸ ਪੁਸਤਕ ਵਿਚ ਪੇਸ਼ ਕੀਤਾ ਗਿਆ ਹੈ। ਵਿਧਵਾਵਾਂ ਦੇ ਪੁਨਰ-ਵਿਆਹ ਨੂੰ ਦਲੀਲ-ਪੂਰਵਕ ਸਿੱਧ ਕੀਤਾ ਗਿਆ ਹੈ। ਇਸਤਰੀ ਦਾ ਸਨਮਾਨ ਉਸ ਸਮੇਂ ਇੰਨਾ ਨਹੀਂ ਸੀ ਜਿੰਨਾ ਕਿ ਹੋਣਾ ਚਾਹੀਦਾ ਹੈ। ਅਕਾਲੀ ਕੌਰ ਸਿੰਘ ਪੁਰਾਤਨ ਵਿਰਸਿਆਂ: ਹਿੰਦੂ ਧਰਮ, ਇਸਲਾਮ, ਈਸਾਈ ਮਤ ਅਤੇ ਸਿੱਖ ਮਤ ਦੇ ਪ੍ਰਮੁੱਖ ਗ੍ਰੰਥਾਂ ਵਿਚੋਂ ਹਵਾਲੇ ਪੇਸ਼ ਕਰ ਕੇ ਸਾਬਤ ਕਰ ਦਿੰਦੇ ਹਨ ਹਰ ਸਮਾਜ ਵਿਚ ਇਸਤਰੀ ਨੂੰ ਸਨਮਾਨ ਪ੍ਰਾਪਤ ਹੈ ਪਰ ਭਾਰਤ ਦੀ ਗ਼ੁਲਾਮ ਮਾਨਸਿਕਤਾ ਨੇ ਇਸਤਰੀਆਂ ਨਾਲ ਅਨਿਆਂ ਕੀਤਾ। ਬਾਲੜੀ ਉਮਰ ਵਿਚ ਵਿਧਵਾ ਹੋਈ ਇਸਤਰੀ ਨੂੰ ਸਾਰੀ ਉਮਰ ਸਮਾਜਕ ਰੀਤਿ-ਮਰਿਆਦਾ ਦਾ ਸੰਤਾਪ ਹੰਢਾਉਣਾ ਪੈਂਦਾ ਸੀ।

ਅਕਾਲੀ ਜੀ ਇਸ ਸਿੱਟੇ ਉਪਰ ਪਹੁੰਚਦੇ ਹਨ ਕਿ ਇਸ ਦੁਖਦਾਈ ਹਾਲਤ ਦਾ ਮੁਖ ਕਾਰਨ ਸਾਡਾ ਧਾਰਮਕ, ਦਾਰਸ਼ਨਿਕ ਜਾਂ ਕੋਈ ਹੋਰ ਵਿਰਸਾ ਨਹੀਂ ਸਗੋਂ ਇਹ ਦਸ਼ਾ ਸਮਾਜਕ, ਆਰਥਕ ਅਤੇ ਰਾਜਨੀਤਕ ਗ਼ੁਲਾਮੀ ਵਿਚੋਂ ਪੈਦਾ ਹੋਈ ਹੈ। ਉਹ ਇਸ ਪੁਸਤਕ ਵਿਚ ਵੇਦ, ਪੁਰਾਣ, ਸਮ੍ਰਿਤੀ, ਧਰਮ ਸ਼ਾਸਤ੍ਰ, ਦਰਸ਼ਨ ਸ਼ਾਸਤ੍ਰ, ਅੰਜੀਲ, ਕੁਰਾਨ ਗੁਰਬਾਣੀ ਅਤੇ ਗੁਰ-ਇਤਿਹਾਸ ਵਿਚੋਂ ਪ੍ਰਮਾਣ ਦੇ ਕੇ ਸਾਬਤ ਕਰਦੇ ਹਨ ਕਿ ਅਸੀਂ ਸਾਡੇ ਅਮੀਰ ਵਿਰਸੇ ਤੋਂ ਮੁਖ ਫੇਰ ਕੇ ਔਰਤ ਜ਼ਾਤ ਉਪਰ ਜ਼ੁਲਮ ਕਮਾ ਰਹੇ ਹਾਂ।

[29] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 69.

ਅਕਾਲੀ ਕੌਰ ਸਿੰਘ ਨੇ ਆਪਣੇ ਸਮੇਂ ਦੀ ਸਭ ਤੋਂ ਪ੍ਰਧਾਨ ਉਕਤ ਸਮਸਿਆ ਨੂੰ ਪਹਿਲੀ ਵਾਰ ਸਮਾਜ ਵਿਚ ਉਜਾਗਰ ਕੀਤਾ। ਉਹ ਆਪ ਲਿਖਦੇ ਹਨ ਕਿ "ਭਾਵੇਂ ਉਨੀਵੀਂ ਸਦੀ ਦੇ ਪਿਛਲੇ ਕੁਝ ਦਹਾਕਿਆਂ ਵਿਚ ਸਤੀ ਦੀ ਰਸਮ ਅਤੇ ਬਾਲ ਵਿਧਵਾ ਦੇ ਸੁਧਾਰ ਲਈ ਰਾਜਾ ਰਾਮ ਮੋਹਨ ਰਾਇ ਦੇ ਉਪਰਾਲੇ ਨਾਲ ਅੰਗ੍ਰੇਜ਼ ਸਰਕਾਰ ਨੇ ਕਾਨੂੰਨ ਬਣਾਏ ਸਨ, ਪਰ ਕਿਧਰੇ ਚੋਰੀ-ਛੁਪੇ ਅਤੇ ਕਿਧਰੇ ਸ਼ਰੇਆਮ ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਹੁੰਦੀ ਸੀ। ਸੋ ਲੋੜ ਇਹ ਸੀ ਕਿ ਇਸ ਕਾਨੂੰਨ ਅਤੇ ਇਸ ਸੁਧਾਰ ਦੇ ਹੱਕ ਵਿਚ ਵੱਧ ਤੋਂ ਵੱਧ ਲੋਕ ਰਾਏ ਪੈਦਾ ਕੀਤੀ ਜਾ ਸਕੇ ਅਤੇ ਚੋਰੀ-ਛੁਪੇ ਕੀਤੇ ਜਾਣ ਵਾਲੇ ਵਿਭਚਾਰਾਂ ਅਤੇ ਜੁਰਮਾਂ ਨੂੰ ਸਾਹਮਣੇ ਲਿਆ ਕੇ ਦੋਸ਼ੀਆਂ ਨੂੰ ਸਜਾ ਦਿੱਤੀ ਜਾਵੇ।[30]

ਇਸ ਪੁਸਤਕ ਵਿਚ ਅਕਾਲੀ ਜੀ ਉਸ ਸਮੇਂ ਦੇ ਸਮਾਜ ਵਿਚ ਇਸਤਰੀ ਦੀ ਸਥਿਤੀ ਦਾ ਵਰਣਨ ਕਰਦੇ ਹਨ। ਉਸ ਸਮੇਂ ਦੇ ਮਰਦ ਪ੍ਰਧਾਨ ਸਮਾਜ ਵਿਚ ਇਸਤਰੀ ਦੀ ਹਾਲਤ ਤਰਸਯੋਗ ਹੈ, ਜਿਸਦਾ ਪ੍ਰਮੁਖ ਕਾਰਨ ਭਾਰਤੀ ਮਨ ਦੀ ਗ਼ੁਲਾਮੀ ਕਰਕੇ ਹੈ। ਹਿੰਦੂ ਰੀਤਿ ਅਨੁਸਾਰ ਇਸਤਰੀ ਦਾ ਪੁਨਰ ਵਿਵਾਹ ਨਹੀਂ ਹੋ ਸਕਦਾ। ਜਦੋਂ ਕਿ ਇਸ ਦੇ ਉਲਟ ਮਰਦ ਬਿਨਾਂ ਕਿਸੇ ਰੁਕਾਵਟ ਕਈ-ਕਈ ਵਿਵਾਹ ਕਰ ਸਕਦੇ ਹਨ। ਅਕਾਲੀ ਜੀ ਨੇ ਮਰਦਮ ਸ਼ੁਮਾਰੀ ਦੇ ਅੰਕੜਿਆਂ ਦੇ ਹਵਾਲੇ ਨਾਲ ਸਾਬਿਤ ਕੀਤਾ ਹੈ ਕਿ ਸਮਾਜ ਵਿਚ ਬਾਲ-ਵਿਵਾਹ ਦਾ ਜ਼ਿਆਦਾ ਪ੍ਰਚਲਨ ਸੀ। ਜਿਸ ਕਾਰਨ ਬਹੁਤੀਆਂ ਲੜਕੀਆਂ ਬਾਲ ਉਮਰ ਵਿਚ ਹੀ ਵਿਧਵਾ ਹੋ ਜਾਂਦੀਆਂ ਸਨ। ਉਨ੍ਹਾਂ ਦਾ ਅੰਕੜਾ ਅਕਾਲੀ ਜੀ ਇਸ ਪ੍ਰਕਾਰ ਦਿੰਦੇ ਹਨ-

| **ਉਮਰ ਸਾਲ** | **ਕੁਲ ਵਿਧਵਾ** | **ਹਿੰਦੂ ਵਿਧਵਾ** |
|---|---|---|
| 0-5 ਤਕ | 19487 | 15696 |
| 5-10 ਤਕ | 95798 | 78407 |
| 10-15 ਤਕ | 275862 | 227367 |
| 15-20 ਤਕ | 522867 | 411093[31] |

[30] ਅਕਾਲੀ ਕੌਰ ਸਿੰਘ, *ਇਸਤਰੀ ਸੰਕਟ ਮੋਚਨ*, ਪੰ. 70.

[31] ਉਹੀ, ਪੰ. 6.

ਅਜਿਹੀਆਂ ਲੜਕੀਆਂ ਨੂੰ ਸਮਾਜ ਵਿਚ ਕੋਈ ਸਨਮਾਨ ਜਨਕ ਸਥਾਨ ਨਹੀਂ ਦਿੱਤਾ ਜਾਂਦਾ ਸੀ। ਬਲਕਿ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਤਾਨੇ-ਮਿਹਣੇ ਸਹਾਰਨੇ ਪੈਂਦੇ ਸਨ। ਉਨ੍ਹਾਂ ਉੱਤੇ ਸਮਾਜ ਵੱਲੋਂ ਕਈ ਪ੍ਰਕਾਰ ਦੀਆਂ ਬੰਦਸ਼ਾਂ ਲਗਾਈਆਂ ਜਾਂਦੀਆਂ ਸਨ। ਜਿਵੇਂ- ਉਹ ਕਿਸੇ ਨਾਲ ਹੱਸ ਕੇ ਗੱਲ ਤੱਕ ਨਹੀਂ ਕਰ ਸਕਦੀਆਂ, ਉਨ੍ਹਾਂ ਦੇ ਕੱਪੜੇ ਪਹਿਨਣ ਤੇ ਬੰਦਸ਼ਾਂ, ਉਨ੍ਹਾਂ ਨੇ ਕੀ ਖਾਣਾ ਹੈ, ਇਹ ਸਭ ਮਰਦ ਪ੍ਰਧਾਨ ਸਮਾਜ ਨੇ ਨਿਰਧਾਰਿਤ ਕੀਤਾ ਹੋਇਆ ਸੀ। ਅਕਾਲੀ ਜੀ ਇਸ ਪ੍ਰਕਾਰ ਇਸਤਰੀ ਨਾਲ ਹੋ ਰਹੇ ਜ਼ੁਲਮ ਵਿਰੁੱਧ ਆਵਾਜ਼ ਉਠਾਉਂਦੇ ਹਨ, ਤੇ ਇਸ ਨਿਰਣੇ ਤੇ ਪਹੁੰਚਦੇ ਹਨ ਕਿ ਵਿਧਵਾ ਪੁਨਰ ਵਿਵਾਹ ਦੀ ਇਜਾਜ਼ਤ ਨਾ ਹੋਣ ਕਾਰਨ, ਇਨ੍ਹਾਂ ਵਿਚੋਂ ਬਹੁਤੀਆਂ ਇਸਤਰੀਆਂ ਕੁਰਾਹੇ ਪੈ ਜਾਂਦੀਆਂ ਹਨ। ਕੋਈ ਵੇਸਵਾ ਬਣ ਜਾਂਦੀ ਹੈ, ਕੋਈ ਮਜ਼ਹਬ ਬਦਲ ਕੇ ਦੂਜੇ ਮਜ਼ਹਬ ਵਿਚ ਦਾਖ਼ਲ ਹੋ ਜਾਂਦੀ ਹੈ, ਜਿਥੇ ਕਿ ਵਿਧਵਾ ਵਿਵਾਹ ਦੀ ਬੰਦਸ਼ ਨਹੀਂ ਹੈ।

ਅਜਿਹੀਆਂ ਸਥਿਤੀਆਂ ਵਿਚ ਵਿਧਵਾ ਇਸਤਰੀ ਪਾਪ ਕਰਨ ਤੋਂ ਵੀ ਸੰਕੋਚ ਨਹੀਂ ਕਰਦੀ। ਉਹ ਆਪਣੇ ਅਨੈਤਿਕ ਸੰਬਧਾਂ ਕਾਰਨ, ਕਿਤੇ ਆਪਣੇ ਹੀ ਨਵਜੰਮੇ ਬੱਚੇ ਨੂੰ ਮਾਰਦੀ ਹੈ, ਕਿਤੇ ਉਸ ਦੇ ਬੱਚੇ ਨੂੰ ਕੁੱਤੇ ਖਾ ਰਹੇ ਹਨ, ਕਿਤੇ ਉਹ ਬੱਚੇ ਨੂੰ ਬੂਟੇ ਹੇਠ ਦਫਨਾਉਂਦੀ ਹੈ, ਬਹੁਤੀ ਵੇਰ ਉਹ ਭਰੂਣ ਗਿਰਾਉਣ ਲਈ ਕਈ ਹੱਥ ਕੰਡੇ ਅਪਣਾਉਂਦੀ ਹੈ। ਇਥੇ ਹੀ ਬੱਸ ਨਹੀਂ ਕੁਝ ਥਾਵਾਂ ’ਤੇ ਸਮਾਜ ਵਿਚ ਆਪਣੀ ਅਣਖ ਦੀ ਖ਼ਾਤਰ ਉਸ ਨੂੰ ਵੀ ਗਰਭ ਅਵਸਥਾ ਦੌਰਾਨ ਜ਼ਹਿਰ ਦੇ ਕੇ ਮਾਰ ਦਿਤਾ ਜਾਂਦਾ ਹੈ। ਸਮਾਜ ਦਾ ਅਜਿਹਾ ਕਰੂਪ ਦ੍ਰਿਸ਼ ਅਕਾਲੀ ਜੀ ਇਸ ਰਚਨਾ ਰਾਹੀਂ ਸਾਡੇ ਸਾਹਮਣੇ ਉਜਾਗਰ ਕਰਦੇ ਹਨ।

ਅਕਾਲੀ ਜੀ ਨੇ ਮੁਸਲਮਾਨ ਅਤੇ ਇਸਾਈ ਧਰਮ ਵਿਚ ਹੋ ਰਹੇ ਵਾਧੇ ਦਾ ਕਾਰਨ ਹਿੰਦੂ ਰੀਤਿ ਦੀਆਂ ਬੰਦਸ਼ਾਂ ਨੂੰ ਦਸਿਆ ਹੈ।[32] ਵਿਧਵਾ ਨੂੰ ਪੁਨਰ ਵਿਵਾਹ ਦੀ ਇਜਾਜ਼ਤ ਨਾ ਹੋਣ ਕਾਰਨ ਵਿਧਵਾ ਇਸਤਰੀਆਂ ਦੂਸਰੇ ਧਰਮਾਂ ਵੱਲ ਪ੍ਰੇਰਿਤ ਹੁੰਦੀਆਂ ਹਨ। ਅਕਾਲੀ ਜੀ ਨੇ ਇਸ ਪੁਸਤਕ ਵਿਚਲੇ ਕੁੱਝ ਲੇਖਾਂ ਵਿਚ ਇਸ ਪ੍ਰਕਾਰ ਦੀਆਂ ਘਟਨਾਵਾਂ ਦਾ ਵਰਣਨ ਕੀਤਾ ਹੈ। ਅਕਾਲੀ ਜੀ ਨੇ ਕੁਝ ਵਿਧਵਾਵਾਂ ਦੀਆਂ ਚਿੱਠੀਆਂ ਦਾ ਜ਼ਿਕਰ ਵੀ ਕੀਤਾ ਹੈ ਜੋ ਕਿ ਪੁਨਰ ਵਿਵਾਹ ਦੀ ਮੰਗ ਕਰ ਰਹੀਆਂ ਹਨ।[33]

---

[32] ਅਕਾਲੀ ਕੌਰ ਸਿੰਘ, *ਇਸਤਰੀ ਸੰਕਟ ਮੋਚਨ*,, ਪੰ. 85.

[33] ਉਹੀ, ਪੰ. 82.

ਵਿਧਵਾ ਵਿਵਾਹ ਨਾ ਹੋਣ ਦੀ ਤੁਲਨਾ ਅਕਾਲੀ ਜੀ ਨੇ ਗਊ ਹੱਤਿਆ ਨੂੰ ਵਧਾਵਾ ਦੇਣਾ ਦਸਿਆ ਹੈ। ਅਕਾਲੀ ਜੀ ਦਾ ਤਰਕ ਹੈ ਕਿ ਜੋ ਵਿਧਵਾ ਹੋ ਕੇ ਸਾਰੀਆਂ ਹਿੰਦੂ ਨਹੀਂ ਰੈਹ ਸਕਦੀਆਂ ਤੇ ਬਹੁਤੀਆਂ ਵਿਧਵਾ ਹੀ ਮੁਸਲਮਾਨੀਆਂ ਯਾਂ ਈਸਾਇਣਾਂ ਹੋ ਜਾਂਦੀਆਂ ਹਨ, ਹੁਣ ਉਨ੍ਹਾਂ ਤੋਂ ਜੋ ਉਲਾਦ ਹੋਵੇਗੀ ਉਹ ਉਸ ਉਲਾਦ ਸਮੇਤ ਮਾਸ ਖਾਣ ਵਾਲਿਆਂ ਦਾ ਵਾਧਾ ਹੋਇਆ। ਜਿਤਨੇ ਮਾਸ ਖਾਣੇ ਵਧੀਕ ਹੋਏ ਉਤਨੀਆਂ ਗਊਆਂ ਦਾ ਘਾਤ ਵਧੀਕ ਹੋਵੇਗਾ।[34] ਇਸ ਦਾ ਇਕ ਤਰਕ ਅਕਾਲੀ ਜੀ ਹੋਰ ਦਿੰਦੇ ਹਨ ਕਿ, ਜੋ ਵਿਧਵਾ ਵੇਸਵਾ ਮੁਸਲਮਾਨੀਆਂ ਤੇ ਈਸਾਈਣੀਆਂ ਨਹੀਂ ਹੁੰਦੀਆਂ ਉਹ ਕੀ ਗਊ ਹਤਯਾ ਦਾ ਵਾਧਾ ਕਰਦੀਆਂ ਹਨ। ਜਿਸ ਤਰਾਂ ਕਿਸੀ ਵਿਧਵਾ ਨੂੰ ਬਾਲ ਹੁੰਦਾ ਹੈ, ਉਹ ਕਿਸੀ ਐਸੀ ਥਾਂ ਜਿਉਂਦਾ ਸੁਟ ਦੇਂਦੀ ਹੈ, ਜਿਥੋਂ ਮੇਹਤਰਾਂ (ਭੰਗੀਆਂ) ਨੂੰ ਮਿਲਦਾ ਹੈ...... ਮੇਹਤਰਾਂ ਵਿਚ ਪਰਵਸ਼ ਪਾਂਦਾ ਹੈ ਤਦ ਗੋਮਾਸ ਭੀਖਕਾਂ ਵਿਚ ਵਾਧੇ ਦਾ ਕਾਰਣ ਹੋਣ ਤੇ ਇਸ ਤਰਾਂ ਭੀ ਵਿਧਵਾ ਦੇ ਜਰੀਏ ਗਊ ਹਤਿਆ ਦਾ ਵਾਧਾ ਹੋ ਰਿਹਾ ਹੈ।[35]

ਜੋ ਲੋਕ ਵਿਧਵਾ ਵਿਵਾਹ ਦਾ ਇਸ ਕਰਕੇ ਵਿਰੋਧ ਕਰਦੇ ਹਨ, ਕਿ ਜਿਨ੍ਹਾਂ ਦੇ ਭਾਗਾਂ ਵਿਚ ਹੀ ਦੁਖ ਹੋਵੇ, ਉਨ੍ਹਾਂ ਨੂੰ ਸੁਖ ਕੌਣ ਦੇ ਸਕਦਾ ਹੈ। ਅਕਾਲੀ ਜੀ ਨੇ ਅਜਿਹੇ ਲੋਕਾਂ ਨੂੰ ਤਰਕ ਨਾਲ ਉੱਤਰ ਇਸ ਪ੍ਰਕਾਰ ਦਿੱਤਾ ਹੈ-

1. ਜਦ ਕਿਸੀ ਧਨਾਢ ਦਾ ਦਿਵਾਲਾ ਨਿਕਲ ਜਾਏ ਜਾਂ ਲੁਟੇ ਜਾਣ ਤੇ ਧਨ ਨਾਸ ਹੋ ਜਾਂਦਾ ਹੈ। ਤਦ ਉਹ ਅਕਲ ਨਾਲ ਉੱਦਮ ਕਰਕੇ ਲੋੜ ਅਨੁਸਾਰ ਮੁੜ ਧਨਾਢ ਬਣਨ ਦੀ ਕੋਸ਼ਸ਼ ਕਿਉਂ ਕਰਦਾ ਹੈਂ?
2. ਜਦ ਕਿਸੀ ਦਾ ਘਰ ਸੜਕੇ ਸੁਆਹ ਹੋ ਜਾਂਦਾ ਹੈ ਤਦ ਉਹ ਹਿੰਮਤ ਹੌਸਲੇ ਤੇ ਯਤਨ ਨਾਲ ਮੁੜ ਮਕਾਨ ਬਣਾਨ ਦੀ ਕਿਉਂ ਕੋਸ਼ਸ਼ ਕਰਦਾ ਹੈ?
3. ਜਦ ਇਕ ਸੱਸ ਸਹੁਰੇ ਦੀ ਨੂੰਹ ਮਰ ਜਾਂਦੀ ਹੈ ਤੇ ਉਨ੍ਹਾਂ ਦਾ ਪੁੱਤ ਰੰਡਾ ਹੋ ਬਹਿੰਦਾ ਹੈ ਤਦ ਉਹ ਅਕਲ, ਦਨਾਈ, ਰਸੂਖ਼ ਤੇ ਉਦਮ ਨਾਲ ਮੁੜ ਪੁਤ੍ਰ ਦੀ ਸ਼ਾਦੀ ਕਿਉਂ ਕਰਾਉਂਦੇ ਹਨ?
4. ਜਿਨਾਂ ਮਰਦਾਂ ਦੀਆਂ ਜਦ ਵਿਆਹੀਆਂ ਪਹਿਲੀਆਂ ਔਰਤਾਂ ਮਰ ਜਾਂਦੀਆਂ ਹਨ, ਤਦ ਉਹ ਕਈ ਤਰਾਂ ਦੇ ਸਿੱਧੇ ਉਲਟੇ ਢੰਗ ਵਰਤਕੇ ਫਿਰ ਵਿਆਹ ਕਿਉਂ ਕਰਦੇ ਹਨ?

---

[34] ਅਕਾਲੀ ਕੌਰ ਸਿੰਘ, *ਇਸਤਰੀ ਸੰਕਟ ਮੋਚਨ*,, ਪੰ. 89.

[35] ਉਹੀ, ਪੰ. 90.

5. ਜਿਨਾਂ ਮਾਪਿਆਂ ਦੇ ਪੁਤ ਧੀ ਜਦ ਜੰਮਦੇ ਹੀ ਜਾਂ ਕੁਝ ਸਮੇਂ ਪਿਛੋਂ ਮਰ ਜਾਂਦੇ ਹਨ, ਤਦ ਉਹ ਸੰਤਾਨ ਪੈਦਾ ਕਰਨ ਦਾ ਫ਼ਿਰ ਕਿਉਂ ਯਤਨ ਕਰਦੇ ਹਨ?
6. ਜਦ ਅਧਰੰਗ ਦਾ ਮਾਰਿਆ ਕੋਈ ਰੋਗੀ ਹੋ ਜਾਂਦਾ ਹੈ ਤਦ ਉਸਦੇ ਮੁੜ ਤੰਦਰੁਸਤ ਹੋਣ ਲਈ ਕਿਉਂ ਇਲਾਜ ਕਰਦੇ ਹਨ?
7. ਜਿਨ੍ਹਾਂ ਵਰਣਾਂ ਯਾ ਬ੍ਰਾਦਰੀਆਂ ਵਿਚ ਵਿਧਵਾ ਪੁੰਨਰ ਵਿਵਾਹ ਜਾਰੀ ਹੈ। ਉਨ੍ਹਾਂ ਲੋਕਾਂ ਦੀਆਂ ਧੀਆਂ ਭੈਣਾਂ ਜਦ ਵਿਧਵਾ ਹੋਣ ਪਿੱਛੋਂ ਫਿਰ ਵਿਆਹੀਆਂ ਜਾਂਦੀਆਂ ਹਨ ਤਦ ਉਨ੍ਹਾਂ ਨੂੰ ਪਤੀ-ਸੰਤਾਨ ਸੁਖ ਕਿਉਂ ਪ੍ਰਾਪਤ ਹੋਇਆ ਰਹਿੰਦਾ ਹੈ? [36]

ਉਪਰੋਕਤ ਸਵਾਲ ਕਰਨ ਪਿੱਛੋਂ ਅਕਾਲੀ ਜੀ ਦਾਅਵਾ ਕਰਦੇ ਹਨ ਕਿ ਜੇਕਰ ਸਚਮੁਚ ਹੀ ਇਨ੍ਹਾਂ ਇਸਤਰੀਆਂ ਦੇ ਭਾਗਾਂ ਵਿਚ ਪਤੀ ਤੇ ਸੰਤਾਨ ਸੁਖ ਨਹੀਂ ਤਾਂ "ਇਕ ਵੇਰ ਆਪਣੀ ਆਬਾਦੀ ਤੇ ਬ੍ਰਾਦਰੀ ਦੀਆਂ ਵਿਆਹ ਯੋਗ (ਰਿਤੂ ਵੰਤੀਆਂ) ਰੰਡੀਆਂ ਸਾਰੀਆਂ ਦਾ ਪੁਨਰ ਵਿਵਾਹ ਕਰਾ ਦਿਓ ਅਤੇ ਬਾਦ ਦੋ ਰਿਤੂ ਕਾਲ ਗੁਜ਼ਰਨ ਦੇ ਅੰਦਰ ਜੇ ਉਨ੍ਹਾਂ ਸਾਰੀਆਂ ਦੇ ਖ਼ਸਮ ਮਰ ਜਾਣ ਤਦ ਸਮਝੋ ਕਿ ਇਨ੍ਹਾਂ ਦੇ ਭਾਗਾਂ ਵਿਚ ਕੁਦਰਤ ਵੱਲੋਂ ਹੀ ਇਹ ਸੁਖ ਨਹੀਂ ਹੈ। [37]

ਅਕਾਲੀ ਜੀ ਨੇ 61 ਪੁਰਾਤਨ ਅਤੇ ਵਰਤਮਾਨ ਵਿਦਵਾਨਾਂ ਵਲੋਂ ਵਿਧਵਾ ਪੁਨਰ ਵਿਵਾਹ ਨੂੰ ਜਾਇਜ ਠਹਿਰਾਉਣ ਵਾਲੇ ਉਨ੍ਹਾਂ ਦੇ ਵਿਚਾਰਾਂ ਦਾ ਵਰਣਨ ਕੀਤਾ ਹੈ।[38] ਆਪ ਜੀ ਵੇਦ, ਪੁਰਾਣ, ਸਿਮ੍ਰਤੀ, ਧਰਮ ਸ਼ਾਸਤ੍ਰ, ਦਰਸ਼ਨ ਸ਼ਾਸਤ੍ਰ, ਅੰਜੀਲ, ਕੁਰਾਨ, ਗੁਰਬਾਣੀ ਅਤੇ ਗੁਰ-ਇਤਿਹਾਸ ਵਿਚੋਂ ਟੂਕਾਂ ਦੇ ਕੇ ਸਿੱਧ ਕਰਦੇ ਹਨ ਕਿ ਅਸੀਂ ਉਪਰੋਕਤ ਵਿਰਸੇ ਦੀ ਸਿੱਖਿਆ ਤੋਂ ਉਲਟ ਆਪਣੇ ਸੁਆਰਥ ਦੀ ਭੁਖ ਕਾਰਨ ਔਰਤ ਜਾਤਿ ਨੂੰ ਆਪਣੇ ਪਾਪ ਦਾ ਭਾਗੀ ਬਣਾ ਰਹੇ ਹਾਂ। ਇਹ ਸਿਰਫ ਮਰਦ ਦਾ ਸੁਆਰਥੀ, ਜਾਲਮਾਨਾ ਅਤੇ ਜਾਨਵਰੀ ਸੁਭਾਵ ਹੈ ਜਿਸ ਕਾਰਨ ਉਸ ਨੇ ਔਰਤ ਨੂੰ ਮਜ਼ਲੂਮ ਬਣਾ ਕੇ ਉਸ ਤੋਂ ਕਰੀੜਾ ਵਿਨੋਦ ਅਤੇ ਪਾਸ਼ਵਿਕ ਭੁਖ ਨੂੰ ਤ੍ਰਿਪਤ

---

[36] ਅਕਾਲੀ ਕੌਰ ਸਿੰਘ, *ਇਸਤਰੀ ਸੰਕਟ ਮੋਚਨ*, ਪੰ. 99.

[37] ਉਹੀ, ਪੰ. 100.

[38] ਉਹੀ, ਪੰ. 122.

ਕਰਨ ਦਾ ਸਾਧਨ ਬਣਾਇਆ ਹੈ ਤੇ ਅੰਤ ਵਿਚ ਉਸ ਨੂੰ ਵਿਧਵਾਪਨ ਅਤੇ ਵਿਭਚਾਰ ਦੇ ਅੰਨ੍ਹੇਰੇ ਵਿਚ ਧਕੇਲ ਦਿੰਦਾ ਹੈ।[39]

ਅਕਾਲੀ ਜੀ ਵਲੋਂ ਇਸਤਰੀ ਜਾਤੀ ਦੇ ਉਦਾਰ ਹਿਤ ਕੀਤਾ ਗਿਆ ਇਹ ਉਪਰਾਲਾ ਆਪਣੇ ਆਪ ਵਿਚ ਇਕ ਨਿਵੇਕਲੀ ਪਿਰਤ ਪਾਉਣਾ ਸੀ। ਇਸ ਤੋਂ ਪਹਿਲਾਂ ਸ਼ਾਇਦ ਹੀ ਇਸ ਪ੍ਰਕਾਰ ਦਾ ਉਪਰਾਲਾ ਕੀਤਾ ਗਿਆ ਹੋਵੇ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਬਚਨਾਂ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਨੂੰ ਹਿਰਦੇ ਵਿਚ ਵਸਾ ਗੁਰੂ ਸਾਹਿਬ ਦੇ ਦਿਤੇ ਸੰਦੇਸ਼ ਤੋਂ ਸਮਾਜ ਨੂੰ ਰੂਬਰੂ ਕਰਵਾਇਆ ਹੈ। ਉਨ੍ਹਾਂ ਨੇ ਵਖ-ਵਖ ਧਰਮ ਗ੍ਰੰਥਾਂ ਦੇ ਹਵਾਲਿਆਂ ਨਾਲ ਸਿੱਧ ਕੀਤਾ ਹੈ ਕਿ ਇਸਤਰੀ ਲਈ ਵਿਧਵਾ ਪੁਨਰ ਵਿਵਾਹ ਉਸ ਤਰ੍ਹਾਂ ਕਰਨ ਦੀ ਇਜ਼ਾਜਤ ਹੈ ਜਿਸ ਤਰ੍ਹਾਂ ਮਰਦ ਨੂੰ ਹੈ। ਆਪ ਜੀ ਵਲੋਂ ਪਾਈ ਇਸ ਨਿਵੇਕਲੀ ਪਿਰਤ ਸਦਕਾ ਆਪ ਜੀ ਨੂੰ ਹਮੇਸ਼ਾ ਮਾਣ ਸਹਿਤ ਯਾਦ ਕੀਤਾ ਜਾਂਦਾ ਰਹੇਗਾ।

## 4.**ਹਜ਼ੂਰੀ ਸਾਥੀ**

ਇਹ ਇਕ ਵਿਸਤ੍ਰਿਤ ਰਚਨਾ ਹੈ ਜਿਸ ਦੀ ਸ਼ੁਰੂਆਤ ਇਕ ਟ੍ਰੈਕਟ ਜਾਂ ਲੇਖ 'ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਅਤੇ ਉਥੋਂ ਦੇ ਪੁਜਾਰੀ' ਤੋਂ ਹੋਈ। ਇਹ ਲੇਖ ਸੰਖੇਪ ਸਿਰਲੇਖ 'ਸ੍ਰੀ ਅਬਚਲ ਨਗਰ' ਹੇਠ 'ਫੁਲਵਾੜੀ' ਦੇ 'ਸਿੱਖ ਇਤਿਹਾਸ ਨੰਬਰ' 1930 ਵਿਚ ਪ੍ਰਕਾਸ਼ਿਤ ਹੋਇਆ ਸੀ। ਪੁਸਤਕ 'ਹਜ਼ੂਰੀ ਸਾਥੀ' ਇਸੇ ਲੇਖ ਦਾ ਵਿਸਤ੍ਰਿਤ ਰੂਪ ਹੈ। ਇਹ ਰਚਨਾ ਅਕਾਲੀ ਪਤ੍ਰਕਾ ਪ੍ਰੈਸ, 9 ਬ੍ਰਾਂਡਰਥ ਰੋਡ, ਲਾਹੌਰ ਤੋਂ ਸੰਮਤ 1991 ਵਿਚ ਪ੍ਰਕਾਸ਼ਿਤ ਹੋਈ। ਅਕਾਲੀ ਕੌਰ ਸਿੰਘ ਦੀ ਇਹ ਰਚਨਾ ਕਾਫੀ ਮਕਬੂਲ ਹੋਈ। ਇਸ ਰਚਨਾ ਦਾ ਘੇਰਾ ਬੜਾ ਵਿਸ਼ਾਲ ਹੈ ਅਤੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਸ਼ਾਮਲ ਕੀਤੀ ਗਈ ਹੈ ਜਿਹੜੀ ਕਿ ਬਹੁਪੱਖੀ ਅਤੇ ਬਹੁਤ ਹੀ ਲਾਹੇਵੰਦ ਹੈ।

[39] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ ਰਚਨਾ*, ਪੰ. 69.

## ਸ਼ੈਲੀ

ਪੁਸਤਕ ਦੀ ਰਚਨਾ ਸ਼ੈਲੀ ਬਿਆਨ-ਪ੍ਰਧਾਨ ਹੈ, ਵਰਣਨ-ਸ਼ੈਲੀ ਸ਼ੁਰੂ ਤੋਂ ਲੈ ਕੇ ਅਖ਼ੀਰ ਤਕ ਇਕੋ ਜਿਹੇ ਵਹਾਓ ਨਾਲ ਚਲਦੀ ਹੈ ਇਸ ਕਰਕੇ ਇਹ ਬਿਆਨ-ਪ੍ਰਧਾਨ ਰਚਨਾ ਹੈ। ਇਸ ਰਚਨਾ ਦੀ ਸ਼ੈਲੀ ਆਪਣੇ ਸਮੇਂ ਦੀ ਪ੍ਰਤਿਨਿਧ ਸ਼ੈਲੀ ਹੈ ਜੋ ਕਿ ਟਕਸਾਲੀ ਪੰਜਾਬੀ ਸੀ। ਵਿਸ਼ੇ ਨੂੰ ਸਪਸ਼ਟ ਕਰਨ ਲਈ ਪ੍ਰੰਪਰਾਗਤ ਹਵਾਲਿਆਂ ਦੀ ਵਰਤੋਂ ਵੀ ਕੀਤੀ ਗਈ ਹੈ। ਵਿਰੋਧੀਆਂ ਨੂੰ ਯੁਕਤੀ ਪੂਰਨ ਅਤੇ ਵਿਅੰਗਾਤਮਕ ਤਰੀਕੇ ਨਾਲ ਕਈ ਗੱਲਾਂ ਕਹੀਆਂ ਗਈਆਂ ਹਨ ਜਿਨ੍ਹਾਂ ਨਾਲ ਕਿਸੇ ਬਿਖੇੜੇ, ਗੁੱਸੇ ਆਦਿ ਦੀ ਗੁੰਜਾਇਸ਼ ਵਿਚ ਕਮੀ ਆਉਂਦੀ ਹੈ। ਵਣਜਾਰੇ ਸਿੱਖਾਂ ਦੀ ਹਾਲਤ ਬਿਆਨ ਕਰਨ ਲੱਗਿਆਂ ਅਕਾਲੀ ਜੀ ਨੇ ਭਾਵੁਕਤਾ ਭਰੀ ਸ਼ੈਲੀ ਵਰਤੀ ਹੈ ਜਿਸ ਨਾਲ ਕਿ ਪਾਠਕ ਦੇ ਹਿਰਦੇ ਤਕ ਲਿਖਾਰੀ ਦਾ ਮਨੋਰਥ ਪਹੁੰਚਦਾ ਹੈ।

ਇਸ ਰਚਨਾ ਦਾ ਮਨੋਰਥ ਹੈ ਕਿ ਇਹ ਗੁਰੂ-ਪ੍ਰੇਮੀਆਂ ਅਤੇ ਪੰਥਕ ਅਹੁਦੇਦਾਰਾਂ ਨੂੰ ਸੇਧ ਪ੍ਰਦਾਨ ਕਰ ਸਕੇ, ਸ੍ਰੀ ਅਬਚਲ ਨਗਰ (ਹਜ਼ੂਰ ਸਾਹਿਬ) ਵਿਖੇ ਦੂਰ-ਦੁਰਾਡੇ ਤੋਂ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਜਾਣਕਾਰ ਸਾਥੀ ਦੀ ਤਰ੍ਹਾਂ ਸਾਥ ਨਿਭਾਵੇ। ਪੰਧ ਅਤੇ ਮੰਜ਼ਲ ਦੀ ਜਾਣਕਾਰੀ ਦੇ ਨਾਲ-ਨਾਲ ਅਖੌਤੀ 'ਹਜ਼ੂਰ ਸਾਹਿਬ' ਵਲੋਂ ਰੋਕ ਕੇ ਹਕੀਕੀ ਹਜ਼ੂਰ ਸਾਹਿਬ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਵਸਾਇਆ ਹੈ ਉਸ ਵਲ ਪ੍ਰੇਰੇ ਜਿਸ ਦੀ ਸਿੱਖ ਸ਼ਰਧਾਲੂ ਤਾਂਘ ਵਿਚ ਰਹਿੰਦੇ ਹਨ। ਇਸ ਦੇ ਨਾਲ-ਨਾਲ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਢਾਂਚੇ ਨਾਲ ਸੰਬੰਧਿਤ ਜ਼ਿੰਮੇਵਾਰ ਸੱਜਣਾਂ ਨੂੰ ਇਸ ਪਵਿੱਤਰ ਤਖ਼ਤ ਦੀ ਮਰਿਆਦਾ ਤੋਂ ਸੁਚੇਤ ਕਰਵਾਉਣਾ ਅਤੇ ਮਨਮਤਿ ਵਾਲੇ ਪਾਸੇ ਤੋਂ ਰੋਕਣਾ ਸੀ।

'ਹਜ਼ੂਰੀ ਸਾਥੀ' ਦੇ ਮੁਢ ਵਿਚ ਭਾਈ ਕਾਨ੍ਹ ਸਿੰਘ ਨਾਭਾ ਇਸ ਰਚਨਾ ਬਾਰੇ ਇਉਂ ਲਿਖਦੇ ਹਨ- "ਪੰਥ ਰਤਨ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਸ੍ਰੀ ਹਜੂਰ ਅਬਚਲ ਨਗਰ ਸਾਹਿਬ ਜੀ ਦੀ ਯਾਤਰਾ ਕਰਨ ਵਾਲੇ ਪ੍ਰੇਮੀਆਂ ਲਈ 'ਹਜ਼ੂਰੀ ਸਾਥੀ' ਲਿਖਕੇ ਭਾਰੀ ਉਪਕਾਰ ਕੀਤਾ ਹੈ, ਇਸ ਵਿਚ ਗੁਰੂ ਧਾਮ ਦਾ ਇਤਿਹਾਸ ਰਹੁਰੀਤੀ, ਆਮਦਨ ਖਰਚ ਦਾ ਵੇਰਵਾ ਅਤੇ ਯਾਤਰਾ ਦੀ ਵਿਧੀ ਆਦਿਕ ਸਿਰਲੇਖ ਵੱਡੀ ਯੋਗਤਾ ਨਾਲ ਲਿਖੇ ਹਨ। ਜੋ ਜੋ ਤ੍ਰੁਟੀਆਂ ਅਤੇ ਸੁਧਾਰ ਲਾਇਕ ਗੱਲਾਂ ਹਨ ਉਹ ਮਿਤ੍ਰ ਭਾਵ ਨਾਲ ਪ੍ਰਗਟ ਕੀਤੀਆਂ ਹਨ। ਇਸ ਟ੍ਰੈਕਟ ਤੋਂ ਅਪਾਰ ਲਾਭ ਹੋਣ ਦੀ ਆਸ ਹੈ। ਮੈਂ ਅਕਾਲੀ ਜੀ ਨੂੰ ਇਸ ਸੇਵਾ ਦੇ ਬਦਲੇ ਅਤੀ ਧੰਨਯਵਾਦ ਪੇਸ਼

ਕਰਦਾ ਹਾਂ ਅਤੇ ਚਾਹੁੰਦਾ ਹਾਂ ਕਿ ਸ੍ਰੀ ਹਜ਼ੂਰ ਸਾਹਿਬ ਜੀ ਦੇ ਯਾਤਰੂ ਪ੍ਰੇਮੀਆਂ ਪਾਸ ਤਾਂ ਇਸ ਪੁਸਤਕ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ, ਪਰ ਸਾਧਾਰਨ ਰੀਤ ਨਾਲ ਹਰ ਇਕ ਸਿਖ ਨੂੰ ਏਹ ਪੁਸਤਕ ਪਾਸ ਰਖਣੀ ਚਾਹੀਦੀ ਹੈ।[40]

ਇਸ ਰਚਨਾ ਦੇ ਮਹੱਤਵ ਬਾਰੇ ਪ੍ਰੋ. ਹਿੰਮਤ ਸਿੰਘ ਇਸ ਪ੍ਰਕਾਰ ਲਿਖਦੇ ਹਨ, ਚਾਲ੍ਹੀ ਪੰਜਾਹ ਵਰ੍ਹੇ ਗੁਜ਼ਰ ਜਾਣ ਤੋਂ ਉਪਰੰਤ ਵੀ ਅਜੇ ਤੀਕ ਕਿਸੇ ਵਿਅਕਤੀ ਜਾਂ ਸੰਸਥਾ ਨੇ ਅਜਿਹੇ ਵਿਸ਼ਿਆਂ ਬਾਰੇ ਸਾਹਿਤ ਲਿਖ ਕੇ ਅਭਿਲਾਖੀਆਂ ਤੀਕ ਪਹੁੰਚਾਣ ਦੇ ਮਹੱਤਵ ਨੂੰ ਨਹੀਂ ਸਮਝਿਆ। ਇਸ ਛੋਟੀ ਜਿਹੀ ਰਚਨਾ ਵਿਚ ਹਜ਼ੂਰ ਸਾਹਿਬ ਨੂੰ ਜਾਣ ਵਾਲਿਆਂ ਲਈ ਨਾ ਸਿਰਫ਼ ਦਿਸ਼ਾ ਨਿਰਦੇਸ਼ ਹੀ ਹੈ ਸਗੋਂ ਹੋਰ ਵੀ ਕਈ ਪ੍ਰਕਾਰ ਦੀ ਜਾਣਕਾਰੀ ਦਿੱਤੀ ਗਈ ਹੈ।[41] ਇਸ ਰਚਨਾ ਵਿਚ ਅਕਾਲੀ ਜੀ ਨੇ ਹਜ਼ੂਰ ਸਾਹਿਬ ਨਾਲ ਸਬੰਧਿਤ ਅਨੇਕਾਂ ਵਿਸ਼ੇ ਛੂਹੇ, ਸੰਸੇ ਨਿਵਿਰਤ ਕੀਤੇ ਅਤੇ ਸਿੱਖਾਂ ਲਈ ਮਾਰਗ ਦਰਸ਼ਨ ਦਾ ਕਾਰਜ ਕੀਤਾ। ਇਨ੍ਹਾਂ ਪ੍ਰਮੁੱਖ ਵਿਸ਼ਿਆਂ ਦਾ ਵਰਣਨ ਇਸ ਪ੍ਰਕਾਰ ਹੈ-

## ਹਜ਼ੂਰ ਸਾਹਿਬ ਸੰਬੰਧੀ ਭੁਲੇਖਿਆਂ ਨੂੰ ਦੂਰ ਕਰਨਾ

ਇਸ ਲਿਖਤ ਦੇ ਰਚਨਾ ਕਾਲ ਸਮੇਂ ਹਜ਼ੂਰ ਸਾਹਿਬ ਦੇ ਨਾਮ ਨਾਲ ਹੋਰ ਵੀ ਅਸਥਾਨ ਪ੍ਰਚਲਿਤ ਹੋ ਚੁੱਕੇ ਸਨ ਜਿਨ੍ਹਾਂ ਬਾਰੇ ਅਕਾਲੀ ਕੌਰ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਹਜ਼ੂਰ ਸਾਹਿਬ ਸਿਰਫ਼ ਤੇ ਸਿਰਫ਼ ਇਕ ਹੀ ਹੈ। ਇਸ ਬਾਰੇ 'ਹਜ਼ੂਰੀ ਸਾਥੀ' ਵਿਚ ਵਿਸਤ੍ਰਿਤ ਜਾਣਕਾਰੀ ਇਸ ਪ੍ਰਕਾਰ ਦਰਜ ਹੈ- "ਅੱਜ ਤੋਂ ੨੨੫ ਵਰ੍ਹੇ ਪਹਿਲਾਂ ਭਾਰਤ ਖੰਡ ਵਿਚ ਕਿਸੀ ਅਸਥਾਨ ਦਾ ਨਾਮ ਸ੍ਰੀ 'ਹਜ਼ੂਰ ਸਾਹਿਬ' ਨਹੀਂ ਸੀ, ਪਰੰਤੂ ਜਿਸ ਥਾਂ ਨੂੰ ਦੱਖਣ ਦੇਸ ਵਿਚ ਆ ਕੇ ਕਤਕ ੧੭੬੫ ਤੋਂ ਪਹਿਲੇ ਦਸ਼ਮੇਸ਼ ਜੀ ਨੇ ਭਾਗ ਲਾਇਆ ਉਸ ਦਾ ਨਾਮ ਖ਼ਾਲਸਾ ਪੰਥ ਵਿਚ ਤਖ਼ਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਪ੍ਰਚਲਤ ਹੋਇਆ ਕਿਉਂਕਿ ਗੁਰੂ ਪਾਤਸ਼ਾਹ ਜੀ ਨੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਪ੍ਰਗਟ ਗੁਰਾਂ ਕੀ ਦੇਹ' ਪ੍ਰਗਟ ਕਰਨ ਲਈ "ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਉ ਗ੍ਰੰਥ" ਵਾਲੇ ਭਾਵ ਦੇ ਵਾਕ ਦਾ ਉਚਾਰਨ ਕੀਤਾ ਤਦ "ਪ੍ਰਕਾਸ਼" ਸਮੇਂ ਪਹਿਲਾ ਸ਼ਬਦ- "ਸੂਹੀ ਮਹਲਾ

[40] ਅਕਾਲੀ ਕੌਰ ਸਿੰਘ ਨਿਹੰਗ, *ਹਜ਼ੂਰੀ ਸਾਥੀ*, ਪੰ. 5.

[41] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ ਰਚਨਾ*, ਪੰ. 75.

੫॥ ਅਬਿਚਲਨਗਰ ਗੋਬਿੰਦ ਗੁਰੂ ਕਾ ਨਾਮ ਜਪਤ ਸੁਖ ਪਾਇਆ ਰਾਮ" ਹੀ ਆਇਆ ਸੀ, ਇਸੀ ਕਰਕੇ ਖ਼ਾਲਸੇ ਵਿਚ "ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ" ਇਸ ਥਾਂ ਦਾ ਨਾਮ ਪ੍ਰਚਲਤ ਹੋ ਗਿਆ ਜਿਸ ਦਾ ਸੰਖੇਪ ਨਾਮ ਬੋਲ ਚਾਲ ਵਿਚ 'ਸ੍ਰੀ ਹਜ਼ੂਰ ਸਾਹਿਬ' ਸਿੱਖ ਮਾਤ੍ਰ ਦੇ ਜ਼ਰੀਏ ਆਮ ਲੋਕਾਂ ਵਿਚ ਪ੍ਰਚਲਤ ਹੋਇਆ ਹੈ ਪਰੰਤੂ ਆਗਰਾ ਨਿਵਾਸੀ ਸ੍ਰੀ ਮਾਨ ਭਾਈ ਸ਼ਿਵ ਦਿਆਲ ਸਿੰਘ ਜੀ (ਜੋ ਸਿੱਖ ਸੰਤਾਨ ਤੋਂ ਖੋਜੀ, ਅਭਿਆਸੀ, ਵਿਦਵਾਨ, ਗੁਰਬਾਣੀ ਦੇ ਨੇਮੀ, ਪ੍ਰੇਮੀ ਸ਼ਰਧਾਲੂ ਸਨ) ਜਦ ਇਹ ਗੁਰੂ ਘਰ ਦੇ ਇਕ ਮਹਾਨ ਵਿਦਵਾਨ ਤੇ ਅਭਿਆਸੀ ਨਿਰਮਲੇ ਮਹੰਤ, ਗੁਰਦਵਾਰਾ ਸਾਹਿਬ ਮਾਈ ਥਾਨ ਮਹਲੇ ਵਾਲਿਆਂ ਤੋਂ ਦੀਖਿਅਤ ਹੋ ਕੇ ਕਮਾਈ ਵਿਚ ਲੱਗੇ ਤਦ ਆਪਦੇ ਇਕ ਲਾਲਾ ਸਾਲਗ੍ਰਾਮ ਜੀ ਸ਼ਰਧਾਲੂ ਨੇ ਆਪਨੂੰ "ਹਜ਼ੂਰ ਸਾਹਿਬ" ਕਹਿਕੇ ਜਿਥੇ ਬੁਲਾਨ ਦੀ ਕੀਤੀ ਉਥੇ ਆਪ ਦੀ ਮ੍ਰਿਤੂ ਬਾਦ ਜੋ ਦਿਆਲ ਬਾਗ ਵਿਚ ਸਮਾਧ ਬਨਾਈ ਉਸ ਨੂੰ ਭੀ ਰਾਧਾ ਸ੍ਵਾਮੀ ਸੰਪਰਦਾ ਵਾਲਿਆਂ ਵਿਚ "ਹਜ਼ੂਰ ਸਾਹਿਬ" ਕਹਿਣਾ ਪ੍ਰਚਲਤ ਕੀਤਾ ਇਥੇ ਹੀ ਬਸ ਨਹੀਂ ਸਗੋਂ ਆਗਰਾ ਨਿਵਾਸੀ ਇਕ ਡੇਰੇ ਦੇ ਪ੍ਰਬੰਧਕ (ਮੁਖ ਕਰਮਚਾਰੀ) ਨੂੰ ਭੀ "ਹਜ਼ੂਰ ਸਾਹਿਬ" ਕਰਕੇ ਸਦਨ ਦੀ ਪ੍ਰਪਾਟੀ ਉਥੇ ਕੁਛ ਸਾਲਾਂ ਤੋਂ ਪ੍ਰਚਲਤ ਹੈ ਅਤੇ ਪੰਜਾਬ ਆਦਿ ਦੇਸਾਂ ਵਿਚੋਂ ਇਸ ਮਤ ਦੇ ਪ੍ਰਚਾਰਕ ਯਾ ਸ਼ਰਧਾਲੂ ਕਿਤਨੇ ਹੀ ਗੁਰਸਿਖਾਂ (ਭੋਲੇ ਮਾਈਆਂ ਭਾਈਆਂ) ਨੂੰ ਭੁਲੇਖਾ ਦੇ ਕੇ ਚਲੋ ਜੀ 'ਹਜ਼ੂਰ ਸਾਹਿਬ' ਦਰਸਨ ਕਰ ਆਈਏ ਕਹਿਕੇ ਆਗਰੇ ਆਣ ਪੁਜਦੇ ਅਤੇ ਇਥੋਂ ਦੀਖਯਤ ਕਰਾਕੇ ਉਨ੍ਹਾਂ ਨੂੰ ਬਜਾਇ 'ਵਾਹਿਗੁਰੂ ਜੀ ਕਾ ਖਾਲਸਾ' ਕੈਹਲਵਾਨ ਦੇ ਜੀ ਅਸੀਂ 'ਰਾਧਾ ਸ੍ਵਾਮੀ ਹਾਂ, ਜਤਲਾਣ ਵਾਲੇ ਬਣਾਈ ਜਾਂਦੇ ਹਨ।

ਇਸੀ ਸੰਪਰਦਾ ਦੇ ਇਕ ਮਾਨਨੀਯ ਅਚਾਰਯ ਭਾਈ ਸਾਵਨ ਸਿੰਘ ਜੀ ਬਿਆਸ ਵਾਲੇ ਜਦ ਆਪਣੇ ਦੋ ਜਗਿਆਸੂਆਂ ਸਮੇਤ ਸ੍ਰੀ ਹਜ਼ੂਰ ਸਾਹਿਬ (ਅਬਚਲ ਨਗਰ ਸਾਹਿਬ) ਜੀ ਦੇ ਦਰਸ਼ਨ ਲਈ ਬਿ: ੧੯੮੯ ਵਿਚ ਪੁਜੇ ਤਦ ਆਪ ਪਾਸੋਂ ਪੁਛਣ ਤੇ ਆਪ ਨੇ ਕਿਹਾ ਕਿ ਮੈਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦਾ ਸਿਖ ਹਾਂ, ਸਿਖੀ ਦਾ ਪਰਚਾਰ ਕਰਦਾ ਹਾਂ, ਅੰਮ੍ਰਿਤ ਛਕਿਆ ਹੈ, ਰਹਿਤ ਰਖਦਾ ਹਾਂ, ਪਰਵਾਰ ਵਿਚ ਗੁਰ-ਮ੍ਰਯਾਦਾ ਕਰਦਾ ਹਾਂ, ਮੇਰਾ ਹੋਰ ਕੋਈ ਮਤ ਨਹੀਂ ਤੇ ਨਾਹੀਂ ਕੋਈ ਆਪਣਾ ਮਤ ਚਲਾਂਦਾ ਹਾਂ। ਜੇ ਐਵੇਂ ਕੋਈ ਕੁਛ ਕਹੇ ਯਾ ਸ਼ੱਕ ਕਰੇ ਤਾਂ ਮੇਰਾ ਚਾਰਾ ਨਹੀਂ।

ਗੁਰੂ ਕੇ ਸਿੱਖਾਂ ਵਿਚ ਹਜ਼ੂਰ ਸਾਹਿਬ ਜਿਸ ਗੁਰਦੁਆਰੇ ਸਾਹਿਬ ਦਾ ਨਾਮ ਹੈ ਉਹ ਦੱਖਣ ਵਿਚ ਨੰਦੇੜ ਸਟੇਸ਼ਨ ਪਾਸ ਦਸਮੇਸ਼ ਜੀ ਦਾ ਸਿੰਘਾਸਨ ਯਾ ਤਖਤ ਹੈ ਉਸਦੇ ਭੁਲੇਖੇ ਆਗਰੇ ਸ਼ਹਿਰ ਵਿਚ ਯਾ

ਸ਼ਹਿਰ ਦੇ ਬਾਹਰ ਵਾਰ ਬਾਗ਼ ਵਿਚ ਕਿਸੀ ਮਨੁਸ਼ ਯਾ ਸਥਾਨ ਨੂੰ ਹਜ਼ੂਰ ਸਾਹਿਬ ਕਹਿਣ ਯਾ ਸਮਝਨ ਦੀ ਭੁਲ ਕਿਸੀ ਸਿਖ ਮਾਈ ਭਾਈ ਨੂੰ ਨਹੀਂ ਕਰਨੀ ਚਾਹੀਏ।

ਦਰਅਸਲ ਦਖਨ ਵਿਚ ਨਦੇੜ ਸ਼ਹਿਰ ਗੁਦਾਵਰੀ ਦੇ ਕੰਢੇ ਤੇ ਆਬਾਦ ਹੋਏ ਇਕ ਅਸਥਾਨ ਦਾ ਨਾਮ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਯਾ ਹਜ਼ੂਰ ਸਾਹਿਬ ਹੈ ਪਰੰਤੂ ਆਗਰਾ ਨਿਵਾਸੀ ਸਜਨਾਂ ਨੇ ਜੋ ਇਕ ਹੋਰ ਥਾਂ ਦਾ ਨਾਮ ਪਰਚਲਤ ਕੀਤਾ ਹੈ ਇਹ ਸਿੱਖਾਂ ਨੂੰ ਭੁਲੇਖਾ ਪਾਣ ਵਾਲਾ ਹੈ ਅਤੇ ਸਿਖ ਮਾਤ੍ਰ ਨੂੰ ਯੋਗ ਤਰੀਕੇ ਨਾਲ ਜਾਣੂੰ ਕਰਨ ਵਾਸਤੇ ਪੰਥ ਦੇ ਮੁਖੀਆਂ ਤੇ ਪੰਥਕ ਪ੍ਰੇਮੀਆਂ ਨੂੰ ਧਿਆਨ ਦੇਣਾ ਚਾਹੀਏ।[42] ਹਜ਼ੂਰ ਸਾਹਿਬ ਸੰਬੰਧੀ ਜੋ ਭੁਲੇਖੇ ਸੰਗਤਾਂ ਨੂੰ ਪਾਏ ਜਾਂਦੇ ਸਨ ਉਨ੍ਹਾਂ ਨੂੰ ਅਕਾਲੀ ਕੌਰ ਸਿੰਘ ਨੇ ਸੁਹਿਰਦਤਾ ਅਤੇ ਤਰਕ ਨਾਲ ਇਸ ਰਚਨਾ ਵਿਚ ਦੂਰ ਕੀਤਾ ਹੈ।

## ਸ਼ਸਤ੍ਰਾਂ ਤੇ ਦੇਵੀ ਮਾਤਾ ਦੀ ਤਸਵੀਰ ਸੰਬੰਧੀ ਸਪਸ਼ਟੀਕਰਨ

ਸਿੱਖ ਸਿਧਾਂਤਾਂ ਵਿਚ ਕਿਤੇ ਵੀ ਦੇਵੀ ਪੂਜਾ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ ਪਰ ਇਹ ਵਿਚਾਰ ਪ੍ਰਚਲਿਤ ਹੋ ਚੁੱਕਾ ਸੀ ਕਿ ਹਜ਼ੂਰ ਸਾਹਿਬ ਵਿਖੇ ਦੇਵੀ ਮਾਤਾ ਦੀ ਤਸਵੀਰ ਹੈ। ਇਸ ਦਾ ਸਪਸ਼ਟੀਕਰਨ ਅਕਾਲੀ ਕੌਰ ਸਿੰਘ ਨੇ ਇਸ ਤਰ੍ਹਾਂ ਦਿੱਤਾ ਹੈ- ਕਿਤਨੇ ਹੀ ਦਰਸ਼ਕਾਂ ਨੂੰ ਖਿਆਲ ਹੈ ਕਿ ਇਥੇ ਦੇਵੀ ਮਾਤਾ ਜੀ ਦੀ ਤਸਵੀਰ ਹੈ ਜਿਸਦੇ ਨਜੀਕੋਂ ਦਰਸ਼ਨ ਨਹੀਂ ਕਰਾਏ ਜਾਂਦੇ ਪਰ ਸੁਬਹ ਸ਼ਾਮ ਜ਼ਰੂਰ ਦਰਸ਼ਨ ਹੋਂਦੇ ਹਨ ਤੇ ਓਹ ਅਸਟ ਭੁਜੀ ਹੈ- ਇਸਦੇ ਸਬੰਧ ਵਿਚ ਬਿਨੈ ਹੈ ਕਿ ਇਥੇ ਇਕ ਤਸਵੀਰ ਦਸਮੇਸ਼ ਜੀ ਦੀ ਪਟਨੇ ਸਾਹਿਬ ਜੀ ਤੋਂ ਪੁਜੀ ਸੀ ਤੇ ਇਕ ਮਹਾਰਾਜਾ ਹੀਰਾ ਸਿੰਘ ਜੀ ਨਾਭਾ ਨਰੇਸ ਜੀ ਨੇ ਪਹੁੰਚਾਈ ਸੀ, ਸਿਵਾਇ ਇਹਨਾਂ ਦੋ ਮੂਰਤਾਂ ਦੇ ਅੰਦਰ ਹੋਰ ਕੋਈ ਮੂਰਤੀ ਨਹੀਂ ਹੈ ਪਰੰਤੂ ਜਿਸਦੇ ਸੁਬਹ ਸ਼ਾਮ ਦਰਸ਼ਨ ਹੋਂਦੇ ਹਨ ਓਹ ਇਕ ਸ਼ਸਤ੍ਰ ਹੈ ਤੇ ਉਸਦਾ ਅਸਲੀ ਨਾਮ 'ਗਜਗਾਹ' ਹੈ।[43] ਇਸ ਸ਼ਸਤਰ ਦੀ ਬਣਤਰ, ਵਰਤੋਂ ਅਤੇ ਖ਼ਾਸ ਤੌਰ 'ਤੇ ਇਸ ਦੇ ਇਤਿਹਾਸਕ ਮਹੱਤਵ ਬਾਰੇ ਉਨ੍ਹਾਂ ਨੇ ਇਸ ਰਚਨਾ ਵਿਚ ਬੜੀ ਵਿਸਤ੍ਰਿਤ ਚਰਚਾ ਕੀਤੀ ਹੈ। ਇਸ ਸ਼ਸਤਰ ਬਾਰੇ ਉਹ ਦੱਸਦੇ ਹਨ ਕਿ ਕਿਸ ਤਰਾਂ ਇਹ 'ਗਜਗਾਹ' ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਜੰਗ ਸਮੇਂ ਸੰਤ ਸਿੰਘ

---

[42] ਅਕਾਲੀ ਕੌਰ ਸਿੰਘ ਨਿਹੰਗ, *ਹਜ਼ੂਰੀ ਸਾਖੀ*, ਪੰਨੇ 1-3.

[43] ਉਹੀ, ਪੰ. 145.

ਜਾਂ ਸੰਗਤ ਸਿੰਘ ਨੂੰ ਦੇ ਕੇ ਆਪਣੀ ਜਗ੍ਹਾ ਬਿਠਾਇਆ ਅਤੇ ਅੱਗੋਂ ਬਾਕੀ ਸਿੰਘਾਂ ਪਾਸੋਂ ਹੁੰਦਾ ਹੋਇਆ ਅਖੀਰ ਅਕਾਲੀ ਗੁਰਬਖਸ਼ ਸਿੰਘ ਜੀ ਨਿਹੰਗ ਰਾਹੀਂ ਹਜ਼ੂਰ ਸਾਹਿਬ ਪੁੱਜਾ। ਹਜ਼ੂਰ ਸਾਹਿਬ ਦੇ ਬਹੁਤ ਸਾਰੇ ਗੁਰਦੁਆਰਿਆਂ ਅਤੇ ਬੁੰਗਿਆਂ ਵਿਚ ਕਾਫੀ ਅਸਤਰ ਸ਼ਸਤਰ ਅਜਿਹੇ ਵੀ ਹਨ ਜਿਨ੍ਹਾਂ ਨੂੰ ਕਦੇ ਹਵਾ ਅਤੇ ਰੌਸ਼ਨੀ ਦਿਖਾਈ ਨਹੀਂ ਜਾਂਦੀ ਅਥੇ ਉਹ ਜਰ ਦੇ ਕਾਰਨ ਨਸ਼ਟ ਹੋ ਰਹੇ ਹਨ। ਅਕਾਲੀ ਕੌਰ ਸਿੰਘ ਇਨ੍ਹਾਂ ਪ੍ਰਤਿ ਚਿੰਤਤ ਹਨ, ਇਸ ਰਚਨਾ ਵਿਚ ਉਨ੍ਹਾਂ ਨੇ ਇਸ ਚਿੰਤਾ ਨੂੰ ਜ਼ਾਹਰ ਵੀ ਕੀਤਾ ਹੈ ਅਤੇ ਅਸਤਰਾਂ-ਸ਼ਸਤਰਾਂ ਦੀ ਵਿਰਾਸਤ ਨੂੰ ਸੰਭਾਲਣ ਲਈ ਮੌਕੇ ਦੇ ਸਰਬਰਾਹ ਨੂੰ ਹਦਾਇਤ ਵੀ ਕੀਤੀ ਹੈ। ਅਕਾਲੀ ਕੌਰ ਸਿੰਘ ਦੀ ਚਿੰਤਾ ਅਤੇ ਜਾਣਕਾਰੀ ਜੋ ਉਨ੍ਹਾਂ ਨੇ ਇਸ ਰਚਨਾ ਵਿਚ ਦਰਜ ਕੀਤੀ ਹੈ, ਇਤਿਹਾਸਕ ਪੱਖੋਂ ਕਾਫੀ ਅਹਿਮ ਹੈ ਅਤੇ ਭਵਿੱਖ ਵਿਚ ਵਰਤਣਯੋਗ (useable) ਵੀ ਹੈ।

## ਹਜ਼ੂਰ ਸਾਹਿਬ ਪੁਜਣ ਲਈ ਮਾਰਗ ਦਰਸ਼ਨ

ਸੰਗਤਾਂ ਦੀ ਸੁਵਿਧਾ ਲਈ ਇਸ ਰਚਨਾ ਵਿਚ ਹਜ਼ੂਰ ਸਾਹਿਬ ਪਹੁੰਚਣ ਲਈ ਰਸਤਾ, ਪੜਾਅ ਅਤੇ ਸਾਵਧਾਨੀਆਂ ਨੂੰ ਵੀ ਦਰਜਾ ਕੀਤਾ ਗਿਆ ਹੈ ਜਿਨ੍ਹਾਂ ਤੋਂ ਸੇਧ ਲੈ ਕੇ ਯਾਤਰੂ ਬੜੀ ਆਸਾਨੀ ਨਾਲ ਹਜ਼ੂਰ ਸਾਹਿਬ ਪਹੁੰਚ ਸਕਦੇ ਹਨ। ਅਕਾਲੀ ਕੌਰ ਸਿੰਘ ਨੇ ਆਪਣੀ ਜੁਗਰਾਫੀਏ ਦੀ ਜਾਣਕਾਰੀ ਨੂੰ ਵਰਤ ਕੇ ਇਕ ਨਕਸ਼ਾ ਵੀ ਹਜ਼ੂਰ ਸਾਹਿਬ ਪਹੁੰਚਣ ਲਈ ਤਿਆਰ ਕੀਤਾ ਜੋ ਕਿ ਇਸ ਰਚਨਾ ਵਿਚ ਵੀ ਛਾਪਿਆ ਮਿਲਦਾ ਹੈ। ਇਸ ਨਕਸ਼ੇ ਰਾਹੀਂ ਯਾਤਰੂਆਂ ਦਾ ਕੰਮ ਹੋਰ ਵੀ ਸੌਖਾਲਾ ਹੋ ਜਾਂਦਾ ਸੀ। ਲੇਖਕ ਨੇ ਸੰਗਤਾਂ ਲਈ ਇਸ ਤਰ੍ਹਾਂ ਵੀ ਤਾਕੀਦ ਕੀਤੀ ਹੈ- ਸ੍ਰੀ ਹਜ਼ੂਰ ਸਾਹਿਬ ਜੀ ਦੇ ਯਾਤਰੂ ਜਿਥੋਂ ਭੀ ਕਿਸੀ ਨਜ਼ਦੀਕ ਦੇ ਅਸਟੇਸ਼ਨ ਪੁਰ ਪੁਜਣ ਉਥੋਂ ਸਿਧਾ ਹੀ ਨੰਦੇੜ ਦਾ ਟਿਕਟ ਲੈਣ ਦਾ ਕੋਸ਼ਸ਼ ਕਰਨ, ਭਾਵੇਂ ਬਹੁਤੇ ਟਿਕਟ ਮਾਸਟਰ ਐਸੀ ਹਾਲਤ ਵਿਚ ਕੁਛ ਨ ਕੁਛ ਟਿਕਟ ਦੀ ਰਕਮ ਤੋਂ ਵਧੀਕ ਲੈਨ ਦਿ ਕੋਸ਼ਸ਼ ਕਰਦੇ ਹਨ ਪਰੰਤੂ ਵਾਹ ਲਗਦੇ ਕਿਸੀ ਨੂੰ ਭੀ ਕੁਛ ਨਹੀਂ ਦੇਨਾ ਚਾਹੀਏ, ਹਾਂ ਜੇ ਹੋ ਸਕੇ ਤਦ ਅਸਟੇਸ਼ਨ ਮਾਸਟਰ ਤਕ ਨੌਬਤ ਪੋਹਚਾਨੀ ਅਯੋਗ ਨਹੀਂ ਹੋਵੇਗੀ, ਕਿਆ ਚੰਗਾ ਹੋਵੇ ਜੋ ਵਡੇ ੨ ਅਸਟੇਸ਼ਨਾਂ ਪਰ ਰਿਸ਼ਵਤ ਖੋਰਾਂ ਲਈ ਮਹਿਕਮਾ ਕੋਈ ਯੋਗ ਪ੍ਰਬੰਧ ਕਰੇ।[44]

[44] ਅਕਾਲੀ ਕੌਰ ਸਿੰਘ ਨਿਹੰਗ, *ਹਜ਼ੂਰੀ ਸਾਖੀ*, ਪੰ. 20.

## ਸ੍ਰੀ ਹਜ਼ੂਰ ਸਾਹਿਬ ਦੇ ਬੁੰਗਿਆਂ ਦੀ ਰਚਨਾ ਤੇ ਪ੍ਰਬੰਧ ਦਾ ਸਮਾਚਾਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿਛੋਂ ਦੇ ਪ੍ਰਬੰਧ ਬਾਰੇ ਜਾਣਕਾਰੀ ਨੂੰ ਇਸ ਰਚਨਾ ਵਿਚ ਦਰਜ ਕੀਤਾ ਗਿਆ ਹੈ, "ਬਿਕ੍ਰਮੀ ੧੭੬੫ ਕਤਕ ਵਿਚ ਪੰਥ ਵਾਲੀ ਸ਼ਹਿਨਸ਼ਾਹ ਸਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭਾਈ ਸੰਤੋਖ ਸਿੰਘ ਜੀ ਹਜ਼ੂਰੀ ਕਾਰਬਾਰੀ ਨੂੰ ਇਸ ਭਾਵ ਦਾ ਹੁਕਮ ਦਿਤਾ ਕਿ ਸਾਡੇ ਪਿਛੋਂ ਤੁਸੀਂ ਹੁਮੈਸ਼-

ਇਸ ਥਲ ਰਹੋ ਦੇਗ ਵਰਤਾਵਹੁ।

ਸਰਧਾ ਯੁਤ ਸੋ ਸਿੰਘ ਟਿਕਾਵਹੁ।

ਦਰਬ ਅਸੰਖ ਈਹਾਂ ਜੋ ਆਇ।

ਤਿਸਤੇ ਨਹ ਮੰਦਰ ਚਿੰਨਵਾਇ।

ਸਕਲ ਦੇਗ ਪਰ ਦੇਹੁ ਲਗਾਈ।

ਪੰਚਾਮ੍ਰਿਤ ਆਦਿਕ ਵਰਤਾਈ।

ਕਰਹੁ ਪਕਾਵਨ ਦੇਹ ਵਰਤਾਇ।

ਧੰਨ ਕੀ ਚਿੰਤਾ ਕਰਹੁ ਨ ਕਾਇ।

ਦਰਸ਼ਨਾਂ ਦੀ ਸਿਕ ਪ੍ਰਗਟ ਕਰਨ ਤੇ ਗੁਰੂ ਜੀ ਨੇ ਇਸ ਭਾਵ ਦਾ ਹੁਕਮ ਫੁਰਮਾਇਆ ਕਿ-

ਨਿਸਚੈ ਸਬਦ ਰਿਦਾ ਹੈ ਮੇਰੋ।

ਤਿਸ ਸੋ ਮਿਲੀਐ ਸੰਝ ਸਵੇਰੋ।

ਹਰਿ ਗੁਰ ਗੁਨਮਹਿ ਮਨਹਿ ਪਰੋਵਹੁ।

ਤਿਸਤੇ ਮਿਲ ਨਿਆਰੇ ਨਹ ਹੋਵਹੁ।

ਆਯੁਧ, ਵਿਦਿਆ ਸੋ ਚਿਤ ਲਾਓ।

ਬਨਹੁ ਬੀਰ ਅਰ ਸਮੁਖ ਸਿਧਾਓ।

ਨਿਸ ਦਿਨ ਗੁਰਬਾਨੀ ਅਭਿਆਸੋ।

ਕੈ ਸਸਤ੍ਰਨ ਸੰਗ ਸਤ ਬਿਨਾਂਸਹੁ।

ਜੋ ਗੁਰੂਅਨ ਜਗ ਕਰੇ ਬਿਲਾਸਾ।

ਸੁਨਹੁ ਪ੍ਰੇਮ ਧਰ ਸਭ ਇਤਿਹਾਸਾ।

ਗੁਰਮਤ ਦੇਤ ਸਕਲ ਕਲਿਆਨ।

ਸੁਖ ਪ੍ਰਾਪਤ ਪਾਠਕ ਸ੍ਰੋਤਾਨ।

ਇਸੀ ਆਗਿਆ ਪਰ ਅਮਲ ਕਰਨ ਲਈ ਭਾਈ ਸੰਤੋਖ ਸਿੰਘ ਜੀ ਨੇ ਮਹਾਰਾਜ ਦੇ ਜੋਤੀ ਜੋਤ ਪਿਛੋਂ ਉਥੇ ਹੀ ਪਹਿਰਾ ਦੇਣਾ ਸ਼ੁਰੂ ਕੀਤਾ; ਪ੍ਰੰਤੂ ਥੋੜੇ ਹੀ ਦਿਨਾਂ ਬਹਾਦਰ ਸ਼ਾਹ ਦੇ ਦਿੱਲੀ ਨੂੰ ਵਾਪਸ ਹੋ ਜਾਣ ਪਿਛੋਂ ਸ਼ਹਿਰੀ ਤੇ ਹੋਰ ਤੁਰਕਾਂ ਨੇ ਛੇੜਖਾਨੀ ਸ਼ੁਰੂ ਕਰ ਦਿਤੀ।[45] .....੧੯੧੦ ਵਿਚ ਜੱਥੇਦਾਰੀ ਸ. ਅਤਰ ਸਿੰਘ ਜੀ ਦੇ ਹੱਥ ਆਈ। ਕਿਸ਼ਨ ਸਿੰਘ ਰਾਜਾ ਸਿੰਘ ਨੇ ਮਨਸਾ ਸਿੰਘ ਕਾਰਬਾਰੀ ਕਤਲ ਕੀਤਾ, ਉਸ ਦੇ ਪੁੱਤਰ ਸ. ਧੰਨਾ ਸਿੰਘ ਨੇ ਇਨ੍ਹਾਂ ਨੂੰ ਮਾਰ ਕੇ (ਕਿੱਕਰ ਦੇ ਦਰਖਤਾਂ ਨਾਲ ਲਟਕਾ ਕੇ) ਜਥੇਦਾਰ ਦਾ ਡੇਰਾ ਲੁੱਟ ਲਿਆ ਤੇ ਰੁਹੇਲੇ ਮਦਤੀ ਲੈ ਕੇ ਤਖ਼ਤ ਸਾਹਿਬ ਨੂੰ ਲੁੱਟਣ ਲਈ ਚੜ੍ਹਾਈ ਕੀਤੀ। ਇਸ ਵੇਲੇ ਜ਼ਿਲੇਦਾਰ ਹਾਕਮ "ਪਿਸ਼ਤਨ" ਜੀ ਸਨ।

ਗੁਰਦੁਵਾਰੇ ਸਾਹਿਬ ਦੀ ਹਤਕ ਸਮਝ ਕੇ ਪੰਜਾਬ ਤੋਂ ਆਏ ਬਿਹੰਗਮ ਤੇ ਨਿਹੰਗ ਸਿੰਘਾਂ ਨੇ ਅਤੇ ਸ. ਆਸਾ ਸਿੰਘ ਕਰੀਮ ਨਗਰ ਵਾਲੇ ਦੇ ਪਿਤਾ ਸ. ਖੜਗ ਸਿੰਘ ਜੀ ਨੇ ਰੁਹੇਲਿਆਂ ਦੇ ਸਰਦਾਰ ਨੂੰ ਲੱਲਕਾਰ-ਵੰਗਾਰਕੇ ਥਾਂ ਤੇ ਰੁਹੇਲਿਆਂ ਭਾਂਜ ਖਾਧੀ। ਇਸ ਫੁੱਟ ਤੇ ਧੜੇਬਾਜੀ ਵਿਚ ਸਰਕਾਰ ਵੱਲੋਂ ਗੁਰਦੁਆਰੇ ਸਾਹਿਬ ਤੇ ਜਗੀਰ ਦੇ ਪ੍ਰਬੰਧ ਵਿਚ ਕਾਫੀ ਦਖ਼ਲ ਦਿੱਤਾ ਗਿਆ ਅਤੇ ਰਾਇ ਹਨਵੰਤ ਪ੍ਰਸ਼ਾਦ ਜੀ ਨੂੰ ਭੇਜ ਕੇ ਮੁਲਾਜ਼ਮਾਨ ਗੁਰਦੁਆਰਾ ਸਾਹਿਬ ਤੇ ਹੋਰ ਇਖ਼ਰਾਜਾਤ ਦਾ ਕਾਇਦਾ ਤੇ ਤਖਤਾ ਬਣਵਾਇਆ ਗਿਆ ਤੇ ਇਸ ਸਮੇਂ ਇਨ੍ਹਾਂ ਤੋਂ ਆਰਤੀ ਜਗਾ ਕੇ ਕਰਨ ਦਾ ਰਵਾਜ ਚਲਿਆ, ਇਸੀ ਅਰਸੇ ਵਿਚ ਆਤਮਾ ਸਿੰਘ ਤੇ ਸੁਖਈ ਸਿੰਘ ਵਾਲਾ ਤੇ ਹੋਰ ਬੁੰਗੇ ਬਣੇ। ਸ. ਗੰਡਾ ਸਿੰਘ ਜੀ ਮੁਨਸਬਦਾਰ ਸਰਬਰਾਹ ਮੁਕੱਰਰ ਹੋਏ। ਇਸੀ ਸਮੇਂ ਤੋਂ ਸਰਦਾਰ ਯਾ ਜੱਥੇਦਾਰ ਦੀ ਬਜਾਏ ਜੱਥੇਦਾਰ ਨੂੰ ਕੇਵਲ ਪਜਾਰੀ ਸਿੰਘ ਦੇ ਨਾਮ ਪਰ ਬੋਲਣ-ਬੁਲਾਣ ਦਾ ਰਵਾਜ ਜਾਰੀ ਹੋਇਆ, ਪ੍ਰੰਤੂ ਪਾਰਟੀ-ਬਾਜ਼ੀ ਦੇ ਜ਼ੋਰ ਪਰ ਕਦੀ ਕੋਈ ਨਿਰਬਲ ਤੇ ਕਦੀ ਕੋਈ ਸਬਲ ਹੋ ਕੇ

---

[45] ਅਕਾਲੀ ਕੌਰ ਸਿੰਘ ਨਿਹੰਗ, *ਹਜ਼ੂਰੀ ਸਾਖੀ*, ਪੰਨੇ 9-10.

ਗੁਜ਼ਾਰਦੇ ਰਹੇ ਤੇ ਜਦ ਭੀ ਪੜੋਸੀਆਂ ਦੀ ਵਲੋਂ ਹਮਲੇ ਹੁੰਦੇ ਤਦ ਹਾਜ਼ਰ ਨਿਹੰਗ ਸਿੰਘ, ਬਿਹੰਗਮ ਸਿੰਘ ਅਤੇ ਹਜ਼ੂਰੀਏ ਸਿੰਘ ਸਾਰੇ ਹੀ ਇਕ ਮੁਠ ਹੋ ਕੇ ਸਿੰਘਣੀਆਂ (ਮਾਈਆਂ) ਸਮੇਤ ਮੁਕਾਬਲਾ ਕਰਦੇ।[46]

ਉਪਰੋਕਤ ਵੇਰਵਿਆਂ ਵਿਚ ਜਥੇਦਾਰਾਂ ਦਾ ਵੇਰਵਾ, ਅਸਥਾਨ ਦਾ ਵਿਕਾਸ, ਝਗੜੇ ਅਤੇ ਬਦਲਦੇ ਪ੍ਰਬੰਧਾਂ ਬਾਰੇ ਭਰਪੂਰ ਜਾਣਕਾਰੀ ਇਸ ਰਚਨਾ ਵਿਚ ਅੰਕਿਤ ਕੀਤੀ ਗਈ ਹੈ ਜਿਸ ਤੋਂ ਇਸ ਦੇ ਇਤਿਹਾਸਕ ਅਤੇ ਸਿਧਾਂਤਕ ਮਹੱਤਵ  ਦਾ ਅਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ।

## ਵਣਜਾਰੇ ਸਿੱਖਾਂ ਦੀ ਹਾਲਤ ਦਾ ਬਿਆਨ ਅਤੇ ਸੁਝਾਅ

ਸਿੱਖਾਂ ਨੇ ਵਣਜਾਰੇ ਸਿੱਖਾਂ ਵਲ ਪਿੱਠ ਕੀਤੀ ਹੋਈ ਸੀ ਅਤੇ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਹੋਇਆ ਸੀ। ਹਾਲਾਂਕਿ ਇਹ ਵਣਜਾਰੇ ਸਿੱਖ ਗੁਰੂ ਪ੍ਰਤਿ ਅਥਾਹ ਸ਼ਰਧਾ ਅਤੇ ਪ੍ਰੇਮ ਰਖਦੇ ਸਨ ਪਰ ਫਿਰ ਵੀ ਇਨ੍ਹਾਂ ਨੂੰ ਸਿੱਖੀ ਵਿਚ ਪ੍ਰਪੱਕ ਕਰਨ ਲਈ ਕੋਈ ਉਪਰਾਲੇ ਨਹੀਂ ਸਨ। ਇਸ ਅਣਗਹਿਲੀ ਦਾ ਜ਼ਿਕਰ ਅਕਾਲੀ ਕੌਰ ਸਿੰਘ ਨੇ ਬੇਝਿਜਕ ਹੋ ਕੇ ਕੀਤਾ ਹੈ ਅਤੇ ਇਸ ਲਈ ਸਾਰਥਕ ਹੱਲ ਵੀ ਸੁਝਾਏ ਹਨ। ਹੈਰਾਨੀ ਵਾਲੀ ਗੱਲ ਏਹ ਹੈ ਕਿ ਜੋ ਖਾਲਸਾ ਜੀ 'ਗੁਰੂ ਖਾਲਸਾ' ਹੋਣ ਅਤੇ ਜਗਤ ਸੁਧਾਰ, ਦੇ ਜਿਮੇਂਵਾਰ ਆਪਣੇ ਆਪ ਨੂੰ ਜਾਹਿਰ ਕਰਦੇ ਹਨ ਓਹਨਾਂ ਨੂੰ ਪਤਾ ਹੈ ਕਿ ਕਿਤਨੇ ਸਾਡੇ ਦੋਹਰੇ ਦੋਹਰੇ ਭਰਾ (ਵਣਜਾਰੇ ਸਿਖ ਹੋਣ ਪਰ ਭੀ ਕਿਸ ਤਰਾਂ ਅਨਮਤੀਆਂ ਵਿਚ ਰਹਿ ਕੇ ਸਿਦਕ ਦੇ ਬੇੜੇ ਤੇ ਬੈਠੇ ਸੰਸਾਰ ਸਾਗਰ ਦੇ ਅਥਾਹ ਘੁੰਮਨ ਘੇਰ ਵਿਚ ਬਿਨਾਂ ਮਲਾਹ ਬਿਨਾਂ ਚਪੇ ਠਿਲੇ ਪਏ ਹਨ ? ਯਾ ਉਸ ਪਸੂ ਦੀ ਤਰਾਂ "ਗਹਿਬਰ ਬਨ ਘੋਰ ਗਹਿਬਰ ਬਨ ਘੋਰ" ਵਿਚ ਵਿਚਰ ਰਹੇ ਹਨ। ਜਿਸਦਾ ਨਾਂ ਚਰਵਾਹਾ ਸਿਰ ਤੇ ਹੋਵੇ, ਪਰ ਚਾਰੋ ਤਰਫ਼ ਤੋਂ ਉਸ ਨੂੰ ਭੇੜੀਏ (ਬਘਿਆੜ) ਅਖਾਂ ਪਾੜ ਪਾੜ ਤਕਦੇ ਹੋਣ।[47] ਇਸ ਅਣਗਹਿਲੀ ਅਤੇ ਭੁੱਲ ਨੂੰ ਦੂਰ ਕਰਨ ਲਈ ਅਤਿ ਉੱਤਮ ਦਰਜੇ ਦਾ ਸੁਝਾਅ ਵੀ ਉਨ੍ਹਾਂ ਨੇ ਇਸ ਤਰ੍ਹਾਂ ਦਿੱਤਾ ਹੈ- ਇਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਸਤ ਅਠ ਲਖ ਮਨੁਸ਼ ਹੀ ਨਹੀਂ ਬਲਕੇ ਸਿਖ ਮਨੁਸ਼ ਹੋਣ ਦਾ ਮਾਨ ਤੇ ਸਿਦਕ ਰਖਣ ਵਾਲੇ ਮਨੁਸ਼ ਦੀ ਸੰਭਾਲ ਕਰਨ ਲਈ ਇਹਨਾਂ ਦੇ ਬਚੇ ਲੈ ਕੇ ਵਿਦਵਾਨ ਬਨਾਣ, ਇਹਨਾਂ ਦੀਆਂ ਅਬਾਦੀਆਂ ਦੇ ਕੇਂਦਰਾਂ ਵਿਚ ਵਿਦਿਆਲੈ ਜਾਰੀ ਕਰਨ, ਜਿਥੇ

---

[46] ਅਕਾਲੀ ਕੌਰ ਸਿੰਘ ਨਿਹੰਗ, *ਹਜ਼ੂਰੀ ਸਾਖੀ*, ਪੰਨੇ 15-16.

[47] ਉਹੀ, ਪੰ. 105.

ਇਹਨਾਂ ਦੇ ਸਕੂਲ ਬੋਰਡਿੰਗ ਕਾਮਯਾਬ ਹਨ ਉਥੇ ਸਹਾਇਤਾ ਭੀ ਦੇਣ ਤੇ ਚੰਗੇ ਚੰਗੇ ਪ੍ਰੋਫੈਸਰ ਵਿਦਵਾਨ ਸਿਖਾਂ ਨੂੰ ਉਥੋਂ ਦੇ ਸਟਾਫ ਵਿਚ ਵਾੜਨ ਤੇ ਆਪਣੇ ਅੰਗ ਸੰਭਾਲ ਕੇ ਅੰਗ ਪਾਲ ਸਿਧ ਹੋਣ ਤਾਂਕਿ ਏਹ ਛੇਤੀ ਹੀ ਗੁਰਮਤ ਸਮਝ-ਬੂਝ ਦੇ ਮਾਲਕ ਹੋਕੇ ਉਸ "ਬਿਰਦਪਾਲ ਬੈਰੀ ਸਾਲ" ਸਤਿਗੁਰੂ ਜੀ ਦੇ ਸਪੁਤਰ ਕਹਿਲਾਨ ਵਾਲੇ ਸਾਬਤ ਹੋਕੇ ਆਪ ਆਪਣੀ ਤੇ ਹੋਰਨਾਂ ਦੀ ਭੀ ਸੇਵਾ ਸਹਾਇਤਾ ਕਰਨ ਵਾਲੇ ਬਣ ਜਾਣ।[48]

ਇਨ੍ਹਾਂ ਪ੍ਰਮੁੱਖ ਵਿਸ਼ਿਆਂ ਤੋਂ ਇਲਾਵਾ ਇਸ ਪੁਸਤਕ ਵਿਚ ਹੋਰ ਵੀ ਮਸਲਿਆਂ ਨੂੰ ਛੋੜਿਆ ਗਿਆ ਹੈ ਜਿਨ੍ਹਾਂ ਵਿਚ ਹਜ਼ੂਰ ਸਾਹਿਬ ਦੀ ਨਿਤ ਦੀ ਕਾਰ ਸੇਵਾ ਅਤੇ ਮਰਿਆਦਾ ਦਾ ਵਰਣਨ, ਗੁਰਧਾਮਾਂ ਦੇ ਨਾਮ ਲਗਦੀ ਦੇਰ ਤੋਂ ਚਲੀ ਆ ਰਹੀ ਜਾਗੀਰ, ਜਮੀਨ-ਜਾਇਦਾਦ ਅਤੇ ਮਲਕੀਅਤੀ ਹੱਕਾਂ ਦੀਆਂ ਸਨਦਾਂ ਦੀ ਜਾਣਕਾਰੀ ਅਤੇ ਵੇਰਵੇ ਆਦਿ। ਹਜ਼ੂਰ ਸਾਹਿਬ ਦੇ ਵੱਖ-ਵੱਖ ਸੇਵਕਾਂ ਅਤੇ ਸਰਬਰਾਹਾਂ ਦਾ ਵਰਣਨ ਵੀ ਇਸ ਰਚਨਾ ਵਿਚ ਮਿਲਦਾ ਹੈ। ਹਜ਼ੂਰ ਸਾਹਿਬ ਦੇ ਹਿਸਾਬ-ਕਿਤਾਬ ਦਾ ਵੇਰਵਾ ਵੀ ਦਿੱਤਾ ਗਿਆ ਹੈ ਤੇ ਇਸ ਨੂੰ ਕਾਇਮ ਕਰਨ ਦੇ ਸੁਝਾਅ ਵੀ ਹਨ। ਕੁਝ ਧਾਰਮਿਕ ਮਸਲੇ ਵੀ ਅੰਕਿਤ ਹਨ ਜਿਨ੍ਹਾਂ ਨੂੰ ਸਿਰਫ ਦਰਜ ਹੀ ਨਹੀਂ ਕੀਤਾ ਸਗੋਂ ਕੀਮਤੀ ਰਾਵਾਂ ਨਾਲ ਸੰਤੁਸ਼ਟ ਕਰਨ ਦਾ ਵੀ ਯਤਨ ਅਕਾਲੀ ਜੀ ਦੁਆਰਾ ਕੀਤਾ ਗਿਆ ਹੈ ਜੋ ਕਿ ਇਕ ਸੁਹਿਰਦ ਅਤੇ ਸੁਲਝੇ ਹੋਏ ਵਿਦਵਾਨ ਦਾ ਗੁਣ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ 'ਹਜ਼ੂਰੀ ਸਾਥੀ' ਇਕ ਅਜਿਹੀ ਰਚਨਾ ਹੈ ਜੋ ਕਿ ਆਪਣੇ ਸਮਕਾਲ ਵਿਚ ਤਾਂ ਮਹੱਤਵ ਰਖਦੀ ਹੀ ਸੀ ਪਰ ਮੌਜੂਦਾ ਸਮੇਂ ਅਤੇ ਭਵਿੱਖ ਵਿਚ ਵੀ ਇਸ ਦਾ ਆਪਣਾ ਇਕ ਵਿਸ਼ੇਸ਼ ਸਥਾਨ ਅਤੇ ਮਹੱਤਵ ਕਾਇਮ ਰਹੇਗਾ। ਸਿੱਖ ਅਕਾਦਮਿਕਤਾ ਅਤੇ ਪੰਥ ਲਈ ਇਸ ਨੂੰ ਇਕ ਮਹੱਤਵਪੂਰਨ ਸ੍ਰੋਤ ਵਜੋਂ ਵਰਤਿਆ ਜਾ ਸਕਦਾ ਹੈ।

## 5. ਸੁਖ ਸਾਗਰ ਅਰਥਾਤ ਘਰ ਦਾ ਵੈਦ

ਗਿ: ਗੁਰਦਿੱਤ ਸਿੰਘ ਇਕ ਲੇਖ ਵਿਚ ਇਸ ਪੁਸਤਕ ਬਾਰੇ ਇਸ ਤਰ੍ਹਾਂ ਲਿਖਦੇ ਹਨ, ਵੈਦਕ ਦੇ ਚੋਣਵੇਂ ਨੁਸਖੇ ਅਤੇ ਰਹਿਣ-ਸਹਿਣ ਲਈ ਉਨ੍ਹਾਂ ਨੇ ਵਧੀਆ ਜੁਗਤੀਆਂ ਉਨ੍ਹਾਂ ਨੇ ਕਈ ਗ੍ਰੰਥਾਂ ਦੇ ਰੂਪ ਵਿਚ ਲਿਖੀਆਂ ਸਨ ਜਿਨ੍ਹਾਂ ਵਿਚੋਂ ਇਕ ਅਣਛਪੀ ਪੁਸਤਕ ਮੇਰੇ ਪਾਸ ਪਈ ਹੈ ਜੋ ਉਨ੍ਹਾਂ ਵਲੋਂ ਭਾਈ ਮੋਹਨ ਸਿੰਘ ਵੈਦ ਨੂੰ ਕਦੇ ਛਾਪਣ

---

[48] ਅਕਾਲੀ ਕੌਰ ਸਿੰਘ ਨਿਹੰਗ, *ਹਜ਼ੂਰੀ ਸਾਥੀ*, ਪੰ. 106.

ਹਿਤ ਭੇਜੀ ਗਈ ਸੀ। ਜਦੋਂ ਉਸ ਵੈਦ ਪਰਿਵਾਰ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੀ ਬਿਮਾਰੀ ਸਮੇਂ ਓਹੜ-ਪੋਹੜ ਕਰਨ ਵਾਲਿਆਂ ਵਿਚ ਮੈਂ ਵੀ ਹਾਂ, ਇਹ ਅਣਛਪੀ ਨੁਸਖੇ ਦੀ ਕਾਪੀ ਮੈਨੂੰ ਰਜਿਸਟ੍ਰਡ ਕਰਾ ਭੇਜੀ, ਇਸ ਖਰੜੇ ਦਾ ਨਾਮ ਹੈ:- 'ਮਾਨਸਕ ਸ੍ਰੀਰਕ ਨੈਤਿਕ ਅਰੋਗਤਾ' ਉਸ ਖਰੜੇ ਦੇ ਪਹਿਲੇ ਸਫੇ ਉਤੇ ਅਕਾਲੀ ਜੀ ਦੇ ਹੱਥਾਂ ਦੀ ਇਕ ਲਿਖਤ ਹੈ-

*ਪ੍ਰਮ ਕ੍ਰਿਪਾਲੂ ਮਾਨ ਯੋਗ ਜੀ, ਦਾਸ ਨੇ ੧੯੦੮ ਤੋਂ ੧੦ ਤਕ ਮਰਹੱਟੀ ਤੇ ਹਿੰਦੀ ਪੁਸਤਕਾਂ ਦੇ ਆਧਾਰ ਪਰ ਇਹ ਖਰੜਾ ਲਿਖਿਆ ਸੀ, ਜੋ ਓਧਰੇ ਹੀ ਰਹਿ ਗਿਆ ਸੀ ਦਖਣ ਵਿਖੇ, ਹੁਣ ਇਕ ਸੱਜਣ ਓਧਰੋਂ ਲੈ ਆਏ ਹਨ ਤੇ ਦਾਸ ਆਪ ਦੀ ਦ੍ਰਿਸ਼ਟੀ ਗੋਚਰ ਕਰਦਾ ਹੈ ਜੇ ਕਿਸੀ ਤਰ੍ਹਾਂ ਯੋਗ ਸਮਝੋ ਵਾਧੇ ਘਾਟੇ ਕਰਕੇ ਪ੍ਰਕਾਸ਼ਤ ਕਰ ਸਕਦੇ ਹੋ।*

*੧੮. ੮. ੨੨.* *ਅਕਾਲੀ ਕੌਰ ਸਿੰਘ ਨਿਹੰਗ*

245 ਸਫ਼ਿਆਂ ਦੀ ਇਹ ਪੁਸਤਕ ਜੋ ਹਜ਼ੂਰ ਸਾਹਿਬ ਲਿਖੀ ਗਈ ਸੀ ਜਿਵੇਂ ਕਿ ਉਸ ਦੀ ਭੂਮਕਾ ਤੋਂ ਪ੍ਰਗਟ ਹੈ ਭਿੰਨ-ਭਿੰਨ ਰੋਗਾਂ ਦੇ ਪੈਦਾ ਹੋਣ ਦੇ ਕਾਰਨਾਂ ਕੁਦਰਤੀ ਇਲਾਜ, ਹੋਰ ਨੁਸਖ਼ਿਆਂ ਅਤੇ ਸਰੀਰ ਨੂੰ ਅਰੋਗ ਰੱਖਣ ਵਾਲੀਆਂ ਕਸਰਤੀ ਵਿਧੀਆਂ ਤੇ ਜੀਵਨ ਨੈਤਿਕਤਾ ਦਾ ਇਕ ਤਰ੍ਹਾਂ ਦਾ ਸੰਗ੍ਰਹਿ ਹੈ। ਕਾਲੀ ਤੇ ਜਾਮਣੀ ਦੋ ਸਿਆਹੀਆਂ ਨਾਲ ਲਿਖੀ- ਜਿਸ ਦੀ ਵਾਰਤਕ ਕਾਲੀ ਤੇ ਹਵਾਲੇ ਜਾਂ ਨੁਸਖੇ ਆਦਿਕ ਜਾਮਣੀ ਸਿਆਹੀ ਵਿਚ ਹਨ। ਇਹ ਕਿਤਾਬ ਰੀਝ ਨਾਲ ਲਿਖੀ ਹੋਈ ਹੈ। ਸਿਹਤ ਲਈ ਅਤਿ ਉਤਮ ਯਤਨ ਹੈ ਜੋ ਉਸ ਵੇਲੇ ਤਕ ਦੇ ਸਾਰੇ ਸੰਸਕ੍ਰਿਤ ਅਤੇ ਵੈਦਕ ਗ੍ਰੰਥਾਂ ਦਾ ਨਿਚੋੜ ਹੈ। ਵੱਖੋ-ਵੱਖਰੇ ਗ੍ਰੰਥਾਂ ਦੇ ਮੁਤਾਬਕ ਰੋਗ ਪੈਦਾ ਹੋਣ ਤੇ ਉਸ ਦੇ ਇਲਾਜ ਦੇ ਸਿਧ-ਹਸਤ ਉਪਾਓ ਲਿਖੇ ਹਨ ਵਾਧੇ ਦੀ ਗੱਲ ਇਹ ਹੈ ਕਿ ਅਨੇਕਾਂ ਥਾਵਾਂ ਉਤੇ ਨੀਤੀ-ਬਚਨ, ਸਿਆਣਿਆਂ ਦੇ ਕਥਨ, ਗੁਰਬਾਣੀ ਤੇ ਭਾਈ ਗੁਰਦਾਸ ਦੀ ਰਚਨਾ ਦੇ ਛੰਦ ਅਤੇ ਤੁਕਾਂ ਦੇ ਕੇ ਇਸ ਪੁਸਤਕ ਨੂੰ ਨੈਤਕਤਾ ਭਰੀ ਤਾਂ ਬਣਾਉਣਾ ਹੀ ਸੀ ਨਾਲ ਸਿੱਖੀ ਆਚਾਰ ਦੇ ਗੁਣਾਂ ਦਾ ਵੀ ਥਾਂ-ਥਾਂ ਨਿਹੰਗੀ ਬਾਣਾ ਪਹਿਨਾ ਦਿੱਤਾ ਹੈ।[49] ਗਿਆਨੀ ਗੁਰਦਿੱਤ ਸਿੰਘ ਇਸ ਬਾਰੇ ਹੋਰ ਲਿਖਦੇ ਹਨ ਕਿ, ਭਾਵੇਂ ਇਸ ਕਿਤਾਬ ਨੂੰ ਅੱਧੀ ਸਦੀ ਲਿਖਿਆਂ ਹੋ ਗਈ ਹੈ ਪਰ ਸਿਹਤ ਤੇ ਅਰੋਗਤਾ ਲਈ ਇਸ ਦੀ ਬਹੁਤ ਸਮਗਰੀ ਨਵੀਂ ਨਿਕੋਰ

---

[49] *ਪ੍ਰਕਾਸ਼*, 7 ਅਗਸਤ 1970.

ਹੈ ਕਿਉਂਕਿ ਉਸ ਵਿਚ ਨਿਜੀ ਤਜਰਬੇ ਤੇ ਜਾਣਕਾਰੀ ਥਾਂ-ਥਾਂ ਦਿੱਤੀ ਹੈ ਜਿਸ ਨਾਲ ਰਚਨਾ ਵਿਚ ਕੀਮਤੀ ਅੰਸ਼ ਆ ਗਏ ਹਨ।

ਹਿੰਮਤ ਸਿੰਘ ਇਸ ਪੁਸਤਕ ਬਾਰੇ ਇਸ ਤਰ੍ਹਾਂ ਲਿਖਦੇ ਹਨ, ਇਹ ਖਰੜਾ (260 ਪੰਨੇ) 1908 ਈ. ਨੂੰ ਹਜ਼ੂਰ ਸਾਹਿਬ ਵਿਖੇ ਅਰੰਭ ਕਰ ਕੇ 1910 ਈ. ਨੂੰ ਪੰਡਰਪੁਰ (ਆਸਾਮ) ਵਿਖੇ ਮੁਕੰਮਲ ਕੀਤਾ ਤੇ ਪ੍ਰਕਾਸ਼ਿਤ ਹੋਇਆ।[50]

ਸ. ਅਤਰ ਸਿੰਘ ਨੇ ਇਸ ਗ੍ਰੰਥ ਬਾਰੇ ਜੋ ਲਿਖਿਆ ਹੈ ਉਸ ਤੋਂ ਲਗਦਾ ਹੈ ਕਿ ਇਹ ਗ੍ਰੰਥ 1993 ਤਕ ਅਣਛਪਿਆ ਹੀ ਰਿਹਾ। ਉਹ ਮਾਰਚ 1993 ਨੂੰ ਲਿਖਦੇ ਹਨ, ਇਕ ਪੁਰਾਤਨ ਪੁਸਤਕਾਂ ਦਾ ਖਰੜਾ ਤਿਆਰ ਕੀਤਾ 260 ਪੰਨੇ ਦਾ, ਅਮੋਲਕ ਪੁਸਤਕ ਜਿਸ ਦਾ ਨਾਮ 'ਸੁਖ ਸਾਗਰ' ਅਰਥਾਤ ਘਰ ਦਾ ਵੈਦ ਜੋ 2 ਸਾਲ 1908 ਤੋਂ 1910 ਤਕ ਤਿਆਰ ਕੀਤਾ ਉਹ ਉਹ ਭਾ. ਮੋਹਣ ਸਿੰਘ ਵੈਦ ਪਾਸ ਛਪਣ ਲਈ ਉਨ੍ਹਾਂ ਭੇਜੀ ਜੋ ਅਣਛਪੀ ਹੀ ਗਿਆਨੀ ਗੁਰਦਿੱਤ ਸਿੰਘ (ਪ੍ਰਧਾਨ ਕੇਂਦਰੀ ਸਿੰਘ ਸਭਾ) ਪਾਸ ਪੁੱਜੀ ਤੇ ਛਪਾਈ ਦੇ ਤਰਲੇ ਲੈਣ ਦੇ ਬਾਵਜੂਦ ਉਹ ਪੁਸਤਕ ਉਨ੍ਹਾਂ ਪਾਸੋਂ ਵਾਰ-ਵਾਰ ਮੰਗਣ 'ਤੇ ਪ੍ਰਾਪਤ ਨਹੀਂ ਹੋ ਰਹੀ। ਕਾਸ਼! ਕਿ ਉਹ ਪੁਸਤਕ ਦਾ ਖਰੜਾ ਦੇ ਦੇਣ ਤਾਂ ਦਾਸ ਛਪਾਈ ਦਾ ਪ੍ਰਬੰਧ ਕਰ ਦੇਵੇ।[51]

ਉਪਰੋਕਤ ਲਿਖਤ ਤੋਂ ਇਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਖਰੜਾ ਛਪ ਨਹੀਂ ਸਕਿਆ। ਜੇਕਰ ਇਹ ਖਰੜਾ ਜਾਂ ਛਪਿਆ ਰੂਪ ਪ੍ਰਾਪਤ ਹੋ ਜਾਵੇ ਤਾਂ ਇਹ ਧਰਮ ਅਤੇ ਚਕਿਤਸਾ ਦੇ ਪੱਖ ਤੋਂ ਮਾਨਵਤਾ ਲਈ ਬਹੁਤ ਹੀ ਲਾਹੇਵੰਦ ਹੋਵੇਗਾ।

### 6. ਸ੍ਰੀ ਗੁਰੁ ਸੋਭਾ (ਸੰਪਾਦਿਤ) (ਰਚਿਤ ਸੈਨਾਪਤਿ ਜੀ)

ਅਕਾਲੀ ਕੌਰ ਸਿੰਘ ਜਿਥੇ ਨਵਾਂ ਸਾਹਿਤ ਰਚਣ ਤੇ ਅਜੋਕੇ ਸਮੇਂ ਦੀਆਂ ਸਮੱਸਿਆਵਾਂ ਬਾਰੇ ਲਿਖਣ ਦਾ ਕਾਰਜ ਕਰਦੇ, ਉਥੇ ਹੀ ਇਤਿਹਾਸਕ ਖਰੜਿਆਂ ਨੂੰ ਵੀ ਪ੍ਰਕਾਸ਼ਤ ਕਰਵਾਉਣ ਦਾ ਕਾਰਜ ਕਰਦੇ ਸਨ। ਉਪਰੋਕਤ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਦੀ ਹੈ। ਇਹ ਰਚਨਾ ਪਹਿਲੀ ਵਾਰੀ ਸਿੱਖ

---

[50] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰਜਾਬੀ ਯੂਨਵਿਰਸਿਟੀ, ਪੰ. 80.

[51] ਅਤਰ ਸਿੰਘ ਭਾਗਵੰਤ (ਸੰਪਾ.), *ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ*, ਪੰ. 144.

ਵਿਦਵਾਨਾਂ ਦੇ ਸਾਹਮਣੇ ਅਕਾਲੀ ਕੌਰ ਸਿੰਘ ਦੇ ਯਤਨਾਂ ਸਦਕਾ ਹੀ ਆ ਸਕੀ। ਅਕਾਲੀ ਜੀ ਨੇ ਕਿਸੇ ਤਰ੍ਹਾਂ ਇਸ ਇਤਿਹਾਸਕ ਗ੍ਰੰਥ ਦੀਆਂ ਦੋ ਪੋਥੀਆਂ ਭਾਲ ਕੇ ਇਸ ਨੂੰ ਪ੍ਰਕਾਸ਼ਿਤ ਕਰਵਾਇਆ। ਸਿੰਘ ਸਭਾ ਦੇ ਕਾਰਜਾਂ ਤਹਿਤ ਜਦੋਂ ਫਿਰੋਜ਼ਪੁਰ ਵਿਚ ਭਾਈ ਦਿੱਤ ਸਿੰਘ ਲਾਇਬਰੇਰੀ ਦਾ ਵਿਚਾਰ ਬਣਾ ਕੇ ਪੁਸਤਕਾਂ ਇਕੱਠੀਆਂ ਕਰਨੀਆਂ ਸ਼ੁਰੂ ਕੀਤੀਆਂ ਅਤੇ ਗ੍ਰੰਥ ਛਪਵਾਏ ਗਏ ਤਾਂ ਇਨ੍ਹਾਂ ਦਿਨਾਂ ਵਿਚ ਹੀ ਅਕਾਲੀ ਕੌਰ ਸਿੰਘ ਨੇ ਇਤਿਹਾਸਕ ਅਤੇ ਹੋਰ ਸਾਹਿਤਕ ਗਾਂਥਾਂ ਦੀ ਭਾਲ ਸ਼ੁਰੂ ਕੀਤੀ। ਇਸੇ ਭਾਲ ਤਹਿਤ ਹੀ ਉਨ੍ਹਾਂ ਨੇ ਇਹ ਪੋਥੀਆਂ ਪ੍ਰਾਪਤ ਕੀਤੀਆਂ ਜਿਨ੍ਹਾਂ ਦਾ ਆਪਸ ਵਿਚ ਟਾਕਰਾ ਕਰ ਕੇ ਇਸ ਨੂੰ ਪ੍ਰਕਾਸ਼ਿਤ ਕਰਵਾਇਆ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਵਿਚਰਨ ਦਾ ਕਾਫੀ ਗਿਆਨ ਹੈ। ਇਹ ਰਚਨਾ ਗੁਰੂ ਸਾਹਿਬ ਦੇ ਦਰਬਾਰੀ ਕਵੀ ਦੀ ਹੋਣ ਕਰਕੇ ਵੀ ਬਹੁਤ ਮਹੱਤਵ ਰੱਖਦੀ ਹੈ।

ਇਸ ਗ੍ਰੰਥ ਦਾ ਪ੍ਰਕਾਸ਼ਨ ਪਹਿਲੀ ਵਾਰੀ ਪ੍ਰਦੇਸੀ ਮਾਲਵਾ ਪ੍ਰੈਸ ਅੰਮ੍ਰਿਤਸਰ ਵਿਚ ਮੈਨੇਜਰ ਸ. ਜਬਰਜੰਗ ਸਿੰਘ ਦੇ ਅਧਿਕਾਰ ਵਿਚ ਭਾਦਰੋਂ 1982 (ਅਗਸਤ 1925) ਨੂੰ ਹੋਇਆ। ਪਹਿਲੇ ਪ੍ਰਕਾਸ਼ਨ (ਜੋ ਪੰਜਾਬੀ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿਚ ਮੌਜੂਦ ਹੈ) ਵਿਚ ਗੁਰੂ ਗੋਬੰਦ ਸਿੰਘ ਜੀ ਦਾ ਚਿੱਤਰ ਨਹੀਂ ਹੈ। ਇਸ ਦੇ ਪਹਿਲੇ ਪ੍ਰਕਾਸ਼ਨ ਵਿਚ ਇਸ ਗ੍ਰੰਥ ਦਾ ਨਾਮ ਵੀ 'ਸ੍ਰੀ ਗੁਰ ਸੋਭਾ ਅਰਥਾਤ ਸ੍ਰੀ ਕਲਗੀਧਰ-ਪੰਥ ਪ੍ਰਕਾਸ਼' ਅੰਕਿਤ ਹੈ।

ਇਸ ਗ੍ਰੰਥ ਦਾ ਦੂਜੀ ਵਾਰ ਪ੍ਰਕਾਸ਼ਨ ਪੋਹ 1982 (ਦਸੰਬਰ 1925) ਨੂੰ ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ, ਅੰਮ੍ਰਿਤਸਰ ਨੇ ਕੀਤਾ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਚਿਤਰ ਛਾਪਿਆ ਹੋਇਆ ਹੈ। (ਚਿਤਰ ਸਹਿਤ ਗ੍ਰੰਥ ਭਾਸ਼ਾ ਵਿਭਾਗ, ਪਟਿਆਲਾ ਵਿਖੇ ਮੌਜੂਦ ਹੈ)

ਇਸ ਦਾ ਪ੍ਰਕਾਸ਼ਨ ਬਹੁਤ ਹੀ ਸੁੰਦਰ ਅਤੇ ਆਕਰਸ਼ਕ ਦਿੱਖ ਵਾਲਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਜੋ ਤਸਵੀਰ ਹੈ ਉਹ ਪੁਰਾਤਨ ਸ਼ੈਲੀ ਵਾਲੀ ਹੈ ਜੋ ਮੁਗ਼ਲ ਕਾਲ ਵਾਲੀ ਹੈ। ਸੁੰਦਰ ਅਤੇ ਰੰਗਦਾਰ ਸਿਆਹੀ ਨਾਲ ਗੁਰੂ ਸਾਹਿਬ ਦੀ ਤਸਵੀਰ ਪਾਸ ਹੀ ਇਸ ਗ੍ਰੰਥ ਦੀ ਮਹਿਮਾ ਵਿਚ ਨਿਮਨਲਿਖਤ ਕਵਿਤਾ ਲਿਖੀ ਹੋਈ ਹੈ ਜੋ ਕਿ ਅਕਾਲੀ ਕੌਰ ਸਿੰਘ ਦੀ ਹੀ ਲਗਦੀ ਹੈ:

'ਗੁਰ ਸੋਭਾ' ਵਿਚ 'ਗੁਰ ਸੋਭਾ' ਦੇ 'ਮੋਤੀ' 'ਲਾਲ' ਪਰੋਤੇ!

'ਸੈਨਾ ਪਤ' ਕਵਿ ਮੁਖੋਂ ਉਚਾਰੇ 'ਅੰਮ੍ਰਿਤ' ਦੇ ਵਿਚ ਧੋਤੇ!
'ਕਲਗੀ ਧਰ' ਦੇ ਅਸਚਰਜ 'ਕੌਤਕ' ਵਰਨਨ ਕਰਕੇ ਭਾਰੀ!
ਮਾਨੋ ਕਵਿਨੇ 'ਫੁਲਾਂ' ਸੰਦੀ ਸੁੰਦਰ 'ਮਹਿਕ' ਪਸਾਰੀ!
ਕਲਗੀ, ਤੀਰ, ਚਕਰ, ਗਲ ਮਾਲਾ ਬਿਜਲੀ ਵਾਂਗਰ ਚਮਕੇ!
ਪੜ੍ਹ ਪੜ੍ਹ ਕੇ 'ਮਨ' ਖੀਵਾ, ਥੀਵੇ ਛਡਿਆ ਮੂਲ ਨ ਜਾਵੇ!
ਕੁੰਡੀ ਪਾਕੇ ਦਿਲ ਵਿਚ ਸਾਡੇ ਨੂੰ ਖਿਚ ਚਰਨੀ ਲੈ ਜਾਵੇ!

ਇਸ ਇਤਿਹਾਸਕ ਸ੍ਰੋਤ ਦਾ ਸੰਬੰਧ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੰਗਾਂ-ਯੁੱਧਾਂ, ਗੁਰ-ਖ਼ਾਲਸੇ ਦੀ ਪ੍ਰਸ਼ੰਸਾ ਅਤੇ ਆਉਣ ਵਾਲੇ ਸਮੇਂ ਦੇ ਵਿਵਰਣ ਦਿੱਤੇ ਗਏ ਹਨ। ਇਸ ਗ੍ਰੰਥ ਦੀ ਮਹਾਨਤਾ ਬਾਰੇ ਅਕਾਲੀ ਕੌਰ ਸਿੰਘ ਭੂਮਿਕਾ ਵਿਚ ਇਸ ਤਰ੍ਹਾਂ ਲਿਖਦੇ ਹਨ:

*'ਸਿੱਖ ਕੌਮ' ਪਾਸ ਅਪਨੇ ਜਨਮ 'ਦਾਤਾ' ਦੀ ਸ੍ਰੀ ਮੁਖ ਵਾਕ ਬਾਣੀ ਦਾ ਹੋਣਾ ਹੋਰ ਕੌਮਾਂ ਤੋਂ ਵਧੀਕ ਮਾਣ ਦਾ ਕਾਰਨ ਹੈ, ਪ੍ਰੰਤੂ ਜੇ ਇਸ ਦਾ ਇਤਿਹਾਸ ਭੀ ਅਰੰਭ ਸਮੇਂ ਦੇ ਵਿਧਵਾਨਾਂ ਦੀ ਕਲਮ ਦਾ ਹੋਵੇ ਤਦ ਇਸ ਜੈਸਾ ਸੁਭਾਗਯ ਕੌਣ ਹੈ? ਕੌਮ ਦੇ ਵਿਧਵਾਨ ਮੰਨਦੇ ਹਨ ਕਿ 'ਗੁਰ ਸੋਭਾ' ਦਸਮ ਪਾਤਸ਼ਾਹ ਜੀ ਦੇ ਸਮੇਂ ਦੀ ਰਚਨਾ ਹੈ ਪ੍ਰੰਤੂ ਪ੍ਰਾਪਤੀ ਕਠਨ ਸੀ! ਬੜੇ ਯਤਨ ਨਾਲ ਦੋ ਪੁਸਤਕਾਂ ਮਿਲੀਆਂ ਹਨ, ਜਿਨਾਂ ਤੋਂ ਆਮ 'ਸਿਖ ਸੰਗਤ' ਦੇ 'ਦ੍ਰਿਗ ਰੰਜਨ' ਲਈ ਇਸ ਪੋਥੀ ਨੂੰ ਪ੍ਰਕਾਸ਼ਤ ਕਰੌਣ ਦਾ ਯਤਨ ਕੀਤਾ ਹੈ!!*

*ਇਸ ਵਿਚ ਦਸਮ ਪਾਤਸ਼ਾਹ ਜੀ ਦੇ 'ਅਨੰਦ ਪੁਰ, ਚਮਕੌਰ ਸਾਹਿਬ, ਤੋਂ ਇਲਾਵਾ ਹੋਰ ਭੀ ਜੰਗਾਂ ਦਾ ਜ਼ਿਕਰ ਖਾਲਸੇ (ਸਿਖ) ਦੀ ਤਾਰੀਫ ਤੇ ਭਵਿਖਤ ਵੀਚਾਰ ਹਰ ਇਕ 'ਸਿਖ ਮਾਈ' ਭਾਈ ਕੇ ਵੀਚਾਰਨ ਯੋਗ ਹਨ।*

ਡਾ. ਗੰਡਾ ਸਿੰਘ ਨੇ ਇਸ ਰਚਨਾ ਨੂੰ ਸੰਪਾਦਿਤ ਕਰ ਕੇ ਨਵੀਂ ਭੂਮਿਕਾ ਸਹਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਰਾਹੀਂ ਜੂਨ 1967 ਈ. ਨੂੰ ਮੁੜ ਪ੍ਰਕਾਸ਼ਿਤ ਕਰਵਾਇਆ ਅਤੇ ਇਸ ਦੇ ਨਵੇਂ ਐਡੀਸ਼ਨ 1980, 1988, 1996 ........ ਛਪਦੇ ਆ ਰਹੇ ਹਨ। ਇਸ ਦੇ ਪਹਿਲੇ ਸੰਸਕਰਣ ਦੇ ਮੁੱਖ ਪੰਨੇ

ਉਪਰ ਛਾਪੀ ਹੋਈ ਗੁਰੂ ਗੋਬੰਦ ਸਿੰਘ ਜੀ ਦੀ ਤਸਵੀਰ ਨੂੰ ਦੁਬਾਰਾ ਨਹੀਂ ਛਾਪਿਆ ਗਿਆ। ਸ਼ਮਸ਼ੇਰ ਸਿੰਘ ਅਸ਼ੋਕ ਨੇ ਵੀ ਦੁਬਾਰਾ ਇਸ ਗ੍ਰੰਥ ਨੂੰ 1967 ਵਿਚ ਮੁੜ ਸੰਪਾਦਿਤ ਕੀਤਾ।

ਡਾ. ਗੰਡਾ ਸਿੰਘ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਨੇ ਸੰਪਾਦਨਾ ਸਮੇਂ ਫੁਟ-ਨੋਟ ਦੇ ਕੇ ਇਸ ਨੂੰ ਸਮਝਣ ਵਿਚ ਕਾਫੀ ਸੌਖ ਪੈਦਾ ਕਰ ਦਿੱਤੀ ਹੈ। ਡਾ. ਗੰਡਾ ਸਿੰਘ ਹੁਰਾਂ ਨੇ ਤਾਂ ਛੰਦਾਂ ਦੇ ਅੰਕ ਪ੍ਰਬੰਧ ਨੂੰ ਵੀ ਕਾਫੀ ਹੱਦ ਤਕ ਸੋਧਿਆ ਹੈ। ਅਕਾਲੀ ਕੌਰ ਸਿੰਘ ਵਾਲੇ ਪ੍ਰਕਾਸ਼ਨ ਵਿਚ ਬਹੁਤ ਸਾਰੇ ਛੰਦ ਅੰਕ ਛਪਣ ਸਮੇਂ ਵਿਚੋਂ ਗਾਇਬ ਸਨ ਅਤੇ ਕਈ ਛੰਦ ਅੰਕ ਦੋ-ਦੋ ਵਾਰ ਦੁਹਰਾਏ ਹੋਏ ਸਨ ਜਿਨ੍ਹਾਂ ਨੂੰ ਸੋਧ ਕੇ ਲਗਾਤਰਤਾ ਬਣਾਈ ਹੈ। ਅਕਾਲੀ ਕੌਰ ਸਿੰਘ ਵਾਲੀ ਛਾਪ ਵਿਚ ਅੰਕਾਂ ਦੀ ਆਖਰੀ ਗਿਣਤੀ 938 ਸੀ ਜੋ ਕਿ ਸੋਧ ਕੇ 934 ਛੰਦ ਰਹਿ ਗਈ।

ਜੇਕਰ ਇਸ ਗ੍ਰੰਥ ਦੇ ਹੱਥ-ਲਿਖਤ ਖਰੜੇ ਦੀ ਗੱਲ ਕਰੀਏ ਤਾਂ ਇਹ ਖਰੜੇ ਨੰ. 3915 ਅਤੇ 4466 ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਖੇ ਮੌਜੂਦ ਸਨ ਜਿਨ੍ਹਾਂ ਦੇ ਆਧਾਰ ’ਤੇ ਸ਼ਮਸ਼ੇਰ ਸਿੰਘ ਅਸ਼ੋਕ ਨੇ ਵੀ ਇਸ ਗ੍ਰੰਥ ਨੂੰ 1967 ਵਿਚ ਸੰਪਾਦਿਤ ਕੀਤਾ ਸੀ। ਇਹ ਹੱਥ ਲਿਖਤ ਖਰੜੇ ਹੁਣ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਿਚ ਮੌਜੂਦ ਨਹੀਂ ਹਨ ਕਿਉਂਕਿ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਉਪਰ ਭਾਰਤੀ ਫੌਜ ਦੇ ਹਮਲੇ ਨਾਲ ਸਾਰੇ ਹੱਥ-ਲਿਖਤ ਖਰੜਿਆਂ/ਸਾਹਿਤ ਅਤੇ ਦੁਰਲੱਭ ਪੁਸਤਕਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ ਜੋ ਅਜੇ ਤਕ ਵਾਪਸ ਨਹੀਂ ਮਿਲੇ।[52]

ਸ਼ਮਸ਼ੇਰ ਸਿੰਘ ਅਸ਼ੋਕ ਨੇ ਵੀ ਆਪਣੀ ਸੰਪਾਦਿਤ ਕੀਤੀ ਪੁਸਤਕ ਦੀ ਭੂਮਿਕਾ ਵਿਚ ਲਿਖਿਆ ਹੈ ਕਿ ਅਕਾਲੀ ਕੌਰ ਸਿੰਘ ਨੇ ਇਸ ਨੂੰ ਦੋ ਵਾਰ ਪ੍ਰਕਾਸ਼ਿਤ ਕਰਵਾਇਆ ਪਰ ਉਨ੍ਹਾਂ ਨੂੰ ਇਸ ਬਾਰੇ ਸਪਸ਼ਟ ਨਹੀਂ ਕਿ ਕਿ ਇਹ ਦੋਹਵੇਂ ਸੰਸਕਰਣ 1925 ਦੇ ਹਨ। ਇਸ ਕਰਕੇ ਹੀ ਉਹ 1921-1934 ਵਿਚ ਦੇ ਦੋ ਸੰਸਕਰਣ ਵਾਲਾ ਅੰਦਾਜ਼ਾ ਲਗਾ ਰਹੇ ਹਨ।[53]

ਹਿੰਦੁਸਤਾਨ ਦੇ ਗ਼ੈਰ-ਮੁਸਲਿਮ ਮਹਾਂਪੁਰਖਾਂ ਵਿਚੋਂ ਗੁਰੂ ਗੋਬਿੰਦ ਸਿੰਘ ਸਭ ਤੋਂ ਪਹਿਲੇ ਹਨ ਜਿਨ੍ਹਾਂ ਨੇ ਆਪਣੀ ਕਥਾ (ਸ੍ਵੈ-ਜੀਵਨੀ, ਔਟੋਬਾਇਓਗ੍ਰਾਫੀ) ਲਿਖਣ ਦੀ ਰੀਤਿ ਤੋਰੀ। ਕੀ ਸੰਸਕ੍ਰਿਤ, ਕੀ ਬ੍ਰਜ-ਭਾਖਾ, ਹਿੰਦੀ ਜਾਂ ਕੋਈ ਹੋਰ ਬੋਲੀ, ਕਿਸੇ ਵਿਚ ਭੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਕਿਸੇ ਨੇ ‘ਅਪਨੀ ਕਥਾ’ ਨਹੀਂ

---

[52] ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਸੈਨਾਪਤਿ ਕਵਿ, (ਲੇਖਕ), *ਸ੍ਰੀ ਗੁਰੁ ਸੋਭਾ*, ਪੰ. 6.

[53] ਉਹੀ, ਪੰ. 18.

ਸੀ ਲਿਖੀ। ਗੁਰੂ ਸਾਹਿਬ ਦੀ 'ਅਪਨੀ ਕਥਾ' ਦੀਆਂ ਸਭ ਤੋਂ ਵੱਡੀਆਂ ਖ਼ੂਬੀਆਂ ਉਸ ਦੀ ਯਥਾਰਥਕਤਾ ਅਤੇ ਨਿਰਪੱਖਤਾ ਹਨ। ਇਹੋ ਹੀ ਇਤਿਹਾਸ ਦੇ ਦੋ ਵੱਡੇ ਗੁਣ ਹਨ। ਸਮੇਂ ਦੇ ਰਿਵਾਜ ਅਨੁਸਾਰ ਇਸ ਕਥਾ ਦੇ ਕਵਿਤਾ ਵਿਚ ਲਿਖੇ ਹੋਏ ਹੋਣ ਦੇ ਬਾਵਜੂਦ ਬਿਆਨ ਵਿਚ ਕਾਫ਼ੀ ਸੰਕੋਚ ਹੈ ਅਤੇ ਮੁਬਾਲਗਾ (ਅਤਿਉਕਤੀ) ਉੱਕਾ ਹੀ ਨਹੀਂ ਹੈ। ਵੈਰੀ ਲਈ ਭੀ ਕਿਧਰੇ ਕੋਈ ਕੌੜੀ ਕਠੋਰ ਬੋਲੀ ਨਹੀਂ ਵਰਤੀ ਗਈ।

ਗੁਰੂ ਸਾਹਿਬ ਦੇ ਇਨ੍ਹਾਂ ਪਾਏ ਪੂਰਨਿਆਂ ਪਰ ਹੀ 'ਸ੍ਰੀ ਗੁਰ ਸੋਭਾ' ਦੇ ਲੇਖਕ ਕਵਿ ਸੈਨਾਪਤਿ ਨੇ ਚੱਲਣ ਦਾ ਯਤਨ ਕੀਤਾ ਹੈ ਅਤੇ ਉਹ ਆਪਣੇ ਇਸ ਯਤਨ ਵਿਚ ਬਹੁਤ ਹੱਦ ਤਕ ਸਫ਼ਲ ਰਿਹਾ ਹੈ।[54]

ਡਾ. ਗੰਡਾ ਸਿੰਘ ਇਸ ਰਚਨਾ ਬਾਰੇ ਲਿਖਦੇ ਹਨ ਕਿ ਚੂੰਕਿ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਕ ਸ਼ਰਧਾਵਾਨ ਹਜ਼ੂਰੀ ਕਵੀ ਦੀ ਲਿਖਤ ਹੈ ਜੋ ਹਜ਼ੂਰ ਸਾਹਿਬ ਦੇ ਦੇਹਾਂਤ ਤੋਂ ਤਿੰਨ ਵਰ੍ਹਿਆਂ ਦੇ ਅੰਦਰ-ਅੰਦਰ ਸੰਮਤ 1768 ਵਿਚ ਸੰਪੂਰਨ ਹੋਈ, ਇਸ ਲਈ ਇਤਹਾਸਕ ਦ੍ਰਿਸ਼ਟੀਕੋਣ ਤੋਂ ਇਹ ਇਕ ਬਹੁਮੁੱਲੀ ਚੀਜ਼ ਹੈ। ਪਰ ਕਵੀ ਹਰ ਵੇਲੇ ਅਤੇ ਹਰ ਥਾਂ ਗੁਰੂ ਸਾਹਿਬ ਦੇ ਨਾਲ ਨਹੀਂ ਰਿਹਾ ਜਾਪਦਾ ਇਸ ਲਈ ਜੋ ਗੱਲਾਂ ਉਸ ਨੇ ਸੁਣ ਕੇ ਲਿਖੀਆਂ ਹਨ ਉਸ ਵਿਚ ਉਸ ਨੂੰ ਭੁਲੇਖਾ ਲਗ ਜਾਣਾ ਕੋਈ ਅਨਹੋਣੀ ਗੱਲ ਨਹੀਂ ਹੈ।[55]

ਅਕਾਲੀ ਕੌਰ ਸਿੰਘ ਦੀ ਇੱਛਾ ਇਸ ਇਤਿਹਾਸਕ ਅਤੇ ਪ੍ਰਸਿੱਧ ਗ੍ਰੰਥ ਨੂੰ ਦੁਬਾਰਾ ਛਾਪਣ ਦੀ ਸੀ। ਇਸ ਬਾਰੇ ਡਾ. ਗੰਡਾ ਸਿੰਘ ਲਿਖਦੇ ਹਨ, 'ਸ੍ਰੀ ਗੁਰ ਸੋਭਾ' ਦੀ ਇਤਿਹਾਸਕ ਕੂਤ ਨੂੰ ਮੁੱਖ ਰੱਖ ਕੇ ਇਸ ਨੂੰ ਮੁੜ ਪ੍ਰਕਾਸ਼ਨ ਦਾ ਵਿਚਾਰ, ਮੁੱਦਤ ਹੋਈ, ਸੁਰਗਵਾਸੀ ਅਕਾਲੀ ਕੌਰ ਜੀ ਨਾਲ ਹੋਇਆ ਸੀ ਪਰ ਕਈ ਕਾਰਨਾਂ ਕਰਕੇ ਢਿੱਲ ਪੈਂਦੀ ਗਈ।[56]

## ਗ੍ਰੰਥ ਦੇ ਲਿਖੇ ਜਾਣ ਦੇ ਸਮੇਂ ਬਾਰੇ

ਭੂਮਿਕਾ ਵਿਚ ਹੀ ਇਸ ਰਚਨਾ ਦੇ ਅਰੰਭ ਦਾ ਸਮਾਂ ਵੀ ਅਕਾਲੀ ਕੌਰ ਸਿੰਘ ਨੇ ਦੱਸਿਆ ਹੈ ਜੋ ਕਿ ਸੰਮਤ 1758 ਜਾਂ ਸੰਮਤ 1798 ਵੀ ਹੋ ਸਕਦਾ ਹੈ। ਇਸ ਦਾ ਅੰਤਿਮ ਨਿਰਣਾ ਵਿਦਵਾਨਾਂ ਦੀ ਖੋਜ ਉਪਰ ਹੀ ਛੱਡਿਆ

---

[54] ਡਾ. ਗੰਡਾ ਸਿੰਘ (ਸੰਪਾ.), ਸੈਨਾਪਤਿ ਕਵਿ, (ਲੇਖਕ), *ਸ੍ਰੀ ਗੁਰ ਸੋਭਾ*, ਪੰ. ਭੂਮਿਕਾ (xii).

[55] ਉਹੀ, ਪੰ. ਭੂਮਿਕਾ (xiii).

[56] ਉਹੀ, ਪੰ. ਭੂਮਿਕਾ (xiv).

ਗਿਆ ਹੈ। ਰਚਨਾਕਾਰ ਬਾਰੇ ਸਪਸ਼ਟ ਲਿਖਿਆ ਹੈ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀ ਸਨ। ਡਾ. ਗੰਡਾ ਸਿੰਘ ਨੇ ਇਸ ਰਚਨਾ ਦੇ ਲਿਖਤ ਕਾਲ ਬਾਰੇ ਕਾਫੀ ਹੱਦ ਤਕ ਸਪਸ਼ਟ ਕਰ ਦਿੱਤਾ ਹੈ। ਇਸ ਤਰ੍ਹਾਂ ਲਿਖਦੇ ਹਨ-

ਸ੍ਰੀ ਗੁਰ ਸੋਭਾ ਦੀਆਂ ਕੁਝ ਲਿਖਤੀ ਪੋਥੀਆਂ ਅਤੇ ਅਕਾਲੀ ਕੌਰ ਸਿੰਘ ਵਲੋਂ ਛਾਪੀ ਗਈ ਪੋਥੀ ਦੇ ਆਰੰਭ ਦੇ ਅੰਕ ੪ ਵਿਚ ਇਸ ਦੇ ਲਿਖੇ ਜਾਣ ਦੀ ਤਾਰੀਖ ਇਸ ਤਰ੍ਹਾਂ ਦਿੱਤੀ ਗਈ ਹੈ:

ਸੰਮਤ ਸਤ੍ਹ ਸੈ ਭਏ ਬਰਖ ਅਠਾਵਨ ਬੀਤ।
ਭਾਦਵ ਸੁਦ ਪੰਦ੍ਸ ਭਈ ਰਚੀ ਕਥਾ ਕਰਿ ਪ੍ਰੀਤਿ।[57]

ਕਿ 1758 ਸੰਮਤ ਦੀ ਭਾਦੋਂ ਸੁਦੀ 15 ਨੂੰ ਇਹ ਕਥਾ ਰਚੀ ਗਈ ਅਰਥਾਤ ਇਸ ਦੀ ਰਚਨਾ ਸਮਾਪਤ ਹੋਈ। ਇਹ ਮਿਤੀ 6 ਸਤੰਬਰ ਸੰਨ 1701 ਈ. ਬਣਦੀ ਹੈ ਪਰ ਇਸ ਦੀ ਰਚਨਾ ਦਾ ਇਹ ਸੰਮਤ ਠੀਕ ਨਹੀਂ ਹੋ ਸਕਦਾ। ਇਸ ਵਿਚ ਆਈਆਂ ਘਟਨਾਵਾਂ ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਧੱਖਣ ਦੇਸ ਨੂੰ ਜਾਣਾ ਅਤੇ ਨਾਂਦੇੜ ਵਿਚ ਜੋਤੀ-ਜੋਤਿ ਸਮਾਉਣਾ ਆਦਿ ਸੰਮਤ 1765 (ਸੰਨ 1708 ਈ.) ਵਿਚ ਵਾਪਰੀਆਂ ਹਨ। ਇਸ ਦੇ ਸੰਗ੍ਰਹਿ ਕਰਤਾ ਅਕਾਲੀ ਕੌਰ ਸਿੰਘ ਨਿਹੰਗ ਨੇ ਪੰਨਾ ੪ ਉਪਰ ਦਿੱਤੇ ਫੁਟ ਨੋਟ ਵਿਚ ਸੁਝਾਅ ਦਿੱਤਾ ਹੈ ਕਿ ‘ਅਠਾਵਨ’ ਦਾ ਪਾਠ ‘ਅਠਾਨਵ’ ਵੀ ਹੋ ਸਕਦਾ ਹੈ। ਇਹ ਸੁਝਾਅ ਪਰਵਾਨ ਕੀਤਾ ਜਾ ਸਕਦਾ ਸੀ ਜੇਕਰ ਇਸ ਦਾ ਕਿਸੇ ਪਾਸਿਓਂ ਹੋਰ ਵੀ ਕੋਈ ਥਹੁ-ਪਤਾ ਨਾ ਲਗਦਾ ਪਰ ਬਾਬਾ ਸੁਮੇਰ ਸਿੰਘ ਲਿਖਤ ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਗੁਰੂ ਗੋਬੰਦ ਸਿੰਘ ਚਰਿਤ੍ਰ ਦੇ ਪੰਨਾ 713 ਉਪਰ ਲੇਖਕ ਨੇ ਕੁਝ ਹੋਰ ਗ੍ਰੰਥਾਂ ਦਾ ਪਤਾ ਦਿੰਦੇ ਹੋਏ ਲਿਖਿਆ ਹੈ-

ਸੈਨਾ ਸਿੰਘ ਕਹੀ ਗੁਰ ਸੋਭਾ।
ਸਤ੍ਹ ਸਤ ਅਠਸਠ ਨਿਜ ਉਭਾ॥੫॥

(ਮੰਡਲ 10, ਖੰਡ 4, ਪੰਨਾ 713)

---

[57] ਅਕਾਲੀ ਕੌਰ ਸਿੰਘ (ਸੰਪਾ.), ਸੈਨਾਪਤਿ ਕਵਿ, (ਲੇਖਕ), *ਸ੍ਰੀ ਗੁਰ ਸੋਭਾ,* ਪ੍ਰਕਾਸ਼ਨ ਦਸੰ. 1925, ਪੰ. 4.

ਭਾਈ ਕਾਨ੍ਹ ਸਿੰਘ ਜੀ ਨੇ ਵੀ ਗੁਰਮਤ ਸੁਧਾਕਰ (ਤੀਜੀ ਵਾਰ 1922, ਕਲਾ 12, ਪੰਨਾ 485) ਵਿਚ ਸ੍ਰੀ ਗੁਰ ਸੋਭਾ ਲਿਖੇ ਜਾਣ ਦਾ ਸੰਮਤ 1768 ਬਿਕ੍ਰਮੀ ਦਿੱਤਾ ਹੈ (ਹੋਰ ਦੇਖੋ ਗੁਰਮਤ ਮਾਰਤੰਡ, ਜਿਲਦ 1, ਪੰਨਾ 79)। ਛਪੀ ਪੁਸਤਕ ਅਤੇ ਕੁਝ ਲਿਖਤੀ ਪੋਥੀਆਂ ਦੇ ਅਰੰਭ ਵਿਚ ਜੋ ਸੰਮਤ 1758 ਦਿੱਤਾ ਹੋਇਆ ਹੈ ਉਸ ਦੇ ਨਾਲ ਜੇ ਮਿਤੀ ਭਾਦੋਂ ਸੁਦੀ 15 ਨਾ ਦਿੱਤੀ ਹੁੰਦੀ ਤਾਂ ਉਸ ਦਾ ਇਹ ਅਰਥ ਹੋ ਸਕਦਾ ਸੀ ਕਿ ਲੇਖਕ ਨੇ ਪਹਿਲਾਂ ਇਹ ਪੋਥੀ ਸੰਮਤ 1758 ਵਿਚ ਲਿਖਣੀ ਸ਼ੁਰੂ ਕੀਤੀ ਅਤੇ ਪਿੱਛੋਂ ਸੰਮਤ 1768 ਵਿਚ ਸੰਪੂਰਨ ਕੀਤੀ। ਪਰ ਉਥੇ ਸ਼ਬਦ ‘ਰਚੀ’ ਦਿੱਤਾ ਗਿਆ ਹੈ।ਸੰਮਤ ਭਾਵੇਂ ਅਰੰਭ ਵਿਚ ਦਿੱਤਾ ਗਿਆ ਹੋਵੇ ਭਾਵੇਂ ਅੰਤ ਵਿਚ, ਜੇ ਉਸ ਦੇ ਨਾਲ ਇਹ ਵੇਰਵਾ ਸਪਸ਼ਟ ਤੌਰ ’ਤੇ ਨਾ ਦਿੱਤਾ ਹੋਵੇ ਕਿ ਉਦੋਂ ਪੋਥੀ ਅਰੰਭ ਕੀਤੀ ਜਾਂ ਸੰਪੂਰਨ ਕੀਤੀ ਤਾਂ ‘ਰਚੀ’ ਸ਼ਬਦ ਦੇ ਅਰਥ ਰਚ ਕੇ ਸਮਾਪਤ ਕੀਤੀ ਹੀ ਲੈਣੇ ਪੈਂਦੇ ਹਨ ਪਰ ਸੰਮਤ 1758 ਇਸ ਦੇ ਮੌਜੂਦਾ ਹਾਲਾਤ ਵਿਚ ਸਮਾਪਤ ਹੋਣ ਦਾ ਨਹੀਂ ਹੋ ਸਕਦਾ।

ਇਕ ਗੱਲ ਹੋਰ ਵੀ ਹੋ ਸਕਦੀ ਹੈ ਕਿ ਕਵੀ ਨੇ ਇਸ ਗ੍ਰੰਥ ਨੂੰ ਵੱਖ-ਵੱਖ ਸਮਿਆਂ ਵਿਚ ਲਿਖਿਆ ਹੋਵੇ, ਪਹਿਲਾਂ ਸੰਮਤ 1758 ਵਿਚ ਉਸ ਵੇਲੇ ਤਕ ਦੇ ਹਾਲਾਤ ਅਤੇ ਉਨ੍ਹਾਂ ਦੀ ਤਾਰੀਖ ਸੰਮਤ 1758 ਦੇ ਦਿੱਤੀ ਅਤੇ ਫਿਰ ਕੁਝ ਸਮਾਂ ਬੀਤ ਜਾਣ ਪਿੱਛੋਂ ਜਦ ਗੁਰੂ ਸਾਹਿਬ ਦੇ ਜੋਤੀ-ਜੋਤ ਸਮਾਉਣ ਤਕ ਦੇ ਹਾਲਾਤ ਲਿਖੇ ਤਾਂ ਉਸ ਸੰਮਤ ਨੂੰ ਬਦਲ ਕੇ 1768 ਕਰ ਦਿੱਤਾ। ਇਹ ਕੇਵਲ ਕਿਆਸ ਹੀ ਹੈ ਜੋ ਢੁਕਦਾ ਨਹੀਂ। ਇਸ ਗੱਲ ਵਲ ਪੁਸਤਕ ਵਿਚ ਕੋਈ ਇਸ਼ਾਰਾ ਨਹੀਂ ਜਿਸ ਤੋਂ ਇਸ ਗੱਲ ਦੀ ਥੋੜ੍ਹੀ ਬਹੁਤ ਵੀ ਪੁਸ਼ਟੀ ਹੁੰਦੀ ਹੋਵੇ। ਇਸ ਕਰਕੇ ਇਸ ਨੂੰ ਸਹੀ ਮੰਨਣਾ ਮੁਸ਼ਕਲ ਹੈ।

ਸੰਮਤ 1798 (ਸੰਨ 1741 ਈ.) ਦਾ ਸੁਝਾਓ ਕੇਵਲ ਅਕਾਲੀ ਕੌਰ ਸਿੰਘ ਦਾ ਫੁਰਨਾ ਹੀ ਸੀ ਜੋ ਸੰਮਤ ‘ਅਠਾਵਨ’ ਸ਼ਬਦਾਂ ਤੇ ਅੰਤਲੇ ਦੋ ਅੱਖਰਾਂ ਦੀ ਆਪਸ ਵਿਚ ਅਦਲਾ-ਬਦਲੀ ਹੋ ਜਾਣ ਦੇ ਸ਼ੱਕ ਤੋਂ ਫੁਰਿਆ ਸੀ। ਇਸ ਉਪਰ ਉਦੋਂ ਤਕ ਹੀ ਵਿਚਾਰ ਹੋ ਸਕਦਾ ਸੀ ਜਦੋਂ ਤਕ ਕਿ ਬਾਬਾ ਸੁਮੇਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਦੀਆਂ ਪੁਸਤਕਾਂ ਅਤੇ ਸੰਮਤ 1768 ਵਾਲੀ ਲਿਖਤੀ ਵਲ ਧਿਆਨ ਨਹੀਂ ਸੀ ਗਿਆ ਪਰ ਹੁਣ 1798 ਸੰਮਤ ਸੰਬੰਧੀ ਕਿਸੇ ਵਿਚਾਰ ਦੀ ਲੋੜ ਨਹੀਂ ਰਹੀ। ਸੰਮਤ 1798 (ਸੰਨ 1741 ਈ.) ਤਕ ਬੀਤੇ ਅਨੇਕਾਂ ਵਾਕਿਆਤ (ਬਾਬਾ ਬੰਦਾ ਸਿੰਘ ਦੇ ਰਾਜ ਦੀ ਉਨਤੀ ਅਤੇ ਅਵਨਤੀ, ਅਬਦ-ਸਮੱਦ ਖ਼ਾਨ ਅਤੇ ਜ਼ਕਰੀਆ ਖ਼ਾਨ ਵਲੋਂ

ਸਿੰਘਾਂ ਪਰ ਸਖ਼ਤੀਆਂ, ਨਾਦਰ ਸ਼ਾਹ ਦੀ ਦੇਸ ਪਰ ਚੜ੍ਹਾਈ ਅਤੇ ਮੁੜਦੀ ਵਾਰੀ ਖ਼ਾਲਸੇ ਨਾਲ ਝੜਫਾਂ ਆਦਿ) ਵਿਚੋਂ ਸਾਰੀ ਪੁਸਤਕ ਵਿਚ ਕਿਸੇ ਵਲ ਵੀ ਕੋਈ ਇਸ਼ਾਰਾ ਤਕ ਨਹੀਂ ਮਿਲਦਾ।

ਇਸ ਲਈ ਕੋਈ ਹੋਰ ਜ਼ਿਆਦਾ ਪੱਕੀ ਗਵਾਹੀ ਨਾ ਮਿਲਣ ਤਕ ਸਾਨੂੰ ਇਹ ਹੀ ਮੰਨਣਾ ਪਵੇਗਾ ਕਿ 'ਸ੍ਰੀ ਗੁਰ ਸੋਭਾ' ਸੰਮਤ 1768 ਬਿਕਰਮੀ, ਸੰਨ 1711 ਈ. ਨੂੰ ਸਮਾਪਤ ਹੋਈ।[58]

## 'ਸ੍ਰੀ ਗੁਰ ਸੋਭਾ' ਦੇ ਕਰਤੇ ਬਾਰੇ

ਇਸ ਗ੍ਰੰਥ ਦੇ ਰਚੈਤਾ ਨੇ ਕਿਤੇ ਵੀ ਆਪਣਾ ਪੂਰਾ ਨਾਮ ਅੰਕਿਤ ਨਹੀਂ ਕੀਤਾ। ਨਾ ਹੀ ਮੁੱਢ ਵਿਚ ਅਤੇ ਨਾ ਹੀ ਅਖ਼ੀਰ ਵਿਚ। ਪੁਸਤਕ ਦੇ ਪਹਿਲੇ ਧਿਆਇ 'ਪੰਥ ਪ੍ਰਗਾਸ ਬਰਨਨ' ਅਰੰਭ ਕਰਨ ਵੇਲੇ 'ਖ਼ਾਲਸਾ ਬਾਚ' ਲਿਖਿਆ ਹੈ ਜਿਸ ਤੋਂ ਇਹੀ ਪਤਾ ਲਗਦਾ ਹੈ ਕਿ ਇਸ ਦਾ ਲੇਖਕ ਆਪਣੇ ਆਪ ਨੂੰ ਖ਼ਾਲਸਾ ਕਹਿਣ ਵਿਚ ਫ਼ਖਰ ਸਮਝਦਾ ਹੈ।

ਬਾਬਾ ਸੁਮੇਰ ਸਿੰਘ ਨੇ ਸ੍ਰੀ ਗੁਰਬਿਲਾਸ ਦਸਮੀਂ ਪਾਤਸ਼ਾਹੀ ਕਾ ਦੇ ਪੰਨੇ 713 ਵਿਚ 'ਗੁਰ ਸੋਭਾ' ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ-

ਸੈਨਾ ਸਿੰਘ ਕਹੀ ਗੁਰ ਸੋਭਾ
ਸਤ੍ਰਹ ਸਤ ਅਠਸਠ ਨਿਜ ਓਭਾ।

ਇਸ ਤਰ੍ਹਾਂ ਗੁਰ ਸੋਭਾ ਦੇ ਲੇਖਕ ਦਾ ਨਾਮ 'ਸੈਨਾ ਸਿੰਘ' ਹੋਣ ਦਾ ਪਤਾ ਚਲਦਾ ਹੈ। ਪੰਡਤ ਤਾਰਾ ਸਿੰਘ ਨਰੋਤਮ ਨੇ ਸ੍ਰੀ ਗੁਰੂ ਤੀਰਥ ਸੰਗ੍ਰਹ ਵਿਚ ਗੁਰ ਸੋਭਾ ਦੇ ਕਰਤਾ ਦਾ ਨਾਮ ਗੁਰੂ ਜੀ ਕਾ ਕਵਿ ਸੈਨਾਪਤਿ ਦਿੱਤਾ ਹੈ। (ਪੰਨਾ 120, ਅੰਕ 7)। ਭਾਈ ਕਾਨ੍ਹ ਸਿੰਘ ਨਾਭਾ ਨੇ ਨਾਮ ਸੈਨਾਪਤਿ ਦਿੱਤਾ ਹੈ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਇਕ ਕਵੀ ਤੇ ਲਿਖਾਰੀ ਸੀ। 'ਗੁਰੁਮਤ ਮਾਰਤੰਡ' ਦੀ ਜਿਲਦ ਪਹਿਲੀ, ਪੰਨਾ 79 ਉਪਰ ਲੇਖਕ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਬਾਰ ਦਾ ਗੁਰਮੁਖੀ ਅਤੇ ਸੰਸਕ੍ਰਿਤ ਦਾ ਚੰਗਾ ਲਿਖਾਰੀ ਕਵੀ ਸੈਨਾਪਤਿ ਲਿਖਿਆ ਹੈ ਜਿਸ ਦੀ ਗਿਣਤੀ ਗੁਰੂ ਸਾਹਿਬ ਦੇ ਬਵੰਜਾ ਕਵੀਆਂ ਵਿਚ ਆਈ ਹੈ।

---

58 ਡਾ. ਗੰਡਾ ਸਿੰਘ (ਸੰਪਾ.), ਸੈਨਾਪਤਿ ਕਵਿ, (ਲੇਖਕ), *ਸ੍ਰੀ ਗੁਰ ਸੋਭਾ*, ਪੰਨੇ 5-6.

'ਸੁਖ ਸੈਨ' ਨਾਮ ਦੇ ਗ੍ਰੰਥ ਦੇ ਆਧਾਰ 'ਤੇ ਡਾ. ਗੰਡਾ ਸਿੰਘ ਨੇ ਸੈਨਾਪਤਿ ਦਾ ਅਸਲ ਨਾਮ ਚੰਦਰ ਸੈਨ ਜੋ ਕਿ ਮਾਨ ਗੋਤ ਦਾ ਜੱਟ ਸੀ, ਸਿੱਧ ਕੀਤਾ ਹੈ। ਇਹ ਵੀ ਸਿੱਧ ਕੀਤਾ ਹੈ ਚੰਦਰ ਸੈਨ ਮਾਨ ਅਤੇ ਸੈਨਾਪਤਿ ਮਾਨ ਇਕ ਹੀ ਆਦਮੀ ਹੈ ਜੋ ਕਿ 'ਸੁਖ-ਸੈਨ' ਜਾਂ ਸੈਨ-ਸੁਖ ਗ੍ਰੰਥ ਦਾ ਕਰਤਾ ਹੈ ਅਤੇ ਜਿਸ ਨੇ 'ਚਣਾਕਾ ਸ਼ਾਸਤਰ' ਅਤੇ 'ਸ੍ਰੀ ਗੁਰ ਸੋਭਾ' ਗ੍ਰੰਥ ਲਿਖੇ ਹਨ। ਬਾਬਾ ਸੁਮੇਰ ਸਿੰਘ ਨੇ ਸੈਨਾਪਤਿ ਨੂੰ ਸੈਨਾ ਸਿੰਘ ਕਿਹਾ ਹੈ ਇਸ ਦਾ ਕਾਰਨ ਇਹ ਹੈ ਕਿ ਚੰਦਰ ਸੈਨ ਸ੍ਰੀ ਗੁਰੂ ਗੋਬੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚ ਸ਼ਾਮਲ ਹੋਇਆ ਅਤੇ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜ ਕੇ ਸੈਨਾ ਸਿੰਘ ਹੋ ਗਿਆ। ਕਵੀ ਨੇ 'ਸ੍ਰੀ ਗੁਰ ਸੋਭਾ' ਵਿਚ ਖ਼ਾਲਸੇ ਦੀ ਜਿਸ ਢੰਗ ਨਾਲ ਵਡਿਆਈ ਕੀਤੀ ਹੈ ਅਤੇ ਖ਼ਾਲਸੇ ਦੀ ਰਹਿਤ ਦਾ ਪ੍ਰਚਾਰ ਕੀਤਾ ਹੈ ਉਸ ਤੋਂ ਕੋਈ ਸ਼ੰਕਾ ਨਹੀਂ ਰਹਿੰਦਾ ਕਿ ਉਹ ਸਿੰਘ ਨਾ ਸਜਿਆ ਹੋਵੇ। ਪਹਿਲਾ ਧਿਆਇ ਵੀ ਉਸ ਨੇ 'ਖ਼ਾਲਸਾ ਬਾਚ' ਲਿਖ ਕੇ ਹੀ ਸ਼ੁਰੂ ਕੀਤਾ ਹੈ। ਇਸ ਵਿਚਾਰ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਸੈਨ ਕਵਿ, ਕਵਿ ਸੈਨਾਪਤਿ, ਸੈਨਾ ਸਿੰਘ ਅਤੇ ਖ਼ਾਲਸਾ ਇਕ ਹੀ ਆਦਮੀ ਹੈ ਜਿਸ ਨੇ 'ਸ੍ਰੀ ਗੁਰ ਸੋਭਾ' ਦੀ ਰਚਨਾ ਕੀਤੀ ਹੈ।

## ਇਤਿਹਾਸਕ ਮਹੱਤਵ

ਇਹ ਰਚਨਾ ਸ੍ਰੀ ਗੁਰੂ ਗੋਬੰਦ ਸਿੰਘ ਜੀ ਦੇ ਜੀਵਨ ਉਪਰ ਪਹਿਲੀ ਭਰੋਸੇਯੋਗ ਰਚਨਾ ਹੈ ਜੋ ਕਿ ਉਨ੍ਹਾਂ ਦੇ ਦਰਬਾਰੀ ਕਵੀ ਦੀ ਲਿਖਤ ਹੈ। 'ਸ੍ਰੀ ਗੁਰ ਸੋਭਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਅਜਿਹੀ ਜੀਵਨ ਕਥਾ ਨਹੀਂ ਜਿਹੜੀ ਕਿ ਉਨ੍ਹਾਂ ਦੇ ਸਮੁੱਚੇ ਜੀਵਨ ਦੀਆਂ ਸਰਬ-ਪੱਖੀ ਘਟਨਾਵਾਂ ਉਪਰ ਕ੍ਰਮਵਾਰ ਰੌਸ਼ਨੀ ਪਾਉਂਦੀ ਹੋਵੇ ਪਰ ਇਸ ਵਿਚ ਜ਼ਰਾ ਜਿੰਨਾ ਵੀ ਸੰਦੇਹ ਨਹੀਂ ਕਿ ਜਿੰਨੀਆਂ ਵੀ ਘਟਨਾਵਾਂ ਸੈਨਾਪਤਿ ਨੇ ਲਿਖੀਆਂ ਹਨ ਉਹ ਬਹੁਤ ਹੱਦ ਤਕ ਸਹੀ ਅਤੇ ਇਤਿਹਾਸਕ ਤੱਥਾਂ ਦੇ ਅਨੁਕੂਲ ਹਨ। ਜਿਥੇ ਕਿਧਰੇ ਵੀ ਨਾਂਵਾਂ ਵਿਚ ਅਮੇਲ ਜਾਂ ਘਟਨਾਵਾਂ ਵਿਚ ਕੋਈ ਭੁਲੇਖਾ ਹੈ ਉਹ ਮੌਖਿਕ ਰੂਪ ਵਿਚ ਸੁਣਾਉਣ ਵਾਲਿਆਂ ਤੋਂ ਆਇਆ ਹੈ। ਸੈਨਾਪਤਿ ਨੇ ਜ਼ਿਆਦਾਤਰ ਘਟਨਾਵਾਂ ਦਾ ਅੱਖੀਂ ਡਿੱਠਾ ਹਾਲ ਲਿਖਿਆ ਹੈ। ਕਵੀ ਗੁਰੂ ਦੀ ਹਜ਼ੂਰੀ ਅੰਦਰ ਵਿਚਰਦਾ ਰਿਹਾ ਹੈ ਅਤੇ ਗੁਰੂ ਦੇ ਬਹੁਤ ਸਾਰੇ ਕੌਤਕ ਉਸ ਨੇ ਨਿਕਟਵਰਤੀਆਂ ਤੋਂ ਸੁਣ ਕੇ ਲਿਖੇ ਹਨ।

ਸੰਮਤ 1768 ਵਿਚ ਜਦੋਂ ਇਹ ਗ੍ਰੰਥ ਸਮਾਪਤ ਹੋਇਆ ਤਾਂ ਸੈਨਾਪਤਿ ਦੇ ਹਮਜੋਲੀ ਕਵੀ ਵੀ ਗੁਰੂ ਦਰਬਾਰ ਵਿਚ ਹਾਜ਼ਰ ਸਨ ਜਿਨ੍ਹਾਂ ਨੇ ਲਿਖੇ ਹੋਏ ਵਾਕੇ ਅਤੇ ਕੌਤਕ ਅੱਖੀਂ ਡਿੱਠੇ ਸਨ। ਜੇਕਰ ਉਸ ਰਚਨਾ

ਵਿਚ ਕੋਈ ਕਲੋਲ-ਕਲਪਨਾ ਹੁੰਦੀ ਤਾਂ ਝੱਟ ਸਭ ਨੂੰ ਇਸ ਬਾਰੇ ਪਤਾ ਲਗ ਜਾਣਾ ਸੀ। ਸੈਨਾਪਤਿ ਦੀ ਚਸ਼ਮਦੀਦੀ ਅਤੇ ਗੁਰੂ ਦੀ ਹਜ਼ੂਰੀ ਇਸ ਗ੍ਰੰਥ ਦੇ ਮਹੱਤਵ ਨੂੰ ਵਧਾਉਂਦੀ ਹੈ।

ਖੁਦ ਚੂੰਕਿ ਸੈਨਾਪਤਿ ਨੇ ਇਸ ਵਿਚ ਆਏ ਵਾਕਿਆਤ ਵਿਚ ਕੋਈ ਸਿੱਧਾ ਹਿੱਸਾ ਨਹੀਂ ਲਿਆ ਹੋਇਆ ਜਾਪਦਾ, ਇਸ ਵਲ ਉਸ ਨੇ ਕਿਧਰੇ ਕੋਈ ਇਸ਼ਾਰਾ ਭੀ ਨਹੀਂ ਕੀਤਾ ਹੋਇਆ, ਇਸ ਲਈ ਆਪਣੀ ਵਡਿਆਈ ਦੱਸਣ ਲਈ ਭੀ ਉਸ ਨੂੰ ਕਿਸੇ ਘਾੜਤ ਦੀ ਲੋੜ ਨਹੀਂ ਸੀ।[59]

ਉਪਰੋਕਤ ਸਭ ਗੱਲਾਂ ਨੂੰ ਧਿਆਨ ਵਿਚ ਰਖਦਿਆਂ ਕਿਹਾ ਜਾ ਸਕਦਾ ਹੈ ਕਿ 'ਸ੍ਰੀ ਗੁਰ ਸੋਭਾ' ਸ੍ਰੀ ਗੁਰੂ ਗੋਬੰਦ ਸਿੰਘ ਜੀ ਦੇ ਪਿਛਲੇ ਵੀਹ ਬਾਈ ਸਾਲਾਂ ਦੇ ਇਤਿਹਾਸ ਲਈ ਇਕ ਭਰੋਸੇਯੋਗ ਅਤੇ ਸਮਕਾਲੀ ਸ੍ਰੋਤ ਹੈ। 'ਬਚਿਤ੍ਰ ਨਾਟਕ' ਅਤੇ 'ਸ੍ਰੀ ਗੁਰ ਸੋਭਾ' ਦੇ ਆਧਾਰ 'ਤੇ ਹੀ ਬਾਅਦ ਦੇ ਲਿਖਾਰੀਆਂ; ਭਾਈ ਸੁੱਖਾ ਸਿੰਘ, ਭਾਈ ਸੰਤੋਖ ਸਿੰਘ ਆਦਿ ਨੇ ਆਪਣੇ ਗ੍ਰੰਥਾਂ; 'ਗੁਰਬਿਲਾਸ ਪਾਤਸ਼ਾਹੀ ੧੦', 'ਗੁਰ ਪ੍ਰਤਾਪ ਸੂਰਜ ਗ੍ਰੰਥ' ਆਦਿ ਦੀ ਰਚਨਾ ਕੀਤੀ।

ਜੇ ਕਿਧਰੇ ਸੈਨਾਪਤਿ ਗੁਰੂ ਸਾਹਿਬ ਦੇ ਯੁੱਧਾਂ-ਜੰਗਾਂ ਦੇ ਕਾਰਨਾਂ ਵਲ ਜ਼ਰਾ ਕੁ ਜ਼ਿਆਦਾ ਧਿਆਨ ਦਿੰਦਾ ਅਤੇ ਉਨ੍ਹਾਂ ਦਾ ਕੁਝ ਖੋਲ੍ਹ ਕੇ ਬਿਆਨ ਕਰ ਦਿੰਦਾ ਪਿਛਲੇ ਪਾਠਕਾਂ ਨੂੰ ਸਾਰੀਆਂ ਗੱਲਾਂ ਸਪਸ਼ਟ ਹੋ ਜਾਂਦੀਆਂ ਅਤੇ ਕੋਈ ਗ਼ਲਤ ਅਨੁਮਾਨ ਲਾ ਸਕਣ ਲਈ ਥਾਂ ਨਾ ਰਹਿੰਦੀ।[60]

ਇਸ ਗ੍ਰੰਥ ਬਾਰੇ ਕੁਝ ਵੀ ਕਹੀਏ ਪਰ ਇਹ ਸਿੱਖ-ਇਤਹਾਸ ਲਈ ਆਧਾਰ ਸ੍ਰੋਤ ਹੈ। ਅਕਾਲੀ ਕੌਰ ਸਿੰਘ ਨੇ ਇਸ ਨੂੰ ਪ੍ਰਕਾਸ਼ਿਤ ਕਰਵਾ ਕੇ ਬਹੁਤ ਹੀ ਕੀਮਤੀ ਕਾਰਜ ਕੀਤਾ ਹੈ।

## 7. ਬੁਧੀ ਬਾਰਿਧ ਹਿਤ ਉਪਦੇਸ਼ ਰਤਨਾਕਰ

ਇਸ ਗ੍ਰੰਥ ਬਾਰੇ ਸ੍ਰੀ ਗੁਰ ਸੋਭਾ ਦੇ ਪਹਿਲੇ ਪ੍ਰਕਾਸ਼ਨ ਦੇ ਅਖ਼ੀਰ ਵਿਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ:

***ਇਕ ਵੇਰ ਜ਼ਰੂਰ ਧਿਆਨ ਨਾਲ ਪੜ੍ਹੋ ਜੀ!***

---

[59] ਡਾ. ਗੰਡਾ ਸਿੰਘ (ਸੰਪਾ.), ਸੈਨਾਪਤਿ ਕਵਿ, (ਲੇਖਕ), *ਸ੍ਰੀ ਗੁਰ ਸੋਭਾ*, ਪੰ. 9.

[60] ਉਹੀ, ਪੰ. 10.

*ਖਾਲਸਾ ਜੀ! ਹਰ ਇਕ ਮੁਲਕ ਵਿਚ 'ਦੇਸ਼-ਕੌਮ' ਦੀ ਉੱਨਤੀ-ਸੁਧਾਰ' ਸਬੰਧੀ ਲੈਹਰ ਨੂੰ ਇਤਿਹਾਸ ਵੇਤਾ ਪੈਦਾ ਤਾਂ ਕਰ ਦੇਂਦੇ ਹਨ ਪਰ ਉਸਨੂੰ ਕਾਮਯਾਬੀ ਦੇ ਸਿਖਰ ਤੇ ਪੌਚਾਣਾ ਕੇਵਲ 'ਰਾਜਨੀਤੀ-ਪੋਲੀਟੀਕਲ' ਦੇ ਹੀ ਗਿਆਤਿਆਂ ਦਾ ਕੰਮ ਹੁੰਦਾ ਹੈ। ਇਸੀ ਕਰਕੇ 'ਸ੍ਰੀ ਦਸਮੇਸ ਜੀ' ਨੇ ਪੰਥ ਪ੍ਰਗਟ ਕਰਨ ਤੋਂ ਪੈਹਲੇ ਪੁਰਾਤਨ ਇਤਿਹਾਸ-ਰਾਜਨੀਤਕ' ਗ੍ਰੰਥਾਂ ਨੂੰ ਗੁਰਮੁਖੀ ਵਿਚ ਸੰਗ੍ਰਹ 'ਕੀਤਾ-ਕਰਾਯਾ' ਸੀ, ਜੋ ਅਸਾਡੀ ਭੁਲ ਕਰਕੇ ਗੁਪਤ ਹੋਈ ਜਾਂਦੇ ਹਨ!!! ਪਰ ਹੁਣ ਆਪ ਇਹ 'ਪੜ੍ਹਿ ਸੁਣਕੇ' ਖੁਸ਼ ਹੋਵੋਗੇ ਕਿ ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ ਨਿਹੰਗ ਨੂੰ 'ਸ੍ਰੀ ਦਸਮੇਸ ਜੀ' ਦੇ ਹਜੂਰੀ-ਸੇਵਕ-ਕਵੀਆਂ' ਵਲੋਂ ਸਤਾਰਵੀਂ ਸਦੀ ਵਿਚ ਸੰਸਕ੍ਰਿਤ ਦੇ ਮਸ਼ਹੂਰ ਪੰਚਤੰਤ੍ਰ ਗ੍ਰੰਥ ਦਾ ਬਡੀ 'ਸੁੰਦ੍ਰ-ਰਸੀਲੀ ਕਾਵਯ ਵਿਚ 'ਅਨੁਵਾਦ' ਕੀਤਾ ਇਕ ਗੁਰਮੁਖੀ ਵਿਚ "ਬੁਧੀ ਬਾਰਿਧ ਹਿਤ ਉਪਦੇਸ਼ ਰਤਨਾਕਰ" ਲਿਖਤੀ ਗ੍ਰੰਥ ਪ੍ਰਾਪਤ ਹੋਯਾ ਹੈ, ਜੋ ਗੁਰਸਿੱਖਾਂ ਲਈ ਸੁਭਾਵਕ ਹੀ 'ਸ੍ਰੀ ਦਸਮੇਸ ਜੀ' ਦੇ ਸਮੇਂ ਦੀ 'ਰਚਨਾ-ਲਿਖਤ' ਕਰਕੇ ਬੜੇ 'ਫਖਰ-ਮਾਨ' ਅਤੇ 'ਸ੍ਰੀ ਦਸਮੇਸ ਜੀ' ਦੀ ਇਕ ਤਰਾਂ ਤੋਂ ਆਲੌਕਕ 'ਯਾਦਗਾਰ-ਘਾਲ' ਹੋਣ ਤੇ ਅਤਯੰਤ 'ਕਦਰ-ਪਿਆਰ' ਯੋਗ ਵਸਤੂ ਹੈ। ਜਿਸਦਾ ਇਸ ਤਰਾਂ ਕਿਸੀ ਗੁਠੇ ਗੁਪਤ ਰੈਹਣਾਯੋਗ ਨਹੀਂ ਹੈ ਪਰ ਤਦੇ? ਜੇ ਤੁਸੀਂ ਭੀ ਆਪਣੇ ਸਚੇ 'ਮਾਨ-ਕਦਰ' ਦੇ ਸਬੂਤ ਵਜੋਂ ਇਸ ਮਹੀਨੇ ਦੇ ਅੰਦਰ ਘਟ ਤੋਂ ਘਟ ਪੰਜ ਸੌ ਦਰਖਾਸਤ ਖ੍ਰੀਦਾਰੀ ਦੀ ਭੇਜ ਦਿਓ! ਭਾਵੇਂ ਇਹ ਗ੍ਰੰਥ ਬਹੁਤ ਵਡਾ ਹੈ ਤਾਂ ਭੀ ਇਸ ਖਿਆਲ ਤੇ ਕਿ "ਹਰ ਇਕ ਲੈ ਸਕੇ" ਜਿਥੇ ਇਕ ਰੁਪਏ ਤੋਂ ਵਧੀਕ ਕੀਮਤ ਨਹੀਂ ਰਖੀ ਜਾਵੇਗੀ, ਓਥੇ ਇਹ ਭੀ ਖਾਸ ਰਿਆਇਤ ਹੋਵੇਗੀ ਕਿ ਜੋ ਸੱਜਣ ਘਟ ਤੋਂ ਘਟ ਪੰਞੀ ਗ੍ਰਾਹਕਾਂ ਦੀ ਪੇਸ਼ਕੀ ਰਕਮ (ਪੰਜ ਰੁਪਏ) ਮਨੀਆਰਡਰ ਦੁਆਰੇ ਪਹੁੰਚਾ ਦੇਵਨਗੇ, ਉਨਾਂ ਨੂੰ ਇਕ ਪੁਸਤਕ ਮੁਫਤ ਦਿਤੀ ਜਾਵੇਗੀ, ਇਹੋ ਹੀ ਮੁਫਤ ਲੈਣ ਦਾ ਚੰਗਾ ਤਰੀਕਾ ਹੈ।*

ਇਸ ਗ੍ਰੰਥ ਦਾ ਰਚਨਾ ਕਾਲ ਬਿਕਰਮੀ ਸੰਮਤ 1747 ਹੈ[61] ਜਿਹੜਾ ਅਕਾਲੀ ਕੌਰ ਸਿੰਘ ਨੇ ਖ਼ੁਦ 'ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ' ਦੇ ਅਖ਼ੀਰ ਵਿਚ ਦਿੱਤਾ ਹੋਇਆ ਹੈ। 'ਸ੍ਰੀ ਗੁਰ ਸੋਭਾ' ਦੇ ਅਖ਼ੀਰ ਵਿਚ ਦਿੱਤੀ ਸੂਚਨਾ ਅਪੀਲ ਵੀ ਅਕਾਲੀ ਕੌਰ ਸਿੰਘ ਦੀ ਲਿਖੀ ਹੀ ਲਗਦੀ ਹੈ ਕਿਉਂਕਿ ਲਗਭਗ ਇਸੇ ਤਰ੍ਹਾਂ ਦੀ ਹੀ ਸੂਚਨਾ ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ

---

[61] ਅਕਾਲੀ ਕੌਰ ਸਿੰਘ ਨਿਹੰਗ, *ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ*, ਪੰ. ਆਖ਼ਰੀ, ਅੰਕ ਰਹਿਤ.

ਤਤਕਰਾ' ਦੇ ਅਖ਼ੀਰ ਵਿਚ ਹੈ। ਇਸ ਸੂਚਨਾ ਤੋਂ ਇਹ ਵੀ ਪਤਾ ਲਗਦਾ ਹੈ ਕਿ 1925 ਤੋਂ 1929 ਤਕ ਇਹ ਰਚਨਾ ਅਪੀਲਾਂ ਦੇ ਬਾਵਜੂਦ ਵੀ ਛਪ ਨਹੀਂ ਸਕੀ।

ਇਸ ਗ੍ਰੰਥ ਬਾਰੇ ਜੋ ਲਿਖਿਆ ਹੈ ਉਸ ਤੋਂ ਇਸ ਦੇ ਵਿਸ਼ੇ ਅਤੇ ਅਹਿਮੀਅਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਦੂਜਾ ਇਹ ਸਪਸ਼ਟ ਹੁੰਦਾ ਹੈ ਕਿ ਪਾਠਕਾਂ ਵਿਚ ਇਨ੍ਹਾਂ ਮਹਤਵਪੂਰਨ ਪੁਸਤਕਾਂ ਦੀ ਖਰੀਦਦਾਰੀ ਦਾ ਰੁਝਾਨ ਕੋਈ ਜ਼ਿਆਦਾ ਵਧੀਆ ਨਹੀਂ ਸੀ। ਇਹ ਸਮਸਿਆ ਅਕਾਲੀ ਜੀ ਨੂੰ ਤੁਕ-ਤਤਕਰੇ ਦੀ ਵਿਕਰੀ ਮੌਕੇ ਵੀ ਪੇਸ਼ ਹੋਈ ਸੀ। ਅਜਿਹੇ ਬਹੁਮੱਲੇ ਗ੍ਰੰਥਾਂ ਦੀ ਵਿਕਰੀ ਲਈ ਵੀ ਉਸ ਸਮੇਂ ਪ੍ਰਕਾਸ਼ਕਾਂ ਅਤੇ ਸੰਗ੍ਰਹਿ ਕਰਤਿਆਂ ਵਲੋਂ ਲਾਲਚ ਭਰੀਆਂ ਅਪੀਲਾਂ ਕਰਨੀਆਂ ਪੈਂਦੀਆਂ ਸਨ।

ਹਿੰਮਤ ਸਿੰਘ ਇਸ ਬਾਰੇ ਲਿਖਦੇ ਹਨ ਕਿ ਇਸ ਗ੍ਰੰਥ ਦਾ ਪ੍ਰਕਾਸ਼ਨ 'ਭਾਈ ਨਾਨਕ ਸਿੰਘ, ਕ੍ਰਿਪਾਲ ਸਿੰਘ ਹਜ਼ੂਰੀਆ ਪ੍ਰਦੇਸੀ ਮਾਲਵਾ ਪ੍ਰੈਸ ਅੰਮ੍ਰਿਤਸਰ' ਦੁਆਰਾ ਹੋਇਆ ਸੀ।[62] ਪਰ ਅਤਰ ਸਿੰਘ ਭਾਗਵੰਤ ਨੇ ਲਿਖਿਆ ਹੈ ਕਿ ਦਸਮੇਸ਼ ਜੀ ਦੇ ਸਮੇਂ ਦੇ ਇਕ ਗੁਰੂ ਪ੍ਰੇਮੀ ਕਵੀ ਜੀ ਦੀ ਰਾਜਨੀਤੀ ਰਚਨਾ ਜੋ ਕਿ ਬਿ. ਸੰਮਤ 1747 ਵਿਚ ਉਸ ਨੇ ਸੰਸਕ੍ਰਿਤ ਤੋਂ ਗੁਰਮੁਖੀ ਅੱਖਰਾਂ ਤੇ ਬ੍ਰਿਜ ਭਾਸ਼ਾ ਵਿਚ ਰਚੀ ਹੈ, ਅਣਛਪੀ ਹੈ।[63] ਸਾਨੂੰ ਵੀ ਇਹ ਰਚਨਾ ਕਾਫੀ ਯਤਨਾਂ ਦੇ ਬਾਵਜੂਦ ਵੀ ਪ੍ਰਾਪਤ ਨਹੀਂ ਹੋ ਸਕੀ।

## 8. ਗੁਟਕਾ ਪ੍ਰਮਾਣੀਕ ਨਿਤਨੇਮ

ਇਸ ਗੁਟਕੇ ਦਾ ਪ੍ਰਕਾਸ਼ਨ 1927 ਈ: ਨੂੰ ਕੀਤਾ ਗਿਆ। ਅਕਾਲੀ ਕੌਰ ਸਿੰਘ ਨੇ ਉਸ ਸਮੇਂ ਨਿਤਨੇਮ ਦੀਆਂ ਬਾਣੀਆਂ ਦੀ ਸਮੱਸਿਆ, ਜੋ ਸੰਖਿਆ, ਸਮਾਂ, ਸਰੂਪ ਅਤੇ ਸੀਮਾ ਆਦਿ ਕਰਕੇ ਸੀ, ਉਸ ਨੂੰ ਮੁੜ ਪ੍ਰਮਾਣਿਕ ਹਵਾਲਿਆਂ ਦੁਆਰਾ ਸਥਾਪਿਤ ਕੀਤਾ। ਇਹ ਗੁਟਕਾ ਸੰਪ੍ਰਦਾਇ ਤੇ ਸਿੰਘ ਸਭੀਆਂ ਦੋਹਾਂ ਨੂੰ ਪ੍ਰਵਾਨ ਸੀ। ਸਿੱਖੀ ਮਰਯਾਦਾ ਬਾਰੇ ਅਕਾਲੀ ਜੀ ਦੀ ਰਾਇ ਨੂੰ ਅਧਿਕ ਭਰੋਸੇਯੋਗ ਅਤੇ ਜ਼ਿੰਮੇਵਾਰਾਨਾ ਸਮਝਿਆ ਜਾਂਦਾ ਸੀ, ਜਿਸ ਕਰਕੇ ਆਪ ਨੂੰ ਸਿੱਖ ਰਹਿਤ ਮਰਯਾਦਾ ਤਿਆਰ ਕਰਨ ਲਈ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰ ਕੀਤੀ ਗਈ 25 ਮੈਂਬਰੀ 'ਰਹੁ ਰੀਤੀ ਸਬ ਕਮੇਟੀ' ਦਾ ਮੈਂਬਰ ਵੀ ਬਣਾਇਆ ਗਿਆ ਸੀ। ਇਸ ਸਬ-

---

[62] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 82.

[63] ਅਤਰ ਸਿੰਘ ਭਾਗਵੰਤ (ਸੰਪਾ.) *ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ*, ਪੰ. 144.

ਕਮੇਟੀ ਦੇ ਸਮਾਗਮ 4-5 ਅਕਤੂਬਰ 1931, 3 ਜਨਵਰੀ 1932 ਅਤੇ 31 ਜਨਵਰੀ 1931 ਨੂੰ ਅਕਾਲ ਤਖ਼ਤ ਸਾਹਿਬ ਉੱਤੇ ਹੋਏ।[64] ਭਾਈ ਵੀਰ ਸਿੰਘ ਜੀ ਲਿਖਦੇ ਹਨ, ਅਕਾਲੀ ਜੀ ਆਲਮ ਬਾਅਮਲ ਸਨ। ਕੋਈ ਗੁਰਮਤ ਦਾ ਖਰੜਾ ਪਾਸ ਨਹੀਂ ਸੀ ਹੁੰਦਾ ਜਦ ਤਕ ਅਕਾਲੀ ਜੀ ਸੇਹੀ ਨਹੀਂ ਸਨ ਪਾਉਂਦੇ। ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਬੜੀ ਖੋਜ ਭਰੀ ਗੁਪਤ ਗੂੜ ਭਾਵਾਂ ਦੀ ਹੁੰਦੀ ਸੀ। ਉਹ ਅਸਲੀ ਤੌਰ ਪਰ ਸਿੱਖੀ ਦਾ ਸਰੂਪ ਸਨ।[65]

ਸਿੱਖੀ ਅਸੂਲਾਂ ਨੂੰ ਇਕ ਪ੍ਰਪੱਕ ਸਰੂਪ ਅਤੇ ਪ੍ਰਮਾਣਿਕ ਲੀਹ ਪ੍ਰਦਾਨ ਕਰਨ ਦੀ ਲੋੜ ਨੂੰ ਤੀਬਰਤਾ ਨਾਲ ਅਨੁਭਵ ਕਰਦਿਆਂ ਅਕਾਲੀ ਜੀ ਗੁਟਕੇ ਦੀ ਭੂਮਿਕਾ ਵਿਚ ਲਿਖਦੇ ਹਨ:

*ਵਰਤਮਾਨ ਵਿਚ ਜੇ ਪੁਰਾਤਨ ਪੰਥਕ 'ਲਿਖਤ ਰਵਾਜ' ਨੂੰ ਨਾ ਸਤਿਕਾਰਿਆ ਗਿਆ ਤਦ ਖਤਰਾ ਹੈ ਕਿ ਤਰਕਬਾਦ ਦੇ ਹਰ ਦੋ ਕਦਮ ਅਗਾਂਹ ਵਧਣ ਕਰਕੇ, ਨਿਯਤ ਬਾਣੀਆਂ ਦਾ ਪਾਠ ਕਰਨ ਵਲੋਂ ਸਹਜੇ ਹੀ 'ਖ਼ਾਲਸੇ ਖ਼ੁਲਾਸਾ' ਹੋ ਕੇ ਜਿਥੇ ਦਿਨ ਚੜ੍ਹੇ ਤਕ ਧਰਮਰਾਜ ਦੀ ਸਪੁੱਤ੍ਰੀ ਦੀ ਗੋਦ ਵਿਚ ਲੋਰੀਆਂ ਲੈਣ ਲੱਗ ਜਾਣਗੇ ਉੱਥੇ ਸੁਭਾਵਕ ਹੀ ਸੰਞ ਵੇਲੇ 'ਸੈਰ-ਸਪਾਟੇ ਦੇ ਬੁੱਲ੍ਹੇ' ਭੀ ਲੁੱਟਿਆ ਕਰਨਗੇ।*

*ਵਾਹਿਗੁਰੂ-ਗੁਰੂ ਮਿਹਰ ਕਰੇ ਐਸਾ ਸਮਾਂ ਨਾ ਆਵੇ ਅਤੇ ਸਦਾ ਲਈ 'ਗਾਵਹੁ ਸੁਣਹੁ ਪੜਹੁ ਨਿਤ ਭਾਈ' ਇਸ ਗੁਰਵਾਕ ਦੀ ਪਾਲਨਾ ਕਰਕੇ 'ਲੋਕ ਸੁਖੀਏ ਪਰਲੋਕ ਸੁਹੇਲੇ' ਹੋਣ ਦੇ ਅਧਿਕਾਰੀ ਬਣੇ ਰਹੀਏ।*[66]

ਇਸ ਗੁਟਕੇ ਦਾ ਸਰੂਪ ਹੇਠ ਲਿਖੇ ਅਨੁਸਾਰ ਹੈ :-

ੳ. ਅੰਮ੍ਰਿਤ ਵੇਲੇ ਦੇ ਪਾਠ ਦੀਆਂ ਬਾਣੀਆਂ :

1. ਜਪੁ, ਸਤ ਸ਼ਬਦ (ਹਜ਼ਾਰੇ)

2. ਜਾਪੁ, 10 ਸ਼ਬਦ, 10 ਸਵਯੇ।

ਅ. ਸ਼ਾਮ (ਸੰਧਿਆ) ਵੇਲੇ ਦੇ ਪਾਠ ਦੀਆਂ ਬਾਣੀਆਂ :

1. ਰਹਿਰਾਸੁ

2. ਆਰਤੀ (ਪੰਜ ਸ਼ਬਦ)

---

[64] ਸਿੱਖ ਰਹਿਤ ਮਰਯਾਦਾ, ਪੰ. 3.

[65] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ*, ਪੰ. 177.

[66] ਗੁਟਕੇ ਦੀ ਭੂਮਿਕਾ, ਉਦਰਿਤ, ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਤ੍ਵ ਤੇ ਸਾਹਿਤ ਰਚਨਾ*, ਪੰਨੇ 83-84.

ੲ. ਰਾਤ ਵੇਲੇ :

ਸੋਹਿਲਾ ਸਾਹਿਬ (ਪੰਜ ਸ਼ਬਦ)[67]

## 9. ਭੋਜਨ ਸੀਂਗਾਰ

ਇਹ ਰਚਨਾ ਇਕ ਟ੍ਰੈਕਟ ਦੇ ਰੂਪ ਵਿਚ ਪ੍ਰਦੇਸੀ ਮਾਲਵਾ ਪ੍ਰੈਸ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੋਈ ਜੋ ਕਿ ਮਿਤੀ ਹੀਣ ਹੈ ਪਰ ਅਕਾਲੀ ਕੌਰ ਸਿੰਘ ਨੇ ਇਸ ਦੀ ਭੂਮਿਕਾ ਵਿਚ 20-8-26 ਮਿਤੀ ਲਿਖੀ ਹੋਈ ਹੈ। ਜਿਵੇਂ ਇਸ ਰਚਨਾ ਦੇ ਨਾਮ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਇਹ ਮਨੁੱਖੀ ਭੋਜਨ ਨਾਲ ਸੰਬੰਧਤ ਹੈ। ਇਸ ਵਿਚ ਵੱਖ-ਵੱਖ ਸਿਰਲੇਖਾਂ ਹੇਠ ਆਚਾਰ, ਮੁਰੱਬੇ ਅਤੇ ਚਟਨੀਆਂ ਆਦਿ ਤਿਆਰ ਕਰਨ ਦੀਆਂ ਵਿਧੀਆਂ ਅਤੇ ਲਾਭ ਦੱਸੇ ਗਏ ਹਨ।

ਇਸ ਰਚਨਾ (ਟ੍ਰੈਕਟ) ਦੀ ਭੂਮਿਕਾ ਵਿਚ ਅਕਾਲੀ ਕੌਰ ਸਿੰਘ ਨੇ ਖਟ-ਰਸ (ਛੇ ਰਸਾਂ); ਖੱਟਾ, ਮਿੱਠਾ, ਕਸੈਲਾ, ਖਾਰਾ, ਕਟੂ (ਤਿੱਖਾ) ਅਤੇ ਕੌੜੇ ਦੇ ਗੁਣ-ਦੋਸ਼ ਵੀ ਦੱਸੇ ਹਨ। ਉਨ੍ਹਾਂ ਨੇ ਦੱਸਿਆ ਕਿ ਮਨੁੱਖ ਨੂੰ ਇਨ੍ਹਾਂ ਰਸਾਂ ਨੂੰ ਵਿਧੀ ਪੂਰਵਕ ਅਤੇ ਸਹੀ ਮਿਕਦਾਰ ਵਿਚ ਵਰਤਣਾ ਚਾਹੀਦਾ ਹੈ। ਉਸ ਸਮੇਂ ਪੰਜਾਬੀ ਵਿਚ ਇਸ ਤੋਂ ਪਹਿਲਾਂ ਕੋਈ ਅਜਿਹੀ ਰਚਨਾ ਨਹੀਂ ਮਿਲਦੀ ਸੀ ਇਸ ਕਰਕੇ ਅਕਾਲੀ ਜੀ ਨੇ ਇਸ ਨੂੰ ਟ੍ਰੈਕਟ ਰੂਪ ਵਿਚ ਛਾਪ ਕੇ ਪ੍ਰਕਾਸ਼ਿਤ ਕਰਵਾਇਆ।

ਆਰੰਭ ਵਿਚ 'ਪੈਹਲੀ ਅਲਮਾਰੀ' ਸਿਰਲੇਖ (ਅੰਬ ਦੇ ਆਚਾਰ) ਸਿਰਲੇਖ ਹੇਠ ਅੰਬ ਦੇ ਆਚਾਰ ਤਿਆਰ ਕਰਨ ਦੀਆਂ ਵੱਖ-ਵੱਖ ਵਿਧੀਆਂ ਦੱਸੀਆਂ ਗਈਆਂ ਹਨ ਜਿਨ੍ਹਾਂ ਵਿਚ 18 ਪ੍ਰਕਾਰ ਦੀਆਂ ਅੰਬ ਦਾ ਆਚਾਰ ਤਿਆਰ ਕਰਨ ਦੀਆਂ ਵਿਧੀਆਂ ਅੰਕਿਤ ਹਨ। ਇਸ ਦੀ ਬਹੁਭਾਂਤੀ ਵਰਤੋਂ ਅਤੇ ਫਾਇਦੇ ਵੀ ਦੱਸੇ ਗਏ ਹਨ।

ਉਸ ਤੋਂ ਬਾਅਦ 'ਦੂਜੀ ਅਲਮਾਰੀ (ਕਿਸਮ 2 ਦੇ ਆਚਾਰ)' ਸਿਰਲੇਖ ਹੈ ਜਿਸ ਵਿਚ ਅਦਰਕ, ਆਲੂ, ਆਂਵਲੇ, ਅਰਬੀ, ਇਮਲੀ, ਸ਼ਕਰਕੰਦੀ, ਰਾਮਤੋਰੀ, ਘੀਆ-ਤੋਰੀ, ਸੇਮਫਲੀ, ਸਿੰਘਾੜੇ, ਕਟਹਰ, ਕਚਰੀ, ਕੱਦੂ, ਕਰੌਦੇ ਆਦਿ ਦੇ ਆਚਾਰ ਤਿਆਰ ਕਰਨ ਦੇ ਵੱਖਰੇ-ਵੱਖਰੇ ਤਰੀਕੇ ਅਤੇ ਲਾਭ ਦੱਸੇ ਹਨ।

---

[67] ਹਿੰਮਤ ਸਿੰਘ, ਜੀਵਨ, ਵਿਅਕਤਿਤ੍ਵ ਤੇ ਸਾਹਿਤ ਰਚਨਾ, ਪੰ. 83.

ਅਗਲਾ ਸਿਰਲੇਖ 'ਤੀਜੀ ਅਲਮਾਰੀ (ਖੱਟੀਆਂ ਮਿੱਠੀਆਂ ਚਟਨੀਆਂ) ਹੈ ਜਿਸ ਵਿਚ ਅੰਬ, ਅੰਬੀਆਂ, ਅੰਬਾੜੇ, ਆਂਵਲੇ. ਕੈਥੇ, ਨਾਰੰਗੀ, ਕਰੌਂਦੇ, ਫਾਲਸੇ. ਅਨਾਰ, ਇਮਲੀ, ਆਲੂ ਬੁਖਾਰੇ ਆਦਿ ਦੀਆਂ ਚਟਨੀਆਂ ਬਾਰੇ ਲਿਖਿਆ ਹੈ।

'ਚੌਥੀ ਅਲਮਾਰੀ ਮੁਰੱਬਿਆਂ ਦੀ' ਸਿਰਲੇਖ ਹੇਠ ਅਖਰੋਟ, ਅਦਰਕ, ਅਨਾਨਾਸ, ਅਮਰੂਦ, ਅਲੂਚਾ, ਆਲੂ, ਆਲੂ ਬੁਖਾਰਾ, ਆਂਵਲੇ, ਅੰਬ, ਅੰਬੀਆਂ, ਆੜੂ, ਅੰਜੀਰ, ਇਮਲੀ, ਸਾਲਬ ਮਿਸ਼ਰੀ, ਸੇਬ, ਸੁੰਢ ਆਦਿ ਲਗਭਗ 40 ਪ੍ਰਕਾਰ ਦੇ ਮੁਰੱਬਿਆਂ ਦੀਆਂ ਵਿਧੀਆਂ ਹਨ।

ਸਿਰਲੇਖ 'ਪੰਜਮੀ ਅਲਮਾਰੀ (ਪਾਕ ਆਦੀ)' ਹੈ ਜਿਸ ਵਿਚ ਬਿਮਾਰੀਆਂ ਤੋਂ ਬਚਾਅ ਲਈ ਵੱਖ-ਵੱਖ ਪਾਕ ਬਣਾਉਣ ਦੀਆਂ ਵਿਧੀਆਂ ਹਨ ਜਿਵੇਂ: ਪੇਠਾ ਪਾਕ, ਕੁਮਾਰੀ ਆਸਵ, ਲਹਸਨ ਪਾਕ, ਪੀਪਲ ਪਾਕ, ਸੋਹਾਗ ਸੌਠ ਪਾਕ ਅਤੇ ਸੁਪਾਰੀ ਪਾਕ ਆਦਿ।

ਇਸ ਟ੍ਰੈਕਟ ਵਿਚ ਆਖ਼ਰੀ ਸਿਰਲੇਖ 'ਸ਼ਰਬਤ ਦੀ ਅਲਮਾਰੀ' ਹੈ ਜਿਸ ਵਿਚ ਸ਼ਰਬਤ ਤਿਆਰ ਕਰਨ ਦੀਆਂ ਵਿਧੀਆਂ ਹਨ ਜਿਨ੍ਹਾਂ ਵਿਚ ਬਹੇੜੇ ਦਾ ਸ਼ਰਬਤ, ਨਿੰਬੂ ਦਾ ਸ਼ਰਬਤ, ਬਕਾਯਨ (ਧਰੇਕ) ਦਾ ਸ਼ਰਬਤ, ਤਪ ਤੇ ਖਾਂਸੀ ਦਾ ਸ਼ਰਬਤ, ਖੀਰੇ ਦੇ ਬੀਜਾਂ ਦਾ ਸ਼ਰਬਤ ਅਤੇ ਕੱਦੂ ਦੇ ਬੀਜਾਂ ਦਾ ਸ਼ਰਬਤ ਹਨ।

ਅਕਾਲੀ ਜੀ ਦੀ ਰਚਨਾ 'ਸੁਖ ਸਾਗਰ' ਦੀ ਤਰ੍ਹਾਂ 'ਭੋਜਨ ਸੀਂਗਾਰ' ਵੀ ਚਕਿਤਸਾ ਨਾਲ ਜੁੜੀ ਹੋਈ ਆਖ ਸਕਦੇ ਹਾਂ। ਇਸ ਵਿਚ ਉਨ੍ਹਾਂ ਨੇ ਭਿੰਨ-ਭਿੰਨ ਤਰ੍ਹਾਂ ਦੇ ਅਚਾਰ, ਪਾਕ, ਮੁਰੱਬੇ, ਸ਼ਰਬਤ ਆਦਿ ਦੀਆਂ ਕੀਮਤੀ ਵਿਧੀਆਂ ਦੱਸ ਕੇ ਮਨੁੱਖਤਾ ਲਈ ਪਰਉਪਕਾਰ ਭਰਿਆ ਕਾਰਜ ਕੀਤਾ ਹੈ। ਮਨੁੱਖੀ ਸਰੀਰ ਲਈ ਇਹ ਰਚਨਾ ਬਹੁਤ ਹੀ ਲਾਹੇਵੰਦ ਹੈ।

## 10. ਵਿਚਾਰਕਾਂ ਦੀ ਪੋਥੀ

ਇਸ ਰਚਨਾ ਦੇ ਕੁਲ ਪੰਨੇ 84 ਹਨ। ਇਹ ਰਚਨਾ ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਦੇ ਰੈਫਰੈਂਸ ਨੰ. 5500 ਹੇਠ ਹੈ। ਉਪਰੋਕਤ ਸੂਚਨਾ ਭਾਸ਼ਾ ਵਿਭਾਗ, ਪਟਿਆਲਾ ਦੇ ਛਪੇ ਹੋਏ ਕੈਟਾਲੋਗ ਤੋਂ ਪ੍ਰਾਪਤ ਕੀਤੀ ਗਈ ਹੈ। ਭਾਸ਼ਾ ਵਿਭਾਗ ਦੀ ਰੈਫ਼ਰੈਂਸ ਲਾਇਬਰੇਰੀ ਵਿਚ ਚੰਗੀ ਤਰ੍ਹਾਂ ਖੋਜਣ ਅਤੇ ਅਧਿਕਾਰੀਆਂ ਨਾਲ ਸੰਪਰਕ ਕਰਨ ਦੇ ਬਾਵਜੂਦ ਇਹ ਰਚਨਾ ਉਥੇ ਨਹੀਂ ਮਿਲ ਸਕੀ। ਉਸ ਲਾਇਬਰੇਰੀ ਵਿਚੋਂ ਇਹ ਗੁੰਮ ਹੈ। ਇਸ ਤੋਂ ਇਲਾਵਾ

ਹੋਰ ਵੀ ਸੰਭਾਵਿਤ ਥਾਵਾਂ ਅਤੇ ਲਾਇਬਰੇਰੀਆਂ ਵਿਚੋਂ ਇਹ ਪੁਸਤਕ ਨਹੀਂ ਮਿਲ ਸਕੀ। ਸਾਡੇ ਕੋਲ ਇਸ ਰਚਨਾ ਦੀ ਸਿਰਫ ਸੂਚਨਾ ਹੈ ਕਿ ਇਹ ਮਿਸ਼ਨ ਪ੍ਰੈਸ ਲੁਧਿਆਣਾ ਦੁਆਰਾ ਪ੍ਰਕਾਸ਼ਤ ਕੀਤੀ ਰਚਨਾ ਹੈ।

## 11. ਚੁਰਾਇਆ ਸੂਰਜ

ਬਾਲ ਸਾਹਿਤ ਨਾਲ ਸੰਬੰਧਤ ਅਕਾਲੀ ਕੌਰ ਸਿੰਘ ਦੀ ਰਚਨਾ 'ਚੁਰਾਇਆ ਸੂਰਜ' ਹੈ ਜਿਹੜੀ ਕਿ ਕੋਰਨੀ ਚੁਕੋਵਸਤੀ ਦੀ ਰਚਨਾ ਦਾ ਅਨੁਵਾਦ ਹੈ। ਨਵਯੁਗ ਪਬਲਿਸ਼ਰਜ਼ ਦੁਆਰਾ ਇਸ ਰਚਨਾ ਨੂੰ ਛਾਪਿਆ ਗਿਆ ਅਤੇ ਇਸ ਦੇ ਕੁਲ ਪੰਨੇ 16 ਹਨ। ਇਹ ਰਚਨਾ ਵੀ ਸਾਨੂੰ ਪ੍ਰਾਪਤ ਨਹੀਂ ਹੋਈ ਅਤੇ ਭਾਸ਼ਾ ਵਿਭਾਗ ਦੇ ਕੈਟਾਲੋਗ ਵਿਚ ਰੈਫਰੈਂਸ ਨੰ. 12277 ਪਿਆ ਹੋਇਆ ਹੈ।

## 12. ਖਾਲਸੇ ਦੀ ਉਪਮਾ (ਗ੍ਰੰਥ 'ਲੋਹ ਪ੍ਰਕਾਸ਼' ਵਿਚੋਂ)

'ਸਰਬ ਲੋਹ ਗ੍ਰੰਥ' ਜਿਸ ਵਿਚੋਂ ਖਾਲਸਾ ਮਹਿਮਾ, ਖਾਲਸਾ ਮੇਰੋ ਰੂਪ ਹੈ ਖਾਸ, ਅਤੇ ਗੁਰੂ ਗ੍ਰੰਥ ਮਹਿਮਾ ਤੇ 'ਵਾਹਿਗੁਰੂ' ਸ਼ਬਦ ਬਾਰੇ ਵਿਸ਼ੇਸ਼ ਕਰਕੇ ਬਚਨ ਹਨ, ਅਕਾਲੀ ਕੌਰ ਸਿੰਘ ਜੀ ਨੇ ਇਸ ਵੱਡੇ ਗ੍ਰੰਥ ਵਿਚੋਂ ਇਹ ਅੰਸ਼ ਕਢ ਕੇ 1925 ਈ. ਵਿਚ (ਦੇਵੀ ਦਾਸ ਪ੍ਰਿੰਟਿੰਗ ਪ੍ਰੈਸ ਤੋਂ) ਸਮੇਤ ਨਿਹੰਗ ਹਜ਼ੂਰਾ ਸਿੰਘ ਜੀ ਦੇ ਟੀਕੇ ਦੇ ਛਪਵਾ ਕੇ ਸੰਗਤਾਂ ਵਿਚ ਵੰਡੇ ਸਨ, ਜਿਨ੍ਹਾਂ ਤੋਂ ਅੱਗੇ ਕਈ ਪ੍ਰੇਮੀਆਂ ਨੇ ਇਹ ਭਾਗ ਕਈ ਵਾਰੀ ਛਾਪੇ ਤੇ ਪ੍ਰਚਾਰੇ ਹਨ, ਇਸ 32 ਸਫ਼ੇ ਦੀ ਪੁਸਤਕਾ ਦੇ ਆਰੰਭ ਵਿਚ ਅਕਾਲੀ ਜੀ ਦੀ ਭੂਮਕਾ ਹੈ।[68] ਇਸ ਜਾਣਕਾਰੀ ਨੂੰ ਪੜ੍ਹ ਕੇ ਇੰਞ ਲਗਦਾ ਹੈ ਕਿ ਇਹ ਪੁਸਤਕ ਹਜ਼ੂਰਾ ਸਿੰਘ ਨਿਹੰਗ ਅਤੇ ਅਕਾਲੀ ਕੌਰ ਸਿੰਘ ਦੀ ਸਾਂਝੀ ਹੋਵੇ। ਹੋ ਸਕਦਾ ਹੈ ਕਿ ਅਕਾਲੀ ਕੌਰ ਸਿੰਘ ਨੇ ਇਹ ਸਾਰਾ ਮਸਾਲਾ ਇਕੱਠਾ ਕੀਤਾ ਹੋਵੇ ਅਤੇ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ ਨੇ ਵਿਆਖਿਆ ਕੀਤੀ ਹੋਵੇ ਕਿਉਂਕਿ ਹਜ਼ੂਰਾ ਸਿੰਘ ਜੀ ਦਾ ਨਾਮ ਟੀਕਾਕਾਰ ਵਜੋਂ ਅੰਕਿਤ ਕੀਤਾ ਗਿਆ ਹੈ ਅਤੇ ਅਕਾਲੀ ਜੀ ਨੇ ਭੂਮਕਾ ਲਿਖੀ ਹੈ। ਭੂਮਕਾ ਵਿਚ ਭਾਈ ਪ੍ਰਤਾਪ ਸਿੰਘ ਜੀ ਦਾ ਨਾਮ ਵੀ ਹੈ ਜਿਨ੍ਹਾਂ ਨੇ ਇਸ ਗ੍ਰੰਥ ਨੂੰ ਪ੍ਰਕਾਸ਼ਤ ਕਰਵਾਇਆ।

---

[68] *ਪ੍ਰਕਾਸ਼*, 7 ਅਗਸਤ, 1970.

ਇਸ ਟੀਕੇ (ਗ੍ਰੰਥ) ਦੀ ਭੂਮਕਾ ਅਕਾਲੀ ਕੌਰ ਸਿੰਘ ਨੇ ਲਿਖੀ-

*ਭੂਮਕਾ*

*ਪੰਥ ਵਿਚ ਪੁਰਾਤਨ ਬ੍ਰਿਧ ਸਿੰਘ ਪੂਰਨ ਭਰੋਸੇ ਨਾਲ ਪ੍ਰਗਟ ਕਰਦੇ ਰਹੇ ਹਨ ਕਿ "ਸ੍ਰੀ ਸਰਬ ਲੋਹ ਗ੍ਰੰਥ" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ਅਤੇ ਵਰਤਮਾਨ ਵਿਚ ਭੀ ਏਹ ਆਮ ਮਸ਼ਹੂਰ ਮੰਨੀ ਪਰਮੰਨੀ ਗਲ ਹੈ ਪ੍ਰੰਤੂ ਜਿਸਤਰਾਂ ਦਸਮ ਗ੍ਰੰਥ ਸਾਹਿਬ ਜੀ ਛਾਪੇ ਵਿਚ ਪ੍ਰਕਾਸ਼ ਹੋ ਕੇ ਹਰ ਥਾਂ ਬਿਰਾਜੇ ਹਨ ਇਸਤਰਾਂ ਇਸ ਗ੍ਰੰਥ ਦਾ ਪ੍ਰਕਾਸ਼ ਨਹੀਂ ਹੋ ਸਕਿਆ ਇਸੀ ਕਰਕੇ "ਸਰਬ ਲੋਹ ਗ੍ਰੰਥ" ਦੀਆਂ ਵਧੀਕ ਤੋਂ ਵਧੀਕ ਸ਼ਾਇਦ ਦਸ ਜਿਲਦਾਂ ਹੋਣਗੀਆਂ ਕੁਲ ਇੰਡੀਆ ਵਿਚ।*

*ਇਸ ਬਾਣੀ ਦੇ ਪਾਠੀ ਤੇ ਪ੍ਰੇਮੀ ਜਿੰਨਾ ਨੂੰ ਇਸ ਗ੍ਰੰਥ ਦੇ ਬਹੁਤ ਅਰਸੇ ਤੋਂ ਦੀਦਾਰੇ ਪ੍ਰਾਪਤ ਹਨ, ਓਹ ਕੇਵਲ ਸ੍ਰੀ ਮਾਨ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ ਹੈਡ ਗ੍ਰੰਥੀ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਵਾਲੇ ਹਨ ਉਨ੍ਹਾਂ ਦੀ ਪ੍ਰੇਰਨਾ ਅਨੁਸਾਰ ਭਾਈ ਪ੍ਰਤਾਪ ਸਿੰਘ ਜੀ ਨੇ ਬੜੇ ਚਾਓ ਤੇ ਪ੍ਰੇਮ ਨਾਲ ਏਹ ਗੁਰੂ ਗ੍ਰੰਥ ਮਹਾਤਮ ਤੇ 'ਵਾਹਿਗੁਰੂ' ਮੰਤ੍ਰ ਦਾ ਨਿਰਨੈ ਖਾਲਸੇ ਵਿਚ ੧੦ ਤਯਾਗ ੧੦ ਗ੍ਰੈਹਨਤ ਤੇ ਖਾਲਸੇ ਦੀ ਮੈਹਮਾਂ ਆਦਕ ਨੂੰ ਸ੍ਰਬ ਲੋਹ ਵਿਚੋਂ ਪ੍ਰਕਾਸ਼ਤ ਕਰਾਯਾ ਹੈ। ਵਾਹਿਗੁਰੂ ਮੇਹਰ ਕਰੇ ਕਿ ਪੰਥ ਵਿਚੋਂ ਕਿਸੀ ਪ੍ਰੇਮੀ ਰਾਜੇ ਮਹਾਰਾਜੇ ਧਨਾਢ ਸਿੱਖ ਦਾ ਧਿਆਨ ਤੇ ਏਹ ਪੁਰਾਤਨ ਰਚਨਾ ਰੂਪੀ ਦਾਤ ਛਪਾਉਣ ਦੀ ਤੇ ਪ੍ਰਚਾਰ ਦੀ ਸੇਵਾ ਵੱਲ ਲਗੇ।*

*ਪ੍ਰਾਰਥਿਕ- **ਅਕਾਲੀ ਕੌਰ ਸਿੰਘ ਨਿਹੰਗ***

*ਅੰਮ੍ਰਿਤਸਰ ੨੨-੧੦-੨੫*[69]

## 13. **ਕੁਰਾਨ ਸ਼ਰੀਫ਼ ਦੀਆਂ ਗੁਰਬਾਣੀ ਨਾਲ ਮਿਲਦੀਆਂ ਆਇਤਾਂ**

ਅਕਾਲੀ ਕੌਰ ਸਿੰਘ ਨੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਜਿਹੜੀਆਂ ਗੁਰਬਾਣੀ ਸਿਧਾਂਤ ਨਾਲ ਮੇਲ ਖਾਂਦੀਆਂ ਸਨ ਉਹ ਵੀ ਇਕ ਜਗ੍ਹਾ ਇਕੱਤਰ ਕੀਤੀਆਂ। ਇਸ ਤੋਂ ਪਤਾ ਲਗਦਾ ਹੈ ਕਿ ਅਕਾਲੀ ਕੌਰ ਸਿੰਘ ਦੇ ਚਿੰਤਨ ਦਾ ਦਾਇਰਾ ਕਿੰਨਾ ਵਿਸ਼ਾਲ ਸੀ। ਦੂਸਰੇ ਧਰਮ ਗ੍ਰੰਥਾਂ ਦੇ ਅਧਿਐਨ ਨੂੰ ਕਿੰਨੀ ਤਰਜੀਹ ਦਿੰਦੇ ਸਨ। ਡਾ. ਜਸਬੀਰ ਸਿੰਘ ਦੇ ਦੱਸਣ ਮੁਤਾਬਕ ਅਕਾਲੀ ਕੌਰ ਸਿੰਘ ਦੀ ਇਹ ਹੱਥ-ਲਿਖਤ ਡਾ. ਜਸਬੀਰ ਸਿੰਘ ਸਰਨਾ ਜੰਮੂ

---

[69] *ਖਾਲਸੇ ਦੀ ਉਪਮਾ* (ਗ੍ਰੰਥ ਲੋਹ ਪ੍ਰਕਾਸ਼ ਵਿਚੋਂ), ਟੀਕਾਕਾਰ ਅਕਾਲੀ ਹਜ਼ੂਰਾ ਸਿੰਘ ਜੀ ਨਿਹੰਗ, ਪੰ. ਭੂਮਕਾ

ਵਾਲਿਆਂ ਪਾਸ ਸੁਰੱਖਿਅਤ ਹੈ ਅਤੇ ਉਨ੍ਹਾਂ ਨੇ ਭਾਗਵੰਤ ਅਤਰ ਸਿੰਘ ਪਾਸੋਂ ਪ੍ਰਾਪਤ ਕੀਤੀ ਸੀ। ਅਕਾਲੀ ਜੀ ਨੇ 30-35 ਆਇਤਾਂ ਇਕੱਠੀਆਂ ਕੀਤੀਆਂ ਜੋ ਗੁਰਬਾਣੀ ਸਿਧਾਂਤ ਨਾਲ ਮੇਲ ਖਾਂਦੀਆਂ ਹਨ। ਡਾ. ਜਸਬੀਰ ਸਿੰਘ ਸਰਨਾ ਨੇ 2 ਸਾਲ ਲਗਾ ਕੇ ਇਸ ਉਪਰ ਹੋਰ ਕਾਰਜ ਕਰ ਕੇ ਇਨ੍ਹਾਂ ਦੀ ਗਿਣਤੀ ਵਧਾ ਕੇ 114 ਤਕ ਪਹੁੰਚਾ ਦਿੱਤੀ ਹੈ। ਕਿਸੇ ਮੁਸਲਮਾਨ ਪ੍ਰੇਮੀ ਨੇ ਅਕਾਲੀ ਜੀ ਨੂੰ ਕਿਹਾ ਸੀ ਕਿ ਆਇਤਾਂ ਉਪਰ ਕਾਰਜ ਕਰੋ ਅਤੇ ਅਕਾਲੀ ਜੀ ਨੇ ਜਵਾਬ ਦਿੱਤਾ ਸੀ ਕਿ ਉਹ ਪਹਿਲਾਂ ਹੀ ਇਸ ਕਾਰਜ ਵਿਚ ਲੱਗੇ ਹੋਏ ਹਨ। ਅਕਾਲੀ ਕੌਰ ਸਿੰਘ ਨੇ ਇਹ ਕਾਰਜ 1920-22 ਵਿਚ ਸ਼ੁਰੂ ਕੀਤਾ ਸੀ ਅਤੇ ਅੰਤਮ ਸਮੇਂ 1953 ਤਕ ਕਰ ਰਹੇ ਸਨ। ਇਹ ਸਾਰਾ ਲਿਖਣ-ਕਾਰਜ ਉਨ੍ਹਾਂ ਨੇ ਇਕ ਡਾਇਰੀ ਵਿਚ ਕੀਤਾ ਹੋਇਆ ਸੀ। ਅਕਾਲੀ ਜੀ ਦੀ ਇਹ ਲਿਖਤ ਪੜ੍ਹਨ ਵਿਚ ਬਹੁਤ ਹੀ ਮੁਸ਼ਕਲ ਹੈ ਪਰ ਡਾ. ਜਸਬੀਰ ਸਿੰਘ ਇਸ ਉਪਰ ਖੋਜ ਕਰ ਰਹੇ ਹਨ। ਇਹ ਕਾਰਜ ਪ੍ਰਕਾਸ਼ਨ ਦੇ ਅਧੀਨ ਹੈ ਅਤੇ ਜਲਦੀ ਹੀ ਪ੍ਰਕਾਸ਼ਿਤ ਹੋ ਜਾਵੇਗਾ।[70]

## 14. ਰਾਜਤ੍ਰੰਗਨੀ (ਅਨੁਵਾਦਿਤ)

ਅਕਾਲੀ ਕੌਰ ਸਿੰਘ ਨੇ ਕਸ਼ਮੀਰ ਦੇ ਰਾਜ ਘਰਾਣਿਆਂ ਦਾ ਪੁਰਾਤਨ ਇਤਿਹਾਸ ਕਲ੍ਹਨ ਦੀ ਲਿਖੀ 'ਰਾਜਤ੍ਰੰਗਨੀ' ਦਾ ਪੰਜਾਬੀ ਵਿਚ ਉਲਥਾ ਕੀਤਾ ਸੀ। ਇਸ ਰਚਨਾ ਨੂੰ ਅਕਾਲੀ ਜੀ ਨੇ ਲਗਭਗ 7 ਕੁ ਸਫਿਆਂ ਵਿਚ ਸਮੇਟਿਆ ਹੋਇਆ ਹੈ। ਕਸ਼ਮੀਰ ਦੇ ਰਾਜ ਘਰਾਣਿਆਂ ਦੇ ਇਤਿਹਾਸ ਨੂੰ ਅਕਾਲੀ ਕੌਰ ਸਿੰਘ ਨੇ ਵਾਧਾ ਕਰਕੇ ਮਹਾਰਾਜਾ ਹਰੀ ਸਿੰਘ ਤਕ ਦੇ ਦਿੱਤਾ ਹੈ। ਭਾਗਵੰਤ ਅਤਰ ਸਿੰਘ ਦੁਆਰਾ 2005 ਨੂੰ ਅਕਾਲੀ ਕੌਰ ਸਿੰਘ ਦਾ ਜੀਵਨ-ਬਿਰਤਾਂਤ ਮਹਿੰਦਰੂ ਪ੍ਰਿੰਟ 'ਨ' ਗ੍ਰਫਿਕਸ, ਚੰਡੀਗੜ੍ਹ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਜੀਵਨ ਬਿਰਤਾਂਤ ਦੇ ਅੱਗੇ ਇਸ ਰਚਨਾ ਨੂੰ ਵੀ ਛਾਪਿਆ ਗਿਆ ਹੈ। ਇਹ ਅਨੁਵਾਦਿਤ ਰਚਨਾ ਸੰਖੇਪ ਵਿਚ ਭਰਪੂਰ ਜਾਣਕਾਰੀ ਪ੍ਰਦਾਨ ਕਰਨ ਵਾਲੀ ਹੈ।

[70] ਨਿਜੀ ਮੁਲਾਕਾਤ, ਡਾ. ਜਸਬੀਰ ਸਿੰਘ ਸਰਨਾ, 12-12-2018.

## ਕਸ਼ਮੀਰ ਸਿੱਖ ਸਮਾਚਾਰ

ਕਸ਼ਮੀਰ ਸਿੱਖ ਸਮਾਚਾਰ ਸਿੱਖ ਅਕਾਦਮਿਕਤਾ ਵਿੱਚ ਇੱਕ ਅਹਿਮ ਸਥਾਨ ਰੱਖਦਾ ਹੈ ਜਿਸ ਦਾ ਆਰੰਭ 20 ਅਪ੍ਰੈਲ 1930 ਈਸਵੀ[71] ਵਿੱਚ ਹੋਇਆ। ਇਸ ਦਾ ਪਹਿਲਾ ਨਾਮ 'ਆਸ਼ਰਮ ਜਗਤ ਸਮਾਚਾਰ' ਸੀ ਜਿਸ ਦਾ ਉਦੇਸ਼ ਚਕਾਰ (ਕਸ਼ਮੀਰ) ਵਿਖੇ ਸਥਾਪਤ ਹੋਏ ਗੁਰੂ ਨਾਨਕ ਆਸ਼ਰਮ ਦੀਆਂ ਵਿੱਦਿਅਕ ਗਤੀਵਿਧੀਆਂ ਅਤੇ ਸਥਾਨਕ ਲੋਕਾਂ ਦੀ ਆਵਾਜ਼ ਨੂੰ ਆਮ ਜਨਤਾ ਤੱਕ ਪਹੁੰਚਾਉਣਾ ਸੀ। ਬਾਅਦ ਵਿੱਚ ਹੌਲੀ-ਹੌਲੀ ਇਸ ਦਾ ਘੇਰਾ ਵਧਣ ਤੇ ਇਸ ਦਾ ਨਾਮ ਕਸ਼ਮੀਰ ਸਿੱਖ ਸਮਾਚਾਰ ਰੱਖਿਆ ਗਿਆ। ਇਸ ਦੇ ਸ਼ੁਰੂਆਤੀ ਅੰਕ ਸਰਦਾਰ ਬੁੱਧ ਸਿੰਘ ਵਾਲੇ ਦੀ ਅੰਮ੍ਰਿਤਸਰ ਸਥਿਤ ਸ੍ਰੀ ਗੁਰਮਤਿ ਪ੍ਰੈਸ ਵਿੱਚ ਛਪਦੇ ਰਹੇ। ਇਸ ਤੋਂ ਬਾਅਦ ਬ੍ਰੋਕਾ ਪ੍ਰੈੱਸ, ਸ੍ਰੀਨਗਰ ਵਿੱਚ ਇਸ ਅੰਕ ਦੀ ਛਪਾਈ ਹੁੰਦੀ ਰਹੀ ਜਿਸ ਦਾ ਸਾਲਾਨਾ ਚੰਦਾ ਇੱਕ ਰੁਪਏ ਅਤੇ ਬਾਅਦ ਵਿੱਚ ਦੋ ਰੁਪਏ ਰੱਖਿਆ ਗਿਆ। ਇਸ ਦੇ ਇੱਕ ਅੰਕ ਵਿੱਚ ਪਾਠਕਾਂ ਨੂੰ ਅਖਬਾਰ ਨਾਲ ਜੋੜਨ ਅਤੇ ਬਕਾਇਆ ਚੰਦੇ ਜਮ੍ਹਾਂ ਕਰਵਾਉਣ ਵਾਲੀ ਸੂਚਨਾ ਵਿੱਚ ਇਸ ਦੇ ਚਾਰ ਰੁਪਏ ਸਾਲਾਨਾ ਚੰਦੇ ਹੋਣ ਦੇ ਸੰਕੇਤ ਵੀ ਪ੍ਰਾਪਤ ਹੁੰਦੇ ਹਨ। 20 ਜੂਨ, 1940 ਤੋਂ ਪਹਿਲਾਂ ਇਸ ਦਾ ਆਰ ਐੱਲ ਨੰਬਰ 4083 ਸੀ ਜੋ ਬਾਅਦ ਵਿੱਚ 4803 ਹੋ ਗਿਆ। ਆਪਣਾ ਛਾਪਾਖਾਨਾ ਲਾਉਣ ਤੇ ਖਰਚੇ ਨੂੰ ਵਧਾਉਣ ਦੀਆਂ ਤਜਵੀਜ਼ਾਂ ਹੋ ਰਹੀਆਂ ਸਨ ਕਿ ਕਸ਼ਮੀਰ ਉਤੇ ਪਾਕਿਸਤਾਨੀ ਹੱਲੇ ਕਾਰਣ ਇਹ ਬੰਦ ਹੋ ਗਿਆ ਸੀ।[72]

ਜੇਕਰ ਇਸ ਦੇ ਬਣਤਰ ਵਾਲੇ ਪੱਖ ਦੀ ਗੱਲ ਕਰੀਏ ਤਾਂ ਅਖ਼ਬਾਰ ਦੇ ਸਭ ਤੋਂ ਉਪਰਲੇ ਆਰੰਭ ਵਾਲੇ ਹਿੱਸੇ ਵਿੱਚ ਅਖ਼ਬਾਰ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜਿਵੇਂ- ਅਖ਼ਬਾਰ ਦਾ ਨਾਮ ਪੰਜਾਬੀ ਅਤੇ ਅੰਗਰੇਜ਼ੀ ਵਿੱਚ (ਕਸ਼ਮੀਰ ਸਿੱਖ ਸਮਾਚਾਰ, ਗੁਰੂ ਨਾਨਕ ਆਸ਼ਰਮ, ਚਕਾਰ) ਪੱਤਰ ਛਪਣ ਦਾ ਸਮਾਂ ਨਾਨਕਸ਼ਾਹੀ ਬਿਕਰਮੀ ਅਤੇ ਈਸਵੀ ਦੇ ਮਹੀਨਿਆਂ ਅਤੇ ਸਾਲਾਂ ਵਿੱਚ, ਐਡੀਟਰ ਦਾ ਨਾਂ (ਅਕਾਲੀ ਕੌਰ ਸਿੰਘ, ਨਿਹੰਗ), ਆਰ ਐੱਲ ਨੰਬਰ ਦੇ ਕੇ ਅੰਕ ਅਤੇ ਜਿਲਦ ਨੰਬਰ ਦਿੱਤਾ ਗਿਆ ਹੈ ਲਗਭਗ ਹਰ ਪੱਤਰ ਦੇ ਆਰੰਭ ਜਾਂ ਅੰਤ ਵਿਚ ਅੰਕ ਛਾਪਣ ਵਾਲੀ ਪ੍ਰੈੱਸ ਅਤੇ ਪ੍ਰਕਾਸ਼ਕ ਦੇ ਨਾਂ ਦੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

---

[71] ਡਾ. ਸੁਖਦੇਵ ਸਿੰਘ (ਸੰਪਾ.), *ਆਲੋਚਨਾ,* (ਜੰਮੂ ਕਸ਼ਮੀਰ ਦਾ ਪੰਜਾਬੀ ਸਾਹਿਤ ਵਿਸ਼ੇਸ਼ ਅੰਕ), ਅੰਕ 224 ਅਕਤੂਬਰ 2010-ਮਾਰਚ 2011, ਪੰ. 164.

[72] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬੀ ਪੱਤਰਕਲਾ,* ਪੰ. 67.

ਇਸ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਪੰਨਿਆਂ ਦੀ ਕੁੱਲ ਗਿਣਤੀ ਚਾਰ ਪ੍ਰਾਪਤ ਹੁੰਦੀ ਹੈ। (ਅਕਤੂਬਰ 1947 ਵਾਲੇ ਅੰਕ ਦੇ ਛੇ ਪੰਨੇ ਵੀ ਪ੍ਰਾਪਤ ਹੁੰਦੇ ਹਨ।) ਆਰੰਭ ਵਿੱਚ ਸੰਪਾਦਕੀ ਵਾਲੇ ਲੇਖ ਨੂੰ ਸਥਾਨ ਦੇ ਦਿੱਤਾ ਜਾਂਦਾ ਸੀ ਜੋ ਕਿਸੇ ਤਤਕਾਲੀ ਪ੍ਰਸੰਗਿਕ ਮੁੱਦੇ, ਸਿੱਖ ਸਿਧਾਂਤ ਜਾਂ ਇਤਿਹਾਸਿਕ ਪੱਖ ਸੰਬੰਧੀ ਹੁੰਦਾ ਸੀ। ਇਸ ਤੋਂ ਬਾਅਦ ਹੈੱਡ ਲਾਈਨ ਪਾ ਕੇ ਸੰਖੇਪ ਖਬਰਾਂ ਦਿੱਤੀਆਂ ਜਾਂਦੀਆਂ ਸਨ। ਇੱਕ ਦੋ ਅੰਕਾਂ ਵਿੱਚ ਸੰਪਾਦਕੀ ਤੋਂ ਪਹਿਲਾਂ ਕਵਿਤਾ ਵੀ ਛਾਪੀਆਂ ਗਈਆਂ ਹਨ, ਜਿਵੇਂ- ਜੂਨ, 1940 ਦੇ ਅੰਕ ਵਿੱਚ 'ਸਿਦਕ ਨਿਬਾਹੇ ਕਿਹੜਾ' ਅਤੇ ਜਨਵਰੀ 1942 ਦੇ ਅੰਕ ਵਿੱਚ 'ਸ੍ਰੀ ਦਸਮੇਸ਼ ਕਲੂ ਧੰਨ ਗਾਈ' ਵਾਲੀ ਕਵਿਤਾ। ਅਖ਼ਬਾਰ ਦੇ ਸੰਪਾਦਕੀ ਲੇਖ ਵਿੱਚ ਸਿੱਖ ਧਰਮ ਦੇ ਤਤਕਾਲੀਨ ਪ੍ਰਸੰਗਾਂ ਤੋਂ ਇਲਾਵਾ ਗੁਰੂ ਨਾਨਕ ਆਸ਼ਰਮ ਚਕਾਰ ਨਾਲ ਸੰਬੰਧਿਤ ਖਬਰਾਂ ਅਤੇ ਇਸ ਦੀਆਂ ਸਰਗਰਮੀਆਂ ਬਾਰੇ ਵੱਖ ਵੱਖ ਅੰਕਾਂ ਵਿੱਚ ਦੱਸਿਆ ਗਿਆ ਹੈ ਅਤੇ ਉਸ ਸਮੇਂ ਦੇ ਵਾਤਾਵਰਣ ਤੇ ਮੁੱਦਿਆਂ ਬਾਰੇ ਸਿੱਖਾਂ ਨੂੰ ਸੰਬੋਧਨ ਅਤੇ ਸੁਚੇਤ ਵੀ ਕੀਤਾ ਗਿਆ ਹੈ। ਆਸ਼ਰਮ ਵਿਚੋਂ ਨਿਕਲਦੀ ਪੱਤ੍ਰਕਾ 'ਕਸ਼ਮੀਰ ਸਿੱਖ ਸਮਾਚਾਰ' ਵੀ ਆਪਣੇ ਆਪ ਵਿਚ ਇਕ ਸੰਸਥਾ ਸੀ ਜੋ ਵਿਦਿਆਰਥੀਆਂ/ਬੋਰਡਰਾਂ ਨੂੰ ਪੱਤਰਕਾਰਤਾ ਬਾਰੇ ਜਾਗਰੂਕ ਕਰਦੀ ਸੀ।[73] ਸਮੁੱਚੇ ਰੂਪ ਵਿਚ ਇਹ ਉਸ ਸਮੇਂ ਦਾ ਸਫਲ ਸਮਾਚਾਰ ਪੱਤਰ ਕਿਹਾ ਜਾ ਸਕਦਾ ਹੈ।

## ਚਿਠੀ-ਪੱਤਰਾਂ ਦੀ ਸੰਭਾਲ

ਅਕਾਲੀ ਕੌਰ ਸਿੰਘ ਦੀ ਲਿਖਣ-ਸ਼ੈਲੀ ਐਸੀ ਸੀ ਜੋ ਨਾ ਹੀ ਕਲਮ ਦੀ ਚੁੰਝ ਅਟਕਦੀ ਅਤੇ ਨਾ ਹੀ ਬਹਿਰ ਜਾਂ ਲੜੀ ਟੁੱਟਦੀ। ਜੇ ਵਿਚਾਲੇ ਨੀਂਦ ਭੀ ਆ ਜਾਣੀ ਤਾਂ ਕਈ ਕੁ ਮਿੰਟ ਸੌਂ ਕੇ ਜਾਗਦੇ ਹੀ ਕਹਿਣਾ ਧੰਨ ਗੁਰੂ! ਲਿਖਣ ਵਾਲੇ ਨੂੰ ਕਹਿਣਾ ਲਿਖੋ। ਰੱਤਾ ਨਾਂ ਉਕਤਾਂਦੇ। ਵਾਕ ਜਿਥੇ ਛਡ ਕੇ ਸੌਂ ਜਾਂਦੇ ਉਥੋਂ ਹੀ ਸ਼ੁਰੂ ਕਰਦੇ। ਜ਼ਬਾਨੀ ਇੰਗਲਿਸ਼ ਤੇ ਉਰਦੂ-ਅਰਬੀ ਦੇ ਪੁਸਤਕਾਂ ਵਿਚੋਂ ਦੂਜਿਆਂ ਤੋਂ ਪੜ੍ਹਾ ਕੇ ਕੰਮ ਕਢਦੇ। ਪਰ ਹੈਰਾਨੀ ਇਹ ਸੀ ਜੇਕਰ ਪੜ੍ਹਨ ਵਾਲਾ ਕੋਈ ਸ਼ਬਦ ਅਧੂਰਾ ਛਡਦਾ ਜਾਂ ਟਾਲ ਜਾਂਦਾ ਉਥੇ ਹੀ ਉਂਗਲ ਰੱਖ ਕੇ ਮੁੜ ਕਹਿੰਦੇ- ਬੱਚੂ ਜਾਂ ਸਿੰਘ ਸਾਹਿਬ! ਇਸ ਨੂੰ ਦੁਬਾਰੇ ਪੜ੍ਹੋ। ਠੀਕ ਕਰਵਾਉਂਦੇ ਚਿੱਠੀ ਪੱਤਰ ਹਰ ਸਰਕਾਰੀ ਅਤੇ

[73] *ਹੀਮਾਲ*, (ਅਕਾਲੀ ਕੌਰ ਸਿੰਘ ਨਿਹੰਗ ਵਿਸ਼ੇਸ਼ ਅੰਕ), 1987, ਪੰ. 32.

ਪ੍ਰਾਂਈਵੇਟ ਆਦਮੀ ਦੀ ਠੀਕ ਫਾਇਲਾਂ ਵਿਚ ਨੰਬਰਵਾਰ ਰਖਦੇ। ਦੂਰੋਂ ਨਾਂ, ਨੰਬਰ ਤੇ ਅਲਮਾਰੀ ਦਾ ਖ਼ਾਨਾ ਦਸਦੇ ਜਿਥੇ ਕਿਸੇ ਵੇਲੇ ਰੱਖ ਜਾਂਦੇ ਸਨ। ਥਾਂ ਭੀ ਨਾ ਭੁੱਲਦੇ।[74]

## ਆਸ਼ਰਮ ਦੀ ਲਾਇਬਰੇਰੀ ਦਾ ਪੁਸਤਕ ਭੰਡਾਰ

ਨਵਾਂ ਸਾਹਿਤ ਰਚਣ ਨੂੰ ਜਿਥੇ ਯੋਗਦਾਨ ਗਿਣਿਆ ਜਾਂਦਾ ਹੈ ਉਸ ਦੇ ਨਾਲ ਰਚੇ ਹੋਏ ਸਾਹਿਤ ਨੂੰ ਸਾਂਭਣਾ (Preserve) ਵੀ ਉੱਤਮ ਯੋਗਦਾਨ ਮੰਨਿਆ ਜਾਂਦਾ ਹੈ। ਅਕਾਲੀ ਜੀ ਨੇ ਇਸ ਮੁਸ਼ੱਕਤ ਭਰੀ ਜ਼ਿੰਮੇਵਾਰੀ ਨੂੰ ਵੀ ਬੜੀ ਸੂਝ ਨਾਲ ਨਿਭਾਉਂਦੇ ਸਨ ਕਿਉਂਕਿ ਸਾਹਿਤ ਨਾਲ ਸਾਂਝ ਪਾਉਣ ਦਾ ਮੌਕਾ ਅਕਾਲੀ ਕੌਰ ਸਿੰਘ ਨੂੰ ਬਚਪਨ ਵਿਚ ਹੀ ਵਿਰਸੇ ਵਿਚ ਮਿਲ ਗਿਆ ਸੀ। ਵਡੇਰੀ ਉਮਰ ਵਿਚ ਵਿਦਵਾਨਾਂ, ਗਿਆਨੀਆਂ, ਪ੍ਰਚਾਰਕਾਂ, ਵਿਚਾਰਕਾਂ ਅਤੇ ਸੰਗਤ ਨਾਲ ਸਿੱਧਾ ਸੰਬੰਧ ਪੈਦਾ ਹੋਣ ਨਾਲ ਸਾਹਿਤ ਦੀ ਸੰਭਾਲ ਅਤੇ ਸਾਹਿਤ- ਗਿਆਨ ਵਲ ਹੋਰ ਪ੍ਰੇਰਨਾ ਮਿਲੀ। ਉਨ੍ਹਾਂ ਦਾ ਵਿਭਿੰਨ ਪ੍ਰਕਾਰ ਦੇ ਗਿਆਨ, ਸਭਿਆਚਾਰ, ਸੰਸਕ੍ਰਿਤੀ ਆਦਿ ਨਾਲ ਉਨ੍ਹਾਂ ਦੇ ਵਾਹ ਪੈਣ ਕਾਰਨ ਸਮਗਰੀ ਇਕਤਰ ਕਰਨ ਅਤੇ ਇਸ ਨੂੰ ਸਭਾਲਣ ਵਲ ਰੁਚੀ ਪੈਦਾ ਹੋਈ। ਇਸੇ ਕਾਰਨ ਉਨ੍ਹਾਂ ਨੇ ਸਾਹਿਤ ਦਾ ਇਕ ਬਹੁਤ ਵੱਡਾ ਖ਼ਜ਼ਾਨਾ ਆਪਣੇ ਕੋਲ ਸਾਂਭਿਆ ਹੋਇਆ ਸੀ। ਇਹ ਅਮੋਲਕ ਸਾਹਿਤ-ਖਜ਼ਾਨਾ ਗੁਰੂ ਨਾਨਕ ਆਸ਼ਰਮ ਚਕਾਰ ਦੀ ਲਾਇਬ੍ਰੇਰੀ ਵਿਚ ਸੁਰਖਿਅਤ ਕੀਤਾ ਹੋਇਆ ਸੀ। ਇਸ ਦਾ ਵੇਰਵਾ ਇਸ ਤਰ੍ਹਾਂ ਹੈ-

1. 52 ਬੀੜਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ, ਜੋ ਕਈ ਸ਼ਰਧਾਵਾਨਾਂ ਤੋਂ ਪ੍ਰਾਪਤ ਹੋਈਆਂ ਸਨ।
2. ਇਕ ਹੱਥ-ਲਿਖਤ ਅਤੇ ਸੁੰਦਰ ਵੇਲਦਾਰ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ, ਜਿਸ ਉਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਸਤਖ਼ਤ ਸਨ।
3. ਦਸਮ ਗ੍ਰੰਥ ਜੀ ਦੀਆਂ ਚਾਰ ਬੀੜਾਂ
4. ਗੁਰਬਾਣੀ ਦੇ ਫ਼ਰੀਦਕੋਟੀ ਟੀਕੇ ਦੀਆਂ ਚਾਰੇ ਜਿਲਦਾਂ ਜੋ ਕਿ ਮਹਾਰਾਜਾ ਫ਼ਰੀਦਕੋਟ ਨੇ ਭੇਂਟ ਕੀਤੀਆਂ ਸਨ।
5. 'ਗੁਰਬਾਣੀ ਸਟੀਕ', ਵਲੋਂ ਸ. ਨਰੈਣ ਸਿੰਘ ਤੇ ਬਿਸ਼ਨ ਸਿੰਘ, ਦਿਆਂ ਅੱਠ ਸੈਂਚੀਆਂ।

---

[74] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ "ਨਿਹੰਗ",* ਪੰ. 57.

6. ਗੁਰਸ਼ਬਦ ਰਤਨਾਕਰ – ਮਹਾਨ ਕੋਸ਼, ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ। ਇਹ ਗ੍ਰੰਥ ਵੀ ਅਕਾਲੀ ਜੀ ਨੂੰ ਮਹਾਰਾਜਾ ਫ਼ਰੀਦਕੋਟ ਵਲੋਂ ਭੇਂਟ ਕੀਤਾ ਗਿਆ ਸੀ।
7. ਗੁਰੂ ਗਿਰਾਰਥ ਕੋਸ਼ – ਪੰ. ਤਾਰਾ ਸਿੰਘ ਨਰੋਤਮ। ਇਹ ਗ੍ਰੰਥ ਮਹਾਰਾਜਾ ਪਟਿਆਲਾ ਵਲੋਂ ਭੇਂਟ ਕੀਤਾ ਗਿਆ ਸੀ।
8. ਗੁਰਬਾਣੀ ਕੋਸ਼ – 'ਵਜ਼ੀਰ ਹਿੰਦ ਪ੍ਰੈਸ' ਵਲੋਂ ਛਾਪਿਆ ਹੋਇਆ।
9. ਗੁਰੂ ਗ੍ਰੰਥ ਬਾਣੀ ਦੀਆਂ ਦੋ ਸੈਂਚੀਆਂ।
10. ਦਸਮ ਗ੍ਰੰਥ ਬਾਣੀ ਦੀਆਂ ਦੋ ਸੈਂਚੀਆਂ।
11. ਇਕ ਪੋਥੀ ਲਿਖਤੀ ਸਰਬਲੋਹ ਗ੍ਰੰਥ ਦੀ।
12. ਭਾਈ ਨੰਦ ਲਾਲ ਜੀ ਦੀ ਸੰਪੂਰਨ ਰਚਨਾ, ਅਰਥਾਂ ਸਮੇਤ।
13. ਸੰਪੂਰਨ ਰਚਨਾ ਭਾਈ ਗੁਰਦਾਸ ਜੀ।
14. ਸਿਧੀ ਪ੍ਰਭਾਕਰ।
15. ਗੁਰਮਤਿ ਪ੍ਰਭਾਕਰ।
16. ਗੁਰਮਤਿ ਸੁਧਾਕਰ।
17. ਸਾਖੀਆਂ ਹੱਥ ਲਿਖਤ ਅਤੇ ਛਪੀਆਂ ਹੋਈਆਂ।
18. ਸੂਰਜ ਪ੍ਰਕਾਸ਼ ਗ੍ਰੰਥ, ਮੁਕੰਮਲ ਜਿਲਦਾਂ (ਦੋ ਸੈਟ)।
19. ਗੁਰ ਬਿਲਾਸ ਪਾਤਸ਼ਾਹੀ ਛੇਵੀਂ।
20. ਗੁਰ ਬਿਲਾਸ ਪਾਤਸ਼ਾਹੀ ਦਸਵੀਂ।
21. ਪੰਥ ਪ੍ਰਕਾਸ਼ – ਰਤਨ ਸਿੰਘ ਭੰਗੂ।
22. ਪੰਥ ਪ੍ਰਕਾਸ਼ – ਗਿਆਨੀ ਗਿਆਨ ਸਿੰਘ
23. ਤਵਾਰੀਖ ਗੁਰ ਖ਼ਾਲਸਾ।
24. ਬਾਬਾ ਮਿਹਰਵਾਨ ਜੀ ਦੀਆਂ ਸਾਖੀਆਂ – ਹਥ ਲਿਖਤ।
25. ਸ੍ਰੀ ਗੁਰ ਸੋਭਾ, ਲਿਖਤੀ (ਦੋ), ਬਾਅਦ ਵਿਚ ਇਹ ਅਕਾਲੀ ਜੀ ਨੇ ਵੀ ਪ੍ਰਕਾਸ਼ਤ ਵੀ ਕੀਤਾ ਸੀ।

26. ਸ੍ਰੀ ਗੁਰੂ ਮਹਿਮਾ ਪ੍ਰਕਾਸ਼ (ਹਥ ਲਿਖਤ)

**ਸੰਸਕ੍ਰਿਤ ਸਾਹਿਤ**

27. ਚਾਰ ਵੇਦਾਂ ਦੇ ਛਪੇ ਹੋਏ ਸਟੀਕ (ਹਿੰਦੀ ਟੀਕਾ)।

28. ਸ਼ਾਸਤ੍ਰਾਂ, ਸਿਮ੍ਰਤੀਆਂ, ਪੁਰਾਣਾਂ ਆਦਿ ਸਨਾਤਨੀ ਗ੍ਰੰਥਾਂ ਸੰਬੰਧੀ ਛਪੇ ਹੋਏ ਅਤੇ ਲਿਖਤੀ ਵਿਆਖਿਆ ਗ੍ਰੰਥ।

29. ਕਲਹਨ ਦਾ ਗ੍ਰੰਥ 'ਰਾਜਤ੍ਰੰਗਨੀ'* ਆਦਿ।

**ਹਿੰਦੀ ਸਾਹਿਤ**

30. ਵੇਦਾਂ ਦਾ ਹਿੰਦੀ ਟੀਕਾ।

31. ਹਿੰਦੂ ਕਾਨੂੰਨ ਆਦਿ।

**ਫ਼ਾਰਸੀ-ਉਰਦੂ ਸਾਹਿਤ**

32. ਇਸਲਾਮ ਦੇ ਕਈ ਛਪੇ ਹੋਏ ਹੱਥ-ਲਿਖਤ ਗ੍ਰੰਥ (ਅਰਥਾਂ ਸਮੇਤ): ਕੁਰਾਨ, ਹਦੀਸ ਅਤੇ ਇਸਲਾਮੀ ਇਤਿਹਾਸ ਦੇ ਪ੍ਰਮਾਣਿਕ ਗ੍ਰੰਥ।

33. ਤਵਾਰੀਖ਼ ਮੁਸਲਮਾਨ (ਫ਼ਾਰਸੀ), ਤਵਾਰੀਖ਼ ਕਸ਼ਮੀਰ (ਫ਼ਾਰਸੀ) ਆਦਿ।

**ਫੁਟਕਲ**

34. ਟ੍ਰੰਪ ਦਾ (ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ)।

35. ਬੰਗਾਲੀ ਕੋਸ਼।

36. ਮਰਾਠੀ ਕੋਸ਼

37. ਬਾਈਬਲ ਆਦਿ।

---

* ਇਸ ਗ੍ਰੰਥ ਨੂੰ ਅਕਾਲੀ ਕੌਰ ਸਿੰਘ ਵਲੋਂ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ ਹੈ ਅਤੇ ਸਾਨੂੰ ਅਤਰ ਸਿੰਘ ਵਲੋਂ ਛਾਪਿਆ ਹੋਇਆ ਪ੍ਰਾਪਤ ਹੋ ਗਿਆ ਹੈ।

38. ਉਹ ਦੁਰਲੱਭ ਖਰੜੇ ਜਿਨ੍ਹਾਂ ਵਿਚੋਂ ਕੁਝ ਉਨ੍ਹਾਂ ਪ੍ਰਕਾਸ਼ਿਤ ਕਰਵਾਏ ਸਨ। ਇਸ ਤੋਂ ਇਲਾਵਾ ਆਯੁਰਵੇਦ ਤੇ ਸੰਗੀਤ ਦੀਆਂ ਵੀ ਕੁਝ ਰਚਨਾਵਾਂ ਸਨ।[75]

ਉਨ੍ਹਾਂ ਅੰਦਰ ਅਮੁਲ ਵਸਤੂਆਂ ਅਤੇ ਸਾਹਿਤ ਨੂੰ ਸਾਂਭਣ ਦੀ ਏਨੀ ਲਗਨ ਸੀ ਕਿ ਆਪਣੇ ਪੱਲਿਓਂ ਪੈਸੇ ਖਰਚ ਕੇ ਪ੍ਰਾਪਤ ਕਰਦੇ ਅਤੇ ਸੰਭਾਲਦੇ ਰਹੇ। ਸੈਂਕੜੇ ਰੁਪਏ ਖਰਚ ਕਰ ਕੇ ਕਈ ਲਿਖਤਾਂ ਪ੍ਰਾਪਤ ਕੀਤੀਆਂ। ਤਵਾਰੀਖ ਮੁਸਲਮਾਨ (ਫ਼ਾਰਸੀ) ਦੇ ਖਰੜੇ ਲਈ ਆਪ ਨੂੰ ਪਸ਼ੌਰ ਦੇ ਇਕ ਖ਼ਾਨ ਕੋਲ ਕਈ ਫੇਰੇ ਮਾਰਨੇ ਪਏ ਅਤੇ ਆਖਰ ਇਹ ਖਰੜਾ 1917-18 ਦੇ ਸਮੇਂ 125/- ਰੁਪੈ ਦੇ ਕੇ ਪ੍ਰਾਪਤ ਕੀਤਾ।[76]

## ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਦੀ ਸੰਭਾਲ

ਜਿਥੋਂ ਵੀ ਉਨ੍ਹਾਂ ਨੂੰ ਕੋਈ ਅਮੁਲੀ ਵਸਤੂ ਮਿਲਦੀ ਉਸ ਨੂੰ ਉਹ ਖਰੀਦ ਲੈਂਦੇ ਸਨ। "ਇਕ ਪ੍ਰਾਚੀਨ ਤਸਵੀਰ ਅਕਾਲੀ ਕੌਰ ਸਿੰਘ ਜੀ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼ ਦੇ ਪਹਿਲੇ ਐਡੀਸ਼ਨ ਵਿਚ ਛਾਪੀ ਸੀ[#], ਇਸ ਵਿਚ ਤਿੰਨ ਸਾਹਿਬਜ਼ਾਦੇ ਨਾਲ ਦਿਖਾਏ ਗਏ ਤੇ ਸੰਮਤ 1755 ਬਿ. (1698 ਈ.) ਪਿਆ ਹੋਇਆ ਹੈ। ਅਕਾਲੀ ਜੀ ਨੇ 'ਸ੍ਰੀ ਗੁਰੁ ਸੋਭਾ' ਦੀ ਪਹਿਲੀ ਐਡੀਸ਼ਨ (1925 ਈ.) ਵਿਚ ਛਾਪਦਿਆਂ ਇਕ ਬੀਰਾਸਨ ਵਾਲੀ ਤਸਵੀਰ ਵੀ ਪ੍ਰਕਾਸ਼ਤ ਕੀਤੀ ਸੀ, ਇਹ ਅੱਜ ਕੱਲ ਕਾਫੀ ਪ੍ਰਚੱਲਤ ਹੈ। ਖਿਆਲ ਹੈ ਕਿ ਇਹ ਬਾਦਸ਼ਾਹ ਬਹਾਦਰ ਸ਼ਾਹ ਦੇ ਦਰਬਾਰੀ ਮੁਨੱਵਰ ਨੇ ਆਗਰੇ ਤਿਆਰ ਕੀਤੀ ਸੀ।[77] ਇਸ ਤਸਵੀਰ ਨੂੰ ਅਕਾਲੀ ਕੌਰ ਸਿੰਘ ਨੇ ਢਾਕੇ ਤੋਂ ਲੱਭ ਕੇ ਪ੍ਰਿੰਟ ਕਰਵਾਇਆ ਜਿਸ ਨੂੰ ਇਕ ਮੁਸਲਮਾਨ ਮੁਸੱਵਰ ਨੇ ਅਨੰਦਪੁਰ ਸਾਹਿਬ ਪਹੁੰਚ ਕੇ ਸ੍ਰੀ ਦਸਮ ਪਿਤਾ ਦੀ ਮਿਹਰ ਮਿਹਰਾਮਤ ਸਦਕੇ ਭੇਂਟ ਕੀਤਾ ਸੀ। ਮਾਤਾ ਸੁੰਦਰੀ ਜੀ ਦੇ ਦਿੱਲੀ

---

[75] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ ਵਿਅਕਤਿਤ੍ਵ ਤੇ ਸਾਹਿਤ ਰਚਨਾ*, ਪੰਨੇ 58-60.

[76] ਉਹੀ, ਪੰ. 62.

[#] ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਲਾਇਬ੍ਰੇਰੀ ਵਿਖੇ ਪ੍ਰਾਪਤ ਪਹਿਲੇ ਐਡੀਸ਼ਨਾਂ (1923) ਵਿਚ ਇਹ ਤਸਵੀਰ ਨਹੀਂ ਹੈ। ਇਕ ਕਾਪੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਜ਼ਰੂਰ ਮਿਲਦੀ ਹੈ।

[77] ਪਿਆਰਾ ਸਿੰਘ ਪਦਮ, *ਗੋਬਿੰਦ ਸਾਗਰ*, ਪੰ. 329.

ਨਿਵਾਸ ਤੋਂ ਉਪਰੰਤ ਇਹ ਪੇਂਟਿੰਗ ਹਠੀ ਸਿੰਘ ਤੋਂ ਪਿੱਛੋਂ ਜਿਵੇਂ ਕਿਵੇਂ ਢਾਕੇ ਪਹੁੰਚ ਗਈ, ਜਿਥੋਂ ਅਕਾਲੀ ਜੀ ਨੇ ਪ੍ਰਾਪਤ ਕੀਤੀ ਸੀ।[78]

## ਲੇਖ ਤੇ ਨਿਬੰਧ

ਅਕਾਲੀ ਕੌਰ ਸਿੰਘ ਵਿਸਤ੍ਰਿਤ ਰਚਨਾਵਾਂ ਅਤੇ ਕੋਸ਼ਾਂ ਤੋਂ ਇਲਾਵਾ ਛੋਟੇ-ਛੋਟੇ ਨਿਬੰਧਾਂ ਅਤੇ ਲੇਖਾਂ ਦੇ ਰੂਪ ਵਿਚ ਵੀ ਲਿਖਣ-ਕਾਰਜ ਕਰਦੇ ਰਹਿੰਦੇ ਸਨ। ਉਨ੍ਹਾਂ ਦੀਆਂ ਇਹ ਲਿਖਤਾਂ ਸਾਨੂੰ ਬਹੁਤ ਸਾਰੇ ਅਖ਼ਬਾਰਾਂ ਅਤੇ ਰਸਾਲਿਆਂ ਆਦਿਕ ਵਿਚੋਂ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਨਿੱਕੀਆਂ ਰਚਨਾਵਾਂ ਵਿਚ ਉਨ੍ਹਾਂ ਨੇ ਬਹੁਤ ਹੀ ਗੰਭੀਰ ਅਤੇ ਵਿਦਵਤਾ ਭਰਪੂਰ ਮਸਲੇ ਛੋਹੇ ਹਨ। ਇਨ੍ਹਾਂ ਨਿਬੰਧਾਂ ਵਿਚੋਂ ਉਸ ਸਮੇਂ ਦੇ ਸਿੱਖਾਂ ਦੀ ਸਹੀ ਸਥਿਤੀ ਤੇ ਮਸਲਿਆਂ ਦਾ ਗਿਆਨ ਹੋ ਜਾਂਦਾ ਹੈ। ਅਕਾਲੀ ਜੀ ਨੇ ਇਨ੍ਹਾਂ ਦੁਆਰਾ ਪ੍ਰਚਲਿਤ ਸਿੱਖ ਸ਼ੰਕਿਆਂ ਦਾ ਨਿਵਾਰਣ ਕਰਕੇ ਗੁਰਮਤਿ ਦੇ ਗਾਡੀ ਰਾਹ ਵੱਲ ਨੂੰ ਪ੍ਰੇਰਿਤ ਕੀਤਾ। ਇਨ੍ਹਾਂ ਨਿਬੰਧਾਂ ਅਤੇ ਲੇਖਾਂ ਦੇ ਵੱਖ-ਵੱਖ ਵਿਸ਼ਿਆਂ ਨੂੰ ਅਸੀਂ ਮੁੱਖ ਵਰਗਾਂ ਵਿਚ ਵੰਡ ਕੇ ਵੰਨਗੀਆਂ ਵਜੋਂ ਪੇਸ਼ ਕਰ ਰਹੇ ਹਾਂ।

### ੳ) ਇਤਿਹਾਸ ਸੰਬੰਧੀ

ਕਰਮ ਸਿੰਘ ਹਿਸਟੋਰੀਅਨ ਦੀ ਮੌਖਿਕ ਇਤਿਹਾਸ ਦੀ ਵਿਧਾ ਦੀ ਤਰ੍ਹਾਂ ਅਕਾਲੀ ਕੌਰ ਸਿੰਘ ਵੀ ਮੌਖਿਕ ਇਤਿਹਾਸ ਇਕੱਤਰ ਕਰਨ ਦੀ ਜਾਂਚ ਰਖਦੇ ਸਨ। ਇਸ ਵਿਧੀ ਨਾਲ ਉਨ੍ਹਾਂ ਨੇ ਮੌਖਿਕ ਇਤਿਹਾਸ ਦੀ ਸੰਭਾਲ ਦਾ ਕਾਰਜ ਕੀਤਾ ਜੋ ਕਿ ਲੇਖਾਂ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ। ਉਨ੍ਹਾ ਦੇ ਦੋ ਲੇਖ 'ਫੁਲਾਵਾੜੀ' ਦੇ ਜਨਵਰੀ 1930 ਦੇ ਸਿੱਖ ਇਤਿਹਾਸ ਅੰਕ ਵਿਚ; 'ਕਸ਼ਮੀਰ ਦੇਸ ਸਿੱਖੀ ਧਰਮ' ਵਿਚ ਕਸ਼ਮੀਰ ਦੇਸ਼ ਵਿਚ ਵੱਖ-ਵੱਖ ਵਿਸ਼ਵਾਸਾਂ ਵਾਲਿਆਂ ਦੀ ਸੂਚਨਾ, ਗੁਰੂ ਨਾਨਕ ਸਾਹਿਬ ਦੇ ਪ੍ਰਵੇਸ਼ ਅਤੇ ਧਰਮਸਾਲ ਕਾਇਮ ਕਰਨ ਬਾਰੇ, ਰਾਜਾ ਗੁਲਾਬ ਸਿੰਘ ਦੇ ਬੇਅਮਲੀ ਦਾਅਵੇ ਅਤੇ ਡੋਗਰਾ ਫੌਜ ਦੀਆਂ ਧੱਕੇਸ਼ਾਹੀਆਂ ਦੀ ਦਾਸਤਾਨ ਤੋਂ ਇਲਾਵਾ ਸਿੱਖਾਂ ਦੀ ਉਸ ਸਮੇਂ ਦੀ ਸਥਿਤੀ ਨੂੰ ਬੜੇ ਹੀ ਸੁਚੱਜੇ ਰੂਪ ਵਿਚ ਸੁਲਝੇ ਹੋਏ ਇਤਿਹਾਸਕਾਰ ਵਾਂਗ ਪ੍ਰਸਤੁਤ ਕੀਤਾ ਗਿਆ ਹੈ। ਇਸੇ ਅੰਕ ਵਿਚ ਉਨ੍ਹਾਂ ਦਾ ਦੂਸਰਾ ਲੇਖ 'ਤਖ਼ਤ ਸ੍ਰੀ ਹਜ਼ੂਰ ਅਬਿਚਲ ਨਗਰ ਉਥੋਂ ਦੇ ਜਥੇਦਾਰ ਤੇ ਪੁਜਾਰੀ' ਹੈ ਜਿਸ ਵਿਚ ਉਨ੍ਹਾਂ ਨੇ ਹਜ਼ੂਰ

[78] *ਗੁਰਮਤਿ ਪ੍ਰਕਾਸ਼*, ਮਾਰਚ 2004, ਪੰ. 45.

ਸਾਹਿਬ ਸੰਬੰਧੀ ਜਾਣਕਾਰੀ ਦਿੱਤੀ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਥੋਂ ਦੇ ਜਥੇਦਾਰਾਂ (ਪੁਜਾਰੀਆਂ) ਅਤੇ ਵਿਰੋਧੀਆਂ ਨਾਲ ਟਾਕਰੇ ਦੇ ਹਾਲਾਤ, ਪੁਜਾਰੀ ਦੀ ਪਦਵੀ ਦੀ ਸਥਿਤੀ, ਪੰਥਕ ਯਾਦਗਾਰਾਂ ਅਤੇ ਗੁਰਧਾਮਾਂ ਦੀ ਸੂਚੀਬੱਧ ਜਾਣਕਾਰੀ ਦਿੱਤੀ ਗਈ ਹੈ।

ਇਨ੍ਹਾ ਤੋਂ ਇਲਾਵਾ ਹੋਰ ਵੀ ਵੰਨਗੀਆਂ ਹਨ ਜਿਵੇ 'ਸਿਖ ਇਤਿਹਾਸ ਤੇ ਮੌਜੂਦਾ ਜਮਾਨਾ' (ਕਸ਼ਮੀਰ ਸਿੱਖ ਸਮਾਚਾਰ 20 ਮਈ 1938), 'ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਬਹਾਦਰ ਸ਼ਾਹ ਬਾਦਸ਼ਾਹ' (ਕਸ਼ਮੀਰ ਸਿੱਖ ਸਮਾਚਾਰ ਜਨਵਰੀ 1942)।

**ਅ) ਧਾਰਮਿਕ ਮਸਲੇ (ਮਰਯਾਦਾ ਆਦਿ ਨਾਲ ਸੰਬੰਧਿਤ)**

'ਤਨਖਾਹ ਨਾਮਾ ਭਾਈ ਨੰਦ ਲਾਲ ਜੀ' (ਕਸ਼ਮੀਰ ਸਿੱਖ ਸਮਾਚਾਰ, 20 ਮਈ, 1938) ਵਿਚ ਪ੍ਰਸ਼ਾਦ ਵਰਤਾਉਣ ਦੀ ਮਰਯਾਦਾ ਉਪਰ ਵਿਚਾਰ ਕੀਤੀ ਗਈ ਹੈ। 'ਨਿਹੰਗ ਸਿੰਘ ਅਤੇ ਉਨ੍ਹਾਂ ਦੇ ਫਰਜ਼ ਤੇ ਪੰਥ ਦੀਆਂ ਜ਼ਿੰਮੇਵਾਰੀਆਂ' (ਰੋਜ਼ਾਨਾ ਪ੍ਰਕਾਸ਼ 19 ਅਕਤੂਬਰ 1953) ਲੇਖ ਨਿਹੰਗ ਸਿੰਘਾਂ ਦੀਆਂ ਜ਼ਿੰਮੇਵਾਰੀਆਂ ਸੰਬੰਧੀ ਹੈ ਜਿਸ ਵਿਚ ਨਿਹੰਗ ਸਿੰਘਾਂ ਨੂੰ ਸੁਚੇਤ ਹੋਣ ਲਈ ਪ੍ਰੇਰਿਆ ਗਿਆ ਹੈ। ਨਿਹੰਗ ਸਿੰਘਾਂ ਨੂੰ ਗਿਰਾਵਟ ਵਾਲੀ ਸਥਿਤੀ ਤੋਂ ਬਚਣ ਲਈ ਵੀ ਚੇਤੰਨ ਕੀਤਾ ਹੋਇਆ ਹੈ। 'ਸ੍ਰੀ ਹਰਿਮੰਦਰ ਦਰਬਾਰ ਸਾਹਿਬ ਦੀਆਂ ਪਰਕਰਮਾਂ' (ਕਸ਼ਮੀਰ ਸਿੱਖ ਸਮਾਚਾਰ ਜੁਲਾਈ 1943) ਵਿਚ ਪੰਥ ਦੀਆਂ ਮਾਣ-ਮਰਯਾਦਾਵਾਂ ਨੂੰ ਕਾਇਮ ਰੱਖਣ ਅਤੇ ਪੰਥਕ ਧਨ ਦੀ ਸਹੀ ਵਰਤੋਂ ਕਰਨ ਦੀ ਪ੍ਰੇਰਨਾ ਹੈ। 'ਸਕਤ੍ਰ ਸ਼੍ਰੋਮਣੀ ਗੁਰਦੁਵਾਰਾ ਕਮੇਟੀ ਯਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਐਲਾਨ ਕਰਨ' (ਕਸ਼ਮੀਰ ਸਿੱਖ ਸਮਾਚਾਰ ਜੂਨ 1943) ਅਤੇ 'ਗਊ ਬਧ ਤੇ ਸਿਖ – ਖਾਲਸਾ' (ਕਸ਼ਮੀਰ ਸਿੱਖ ਸਮਾਚਾਰ ਸਤੰਬਰ 1943) ਆਦਿਕ ਵਿਚ ਮਰਯਾਦਾਵਾ ਨਿਭਾਉਣ ਅਤੇ ਪ੍ਰੰਪਰਾਵਾਂ ਪ੍ਰਤਿ ਜਾਗ੍ਰਿਤੀ ਪੈਦਾ ਕੀਤੀ ਹੈ।

**ੲ) ਗੁਰਬਾਣੀ ਪਾਠ, ਵਿਆਕਰਨ ਆਦਿਕ ਸੰਬੰਧੀ**

'ਗੁਰਬਾਣੀ ਪਦ ਛੇਦ ਕਰਨ ਵਿਚ ਇਕ ਭਾਰੀ ਭੁਲ' (ਖਾਲਸਾ ਸਮਾਚਾਰ 20 ਨਵੰਬਰ 1919 ਈ.), ਵਿਸ਼ੇ ਉਪਰ ਅਕਾਲੀ ਜੀ ਨੇ ਪਦ ਛੇਦ ਹੋਣ ਦੇ ਨੁਕਸਾਨਾਂ ਤੋਂ ਗਿਆਤ ਕਰਵਾਇਆ ਹੈ ਅਤੇ ਗੁਰਬਾਣੀ ਵਿਆਕਰਨ ਦੇ ਕਈ ਭੇਦ ਖੋਲ੍ਹੇ ਹਨ। 'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਿਆਕਰਣ (ਖਾਲਸਾ ਸਮਾਚਾਰ 9

ਸਤੰਬਰ 1920 ਈ.), ਵਿਚ ਵੀ ਉਨ੍ਹਾਂ ਨੇ ਗੁਰਬਾਣੀ ਵਿਆਕਰਨ ਦੇ ਰਹੱਸਾਂ ਨੂੰ ਤਰਕਸੰਗਤ ਪੇਸ਼ ਕੀਤਾ ਹੋਇਆ ਹੈ। ਗੁਰਬਾਣੀ ਵਿਆਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਿਤ ਹੋਰ ਵੀ ਵੰਨਗੀਆਂ ਹਨ ਜਿਵੇਂ- 'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਿਆਕਰਣ (ਖਾਲਸਾ ਸਮਾਚਾਰ 16 ਸਤੰਬਰ 1920 ਈ.), ਕੀ ਗੁਰਬਾਣੀ ਦੇ ਖੋਜੀ ਵੀਚਾਰ ਕਰਨਗੇ? (ਖਾਲਸਾ ਸਮਾਚਾਰ 12 ਅਗਸਤ 1920), (ਗੁਰਬਾਣੀ ਵਿਚ ਆਏ 'ਮਗ' ਪਦ ਦੇ ਭੇਦ ਬਾਰੇ) 'ਮਗ' ਦੀ ਖੁੱਲ੍ਹੀ ਵਿਚਾਰ ਵੀ ਕੀਤੀ ਗਈ ਹੈ।

**ਸ) ਚਲੰਤ ਮਾਮਲਿਆਂ ਸੰਬੰਧੀ**

'ਰਿਆਸਤ ਨਜਾਮ ਹੈਦਰਾਬਾਦ ਤੇ ਸਿੱਖ' (ਕਸ਼ਮੀਰ ਸਿੱਖ ਸਮਾਚਾਰ, 20 ਮਈ 1938) ਵਿਚ ਸਿੱਖਾਂ ਨਾਲ ਹੋਰ ਹੋ ਰਹੀਆਂ ਧੱਕੇਸ਼ਾਹੀਆਂ ਦਾ ਮੁੱਦਾ ਉਠਾਲ ਕੇ ਨਿਆਂ ਅਤੇ ਹੱਲ ਕਰਨ ਦੀ ਅਪੀਲ ਕੀਤੀ ਗਈ ਹੈ। ਜਾਗਰੂਕਤਾ ਲਿਆਉਣ ਅਤੇ ਸੰਜੀਦਾ ਚਲੰਤ ਮੁੱਦਿਆਂ ਬਾਰੇ ਜ਼ਰੂਰੀ ਮੁੱਦਿਆਂ ਉਪਰ ਨਿਮਨਲਿਖਤ ਨਿਬੰਧ ਪ੍ਰਾਪਤ ਹਨ:

'ਸ੍ਰੀ ਗੁਰੂ ਨਾਨਕ ਆਸ਼ਰਮ ਹਾਈ ਸਕੂਲ ਚਕਾਰ' (ਕਸ਼ਮੀਰ ਸਿੱਖ ਸਮਾਚਾਰ, ਮਈ 1943)

'ਸ਼੍ਰੋਮਣੀ ਖਾਲਸਾ ਦਰਬਾਰ ਦੇ ਮੈਂਬ੍ਰਾਂ ਦੀ ਸਮਝ' ( ਕਸ਼ਮੀਰ ਸਿੱਖ ਸਮਾਚਾਰ, ਅਗਸਤ 1943)

'ਲੀਡਰਾਂ ਦੇ ਐਲਾਨ ਤੇ ਖਾਲਸਾ ਪੰਥ' (ਕਸ਼ਮੀਰ ਸਿੱਖ ਸਮਾਚਾਰ, ਅਕਤੂਬਰ 1947)

'ਯੂਨੀਵਰਸਿਟੀਆਂ ਸੰਬੰਧੀ ਵਿਚਾਰ' (ਕਸ਼ਮੀਰ ਸਿੱਖ ਸਮਾਚਾਰ, ਅਕਤੂਬਰ 1947)

'ਕਸ਼ਮੀਰ ਦੇ ਸ਼ਹੀਦਾਂ ਦੀ ਯਾਦ' (ਖਾਲਸਾ ਸਮਾਚਾਰ, 25 ਨਵੰਬਰ 1948)

'ਰਿਆਸਤ ਜੰਮੂ ਕਸ਼ਮੀਰ ਦੇ ਸਿਖ ਸ਼ਹੀਦਾਂ ਦੀਆਂ ਵਿਧਵਾਵਾਂ, ਬਚੇ ਬਚੀਆਂ ਕਿੱਥੇ ਤੇ ਕਿਸ ਤਰ੍ਹਾਂ ਹਨ?' (ਖਾਲਸਾ ਸਮਾਚਾਰ, 27 ਜਨਵਰੀ, 1949)

'ਜੰਮੂ ਕਸ਼ਮੀਰ ਰਿਆਸਤ ਦੇ ਸਿਖ ਸੱਜਣ ਧਿਆਨ ਦੇਣ' (ਖਾਲਸਾ ਸਮਾਚਾਰ, 10 ਫਰਵਰੀ, 1949)

'ਜੰਮੂ ਕਸ਼ਮੀਰ ਤੇ ਪੁਣਛ ਨਿਵਾਸੀ ਸੱਜਣ ਧਿਆਨ ਦੇਣ' (ਖਾਲਸਾ ਸਮਾਚਾਰ, 13 ਅਕਤੂਬਰ, 1949)

ਉਪਰੋਕਤ ਅਧਿਐਨ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਵਿਚ ਪਾਏ ਯੋਗਦਾਨ ਦਾ ਘੇਰਾ ਵਿਸਤ੍ਰਿਤ ਅਤੇ ਉਪਯੋਗੀ ਸੀ। ਉਨ੍ਹਾਂ ਦੇ ਕੀਤੇ ਕਾਰਜ, ਵਿਸ਼ੇ ਅਤੇ ਸਮੇਂ ਦੇ ਅਨੁਕੂਲ ਹੁੰਦੇ ਸਨ। ਵਿਭਿੰਨ ਤਰ੍ਹਾਂ ਦਾ ਸਾਹਿਤ ਰਚਣਾ ਉਨ੍ਹਾਂ ਦੇ ਹਿੱਸੇ ਆਇਆ ਹੈ। ਅਕਾਲੀ ਕੌਰ ਸਿੰਘ ਦਾ ਸਾਹਿਤਕ ਕਾਰਜ ਦੂਰ-ਅੰਦੇਸ਼ੀ ਨਾਲ ਭਰਪੂਰ ਅਤੇ ਨਿਰਪੇਖ ਚਿੰਤਨ ਵਿਚੋਂ ਉਤਪੰਨ ਹੋਇਆ ਸੀ ਇਸ ਕਰਕੇ ਇਸ ਨੂੰ ਸਰਬ ਕਲਿਆਣੀ ਕਿਹਾ ਜਾ ਸਕਦਾ ਹੈ।

# ਅਧਿਆਇ ਚੌਥਾ

# ਅਕਾਲੀ ਕੌਰ ਸਿੰਘ: ਸਮੁੱਚਾ ਯੋਗਦਾਨ

ਪਿਛਲੇ ਅਧਿਆਇ ਵਿਚ ਅਸੀਂ ਅਕਾਲੀ ਕੌਰ ਸਿੰਘ ਦੇ ਸਾਹਿਤਕ ਯੋਗਦਾਨ ਬਾਰੇ ਚਰਚਾ ਕੀਤੀ ਹੈ। ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ ਕਿ ਉਨ੍ਹਾਂ ਨੇ ਸਾਹਿਤਕ ਯੋਗਦਾਨ ਤੋਂ ਇਲਾਵਾ ਹੋਰ ਵੀ ਖੇਤਰਾਂ ਵਿਚ ਆਪਣਾ ਯੋਗਦਾਨ ਦਿੱਤਾ। ਇਸ ਅਧਿਆਇ ਵਿਚ ਅਸੀਂ ਸਾਹਿਤਕ ਯੋਗਦਾਨ ਤੋਂ ਇਲਾਵਾ ਬਾਕੀ ਦੇ ਮਹੱਤਵਪੂਰਨ ਖੇਤਰਾਂ ਵਿਚ ਪਾਏ ਯੋਗਦਾਨ ਦਾ ਅਧਿਐਨ ਕਰਾਂਗੇ। ਇਸ ਨੂੰ ਚਾਰ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ; 1. ਧਾਰਮਿਕ ਯੋਗਦਾਨ, 2. ਸਮਾਜਿਕ ਯੋਗਦਾਨ, 3. ਰਾਜਨੀਤਿਕ ਯੋਗਦਾਨ 4. ਵਿਦਿਅਕ ਯੋਗਦਾਨ ਅਤੇ 5. ਫੁਟਕਲ। ਅਕਾਲੀ ਜੀ ਦੇ ਜੀਵਨ ਦੀਆਂ ਬਹੁਤ ਸਾਰੀਆਂ ਘਟਨਾਵਾਂ ਅਤੇ ਸੂਚਨਾਵਾਂ ਨੂੰ ਅਸੀਂ ਦੂਜੇ ਅਧਿਆਇ ਵਿਚ ਝਲਕ ਮਾਤਰ ਪੇਸ਼ ਕੀਤਾ ਸੀ ਜਿਨ੍ਹਾਂ ਨੂੰ ਇਥੇ ਵਿਸ਼ੇ ਅਤੇ ਲੋੜ ਅਨੁਸਾਰ ਖੋਲ੍ਹ ਕੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾਵੇਗਾ।

## 1. ਧਾਰਮਿਕ ਯੋਗਦਾਨ

ਧਾਰਮਿਕ ਖੇਤਰ ਵਿਚ ਅਕਾਲੀ ਜੀ ਨੇ ਅਨਿਕ ਭਾਂਤੀ ਯੋਗਦਾਨ ਅਤੇ ਸਰਗਰਮ ਭੂਮਿਕਾ ਨਿਭਾਈ। ਸਿੱਖ ਧਰਮ ਅਤੇ ਹੋਰ ਧਰਮਾਂ ਦੇ ਲੋਕਾਂ ਵਿਚ ਉਨ੍ਹਾਂ ਦਾ ਪੂਰਾ ਸਤਿਕਾਰ ਕਾਇਮ ਸੀ। ਉਨ੍ਹਾਂ ਨੇ ਆਪਣੀ ਸ਼ਖ਼ਸੀਅਤ ਨੂੰ ਕਦੇ ਤੁਅੱਸਬੀ ਨਹੀਂ ਬਣਨ ਦਿੱਤਾ। ਜਿਥੇ ਉਹ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਯੋਗਦਾਨ ਪਾਉਂਦੇ ਸਨ ਉਸ ਦੇ ਨਾਲ-ਨਾਲ ਇਹ ਵੀ ਖ਼ਿਆਲ ਰੱਖਦੇ ਸਨ ਕਿ ਕਿਸੇ ਵੀ ਧਰਮ ਦੇ ਮਾਨ-ਸਨਮਾਨ ਨੂੰ ਠੇਸ ਨਾ ਲੱਗੇ। ਧਾਰਮਿਕ ਖੇਤਰ ਵਿਚ ਉਨ੍ਹਾਂ ਦੀ ਇਕ ਵਿਸ਼ੇਸ਼ ਭੂਮਿਕਾ ਅਤੇ ਯੋਗਦਾਨ ਰਿਹਾ ਜਿਸ ਦਾ ਅਸੀਂ ਇਥੇ ਅਧਿਐਨ ਕਰਾਂਗੇ।

### 1.1. ਸਿੱਖ ਜਥੇਬੰਦੀਆਂ ਵਿਚ ਸਥਾਨ ਅਤੇ ਯੋਗਦਾਨ

ਅਕਾਲੀ ਕੌਰ ਸਿੰਘ ਨੇ ਸਿੰਘ ਸਭਾ ਲਹਿਰ ਵਿਚ ਵੀ ਆਪਣਾ ਭਰਵਾਂ ਅਤੇ ਵਡਮੁੱਲਾ ਯੋਗਦਾਨ ਦਿੱਤਾ। ਉਨ੍ਹੀਵੀਂ ਸਦੀ ਦੇ ਅਖੀਰਲੇ ਚੌਥਾਈ ਹਿੱਸੇ ਵਿਚ ਗੁਰਮਤਿ ਲਹਿਰ ਨੇ ਜ਼ੋਰ ਫੜਿਆ ਯਾ ਇਹ ਕਹਿ ਲਵੋ

ਇਕ ਲਹਿਰ ਉੱਠੀ ਜਿਸ ਨੂੰ 'ਸਿੰਘ ਸਭਾ ਲਹਿਰ' ਕਿਹਾ ਗਿਆ ਹੈ। ਇਸ ਲਹਿਰ ਦਾ ਭਾਵ ਖਾਲਸਾ ਪੰਥ ਵਿਚੋਂ ਅਨਮਤ ਅਸਰ ਤੇ ਕਿਤਨੀਆਂ ਹੀ ਮਨਮਤਾਂ ਦੀ ਵਰਤੋਂ ਨੂੰ ਦੂਰ ਕਰਨਾ ਸੀ। ਅਕਾਲੀ ਜੀ ਕੇਵਲ ਇਸ ਲਹਿਰ ਦੇ ਪੰਜਾਬ, ਯੂ. ਪੀ., ਸੀ. ਪੀ., ਮਹਾਂਰਾਸ਼ਟਰ, ਬਿਹਾਰ, ਬੰਗਾਲ, ਅਸਾਮ, ਦਖਣ ਫਰੰਟੀਅਰ, ਕਾਬਲ, ਅਫਗਾਨਿਸਤਾਨ ਆਦਿ ਇਲਾਕਿਆਂ ਦਾ ਪਰਚਾਰ ਕਰਨ ਦੇ ਮੁਢਲੇ ਹਾਮੀ ਹੀ ਨਹੀਂ ਸਨ ਬਲਕਿ ਪੂਰੇ ਪਰਚਾਰਕ ਤੇ 'ਚੀਫ ਖਾਲਸਾ ਦੀਵਾਨ' ਦੇ ਧਾਰਮਿਕ ਸਲਾਹਕਾਰ ਵੀ ਸਨ। ਹਰ ਇਕਤਰਤਾ ਵਿਚ ਆਪ ਦੀ ਸਲਾਹ ਨੂੰ ਬੜੀ ਵਡਮੁੱਲੀ ਚੀਜ਼ ਸਮਝ ਕੇ ਅਪਣਾਇਆ ਜਾਂਦਾ ਸੀ। ਆਪ ਦੇ ਮਨੋਹਰ ਕਥਾ ਵਿਖਿਆਨ ਆਪ ਨੂੰ ਆਲਮ ਬਾਅਮਲ ਸਮਝ ਕੇ ਕਰਾਏ ਜਾਂਦੇ ਸਨ।

ਇਸੇ ਪ੍ਰਚਾਰ ਦਾ ਸਦਕਾ ਬੁੱਢਾ ਦਲ ਦੇ ਨਿਹੰਗ ਅਤੇ ਸ੍ਰੀ ਹਜ਼ੂਰ ਸਾਹਿਬ ਦੇ ਨਿਹੰਗ ਸਿੰਘ ਆਪ ਦਾ ਬੜਾ ਆਦਰ-ਸਨਮਾਨ ਇਸ ਲਈ ਕਰਦੇ ਸਨ ਕਿਉਂਕਿ ਉਹ ਸਮਝਦੇ ਸਨ ਕਿ 'ਅਕਾਲੀ ਜੀ' ਜੈਸੇ ਨਿਹੰਗ ਵਿਦਵਾਨ ਵੀ ਅਸਾਡੇ ਵਿਚ ਉਚੇ ਜੀਵਨ ਵਾਲੇ ਮਹਾਂਪੁਰਸ਼ ਹਨ।[1]

ਪੰਥ ਵਿਚੋਂ ਬੁਰਾਈਆਂ ਦੂਰ ਕਰਨ ਲਈ ਅਤੇ ਆਪਣੇ ਇਤਿਹਾਸਕ ਤੇ ਧਾਰਮਿਕ ਵਿਰਸੇ ਨਾਲ ਜੋੜਨ ਲਈ ਇਹ ਗੱਲ ਬੜੀ ਅਵੱਸ਼ਕ ਹੈ ਕਿ ਪ੍ਰਚਾਨ ਵਿਗਿਆਨਕ ਬੁਨਿਆਦਾਂ 'ਤੇ ਕੀਤਾ ਜਾਵੇ। ਭਾਵੇਂ ਇਹ ਪ੍ਰਬੰਧ ਕਿਸੇ ਜਥੇਬੰਦੀ ਦੇ ਅਧੀਨ ਹੋਵੇ ਜਾਂ ਕਿਸੇ ਵਿਅਕਤੀ ਵਿਸ਼ੇਸ਼ ਦੇ ਉਦਮ ਤੇ ਲਗਨ ਦਾ ਨਤੀਜਾ ਹੋਵੇ। ਦੋਵਾਂ ਸੂਰਤਾਂ ਵਿਚ ਕਿਸੇ ਮਹਾਨ ਪੁਰਖ ਦੀ ਅਗਵਾਈ ਦੀ ਲੋੜ ਅਵੱਸ਼ ਹੁੰਦੀ ਹੈ। ਸਾਂਝੇ ਵਰਤਮਾਨ ਕਾਲ ਵਿਚ ਇਹੋ ਜਿਹੀ ਮਹਾਨ ਹਸਤੀ ਅਕਾਲੀ ਕੌਰ ਸਿੰਘ ਨਿਹੰਗ ਹੀ ਸਨ।[2]

ਅਕਾਲੀ ਜੀ ਉਨ੍ਹਾਂ ਗਿਣਤੀ ਦੇ ਖੋਜੀ ਸਿੱਖ ਵਿਦਵਾਨਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਸਿੱਖ ਧਰਮ ਦੇ ਪ੍ਰਚਾਰ ਲਈ ਬਹੁਤ ਠੋਸ ਕੰਮ ਕੀਤੇ। ਆਪ ਨੂੰ ਸਿੱਖ ਬੀਬੀਆਂ ਤੇ ਬੱਚਿਆਂ ਨੂੰ ਸੁਚੱਜੇ ਤਰੀਕੇ ਨਾਲ ਸਿੱਖੀ ਮਾਰਗ ਤੇ ਚਲਾਏ ਜਾਣ ਦੀ ਖਾਸ ਲਗਨ ਸੀ।[3]

---

[1] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ*, ਪੰਨੇ 28-29.

[2] *ਹੀਮਾਲ*, (ਅਕਾਲੀ ਕੌਰ ਸਿੰਘ ਨਿਹੰਗ ਵਿਸ਼ੇਸ਼ ਅੰਕ), ਪੰ. 13.

[3] *ਰੋਜ਼ਾਨਾ ਅਕਾਲੀ* (ਜਲੰਧਰ), 28 ਜਨਵਰੀ 1953, ਪੰ. 5.

## 1.2. ਪ੍ਰਚਾਰਕ ਦੌਰੇ

ਅਕਾਲੀ ਕੌਰ ਸਿੰਘ ਸਿੱਖੀ ਜਜ਼ਬੇ ਨਾਲ ਸਰਸ਼ਾਰ ਰੂਹ ਸਨ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਵੱਖ-ਵੱਖ ਦੂਰ-ਦੁਰੇਡੀਆਂ ਥਾਵਾਂ ’ਤੇ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਸ ਸੰਬੰਧੀ ਦੂਜੇ ਅਧਿਆਇ ਵਿਚ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਉਨ੍ਹਾਂ ਨੇ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਗੁਰਮਤਿ ਦਾ ਪ੍ਰਚਾਰ ਆਰੰਭ ਕਰ ਕੇ ਯੂ. ਪੀ., ਬਿਹਾਰ, ਬੰਗਾਲ, ਉੜੀਸਾ ਆਦਿ ਦੇ ਵੱਖ-ਵੱਖ ਸ਼ਹਿਰਾਂ ਵਿਚ ਪ੍ਰਚਾਰ ਦੌਰੇ ਕੀਤੇ।

ਉਨ੍ਹਾਂ ਨੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਮਹੱਤਵ ਰੱਖਣ ਵਾਲੇ ਬਹੁਤ ਸਾਰੇ ਵੱਡੇ-ਵੱਡੇ ਸ਼ਹਿਰਾਂ ਵਿਚ ਸਮਾਂ ਬਤੀਤ ਕੀਤਾ ਅਤੇ ਪੰਜਾਬ ਦੇ ਪਛੜੇ ਹੋਏ ਇਲਾਕੇ ਮਾਲਵੇ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦਿਤਾ। ਫਿਰ ਇੱਥੋਂ ਦੁਆਬੇ ਤੇ ਮਾਝੇ ਦੇ ਲੋਕਾਂ ਨੂੰ ਗੁਰਮਤਿ ਸੰਦੇਸ਼ ਦਿੰਦੇ ਹੋਏ ਪੋਠੋਹਾਰ ਪਹੁੰਚੇ। ਸੰਤ ਅਤਰ ਸਿੰਘ ਤੋਂ ਪਿਛੋਂ ਅਕਾਲੀ ਕੌਰ ਸਿੰਘ ਅਜਿਹੀ ਸ਼ਖ਼ਸੀਅਤ ਹੋਏ ਜਿਨ੍ਹਾਂ ਨੇ ਉਨ੍ਹਾਂ ਥਾਵਾਂ 'ਤੇ ਸਤਿਗੁਰਾਂ ਦਾ ਸੰਦੇਸ਼ ਪਹੁੰਚਾਇਆ, ਜਿੱਥੇ ਕੋਈ ਹੋਰ ਪਹੁੰਚਣ ਤੋਂ ਅਸਮਰਥ ਸੀ ਅਤੇ ਝਿਜਕਦਾ ਸੀ।

ਡੇਰਿਆਂ ਦੀ ਘਾਲਣਾ ਤੋਂ ਛੁਟ ਵਿਅਕਤੀਗਤ ਤੌਰ ’ਤੇ ਵੀ ਗੁਰਮਤਿ ਪ੍ਰਚਾਰ ਦੇ ਉੱਦਮ ਕੀਤੇ ਗਏ ਗੁਰਮਤਿ ਪ੍ਰਚਾਰ ਦਾ ਵਿਰਸਾ ਪੱਕੀਆਂ ਨੀਹਾਂ ’ਤੇ ਮਹਾਂਪੁਰਸ਼ਾਂ ਨੇ ਕਾਇਮ ਕੀਤਾ ਸੀ ਜਿਸ ਦੇ ਪ੍ਰਭਾਵ ਨੂੰ ਮੁੱਖ ਰੱਖ ਕੇ ਵਿਅਕਤੀਗਤ ਤੌਰ ’ਤੇ ਕੁਝ ਮਹਾਂਪੁਰਸ਼ਾਂ ਨੇ ਇਸ ਲਹਿਰ ਵਿਚ ਆਪਣਾ ਯੋਗਦਾਨ ਪਾਇਆ। ਉਨ੍ਹਾਂ ਵਿਚੋਂ ਅਕਾਲੀ ਕੌਰ ਸਿੰਘ ਨਿਹੰਗ, ਚਕਾਰ ਦਾ ਯੋਗਦਾਨ ਬੜਾ ਮਹੱਤਵਪੂਰਨ ਹੈ।[4]

ਗੁਰ ਮਰਯਾਦਾ ਦ੍ਰਿੜ੍ਹ ਕਰਵਾਉਣ ਲਈ ਅਕਾਲੀ ਜੀ ਬੱਚਿਆਂ ਤੋਂ ਲੈ ਕੇ ਬੁੱਢਿਆਂ ਤਕ ਸਭ ਨੂੰ ਪ੍ਰੇਰਦੇ ਰਹਿੰਦੇ ਸਨ। ਨਵੀਂ ਪੀੜ੍ਹੀ, ਬੱਚਿਆਂ ਅਤੇ ਨੌਜਵਾਨਾਂ ਵਲ ਉਹ ਖਾਸ ਤਵੱਜੋ ਦਿੰਦੇ ਸਨ ਅਤੇ ਉਨ੍ਹਾਂ ਵਿਚ ਪੂਰਨ ਗੁਰਸਿੱਖ ਬਣਨ ਦਾ ਉਤਸ਼ਾਹ ਭਰਦੇ ਰਹਿੰਦੇ ਸਨ।

ਸਿੱਖ ਐਜੂਕੇਸ਼ਨਲ ਕਾਨਫ਼ਰੰਸ ਚੀਫ਼ ਖ਼ਾਲਸਾ ਦੀਵਾਨ, ਦਿੱਲੀ ਦੇ ਵਿਸਾਖੀ 2009 ਬਿ. (ਸੰਨ 1952 ਈ.) ਦੇ ਸਮਾਗਮ ਸਮੇਂ ਦਿੱਲੀ ਵਿਖੇ ਪੰਥ ਹਿਤੈਸ਼ੀਆਂ ਨੇ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੈਸੇ ਵਿਦਵਾਨਾਂ ਨੇ ਪੰਥਕ ਵਰਤਮਾਨ ਦਸ਼ਾ ਪੁਰ ਵਿਚਾਰ ਕੀਤਾ ਕਿ ਪੰਥ ਵਿਚ ਇਸ ਵੇਲੇ ਸਿੱਖੀ ਨੂੰ ਢਾਹ

---

[4] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰ. 261.

ਲੱਗ ਰਹੀ ਹੈ ਤੇ ਨਾਮੀਂ ਨਾਮੀਂ ਸਿੱਖ-ਰਈਸ ਸਰਦਾਰ ਆਪ ਸਿੱਖੀ ਤੋਂ ਪਤਿਤ ਹੁੰਦੇ ਜਾਂਦੇ ਹਨ ਤੇ ਇਨ੍ਹਾਂ ਵਲ ਵੇਖ-ਵੇਖ ਕੇ ਰਾਜੇ, ਮਹਾਰਾਜੇ, ਸੇਠ, ਸ਼ਾਹੂਕਾਰ ਅਤੇ ਜ਼ਿਮੀਂਦਾਰ ਵੀ ਦਿਨੋ-ਦਿਨ ਪਤਿਤਾਂ ਦੀ ਸੰਖਿਆ ਵਧਾਉਣ ਵਿਚ ਸ਼ਾਮਲ ਹੋ ਰਹੇ ਹਨ। ਇਸ ਤਰ੍ਹਾਂ ਸਿੱਖ ਬਹੁਗਿਣਤੀ ਵਿਚ ਪਤਿਤ ਹੋ ਜਾਣਗੇ। ਇਸ ਸਮਸਿਆ ਨਾਲ ਨਜਿਠਣ ਲਈ ਗੁਰਮਤਿ ਪ੍ਰਚਾਰ ਕਰਨ ਵਾਸਤੇ ਪੰਜ ਸਜਣਾਂ ਦਾ ਜੱਥਾ ਬਣਾਇਆ ਗਿਆ: 1. ਸ੍ਰੀਮਾਨ ਹਰੀ ਸਿੰਘ ਜੀ ਸਪੁਤਰ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ 2. ਸ਼੍ਰੀ ਮਾਨ ਸ੍ਰ. ਰਘਬੀਰ ਸਿੰਘ ਜੀ ਜੱਜ 3. ਸ੍ਰੀ ਮਾਨ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ 4. ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ ਅਤੇ 5. ਗਿਆਨੀ ਨਿਰੰਜਨ ਸਿੰਘ ਜੀ ਦੂਖ ਨਿਵਾਰਨ ਸਾਹਿਬ ਵਾਲੇ।

27 ਜਾਂ 28 ਦਿਨਾਂ ਵਿਚ ਮਾਨਸਾ ਮੰਡੀ ਤਹਿਸੀਲ ਦੇ ਕਈ ਪਿੰਡਾਂ ਵਿਚ ਫਿਰੇ ਅਤੇ ਲਗਭਗ 500 ਦੇ ਕਰੀਬ ਪ੍ਰਾਣੀਆਂ ਨੂੰ ਪ੍ਰੇਰਣਾ ਦੇ ਕੇ ਗੁਰੂ ਕੇ ਜਹਾਜ਼ ਚੜ੍ਹਾਇਆ। ਅਕਾਲੀ ਜੀ ਨੇ ਸੰਗਤਾਂ ਨੂੰ ਭਵਿੱਖ ਵਿਚ ਆਉਣ ਬਾਰੇ ਅਤੇ ਇਕ ਇਕ ਜਥਾ ਪ੍ਰਚਾਰਕ ਚੀਫ਼ ਖ਼ਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਅਤੇ ਧਰਮ ਅਰਥ ਬੋਰਡ ਵਲੋਂ ਲਿਆਉਣ ਦੀ ਸਕੀਮ ਵੀ ਦੱਸੀ।

ਅੰਮ੍ਰਿਤ ਪ੍ਰਚਾਰ ਕਰ ਕੇ ਪਿੰਡ-ਪਿੰਡ ਧਾਰਮਿਕ ਪੰਚਾਇਤਾਂ ਕਾਇਮ ਕੀਤੀਆਂ ਹੋਈਆਂ ਸਨ ਉਨ੍ਹਾਂ ਦੇ ਨਾਮ ਇਹ ਸਨ:

1. ਅੰਮ੍ਰਿਤ ਪ੍ਰਚਾਰਕ ਤੇ ਅਮਲ ਪ੍ਰਹਾਰਕ ਸੇਵਕ ਜਥਾ (ਸੁਨਾਮ ਪੈਪਸੂ)
2. ਮਨਮਤ ਪ੍ਰਹਾਰਕ ਅਤੇ ਗੁਰਮਤ ਪ੍ਰਚਾਰਕ ਸੇਵਕ ਜਥਾ (ਮਾਨਸਾ)
3. ਅਮਲ (ਨਸ਼ੇ) ਪ੍ਰਹਾਰੀ ਅਤੇ ਅੰਮ੍ਰਿਤ ਪ੍ਰਚਾਰੀ ਜਥਾ (ਮਾਲਵੇ ਵਿਚ)
4. ਪਿੰਡ ਸੁਧਾਰ ਪੰਚਾਇਤ
5. ਅਮਲ ਪ੍ਰਹਾਰੀ, ਰਹਿਤ ਅਤੇ ਅੰਮ੍ਰਿਤ ਪ੍ਰਚਾਰੀ ਜਥਾ (ਮਾਲਵਾ ਪੈਪਸੂ)

ਇਨ੍ਹਾਂ ਜਥਿਆਂ ਦੇ ਉਨ੍ਹਾਂ ਨੇ ਨਿਯਮ ਅਤੇ ਉਪ-ਨਿਯਮ ਵੀ ਬਣਾਏ ਹੋਏ ਸਨ।

ਅਕਾਲੀ ਕੌਰ ਸਿੰਘ ਆਪ ਤਾਂ ਗੁਰਮਤਿ ਪ੍ਰਚਾਰ ਵਿਚ ਯੋਗਦਾਨ ਪਾ ਹੀ ਰਹੇ ਸਨ ਉਸ ਦੇ ਨਾਲ ਨਾਲ ਹੋਰਨਾਂ ਨੂੰ ਪ੍ਰਚਾਰ ਦੀ ਸੇਵਾ ਲਈ ਪ੍ਰੇਰਦੇ ਸਨ ਜਿਨ੍ਹਾਂ ਵਿਚ ਸ. ਗੱਜਣ ਸਿੰਘ ਭਰਮਤੋੜ ਸਹੌਰ ਵਾਲੇ

ਸਨ। ਅਕਾਲੀ ਜੀ ਨੇ ਇਨ੍ਹਾਂ ਨੂੰ ਬੰਗਾਲ ਦੇਸ਼ ਵਿਚ ਪ੍ਰਚਾਰਕ ਜਥਾ ਬਣਾ ਕੇ ਪ੍ਰਚਾਰ ਕਰਨ ਦੀ ਰਾਇ ਦਿੱਤੀ। ਸ. ਗੱਜਣ ਸਿੰਘ ਜੀ ਨੇ ਢਾਡੀ ਜੱਥਾ ਬਣਾ ਕੇ ਪ੍ਰਚਾਰ ਦੀ ਸੇਵਾ ਨਿਭਾਈ।

### 1.2.1. ਕਾਬਲ ਦੀ ਪ੍ਰਚਾਰ ਫੇਰੀ ਅਤੇ ਧਾਰਮਿਕ ਚੇਤਨਾ

ਯੁੱਧ ਦੇ ਸੰਕਟਕਾਲੀਨ ਸਮੇਂ ਵਿਚ ਅਕਾਲੀ ਕੌਰ ਸਿੰਘ ਨੇ ਕਾਬਲ ਵਿਖੇ ਜਾ ਕੇ ਪ੍ਰਚਾਰ ਕਰਨ ਦਾ ਜੋ ਪ੍ਰੋਗਰਾਮ ਬਣਾਇਆ ਸੀ ਉਸਨੂੰ ਬਿਲਕੁਲ ਨਹੀਂ ਬਦਲਿਆ ਅਤੇ ਨਾ ਹੀ ਘਬਰਾਏ। ਜਾਣ ਲਈ ਅਰਦਾਸਾ ਸੋਧਿਆ ਜਾ ਚੁੱਕਾ ਸੀ ਇਸ ਕਰਕੇ ਪਿੱਛੇ ਹਟਣ ਨੂੰ ਅਕਾਲੀ ਜੀ ਅਰਦਾਸ ਦੀ ਤੌਹੀਨ ਸਮਝਦੇ ਸਨ।

ਰਸਤੇ ਵਿਚ ਉਨ੍ਹਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਭਾਰਤੀ ਹੱਦ ਟੱਪਣ ਤੋਂ ਬਾਅਦ ਇਨ੍ਹਾਂ ਨੂੰ ਅੰਗਰੇਜ਼ੀ ਸੈਨਿਕ ਸਮਝ ਕੇ ਇਨ੍ਹਾਂ ਉਪਰ ਗੋਲੀਬਾਰੀ ਵੀ ਕੀਤੀ ਗਈ। ਅਕਾਲੀ ਜੀ ਨੇ ਆਪਣੇ ਕੋਟ ਦੇ ਬਟਨ ਖੋਲ੍ਹ ਲਏ ਸਨ ਜਿਸ ਕਰਕੇ ਬਹੁਤੀਆਂ ਗੋਲੀਆਂ ਇਨ੍ਹਾਂ ਦੇ ਕੋਟ ਵਿਚ ਹੀ ਫਸ ਗਈਆਂ ਸਨ। ਉਹ ਸਹੀ ਸਲਾਮਤ ਸੰਗਤਾਂ ਵਿਚ ਪਹੁੰਚ ਗਏ ਅਤੇ ਉਨ੍ਹਾਂ ਨੇ ਉਥੇ ਜਾ ਕੇ ਨਿਤਾਪ੍ਰਤਿ ਸਵੇਰੇ-ਸ਼ਾਮ ਦੀਵਾਨ ਸਜਾਉਣ ਲੱਗੇ। ਪੇਸ਼, ਪਲਾਕ ਤੇ ਸਰਵੋਹੀ ਆਦਿਕ ਸਮੂਹ ਪਿੰਡਾਂ ਦੀਆਂ ਸੰਗਤਾਂ ਨੇ ਅੰਮ੍ਰਿਤਪਾਨ ਕੀਤਾ ਅਤੇ ਸਿੰਘ ਸਜੇ। ਬਹੁਤ ਸਾਰਿਆਂ ਨੇ ਇਕਰਾਰ ਵੀ ਕੀਤੇ।[5]

ਕਾਬਲ ਫੇਰੀ ਬਾਰੇ ਖਜਿੰਦਰ ਸਿੰਘ ਖੁਰਾਣਾ ਨੇ ਇਸ ਤਰ੍ਹਾਂ ਲਿਖਿਆ ਹੈ- ਅਕਾਲੀ ਜੀ ਨਾਲ ਕਾਬਲ ਦੇ ਸਿੰਘਾਂ ਦਾ ਬੜਾ ਗੂੜ੍ਹਾ ਸਨੇਹ ਸੀ ਸ੍ਵਦੇਸ਼ੀਆਂ ਤੋਂ ਦੂਰ, ਬਹੁ ਸੰਖਿਅਕ ਮੁਸਲਮਾਨ ਹੁਕਮਰਾਨੀ ਦੇ ਅਧੀਨ ਜੀਵਨ ਬਿਤਾਉਣ ਵਾਲੇ ਸਿੱਖਾਂ ਦੀ ਸਾਰ ਲੈਣ ਅਕਾਲੀ ਜੀ ਦੋ ਵਾਰ ਅਫਗਾਨਿਸਤਾਨ ਆਏ। ਪਹਿਲੀ ਵਾਰ ਆਪ ਜੀ 1918-1919 ਵਿਚ ਕਾਬਲ ਠਹਿਰੇ। ਇਸ ਫੇਰੀ ਦੌਰਾਨ ਆਪ ਜੀ ਚਕਨੌਰ ਤੇ ਢਾਕਾ ਲਾਲ ਪੁਰਾ ਅਤੇ ਕਾਬਲ ਵਿਖੇ ਪ੍ਰਚਾਰ ਕਰਦੇ ਰਹੇ। ਅਕਾਲੀ ਜੀ ਨੇ ਆਪਣੀ ਸੁਘੜਤਾ ਅਤੇ ਵਿਦਵਤਾ ਨਾਲ ਇਸਲਾਮੀ ਜੂਲੇ ਹੇਠਾਂ ਆਏ ਹੋਇਆਂ ਨੂੰ ਉਨ੍ਹਾਂ ਨੂੰ ਆਪਣੀ ਵਿਰਾਸਤ ਦੀ ਸੋਝੀ ਕਰਾ ਕੇ ਸਿੱਖ ਧਰਮ ਨਾਲ ਜੋੜਿਆ। ਜਿਹੜੇ ਹਿੰਦੂਤਵ ਤੋਂ ਵੀ ਡਿੱਗਦੇ ਜਾ ਰਹੇ ਸੀ। ਅਕਾਲੀ ਜੀ ਦੀ ਪ੍ਰੇਰਨਾ ਨੇ ਉਨ੍ਹਾਂ ਨੂੰ ਵੀ ਆਪਣੇ ਧਾਰਮਿਕ ਵਿਰਸੇ ਨਾਲ ਜੋੜਿਆ। ਆਪ ਜੀ ਪਹਿਲਾਂ ਲਾਲਪੁਰਾ ਜੋ ਕਿ ਇਕ ਛੋਟਾ

[5] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 117.

ਜਿਹਾ ਸ਼ਹਿਰ ਸੀ ਜਿਥੇ 100 ਦੇ ਕਰੀਬ ਸਿੱਖਾਂ ਦੇ ਸਨ ਪਠਾਣੀ ਵਾਤਾਵਰਣ ਦੇ ਪ੍ਰਭਾਵ ਕਾਰਨ ਆਪਣੀਆਂ ਧੀਆਂ ਭੈਣਾ ਦਾ ਰਿਸ਼ਤਾ ਪੈਸੇ ਦੇ ਲੈਣ-ਦੇਣ ਨਾਲ ਕਰਦੇ ਸਨ। ਇਸ ਰਸਮ ਨੂੰ 'ਰਮ' ਕਿਹਾ ਜਾਂਦਾ ਸੀ। ਅਕਾਲੀ ਜੀ ਦੇ ਪ੍ਰਚਾਰ ਕਾਰਨ ਇਸ ਰਸਮ ਤੋਂ ਇਨ੍ਹਾਂ ਨੇ ਤੌਬਾ ਕੀਤੀ।[6]

ਗੁਰਮਤਿ ਪ੍ਰਚਾਰ ਵਿਚ ਅੜਿੱਕਾ ਪਾਉਣ ਵਾਲੇ ਮੁਤਅਸਬੀ ਮੌਲਵੀਆਂ ਅਤੇ ਪਠਾਣਾਂ ਨੂੰ ਸਮਝਾ-ਬੁਝਾ ਕੇ ਅਕਾਲੀ ਜੀ ਨੇ ਦੋਸਤਾਨਾ ਮਹੌਲ ਪੈਦਾ ਕੀਤਾ।

ਇਥੋਂ ਅੱਗੇ ਚਲ ਕੇ ਸਾਰੇ ਸਿੱਖਾਂ ਹਿੰਦੂਆਂ ਦੇ ਪਿੰਡਾਂ ਵਿਚ ਪਹੁੰਚ ਕੇ ਗੁਰਮਤਿ ਪ੍ਰਚਾਰ ਕੀਤਾ, ਅੰਮ੍ਰਿਤ ਛਕਾਏ, ਸਹਿਜਧਾਰੀ ਤੋਂ ਕੇਸਾਧਾਰੀ ਸਜਾਏ, ਦੇਹਧਾਰੀ ਗੁਰੂ ਦੀ ਮੰਨਤਾ ਤੋਂ ਰੋਕਿਆ। ਸਭ ਤਰ੍ਹਾਂ ਦੇ ਪਖੰਡਾਂ 'ਚੋਂ ਨਿਕਲ ਕੇ ਗੁਰਬਾਣੀ ਉਪਰ ਚਲਣ ਦਾ ਉਪਦੇਸ਼ ਦਿੱਤਾ।

ਅੱਜ ਦੇ ਅਫ਼ਗਾਨੀ ਸਿੱਖਾਂ ਦੀ ਅਜੋਕੀ ਦ੍ਰਿੜ੍ਹਤਾ ਪਿੱਛੇ ਅਸਲ 'ਚ ਸੌ ਸਾਲ ਪਹਿਲਾਂ ਅਕਾਲੀ ਕੌਰ ਸਿੰਘ ਦੀ ਨਿਭਾਈ ਭੂਮਿਕਾ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।[7]

## 1.2.2. ਵਿਸ਼ਾਲ ਪ੍ਰਚਾਰ ਖੇਤਰ

ਉਨ੍ਹਾਂ ਦੇ ਪ੍ਰਚਾਰ ਖੇਤਰ ਦਾ ਘੇਰਾ ਬਹੁਤ ਹੀ ਵਿਸ਼ਾਲ ਸੀ। 'ਸ੍ਰੀ ਗੁਰੂ ਸਬਦ ਰਤਨ ਪ੍ਰਕਾਸ਼' ਦੇ ਅਖ਼ੀਰ ਵਿਚ ਇਸ ਦੀ ਸੂਚੀ ਸਾਨੂੰ ਪ੍ਰਾਪਤ ਹੋ ਜਾਂਦੀ ਹੈ ਜਿਸ ਦੀ ਜਾਣਕਾਰੀ ਅਸੀਂ ਤੀਜੇ ਅਧਿਆਇ ਵਿਚ ਦੇ ਚੁੱਕੇ ਹਾਂ। ਪ੍ਰਾਪਤ ਸੂਚੀ ਵਿਚ ਜੋ ਥਾਵਾਂ ਦੇ ਨਾਂ ਮਿਲਦੇ ਹਨ ਉਨ੍ਹਾਂ ਵਿਚ; ਢਾਕਾ (ਬੰਗਾਲ), ਲਾਮਡੀਂਗ (ਆਸਾਮ), ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ (ਦਖਨ), ਪੰਡਰ ਪੁਰ (ਮਹਾਂਰਾਸ਼ਟਰ) ਕਾਸ਼ੀ ਪੁਰ (ਉਤਰਾਖੰਡ), ਸ੍ਰੀ ਅੰਮ੍ਰਿਤਸਰ ਸਾਹਿਬ (ਪੰਜਾਬ), ਸ੍ਰੀ ਨਗਰ (ਕਸ਼ਮੀਰ), ਪਿਸ਼ਾਵਰ (ਸਰਹੱਦ), ਕਲਕੱਤਾ (ਬੰਗਾਲ) ਸਦੀਆ (ਆਸਾਮ)। ਲਾਲ ਪੁਰਾ (ਕਾਬਲ), ਡੇਹਰਾ ਸਾਹਿਬ (ਲਾਹੌਰ) ਆਦਿ ਸ਼ਾਮਲ ਹਨ।

---

[6] ਖਜਿੰਦਰ ਸਿੰਘ ਖੁਰਾਣਾ, *ਕਾਬੁਲ ਦੀ ਸੰਗਤ ਤੇ ਅਫਗਾਨਿਸਤਾਨ ਦਾ ਸੰਖੇਪ ਇਤਿਹਾਸ* , ਪੰਨੇ 70-71.

[7] *ਸਿੱਖ ਫੁਲਵਾੜੀ,* ਫਰਵਰੀ 2015, ਪੰ. 33.

## 1.3. ਗੁਰੂ ਡੰਮ੍ਹ ਨੂੰ ਕੱਢਣਾ

1924 ਈ. ਵਿਚ ਉਨ੍ਹਾਂ ਨੇ ਜਥੇਦਾਰ ਕਪੂਰ ਸਿੰਘ ਜੀ ਅਤੇ ਮੁਜਫਰਾਬਾਦ ਦੇ ਹੋਰ ਉੱਘੇ ਸੱਜਣਾਂ ਨੂੰ ਨਾਲ ਲੈ ਕੇ ਜਿੰਨੇ ਵੀ ਕਸ਼ਮੀਰ ਵਿਚ ਸੰਤ-ਡੇਰੇ, ਗੁਫਾਵਾਂ ਆਦਿ ਸਨ ਸਭ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਵਾਏ ਗਏ।[8] ਗੁਰੂ ਡੰਮ੍ਹ ਨੂੰ ਕੱਢਣ ਲਈ ਠਿੱਗਰ ਕੰਮ ਇਹ ਆਰੰਭਿਆ ਕਿ ਹਰ ਥਾਂ ਪੰਥ ਵਿਚ 'ਗੁਰੂ ਗ੍ਰੰਥ ਸਾਹਿਬ' ਜੀ ਦੇ ਗੁਰਿਆਈ ਮਿਲਣ ਦਾ ਪੁਰਬ ਬੜੇ ਭਾਰੇ ਪੈਮਾਨੇ 'ਤੇ, ਗੁਰੂ ਨਾਨਕ ਅਵਤਾਰ ਪੁਰਬ ਅਤੇ ਦਸਮੇਸ਼ ਜੀ ਦੇ ਪ੍ਰਕਾਸ਼ ਉਤਸਵ ਸਪਤਮੀ ਦੀ ਤਰ੍ਹਾਂ ਮਨਾਏ ਜਾਣ ਦਾ ਪ੍ਰਚਾਰ ਕੀਤਾ। ਉਨ੍ਹਾਂ ਦਾ ਮੰਨਣਾ ਸੀ ਇਸ ਪ੍ਰਚਾਰ ਅਤੇ ਅਮਲ ਨਾਲ ਗੁਰੂ ਡੰਮ੍ਹ ਆਪੇ ਹੀ ਖ਼ਤਮ ਹੋ ਜਾਏਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਪੁਰਬ ਮਨਾਉਣ ਲਈ ਅਕਾਲੀ ਜੀ ਨੇ ਪ੍ਰਚਾਰ ਕੀਤਾ ਸੀ।[9] ਚਕਾਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਿਆਈ ਪੁਰਬ ਬੜੇ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਸੀ। 1947 ਦੇ ਘਲੂਘਾਰੇ ਤੋਂ ਬਾਅਦ ਉਨ੍ਹਾਂ ਨੇ ਇਹ ਦਿਨ ਪੰਜਾਬ ਵਿਚ ਕਈ ਥਾਈਂ ਮਨਾਉਣ ਦੇ ਉੱਦਮ ਕੀਤੇ।

## 1.4. ਅੰਮ੍ਰਿਤ ਸੰਚਾਰ

ਕੁਰੂਕਸ਼ੇਤਰ ਵਿਚ ਪਹੁੰਚੇ ਪੀੜਤ ਜੋ ਸਿੱਖੀ ਤੋਂ ਪਤਿਤ ਹੋ ਚੁੱਕੇ ਸਨ ਉਨ੍ਹਾਂ ਲਈ ਅਕਾਲੀ ਜੀ ਨੇ ਪਤਿਤ ਸਿੰਘਣੀਆਂ ਤੇ ਬੱਚਿਆਂ ਨੂੰ ਸਭ ਤੋਂ ਪਹਿਲਾਂ ਮੁੜ ਅੰਮ੍ਰਿਤ ਛਕਾਉਣ ਦੀ ਗੱਲ ਕਹੀ। ਸਭ ਲੋਕਾਂ ਨੇ ਖੁਸ਼ੀ ਪ੍ਰਗਟ ਕੀਤੀ। 13 ਅਪ੍ਰੈਲ 1948 ਈ. ਵਾਲੇ ਦਿਨ ਵਿਸਾਖੀ ਉਤੇ ਪ੍ਰੋਗਰਾਮ ਬਣਾਇਆ। ਚੀਫ਼ ਖ਼ਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ, ਧਰਮ ਅਰਥ ਬੋਰਡ ਪਟਿਆਲਾ, ਖਾਲਸਾ ਦਰਬਾਰ ਸ੍ਰੀਨਗਰ ਅਤੇ ਹੋਰ ਸੰਤਾਂ ਮਹੰਤਾਂ ਮੁਖੀ ਸਿੰਘਾਂ ਨੂੰ ਲਿਖਾ ਪੜ੍ਹੀ ਕੀਤੀ। ਉੱਤਰ ਸ਼ੀਘਰ ਨਾ ਪੁੱਜੇ। ਇਸ ਲਈ ਪੀੜਤਾਂ ਦੀ ਇਮਦਾਦ ਲਈ ਖੁੱਲ੍ਹਾ ਐਲਾਨ ਕੀਤਾ। ਉਸ ਸਮੇਂ ਬੇਦੀ ਹਰਪਾਲ ਸਿੰਘ ਜੀ ਤੇ ਹੋਰ ਪ੍ਰਬੰਧਕ ਸੱਜਣ ਗੁਰਦਵਾਰਾ ਆਹਲੂਵਾਲੀਆ ਪਟਿਆਲਾ ਦੇ ਉੱਦਮ ਨਾਲ 4000 ਗਜ ਕੱਪੜਾ ਤੇ ਹੋਰ ਸਮਾਨ ਬਸਤਰ ਆਦਿਕ ਅਤੇ ਗੁਰਦਵਾਰਾ ਬਨੂੰ ਤੇ ਹੋਤੀ ਮਰਦਾਨ

---

[8] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ*, ਪੰ. 33.

[9] ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰ. 74.

ਅਰ ਗੁਰਦਵਾਰਾਂ ਛੇਵੀਂ ਪਾਤਸ਼ਾਹੀ ਕੁਰੂਖੇਤਰ ਦੇ ਪ੍ਰਬੰਧਕਾਂ ਆਦਿਕਾਂ ਵਲੋਂ ਪੰਜ ਸੌ ਰੁਪਈਆਂ ਦੀ ਦੇਗ਼, ਦਸਤਾਰੇ, ਕਛਹਿਰੇ ਅਤੇ ਸੰਗਤ ਅੰਮ੍ਰਿਤਸਰ ਵਲੋਂ ਕ੍ਰਿਪਾਨਾਂ, ਕੰਘੇ ਤੇ ਕੁਝ ਬਸਤਰ ਪੁਜਾਏ ਗਏ।[10]

ਸ੍ਰੀ ਮਾਨ ਸੰਤ ਹਾਕਮ ਸਿੰਘ ਜੀ ਡੇਰਾ ਲਛਮਨ ਸਰ (ਅੰਮ੍ਰਿਤਸਰ) ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਅੰਮ੍ਰਿਤ ਪ੍ਰਚਾਰ ਲਈ ਜੱਥੇ ਪੁੱਜੇ, ਸਿੱਖ ਸੈਂਟਰ ਅੰਬਾਲਾ ਕੈਂਟ ਦੇ ਭਾਈ ਸਾਹਿਬ ਕ੍ਰਿਪਾਲ ਸਿੰਘ ਜੀ ਦੇ ਜੱਥੇ ਨੇ ਵੀ ਹਿੱਸਾ ਲਿਆ। ਚੀਫ਼ ਖ਼ਾਲਸਾ ਦੀਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਇਕ ਇਕ ਪ੍ਰਚਾਰਕ ਪੁੱਜਾ ਜਿਨ੍ਹਾਂ ਨੇ ਇਕ ਮਹੀਨਾ ਪ੍ਰਚਾਰ ਕੀਤਾ।

ਇਸ ਤਰ੍ਹਾਂ 1200 ਤੋਂ ਵਧੀਕ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ ਜਿਨ੍ਹਾਂ ਵਿਚ ਬਹੁਗਿਣਤੀ ਜੰਮੂ ਤੇ ਕਸ਼ਮੀਰ ਵਿਚਲੇ ਇਲਾਕਿਆਂ ਦੇ ਪੁੱਜੇ ਸ਼ਰਨਾਰਥੀਆਂ ਦੀ ਸੀ। ਉਹ ਬੀਬੀਆਂ ਜਿਨ੍ਹਾਂ ਦੇ ਵਾਰਸ ਮਾਰੇ ਗਏ ਤਾਂ ਉਹ ਗੁਆਂਢੀ ਹਿੰਦੂਆਂ ਨੇ ਕਬਜ਼ੇ ਕਰ ਲਈਆਂ ਸਨ, ਉਹ ਵੀ ਛੁਟਕਾਰਾ ਪਾਉਣ ਉਪਰੰਤ ਅੰਮ੍ਰਿਤਪਾਨ ਕਰ ਗਈਆਂ।

## 1.5. ਅਕਾਲੀ ਕੌਰ ਸਿੰਘ ਅਤੇ ਸਿੰਘ ਸਭਾ

ਅਕਾਲੀ ਕੌਰ ਸਿੰਘ ਦਾ ਪੰਜਾਬ ਆਣ-ਜਾਣ ਕਾਰਨ 'ਸਿੰਘ ਸਭਾ ਲਹਿਰ' ਨਾਲ ਸੰਬੰਧਤ ਹੋਣ ਕਾਰਨ ਸਿੱਖ ਧਰਮ ਦੇ ਪ੍ਰਚਾਰ ਲਈ ਪੰਜਾਬ ਤੋਂ ਬਾਹਰ ਵੀ ਜਾਂਦੇ ਰਹੇ ਤੇ ਉਨ੍ਹਾਂ ਨੇ ਰਿਆਸਤ ਜੰਮੂ-ਕਸ਼ਮੀਰ ਵਿਚ ਵੀ ਸਨਾਤਨ ਵਿਰੁੱਧ ਪ੍ਰਚਾਰ ਕਰਕੇ ਸਿੱਖਾਂ ਵਿਚ ਗੁਰ ਮਰਯਾਦਾ ਚਲਾਣ ਲਈ ਜ਼ੋਰ ਦਿੱਤਾ। ਇਹ ਹੀ ਕਾਰਨ ਸੀ ਕਿ ਆਪ ਜੀ ਦੇ ਧਾਰਮਿਕ ਜੀਵਨ ਤੋਂ ਪ੍ਰਭਾਵਿਤ ਹੋ ਕੇ ਆਪ ਨੂੰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਲੋਂ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨ ਸਮੇਂ ਮੈਂਬਰ ਨਿਯੁਕਤ ਕੀਤਾ ਗਿਆ ਸੀ।[11]

ਸਿੰਘ ਸਭਾ ਲਹੌਰ ਦੇ ਮੋਢੀ ਭਾਈ ਲਾਲ ਸਿੰਘ ਪੁੱਤਰ ਕਰਮ ਸਿੰਘ ਦੁਰਬੜੀ ਸਨ। ਇਨ੍ਹਾਂ ਦੇ ਸਮੇਂ ਹੀ ਅਕਾਲੀ ਕੌਰ ਸਿੰਘ ਦੇਸ਼ ਵਿਚ ਪੁੱਜ ਗਏ। ਇਨ੍ਹਾਂ ਨੇ ਰਲ ਕੇ ਗੁਰਮਤਿ ਪ੍ਰਚਾਰ ਕਰਨ ਪੁਰ ਮਹਾਨ ਸਫ਼ਲਤਾ ਪ੍ਰਾਪਤ ਕੀਤੀ। ਜੰਤਰ, ਮੰਤਰ, ਤੰਤਰ, ਗੋਰ, ਮਟ, ਮੜ੍ਹੀ, ਧਾਗਾ, ਤਵੀਜ਼, ਸ਼ੀਤਲਾ ਦੇਵੀ-ਦੇਵਤੇ,

---

[10] ਗਿ, ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 146.

[11] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ* ,ਪੰਨੇ 63-64.

ਭੂਤ-ਪ੍ਰੇਤ ਦੀ ਉਪਾਸਨਾ ਬੰਦ ਕਰ ਕੇ ਮਹਿਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ-ਪਾਠ ਜਾਇਜ਼ ਠਹਿਰਾ ਕੇ ਸਭ ਲੋਕ ਗੁਰਮਤਿ ਵਲ ਲਾਏ।

ਸ. ਕਪੂਰ ਸਿੰਘ ਜੀ ਜਥੇਦਾਰ ਅਕਾਲੀ ਦਲ ਅੰਬੋਰ ਨਿਵਾਸੀ ਦੀ ਲੜਕੀ ਦੇ ਸ਼ਾਦੀ ਸਮੇਂ ਅਕਾਲੀ ਜੀ ਦੇ ਪ੍ਰਚਾਰ ਸਦਕਾ ਸਭ ਹਾਜ਼ਰ ਸੰਗਤਾਂ ਤੋਂ ਛੁਟ ਮਹੰਤ ਸਾਹਿਬ ਗੁਫਾ ਤੇ ਬਸਨਾੜਾ, ਡੰਨਾ, ਪਰਲ ਰਾਵਲਾਕੋਟ ਅਤੇ ਆਲ੍ਹਾ ਗਦੀ ਨੰਗਾਲੀ ਸਾਹਿਬ ਆਦਿ ਨੇ ਅਕਾਲੀ ਜੀ ਦੇ ਪ੍ਰਚਾਰ ਉਤੇ ਚਲਣ ਦੇ ਵਾਅਦੇ ਕੀਤੇ। ਅਰਦਾਸਾ ਸੁਧਵਾਇਆ। ਸਾਰੇ ਹੀ ਲੋਕੀ ਬ੍ਰਾਹਮਣੀ ਮਤ ਦੇ ਜਾਲ ਵਿਚੋਂ ਕੱਢ ਦਿੱਤੇ।[12]

## 1.6. ਸਿੱਖ ਰਹਿਤ ਮਰਯਾਦਾ ਵਿਚ ਯੋਗਦਾਨ

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੋਂ ਬਾਅਦ ਪੰਥ ਸਾਹਮਣੇ ਖੁੱਸੀ ਹੋਈ ਮਰਯਾਦਾ ਨੂੰ ਸੁਰਜੀਤ ਕਰਨਾ ਸੀ ਜਿਸ ਲਈ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਵਿਚੋਂ ਭਾਈ ਤੇਜਾ ਸਿੰਘ ਜੀ ਜਿਹੜੇ ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ, ਦੀ ਤਜਵੀਜ਼ 'ਤੇ ਸਰਬ-ਸੰਮਤੀ ਨਾਲ ਗੁਰਮਤਾ ਹੋਇਆ ਜਿਸ ਵਿਚ 29 ਵਿਦਵਾਨਾਂ ਦੀ ਇਕ ਸਬ-ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਗੁਰਬਾਣੀ, ਇਤਿਹਾਸ, ਪ੍ਰੰਪਰਾਵਾਂ 'ਤੇ ਆਧਾਰਿਤ ਅਤੇ ਸਿੱਖ ਮੁਖੀਆਂ ਦੀ ਰਾਇ ਨਾਲ ਗੁਰਮਤਿ ਦੀ ਰਹੁ-ਰੀਤ ਦਾ ਖਰੜਾ ਤਿਆਰ ਕਰ ਕੇ ਸ਼੍ਰੋਮਣੀ ਕਮੇਟੀ ਅੱਗੇ ਪੇਸ਼ ਕੀਤਾ। ਇਸ ਸਬ-ਕਮੇਟੀ ਵਿਚ ਇਕ ਨਾਂ ਅਕਾਲੀ ਕੌਰ ਸਿੰਘ ਦਾ ਵੀ ਸੀ।[13] ਰਹੁ-ਰੀਤ ਸਬ-ਕਮੇਟੀ ਦੀਆਂ ਇਕੱਤਰਤਾਵਾਂ ਵਿਚ ਅਕਾਲੀ ਕੌਰ ਸਿੰਘ ਲਗਾਤਾਰ ਸ਼ਮੂਲੀਅਤ ਕਰਦੇ

## 1.7. ਗੁਰਦੁਆਰਾ ਪ੍ਰਬੰਧ ਸੁਧਾਰ ਵਿਚ ਯੋਗਦਾਨ

ਸੰਪਰਦਾਈ ਸਾਧੂਆਂ ਤੇ ਮਹੰਤਾਂ ਵਲੋਂ ਚਲਾਈ ਮਨਮਤ ਦੀ ਮਰਯਾਦਾ ਵਿਰੁੱਧ ਗੁਰਦੁਆਰਾ ਪ੍ਰਬੰਧ ਸੁਧਾਰ ਦੇ ਸੰਬੰਧ ਵਿਚ ਜਿਥੇ 1920-21 ਵਿਚ ਸ. ਹਰਬੰਸ ਸਿੰਘ ਅਟਾਰੀ ਤੇ ਉਨ੍ਹਾਂ ਦੇ ਸਾਥੀਆਂ ਨੇ ਕਸ਼ਮੀਰ ਆ

---

[12] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''* ਪੰ. 72.

[13] ਗੁਰਬਖ਼ਸ਼ ਸਿੰਘ ਗੁਲਸ਼ਨ, *ਦਰਪਣ ਸਿੱਖ ਰਹਿਤ ਮਰਯਾਦਾ*, ਪੰ. 38.

ਕੇ ਸਿੱਖਾਂ ਨੂੰ ਸਨਾਤਨ ਵਿਰੁੱਧ ਲੜਨ ਲਈ ਉਤਸ਼ਾਹ ਦਿੱਤਾ ਉਥੇ ਕਸ਼ਮੀਰ ਦੇ ਕੁਝ ਸਿੱਖ ਵੀ ਗੁਰ-ਮਰਯਾਦਾ ਲਾਗੂ ਕਰਨ ਲਈ ਸਾਹਮਣੇ ਆਏ ਜਿਨ੍ਹਾਂ ਦੇ ਨਾਮ ਵਰਣਨ ਯੋਗ ਹਨ:

ਅਕਾਲੀ ਕੌਰ ਸਿੰਘ ਮੁਜਫਰਾਬਾਦ, ਜਥੇਦਾਰ ਕਪੂਰ ਸਿੰਘ ਮੁਜਫਰਾਬਾਦ, ਸ੍ਰ. ਰਾਮ ਸਿੰਘ ਮੁਜਫਰਾਬਾਦ, ਗਿਆਨੀ ਉਜਾਗਰ ਸਿੰਘ ਮੁਜਫਰਾਬਾਦ, ਸ. ਪੂਰਨ ਸਿੰਘ ਖਾਦਨਿਆਰ, ਮਾਸਟਰ ਹਸ਼ਨਾਕ ਸਿੰਘ ਖਾਦਨਿਆਰ, ਸ. ਲਾਲ ਸਿੰਘ ਚਕ ਸ਼ੁਤਲੂ ਬਾਰਾਮੂਲਾ ਆਦਿ। ਕਾਫੀ ਸਮਾਂ ਗੁਰ ਮਰਯਾਦਾ ਲਾਗੂ ਕਰਨ ਵਿਚ ਸਿੱਖਾਂ ਵਿਚ ਵਾਦ-ਵਿਵਾਦ ਚਲਦਾ ਰਿਹਾ ਤੇ ਆਪਸੀ ਧੜੇਬੰਦੀ ਤੇ ਝਗੜੇ ਸ਼ੁਰੂ ਹੋ ਗਏ। ਅੰਤ ਜਿੱਤ ਉਨ੍ਹਾਂ ਲੋਕਾਂ ਦੀ ਹੋਈ ਜੋ ਗੁਰ ਮਰਯਾਦਾ ਦੇ ਪੱਖ ਵਿਚ ਸਾਹਮਣੇ ਆਏ ਸਨ।[14]

ਸ਼ਹਿਰ ਹਰੀਪੁਰ ਜ਼ਿਲ੍ਹਾ ਹਜ਼ਾਰਾ (ਅੱਜਕੱਲ੍ਹ ਪਾਕਿਸਤਾਨ) ਵਿਖੇ 1993 ਬਿ. (1936 ਈ.) ਦੀ ਪੋਹ ਸੁਦੀ ਸਤਵੀਂ ਸਮੇਂ ਨਗਰ ਕੀਰਤਨ ਕੀਤਾ ਗਿਆ ਤੇ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ। ਇਸ ਚਲਦੇ ਜਲੂਸ ਨੂੰ ਰੋਕਣ ਲਈ ਲੀਗੀ ਮੁਸਲਮਾਨਾਂ (ਮੁਸਲਿਮ ਲੀਗ ਵਾਲੇ) ਵਲੋਂ ਯਤਨ ਕੀਤੇ ਗਏ ਪਰ ਕਾਮਯਾਬ ਨਾ ਹੋ ਸਕੇ। ਸਰਕਾਰ ਨੇ ਦਫ਼ਾ 144 ਲਗਾ ਦਿੱਤੀ ਸੀ ਇਸ ਲਈ ਉਹ ਸ਼ਾਂਤ ਰਹੇ। ਸ਼ਾਮ ਵੇਲੇ ਪਾਠੀ ਭਾਈ ਤਾਰਾ ਸਿੰਘ ਅਤੇ ਸੇਵਾਦਾਰ ਭਾਈ ਬਿਅੰਤ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਅੱਠ ਬੀੜਾਂ ਅਗਨਿ-ਭੇਟ ਕਰ ਕੇ ਰਾਖ਼ ਕਰ ਦਿੱਤੀਆਂ ਗਈਆਂ। ਸਾਰੇ ਭਾਰਤ ਵਿਚ ਇਹ ਖ਼ਬਰ ਫੈਲ ਗਈ।

ਦਫ਼ਾ 144 ਲੱਗੀ ਹੋਣ ਦੇ ਬਾਵਜੂਦ ਵੀ ਅਕਾਲੀ ਕੌਰ ਸਿੰਘ ਸ੍ਰੀ ਨਗਰੋਂ ਖਬਰ ਸੁਣਦੇ ਹੀ ਅਰਦਾਸ ਕਰ ਕੇ ਚਕਾਰ, ਮੁਜਫਰਾਬਾਦ ਰਾਹੀਂ ਐਬਟਾਬਾਦ ਤੋਂ ਪੈਦਲ ਹੀ ਚਲ ਕੇ ਘਟਨਾ ਸਥਾਨ ’ਤੇ ਪਹੁੰਚ ਗਏ। ਸ਼ਹੀਦਾਂ ਦੇ ਪਰਿਵਾਰਾਂ ਨੂੰ ਗੁਰਮਤਿ ਅਨੁਸਾਰ ਸਮਝਾ ਕੇ ਧੀਰਜ ਬੰਧਾਏ ਅਤੇ ਪੰਜਾ ਸਾਹਿਬ ਪੁੱਜ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੂੰ ਪੂਰੀ ਰਿਪੋਰਟ ਲਿਖ ਭੇਜੀ। ਪੂਰੀ ਅਸਲੀਅਤ ਅਖ਼ਬਾਰਾਂ ਵਿਚ ਦੱਸ ਕੇ ਸਰਕਾਰ ਪਾਸੋਂ ਇਨਸਾਫ਼ ਦੀ ਮੰਗ ਕੀਤੀ। ਉਨ੍ਹਾਂ ਨੇ ਆਪਣੇ ਵਲੋਂ ਯਤੀਮ ਪਰਿਵਾਰਾਂ ਦੀ ਸੰਭਾਲ ਦਾ ਪੂਰਾ ਪ੍ਰਬੰਧ ਵੀ ਕਰਵਾਇਆ।

---

[14] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ,* ਪੰ. 64.

ਪੰਜਾ ਸਾਹਿਬ ਦੇ ਮੋਰਚੇ, ਤਰਨਤਾਰਨ ਦੇ ਖ਼ੂਨੀ ਸਾਕੇ ਵਿਚ ਵੀ ਅਕਾਲੀ ਕੌਰ ਸਿੰਘ ਨਿਹੰਗ ਨੇ ਲਿਖਤੀ ਤੇ ਜ਼ੁਬਾਨੀ ਵਿਚਾਰ ਕਰ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਤੋਂ ਇਲਾਵਾ ਸਾਕਾ ਨਨਕਾਣਾ ਸਾਹਿਬ ਵਾਪਰਨ ਪਿੱਛੋਂ ਗੁਰੂ-ਘਰ ਦੇ ਪ੍ਰਬੰਧ ਨੂੰ ਸੰਭਾਲਣ ਵਿਚ ਅਕਾਲੀ ਕੌਰ ਸਿੰਘ ਨਿਹੰਗ ਦਾ ਵਿਸ਼ੇਸ਼ ਯੋਗਦਾਨ ਸੀ।[15]

## 1.7.1. ਗੁਰਦੁਆਰਾ ਮਾਈ ਜਵਾਲੀ ਵਾਲੇ ਦਾ ਪ੍ਰਬੰਧ ਸਿੱਖਾਂ ਨੂੰ ਦੇਣਾ

ਸਿੱਖ ਰਾਜ ਸਮੇਂ ਚਕਾਰ ਵਿਖੇ ਇਕ ਗੁਰਦੁਆਰਾ ਸਾਹਿਬ ਆਵਾਜਾਈ ਦੇ ਮੁਸਾਫ਼ਰਾਂ ਲਈ ਵੀ ਬਣਵਾਇਆ ਗਿਆ ਸੀ। ਇਸ ਦਾ ਖ਼ਰਚ ਚਲਾਉਣ ਲਈ ਮਾਫ਼ੀ ਪਟੇ ਪੁਰ ਦਰਬਾਰ ਸਾਹਿਬ ਦੇ ਨਾਮ 120 ਬਿਘੇ ਜ਼ਮੀਨ ਆਬੀਆ ਤੇ ਖੁਸ਼ਕੀ ਦੋਹਾਂਵਾ ਕਿਸਮਾਂ ਦੀ ਭੂਮੀ ਲਗਵਾਈ ਗਈ। ਇਸ ਦਾ ਪ੍ਰਬੰਧ 1974 ਬਿ. ਨੂੰ ਮਾਈ ਜਵਾਲੀ ਦੇ ਹੱਥ ਵਿਚ ਸੀ। ਉਸ ਨੂੰ ਸੇਵਾ ਆਪ ਹੀ ਕਰਨੀ ਪੈਂਦੀ ਸੀ। ਔਲਾਦ ਵਲੋਂ ਸੇਵਾ ਸੰਭਾਲ ਕੋਈ ਨਹੀਂ ਸੀ। ਇਸ ਕੁਤਾਹੀ ਨੂੰ ਵੇਖ ਕੇ ਅਕਾਲੀ ਜੀ ਚਕਾਰ ਮਾਈ ਜਵਾਲੀ ਪਾਸ ਹੀ ਕੁਝ ਦਿਨ ਜਾ ਟਿਕੇ। ਗੁਰਦੁਆਰਾ ਸਾਹਿਬ ਸਿੱਖ ਸੰਗਤ ਦੇ ਸਪੁਰਦ ਕਰਨ ਲਈ ਮਾਈ ਨੂੰ ਪ੍ਰੇਰਿਆ। ਕਈ ਦਿਨਾਂ ਪਿੱਛੋਂ ਮਾਈ ਨੇ ਨਿਜੀ ਆਸ਼ਾ ਪ੍ਰਗਟਾਉਂਦਿਆਂ ਹੀ ਸਭ ਹੱਕ-ਹਕੂਕ ਅਕਾਲੀ ਜੀ ਨੂੰ ਦੇ ਦਿੱਤੇ ਜਿਸ ਤੇ ਅਕਾਲੀ ਜੀ ਨੇ ਅਰਦਾਸ ਕਰ ਕੇ ਸਮੂਹ ਸੰਗਤ ਦਾ ਇਕੱਠ ਸੱਦਿਆ। ਹਾੜ 1974 ਬਿ. ਦੀ ਸਕ੍ਰਾਂਤਰੀ ਉਥੇ ਹੀ ਮਨਾਈ ਗਈ। ਇਸ ਗੁਰਦੁਆਰਾ ਸਾਹਿਬ ਦਾ ਨਾਮ 'ਗੁਰਦੁਆਰਾ ਸਾਹਿਬ ਅਕਾਲਗੜ੍ਹ ਚਕਾਰ' ਰਖਿਆ ਗਿਆ।[16] ਇਸ ਤਰ੍ਹਾਂ ਅਕਾਲੀ ਕੌਰ ਸਿੰਘ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖ ਸੰਗਤਾਂ ਦੇ ਸਪੁਰਦ ਕੀਤਾ।

---

[15] ਡਾ. ਰੂਪ ਸਿੰਘ, *ਅਕਾਲੀ ਕੌਰ ਸਿੰਘ ਨਿਹੰਗ ਇਕ ਸ਼ਰਧਾਂਜਲੀ*, ਪੰ. 5.

[16] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰਨੇ 24-25.

### 1.7.2. ਗੁਰਦੁਆਰਾ ਕਲਿਆਣਸਰ ਦੀ ਜਿੱਤ

ਚਕਾਰ ਗੁਰਦੁਆਰੇ ਦਾ ਪ੍ਰਬੰਧ ਸੰਭਾਲਣ ਤੋਂ ਬਾਅਦ ਅਕਾਲੀ ਜੀ ਨੇ ਕਲਿਆਣਸਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਸ਼ਮੀਰੀ ਫੇਰੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਵੀ ਕਾਨੂੰਨੀ ਢੰਗ ਰਾਹੀਂ ਪੰਥ ਨੂੰ ਲੈ ਕੇ ਦਿੱਤਾ। ਕਲਿਆਣਸਰ ਨਿਰੋਲ ਸਿੱਖਾਂ ਦਾ ਤੀਰਥ ਸਥਾਨ ਮੰਨ ਲਿਆ ਗਿਆ।

ਪਹਿਲਗਾਮ ਗੁਰਦੁਆਰੇ ਦੀ ਸਥਾਪਨਾ ਬਾਰੇ ਗਿ. ਗੁਰਦਿੱਤ ਸਿੰਘ ਲਿਖਦੇ ਹਨ ਕਿ, ਪਹਿਲਾਂ ਪਹਿਲਗਾਮ ਗੁਰਦੁਆਰੇ ਦੀ ਸਥਾਪਨਾ ਅਕਾਲੀ ਕੌਰ ਸਿੰਘ ਨੇ ਕੀਤੀ ਸੀ।[17]

## 1.8. ਰਾਜ-ਘਰਾਣਿਆਂ ਤੇ ਸਰਦੇ ਪੁੱਜਦਿਆਂ ਨੂੰ ਸਿੱਖੀ ਪਿਆਰ ਨਾਲ ਜੋੜਨਾ

ਗੁਰਸਿੱਖੀ ਪਿਆਰ ਲਈ ਕੁਝ ਰਾਜੇ-ਰਾਣਿਆਂ ਤੇ ਸਰਦਾਰਾਂ ਨੂੰ ਕੁਰਬਾਨੀ ਦੇਣੀ ਪਈ ਪਰ ਬਹੁਤੇ ਸਾਰੇ ਰਾਜੇ ਤੇ ਸਰਦਾਰ ਇਸ ਗੁਰਸਿੱਖੀ ਪਿਆਰ ਤੋਂ ਵਾਂਝੇ ਰਹੇ। 1947 ਈ. ਤੋਂ ਪਹਿਲਾਂ ਮਹਾਰਾਜਾ ਫਰੀਦਕੋਟ, ਮਹਾਰਾਜਾ ਹੀਰਾ ਸਿੰਘ ਤੇ ਰਿਪੁਦਮਨ ਸਿੰਘ ਨਾਭਾ ਅਤੇ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਇਸ ਪਿਆਰ ਲਈ ਮਸ਼ਹੂਰ ਸਨ। ਜਿਨ੍ਹਾਂ ਰਾਜੇ ਰਾਣਿਆਂ ਨੇ ਇਕਦਮ ਅੰਗ੍ਰੇਜ਼ੀ ਪ੍ਰਭਾਵ ਨੂੰ ਕਬੂਲ ਕਰਦਿਆਂ ਸਿੱਖੀ ਸਰੂਪ ਨੂੰ ਤਿਆਗ ਕੇ ਈਸਾਈਅਤ ਪ੍ਰਵਾਨ ਕਰ ਲਈ ਉਨ੍ਹਾਂ ਦੀ ਸੂਚੀ ਤਾਂ ਬੜੀ ਲੰਬੀ ਹੈ। ਜੇਕਰ ਕੁਝ ਮਹਾਨ ਤਪੱਸਵੀ ਪੁਰਸ਼ (ਸੰਤ ਬਾਬਾ ਅਤਰ ਸਿੰਘ, ਗਿਆਨੀ ਬਚਨ ਸਿੰਘ, ਭਾਈ ਅਰਜਨ ਸਿੰਘ ਬਾਗੜੀਆਂ, ਅਕਾਲੀ ਕੌਰ ਸਿੰਘ ਨਿਹੰਗ ਆਦਿ ਇਨ੍ਹਾਂ ਰਾਜ-ਘਰਾਣਿਆਂ ਤੇ ਕਰੋੜਪਤੀਆਂ ਦੇ ਅੰਦਰ ਸੁਹਿਰਦਤਾ ਅਤੇ ਸਿੱਖੀ ਪਿਆਰ ਪੁਨਰ ਨਾ ਜਗਾਉਂਦੇ ਤਾਂ ਬਚਿਆ-ਖੁਚਿਆ ਸਿੱਖੀ ਪਿਆਰ ਵੀ ਸ਼ਾਇਦ ਪਤਿਤਪੁਣੇ ਵਿੱਚ ਪਰਿਵਰਤਿਤ ਹੋ ਜਾਂਦਾ। ਅਕਾਲੀ ਕੌਰ ਸਿੰਘ ਨੇ ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਸਤਾਏ ਆਪਣੇ ਇੱਕ ਦੀਵਾਨ ਦੀਆਂ ਦੋ ਬੱਚੀਆਂ ਨੂੰ (ਉਸ ਦੀ ਜਲਾਵਤਨੀ ਦੌਰਾਨ ਤੇ ਮੌਤ ਤੋਂ ਉਪਰੰਤ) ਧਰਮ ਦੀਆਂ ਧੀਆਂ ਬਣਾ ਕੇ ਪਾਲ਼ਿਆ-ਪੋਸਿਆ ਤੇ ਵਿਆਹਿਆ ਜਿਨ੍ਹਾਂ ਵਿਚ ਇਕ ਸ. ਅਤਰ ਸਿੰਘ, ਖ਼ਾਲਸਾ ਹੋਟਲ, ਸ੍ਰੀਨਗਰ ਨਾਲ ਵਿਆਹੇ ਜਾਣ ਤੋਂ ਉਪਰੰਤ ਪ੍ਰਸਿੱਧ ਸੁਧਾਰਕ ਬੀਬੀ ਭਾਗਵੰਤ ਕੌਰ ਦੇ ਰੂਪ ਵਿੱਚ

---

[17] ਗਿ. ਗੁਰਦਿੱਤ ਸਿੰਘ ਦੀ ਭਾਗ ਜੀ ਨੂੰ ਸ਼ਰਧਾਂਜਲੀ, ਉਦਰਿਤ, ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰ. 103.

ਪ੍ਰਸਿੱਧ ਹੋਈ ਅਤੇ ਜੀਵਨ-ਪਰਿਯੰਤ ਆਪਣੇ ਆਪ ਨੂੰ ਨੀਲੇ ਖੱਦਰ ਪੋਸ਼ ਲਿਬਾਸ ਵਿਚ ਪੁਲਿੰਗ ਰੂਪ ਵਿੱਚ ਹੀ ਮੁਖ਼ਾਤਬ ਹੁੰਦੇ ਰਹੇ (ਮੈਂ ਗਿਆ ਸੀ, ਮੈਂ ਬੈਠਾ ਸੀ) ਜੋ ਚੜ੍ਹਦੀ ਕਲਾ ਦਾ ਪ੍ਰਤੀਕ ਹੈ।[18]

## 2. ਸਮਾਜਿਕ ਯੋਗਦਾਨ

ਧਰਮ ਅਤੇ ਸਮਾਜ ਆਪਸ ਵਿਚ ਅੰਤਰ-ਸੰਬੰਧਿਤ ਹਨ ਅਤੇ ਧਾਰਮਿਕ ਕਾਰਜਾਂ ਦਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵ ਸਮਾਜ ਉਪਰ ਪੈਂਦਾ ਹੈ। ਸਮਾਜ ਵਿਚ ਫੈਲੀਆਂ ਕੁਰੀਤੀਆਂ ਅਤੇ ਬੁਰਾਈਆਂ ਨੂੰ ਖ਼ਤਮ ਕਰਨਾ ਧਾਰਮਿਕ ਵਿਅਕਤੀ ਦੇ ਮੁਢਲੇ ਫਰਜ਼ਾਂ ਵਿਚ ਸ਼ਾਮਿਲ ਹੈ ਇਸ ਲਈ ਅਕਾਲੀ ਜੀ ਨੇ ਧਾਰਮਿਕ ਯੋਗਦਾਨ ਦੇ ਨਾਲ-ਨਾਲ ਸਮਾਜਿਕ ਯੋਗਦਾਨ ਵੀ ਦਿੱਤਾ। ਉਨ੍ਹਾਂ ਦਾ ਇਹ ਯੋਗਦਾਨ ਵਿਭਿੰਨ ਪ੍ਰਕਾਰੀ ਸੀ ਅਤੇ ਇਸ ਹਿੱਸੇ ਵਿਚ ਅਸੀਂ ਇਸ ਦੀ ਚਰਚਾ ਕਰਾਂਗੇ।

ਸਾਨੂੰ ਇਹ ਗੱਲ ਮੰਨ ਕੇ ਚਲਣਾ ਪਵੇਗਾ ਕਿ ਅਕਾਲੀ ਜੀ ਰਿਆਸਤ ਦੇ ਸਿਖ ਸਮਾਜ ਵਿਚ ਹਰ ਪ੍ਰਕਾਰ ਦਾ ਸੁਧਾਰ ਲਿਆਉਣ ਦੇ ਇਛੁਕ ਸਨ।[19]

1947 ਈ: ਦੀ ਵੰਡ ਤੋਂ ਪਹਿਲਾਂ ਅਤੇ ਬਾਅਦ ਵਿਚ ਪਾਕਿਸਤਾਨ ਵਿਚ ਰਹਿ ਚੁੱਕੀਆਂ ਅਬਲਾ ਇਸਤਰੀਆਂ (ਸਿੱਖ ਅਤੇ ਹਿੰਦੂ) ਨੂੰ ਖੁਦ ਜਾ ਕੇ ਭਾਲਿਆ, ਪਤਿਤਾਂ ਨੂੰ ਮੁੜ ਗੁਰਸਿੱਖੀ ਵਿਚ ਲਿਆਂਦਾ, ਬੱਚਿਆਂ ਨੂੰ ਯਤੀਮਖਾਨਿਆਂ ਅਤੇ ਸ਼ਰਨਾਰਥੀ ਕੈਂਪਾਂ 'ਚ ਪਹੁੰਚਾਇਆ, ਕਾਰਖਾਨਿਆਂ ਵਿਚ ਟਿਕਾਣੇ ਅਤੇ ਰੁਜ਼ਗਾਰ ਦਿਵਾਏ ਆਦਿ ਪਰਉਪਕਾਰੀ ਕਾਰਜ ਕੀਤੇ। ਆਪ ਨੇ ਇਨ੍ਹਾਂ ਨਿਆਸਰਿਆਂ ਅਤੇ ਬੇਸਹਾਰਿਆਂ ਦੀ ਹਰੇਕ ਜ਼ਰੂਰਤ ਦਾ ਧਿਆਨ ਰੱਖਿਆ ਅਤੇ ਤਨੋਂ-ਮਨੋਂ ਇਹਨਾਂ ਦੀ ਸੇਵਾ ਵਿਚ ਹਿੱਸਾ ਪਾਇਆ। ਇਨ੍ਹਾਂ ਕਾਰਜਾਂ ਤੋਂ ਉਨ੍ਹਾਂ ਦਾ ਪਰਉਪਕਾਰੀ ਜੀਵਨ ਸਾਡੇ ਸਾਹਮਣੇ ਪ੍ਰਗਟ ਹੋ ਕੇ ਆਉਂਦਾ ਹੈ ਕਿ ਉਹ ਕਿਡੇ ਵਡੇ ਸਮਾਜ-ਸੇਵੀ ਵੀ ਸਨ।

ਅਕਾਲੀ ਕੌਰ ਸਿੰਘ ਭਾਰਤੀ ਫੌਜ ਦੇ ਕਸ਼ਮੀਰ ਘਾਟੀ ਵਿਚ ਦਾਖਲ ਹੋਣ ਨਾਲ ਹੀ ਅਕਾਲੀ ਕੌਰ ਸਿੰਘ ਵੀ ਬਾਰਾਮੂਲੇ ਪਹੁੰਚ ਗਏ ਸਨ। ਪਿੰਡ ਟੰਗਾਮੂਲਾ, ਦੀਦਾਰਪੁਰਾ ਦੇ ਸਿੱਖ ਜੋ ਜੰਗਲਾਂ ਵਿਚ ਭੁੱਖੇ

[18] https://pa.wikipedia.org/s/4bi, 8 ਦਸੰਬਰ, 2018, 11:23 ਸਵੇਰੇ

[19] *ਹੀਮਾਲ*, (ਅਕਾਲੀ ਕੌਰ ਸਿੰਘ ਨਿਹੰਗ ਵਿਸ਼ੇਸ਼ ਅੰਕ), ਪੰਨੇ 6-7.

ਤਿਹਾਏ ਦਿਨ ਬਤੀਤ ਕਰ ਰਹੇ ਸਨ, ਫੌਜ ਦਾ ਬਾਰਾਮੂਲੇ ਪੁੱਜਣ ਦੀ ਸੂਚਨਾ ਮਿਲਦਿਆਂ ਹੀ ਜੰਗਲਾਂ 'ਚੋਂ ਨਿਕਲ ਕੇ ਬਾਰਾਮੂਲੇ ਪੁੱਜ ਗਏ। ਬੱਚੇ, ਤੀਵੀਆਂ ਤੇ ਪੁਰਸ਼ਾਂ ਦੀਆਂ ਲਾਸ਼ਾਂ ਦਰਿਆ ਜਿਹਲਮ ਵਿਚ ਰੁੜ੍ਹ ਰਹੀਆਂ ਸਨ। ਉਨ੍ਹਾਂ ਨੂੰ ਬਾਹਰ ਕੱਢ ਕੇ ਅਕਾਲੀ ਜੀ ਨੇ ਉਨ੍ਹਾਂ ਦਾ ਸੰਸਕਾਰ ਕੀਤਾ।[20]

ਕਸ਼ਮੀਰ ਦੇ ਪੀੜਤਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਉੱਘੀਆਂ ਸ਼ਖ਼ਸੀਅਤਾਂ ਅੱਗੇ ਬੇਨਤੀਆਂ ਕੀਤੀਆਂ ਪਰ ਜਦੋਂ ਇਨ੍ਹਾਂ ਬੇਨਤੀਆਂ ਨੂੰ ਕੋਈ ਅਮਲੀ ਜਾਮਾ ਨਾ ਪਹਿਨਾਇਆ ਗਿਆ ਤਾਂ ਉਨ੍ਹਾਂ ਨੇ ਸੰਗਤ ਅੱਗੇ ਇਕ ਸੰਵੇਦਨਾ ਭਰੀ ਅਪੀਲ ਕੀਤੀ ਜਿਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਉਹ ਦੁਖੀਆਂ ਲਈ ਕਿੰਨੀ ਤੜਪ ਰੱਖਦੇ ਸਨ। ਉਹ ਅਪੀਲ ਇਸ ਤਰ੍ਹਾਂ ਸੀ:

*ਖਾਲਸਾ ਜੀ! ਜਿਥੇ ਕਸ਼ਮੀਰ ਦੀ ਬਰਫ਼ ਤੇ ਸਰਦੀ ਵਿਚ ਦਸ ਹਜ਼ਾਰ ਦੇ ਕਰੀਬ ਸਿਖ ਪ੍ਰਵਾਰ ਲੁੱਛ ਰਹੇ ਹਨ, ਢਾਈ ਹਜ਼ਾਰ ਦੇ ਕਰੀਬ ਹਿੰਦੂ ਅਤੇ ਸਿਖ ਪੁਣਛ ਵਿਚ ਸਰਦੀ ਨਾਲ ਤੜਪ ਹੀ ਨਹੀਂ ਰਹੇ ਬਲਕਿ ਹਰ ਰੋਜ਼ ਕੁਝ ਨਾ ਕੁਝ ਨਮੂਨੀਏ ਦਾ ਸ਼ਿਕਾਰ ਹੋ ਰਹੇ ਹਨ ..........................ਉਥੇ ਬਰਫ਼ ਪੈਂਦੀ ਹੈ ਤੇ ਪਾਣੀ ਹਵਾ ਨਾਲ ਜਮ ਜਾਂਦਾ ਹੈ ਤੇ ਵਿਚਾਰੇ ਭੁਖੇ, ਕਮਜ਼ੋਰ, ਪੀੜਤ ਮਨੁਸ਼ਾਂ ਦਾ ਖ਼ੂਨ ਸੁੱਕ ਜਾਣਾ ਯਾ ਜੰਮ ਜਾਣਾ ਕੇਹੜੀ ਅਨੋਖੀ ਗਲ ਹੈ।*[21]

'ਅਮਾਨਉਲਾ ਮੂਵਮੈਂਟ' ਵਿਚ ਜਦ ਕਾਬਲ (ਅਫਗਾਨਿਸਤਾਨ) ਦੇ ਸਿੰਘਾਂ 'ਤੇ ਕੇਸਾਂ ਬਾਰੇ ਔਕੜ ਬਣੀ ਤਾਂ ਉਥੇ ਜਾ ਕੇ ਉਸ ਸਮੇਂ ਉਨ੍ਹਾਂ ਦੀ ਮਦਦ ਕਰਨ ਦਾ ਕਿਸੇ ਮੁਖੀ ਜਾਂ ਸਭਾ ਸੁਸਾਇਟੀ ਨੂੰ ਹੀਆ ਨਹੀਂ ਸੀ ਪਿਆ। ਅਕਾਲੀ ਜੀ ਪੰਜਾਬ ਤੋਂ ਚਲ ਕੇ ਉਚੇਚਾ ਕਾਬਲ ਪੁੱਜੇ ਅਤੇ ਇਨ੍ਹਾਂ ਦੀ ਮਦਦ ਕੀਤੀ। ਬਹੁਤ ਸਾਰੇ ਇਸ ਅਮਾਨਉਲਾ ਅੰਦੋਲਨ ਵਿਚ ਕਾਬਲ ਛੱਡ ਛਡਾ ਕੇ ਸ੍ਰੀ ਅੰਮ੍ਰਿਤਸਰ ਜੀ ਆ ਗਏ ਜਿਥੇ ਅਕਾਲੀ ਜੀ ਨੇ ਉਨ੍ਹਾਂ ਨੂੰ ਵਸਾਉਣ ਲਈ ਬੜੀ ਮਦਦ ਕੀਤੀ ਅਤੇ ਕਰਵਾਈ।[22]

---

[20] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ* , ਪੰ. 94.

[21] ਉਦਰਿਤ, ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ,* ਪੰ. 106.

[22] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ,* ਪੰ. 26.

## 2.1. ਕੁਰੂਕਸ਼ੇਤਰ ਦਾ ਕੈਂਪ ਪਟਿਆਲੇ ਲਿਆਉਣ ਲਈ ਯਤਨ

ਅਕਾਲੀ ਕੌਰ ਸਿੰਘ ਪੀੜਤਾਂ ਨੂੰ ਬਰਾਦਰੀ ਵਿਚ ਰੱਖ ਕੇ ਇਨ੍ਹਾਂ ਦੀ ਸਭਿਅਤਾ ਨੂੰ ਕਾਇਮ ਰੱਖਣਾ ਚਾਹੁੰਦੇ ਸਨ ਪਰ ਹਿੰਦੂ ਅਫ਼ਸਰ ਇਸ ਦੇ ਉਲਟ ਸਨ। ਉਹ ਚਾਹੁੰਦੇ ਸਨ ਕਿ ਇਨ੍ਹਾਂ ਦਾ ਮੇਲ-ਜੋਲ ਹਿੰਦੂਆਂ ਨਾਲ ਬਣਾ ਕੇ ਸਭਿਅਤਾ ਤਾਂ ਕਿਤੇ ਰਹੀ, ਇਨ੍ਹਾਂ ਵਿਚੋਂ ਸਿੱਖਇਜ਼ਮ ਦਾ ਖੁਰਾ ਖੋਜ ਹੀ ਮਿਟਾ ਦਿੱਤਾ ਜਾਵੇ।

ਇਸ ਕਰਕੇ ਅਕਾਲੀ ਕੈਂਪ ਨੂੰ ਪਟਿਆਲਾ ਵਿਚ ਲਿਆਉਣ ਲਈ ਅਕਾਲੀ ਕੌਰ ਸਿੰਘ ਨੇ 10 ਮਈ 1948 ਨੂੰ ਸਟੇਟ ਮਨਿਸਟਰੀ ਦਿੱਲੀ ਦੇ ਨਾਮ ਇਸ ਭਾਵ ਦੀ ਇਕ ਪਹਿਲੀ ਚਿੱਠੀ ਲਿਖਵਾਈ ਜਿਸ ਦਾ ਸੰਖੇਪ ਵਿਸ਼ਾ ਇਸ ਤਰਾਂ ਸੀ-

*ਜੰਮੂ ਤੇ ਕਸ਼ਮੀਰ ਸਟੇਟ ਦੇ ਰੀਫੀਊਜੀਆਂ (ਪੀੜਤਾਂ) ਬਾਰੇ ਜੋ ਗੌਰਮਿੰਟ ਇੰਡੀਆ ਨੂੰ ਕੋਈ ਇਤਰਾਜ਼ ਨਾ ਹੋਵੇ ਤਦ ਉਨ੍ਹਾਂ ਦੀ ਰਹਾਇਸ਼ ਸੰਬੰਧੀ ਹਰ ਤਰ੍ਹਾਂ ਦੇ ਪ੍ਰਬੰਧ ਪਟਿਆਲਾ ਸਰਕਾਰ ਕਰਨ ਲਈ ਤਿਆਰ ਹੈ ਆਦਿਕ।*

18 ਮਈ ਤਕ ਜਦੋਂ ਕੋਈ ਇਸ ਦਾ ਉੱਤਰ ਨਾ ਮਿਲਿਆ ਤਾਂ ਅਕਾਲੀ ਜੀ ਖ਼ੁਦ ਦਿੱਲੀ ਪੁੱਜ ਗਏ। ਚਿੱਠੀ ਦੇ ਜਵਾਬ ਦੀ ਪੁੱਛਗਿੱਛ ਕੀਤੀ। ਹਰ ਸੰਬੰਧਿਤ ਅਧਿਕਾਰੀ ਨੂੰ ਮਿਲੇ।[23]

ਅਖ਼ੀਰ ਉਨ੍ਹਾਂ ਨੇ ਕਰੜੀ ਮਿਹਨਤ ਕਰਕੇ ਇਹ ਕੈਂਪ 24 ਅਪ੍ਰੈਲ 1949 ਨੂੰ ਰਿਆਸਤ ਪਟਿਆਲਾ ਦੇ ਸੰਗਰੂਰ ਸ਼ਹਿਰ ਦੇ ਬੱਘੀਖਾਨੇ ਵਿਚ ਪਹੁੰਚਾਉਣ ਦੇ ਆਰਡਰ ਕਰਵਾ ਲਏ। ਇਸ ਤੋਂ ਇਲਾਵਾ ਜੋ ਮੁਜ਼ਫਰਾਬਾਦ ਕਸ਼ਮੀਰ ਦੇ ਉਜੜਿਆਂ ਹੋਇਆਂ ਖਾਲਸਿਆਂ ਨੂੰ ਗੌਰਮਿੰਟ ਨੇ ਭੂਪਾਲ ਭੇਜ ਦਿਤਾ ਸੀ। ਅਕਾਲੀ ਕੌਰ ਸਿੰਘ ਨਿਹੰਗ ਕਸ਼ਮੀਰ ਨੇ ਬੜੀ ਜਦੋ-ਜਹਿਦ ਕਰ ਕੇ ਭੂਪਾਲ ਵਿਚੋਂ ਇਨ੍ਹਾਂ ਨੂੰ ਵੀ ਵਾਪਸ ਲਿਆਂਦਾ।[24] ਕੈਂਪ ਦੇ ਵਧੀਆ ਪ੍ਰਬੰਧ ਅਤੇ ਹਰ ਲੋੜ ਨੂੰ ਪੂਰਾ ਕਰਵਾਉਣ ਲਈ ਉਹ ਹਮੇਸ਼ਾ ਹੀ ਯਤਨਸ਼ੀਲ ਰਹਿੰਦੇ ਸਨ। ਕੈਂਪ ਦਾ ਪ੍ਰਬੰਧ ਉਨ੍ਹਾਂ ਨੇ ਨਿਮਾਣੇ ਸੇਵਾਦਾਰ ਬਣ ਕੇ ਸਾਂਭਿਆ ਹੋਇਆ ਸੀ।

---

[23] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''* ਪੰਨੇ 147-151.

[24] ਭਾਗ ਜੀ ਦੀ ਡਾਇਰੀ, ਉਦਰਿਤ, ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰ. 145.

## 2.2. 1947 ਦੇ ਪੀੜਤਾਂ ਲਈ ਯੋਗਦਾਨ

25 ਅਪ੍ਰੈਲ 1949 ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ ਕੁਰੂਕਸ਼ੇਤਰ ਵਿਚ 'ਸਿਖ ਪੀੜਤ ਪ੍ਰਵਾਰ ਸਹਾਇਕ ਕਮੇਟੀ' ਬਣਾ ਕੇ ਇਸ ਨੂੰ ਰਜਿਸਟਰ ਕਰਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਕਮੇਟੀ ਦਾ ਮੁੱਖ ਮੰਤਵ ਜੰਮੂ ਕਸ਼ਮੀਰ ਦੇ ਪੀੜਤ ਪਰਿਵਾਰਾਂ ਦੀ ਸਹਾਇਤਾ ਕਰਨਾ ਸੀ। ਇਸ ਕਮੇਟੀ ਦੇ ਅਹੁਦੇਦਾਰ ਹੇਠ ਲਿਖੇ ਸਥਾਪਤ ਕੀਤੇ ਗਏ-

1. ਪ੍ਰਧਾਨ:- ਸ੍ਰੀਮਾਨ ਚਕ੍ਰਕੌਰ ਸਿੰਘ ਜੀ
2. ਮੀਤ ਪ੍ਰਧਾਨ:- ਗਿਆਨੀ ਕਿਰਪਾਲ ਸਿੰਘ ਜੀ
3. ਜਨਰਲ ਸਕੱਤਰ:- ਗਿਆਨੀ ਅਤਰ ਸਿੰਘ ਜੀ
4. ਸਕੱਤਰ:- ਗਿਆਨੀ ਸੁਜਾਨ ਸਿੰਘ ਜੀ ਕੰਵਰ
5. ਖਜ਼ਾਨਚੀ:- ਗਿਆਨੀ ਗੰਭੀਰ ਸਿੰਘ ਜੀ[25]

ਬਾਅਦ ਵਿਚ ਅਕਾਲੀ ਕੌਰ ਸਿੰਘ ਨੂੰ ਵੀ ਇਸ ਕਮੇਟੀ ਵਿਚ ਸ਼ਾਮਲ ਕਰਨਾ ਚਾਹਿਆ ਪਰ ਉਹ ਨਾ ਮੰਨੇ ਅਤੇ ਹੋਰ ਸੇਵਾਵਾਂ ਆਪਣੇ ਜ਼ੁੰਮੇ ਲਾਈਆਂ ਜਿਵੇਂ:-

1. ਕੈਂਪ ਵਿਚ ਰਹਿ ਕੇ ਹਰ ਤਰ੍ਹਾਂ ਨਾਲ ਬੀਬੀਆਂ-ਬੱਚਿਆਂ ਦੀ ਸੰਭਾਲ ਕਰਨੀ।
2. ਮਹਾਰਾਜਾ ਸਾਹਿਬ ਪਟਿਆਲਾ ਨੂੰ ਮਿਲ ਕੇ ਉਨ੍ਹਾਂ ਦੀ ਮਦਦ ਨਾਲ ਕੈਂਪ ਬਜਾਇ ਕੁਰੂਕਸ਼ੇਤਰ ਰੱਖਣ ਦੇ ਪਟਿਆਲਾ ਯੂਨੀਅਨ ਵਿਚ ਤਬਦੀਲ ਕਰਾਉਣਾ।

ਬਾਅਦ ਵਿਚ ਇਕ ਹੋਰ ਇਕਤ੍ਰਤਾ ਵਿਚ ਵਿਚਾਰ ਕੇ ਤੇ ਸਰਬ ਸੰਮਤੀ ਨਾਲ ਇਕ ਹੋਰ ਸੇਵਾ ਲਗਾਈ ਕਿ-

3. ਰਿਆਸਤੀ ਸਿੱਖ ਸ਼ਹੀਦਾਂ ਦੇ ਬੱਚਿਆਂ ਦਾ ਪ੍ਰਬੰਧ ਜਿਸ ਤਰ੍ਹਾਂ ਆਪ ਯੋਗ ਸਮਝਣ ਉਸ ਤਰ੍ਹਾਂ ਹੀ ਕਰਨ।

ਇਹ ਤਿੰਨੇ ਕੰਮ ਅਕਾਲੀ ਕੌਰ ਸਿੰਘ ਨੇ ਪੂਰੀ ਤਨਦੇਹੀ ਨਾਲ ਨਿਭਾਏ।

---

[25] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ,* ਪੰ. 111.

ਸੰਗਰੂਰ ਕੈਂਪ ਲਈ ਅਕਾਲੀ ਕੌਰ ਸਿੰਘ ਨੇ ਲੋਕਾਂ ਦੇ ਸੇਵਾਦਾਰ ਬਣ ਕੇ ਕੇਂਦਰੀ ਮੁੜ ਵਸੇਬਾ ਮਨਿਸਟਰ ਤੇ ਕਰਮਚਾਰੀਆਂ ਅਤੇ ਮਹਾਰਾਜਾ ਸਾਹਿਬ ਤੇ ਮਹਾਰਾਣੀ ਸਾਹਿਬਾਂ ਪਟਿਆਲਾ ਤੋਂ ਇਨ੍ਹਾਂ ਦੇ ਯੋਗ ਪ੍ਰਬੰਧ ਲਈ ਸੰਪਰਕ ਕਾਇਮ ਰਖ ਕੇ ਇਨ੍ਹਾਂ ਦੇ ਜੀਵਨ ਦੀਆਂ ਹਰ ਪ੍ਰਕਾਰ ਦੀਆਂ ਲੋੜਾਂ ਨੂੰ ਪੂਰਾ ਕਰਵਾਇਆ। ਉਨ੍ਹਾਂ ਨੇ ਜਿਥੇ ਵਿਸ਼ੇਸ਼ ਤੌਰ 'ਤੇ ਸੰਗਰੂਰ ਕੈਂਪ ਦੀ ਦੇਖ-ਰੇਖ ਅਤੇ ਸ਼ਰਨਾਰਥੀਆਂ ਦੀ ਸੰਭਾਲ ਕੀਤੀ ਉਸ ਤੋਂ ਇਲਾਵਾ ਯੋਲ (ਕਾਂਗੜਾ), ਨਗਰੋਟਾ (ਜੰਮੂ), ਕਲਿਆਨਾ (ਜੈਪੁਰ), ਚਕਰਾਂਤਾ ਤੇ ਚਨਾਰਥਲ (ਯੂ. ਪੀ.), ਵਿਚ ਟਿਕੇ ਸ਼ਰਨਾਰਥੀਆਂ ਦਾ ਵੀ ਧਿਆਨ ਰਖਦੇ ਰਹੇ।

ਰਿਫਿਊਜੀਆਂ ਦੀ ਸੰਭਾਲ ਲਈ ਉਨ੍ਹਾਂ ਨੂੰ ਇੰਨੀ ਲਗਨ ਸੀ ਕਿ ਉਨ੍ਹਾਂ ਨੇ ਭੁੱਖ-ਪਿਆਸ ਦੀ ਪਰਵਾਹ ਵੀ ਨਹੀਂ ਕੀਤੀ। ਇਸ ਦੀ ਮਿਸਾਲ ਬੀਬੀ ਭਾਗਵੰਤ ਕੌਰ ਦੀ ਡਾਇਰੀ (7 ਅਗਸਤ, 1948 ਈ.) ਵਿਚੋਂ ਮਿਲਦੀ ਹੈ– "ਅਕਾਲੀ ਕੌਰ ਸਿੰਘ ਜੀ ਚਕਰੋਤੇ ਜਾਂਦੇ ਹੋਏ ਰਾਜਪੁਰ ਅਸਾਨੂੰ ਮਿਲਣ ਆਏ। ਕਈ ਦਿਨਾਂ ਦੇ ਭੁੱਖੇ ਸਨ। ਭਾਗਵੰਤ ਕੌਰ ਨੇ ਪ੍ਰਸ਼ਾਦ ਪਕਾਏ, ਨਾਲ ਦੁੱਧ ਗਰਮ ਕਰਕੇ ਰਖਿਆ। ਜਦੋਂ ਛਕਣ ਲਗੇ, ਉਪਰ ਚਿਮਨੀ ਵਿਚੋਂ ਕਿਸੇ ਕਿਸੇ ਜਾਨਵਰ ਨੇ ਗਿਟਕ ਸੁਟ ਦਿਤੀ। ਉਹ ਦੁਧ ਦੀ ਬਾਟੀ ਵਿਚ ਗਿਰ ਗਈ। ਪ੍ਰਸ਼ਾਦਿਆਂ ਤੇ ਛਿੱਟੇ ਪੈ ਗਏ। ਗਿਟਕ ਚੂਪੀ ਹੋਈ ਸੀ। ਪ੍ਰਸ਼ਾਦ ਜੂਠਾ ਹੋ ਗਿਆ। ਬੜਾ ਕਿਹਾ 'ਹੋਰ ਬਣਾਂਦਾ ਹਾਂ' ਪਰ ਨਹੀਂ ਮੰਨੇ, ਕਹਿਣ ਲਗੇ 'ਚਕਰੋਤੇ ਜਾਣਾ ਹੈ। ਰਫੀਯੂਜੀਆਂ ਦੀ ਖਬਰ ਲੈਣੀ ਹੈ।' ਭੁਖੇ ਹੀ ਚਲੇ ਗਏ। ਚਕਰੋਤੇ ਤੋਂ ਫਿਰ ਰਾਜਪੁਰ ਆਏ। ਮਿਲ ਕੇ ਰਾਜਪੁਰ ਤੋਂ ਦਿਲੀ ਰਫੀਯੂਜੀਆਂ ਦੇ ਕੰਮਾਂ ਤੇ ਚਲੇ ਗਏ।[26]

ਅਕਾਲੀ ਕੌਰ ਸਿੰਘ ਨੇ ਕਸ਼ਮੀਰ ਦੇ ਰਿਫਿਊਜੀਆਂ ਲਈ ਯੂ. ਪੀ. ਵਿਚ ਵੀ ਜ਼ਮੀਨ ਦੀ ਭਾਲ ਕਰਵਾਈ।[27]

1947 ਦੇ ਘਲੂਘਾਰੇ ਦੌਰਾਨ ਮਕਬੂਜ਼ਾ ਕਸ਼ਮੀਰ ਦੇ ਸ਼ਰਨਾਰਥੀ ਕੈਂਪਾਂ ਵਿਚ ਸਿੱਖਾਂ ਦੀ ਰਹਿਤ ਮਰਯਾਦਾ ਭੰਗ ਹੋ ਗਈ ਸੀ ਅਤੇ ਕਈਆਂ ਨੂੰ ਜ਼ਬਰਦਸਤੀ ਪਤਿਤ ਕਰ ਦਿੱਤਾ ਸੀ। ਇਸ ਵਾਸਤੇ ਅਕਾਲੀ ਜੀ ਨੇ ਭਾਰਤ ਵਿਚ ਅਲੱਗ-ਅਲੱਗ ਥਾਵਾਂ 'ਤੇ ਇਨ੍ਹਾਂ ਸ਼ਰਨਾਰਥੀਆਂ ਦੇ ਕੈਂਪਾਂ ਵਿਚ ਜਾ ਕੇ ਅੰਮ੍ਰਿਤਪਾਨ

---

[26] ਭਾਗ ਜੀ ਦੀ ਡਾਇਰੀ, ਉਦਰਿਤ, ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰ. 145.

[27] ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰ. 121.

ਕਰਵਾਇਆ।[28] ਸ਼ਰਨਾਰਥੀ ਸਿੱਖਾਂ ਨੂੰ ਬਚਾਉਣ ਅਤੇ ਰਹਿਤ ਕਾਇਮ ਰੱਖਣ ਲਈ ਅਕਾਲੀ ਜੀ ਨੇ ਰਾਤ ਦਿਨ ਇਕ ਕੀਤਾ।[29]

ਇਥੇ ਇਹ ਜ਼ਿਕਰ ਕਰਨਾ ਲਾਜ਼ਮੀ ਹੈ ਕਿ ਅਕਾਲੀ ਕੌਰ ਸਿੰਘ ਦੇ ਚਲਾਣੇ ਤੋਂ ਬਾਅਦ ਸੰਗਰੂਰ ਕੈਂਪ ਦੇ ਸ਼ਰਨਾਰਥੀਆਂ ਦੇ ਹਾਲਾਤ ਬਦਤਰ ਹੋ ਗਏ ਸਨ ਅਤੇ ਉਥੋਂ ਦੇ ਯਤੀਮ ਬੱਚਿਆਂ ਨੇ ਪੈਪਸੂ ਦੇ ਚੀਫ ਮਨਿਸਟਰ ਵਲ ਇਕ ਦਰਦ ਭਰੀ ਚਿੱਠੀ ਵੀ ਲਿਖੀ। ਕਈ ਅੰਕਾਂ ਵਿਚ ਅਕਾਲੀ ਕੌਰ ਸਿੰਘ ਦੀ ਘਾਟ ਨੂੰ ਵੀ ਦਰਸਾਇਆ ਗਿਆ।[30]

## 2.3. ਉਜੜਿਆਂ ਤੇ ਮ੍ਰਿਤਕਾਂ ਦੇ ਰਿਕਾਰਡ ਦੀ ਸੰਭਾਲ

ਅਕਾਲੀ ਕੌਰ ਸਿੰਘ ਨੇ ਸ਼ਰਨਾਰਥੀਆਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਿਨ੍ਹਾਂ ਵਿਚ ਘਲੂਘਾਰੇ ਵਿਚ ਬਚ ਗਏ ਬਾਲਾਂ, ਅਗਵਾ ਹੋਈਆਂ ਇਸਤਰੀਆਂ, ਪਤਿਤ ਹੋਏ ਸਿੱਖਾਂ, ਮਾਤਾ-ਪਿਤਾ ਦੇ ਹੁੰਦੇ ਹੋਏ ਵਿਦਿਆ ਤੋਂ ਹੀਣੇ ਬੱਚਿਆਂ ਦੀਆਂ ਸੂਚੀਆਂ ਅਤੇ ਇਸ ਤਰ੍ਹਾਂ ਮੀਰਪੁਰ, ਕਸ਼ਮੀਰ, ਯੋਲ ਕੈਂਪ ਵਿਚ ਪੁੱਜੀਆਂ ਵਿਧਵਾਵਾਂ ਦੀਆਂ ਸੂਚੀਆਂ ਸ਼ਾਮਲ ਹਨ।[31]

ਅਕਾਲੀ ਜੀ ਦੀ ਇਸ ਸੇਵਾ ਸੰਬੰਧੀ ਪ੍ਰੋ. ਸੇਵਾ ਸਿੰਘ ਲਿਖਦੇ ਹਨ- ਸਾਰੇ ਇਲਾਕਿਆਂ ਪਿੰਡਾਂ ਵਾਸੀ ਸਿੰਘਾਂ ਸਿੰਘਣੀਆਂ ਦੇ ਸ਼ਜਰੇ ਬਣਾਏ। ਸਾਰੇ ਕਿੰਨੇ ਜੀਅ ਇਕ ਕੁੰਭੇ ਦੇ ਸਨ। ਉਨ੍ਹਾਂ ਵਿਚੋਂ 1947 ਵਿਚ ਕਿੰਨੇ ਮੋਏ ਤੇ ਕਿੰਨੇ ਜ਼ਿੰਦਾ ਬਚੇ। ਬਾਲਗ਼ ਤੇ ਨਬਾਲਗ਼, ਵਿਆਹੇ-ਕੁਵਾਰੇ ਤੇ ਰੰਡੇ-ਰੰਡੀਆਂ ਆਦਿ ਸਭ ਦੀਆਂ ਲਿਸਟਾਂ ਤਿਆਰ ਕੀਤੀਆਂ। ਅਗਵਾਸ਼ੁਦਾ ਕਿੰਨੀਆਂ ਸਨ ਤੇ ਕਿੰਨੀਆਂ ਲਿਆਂਦੀਆਂ। ਪਤਿਤਾਂ ਦੀਆਂ ਲਿਸਟਾਂ, ਲਵਾਰਿਸ ਬੱਚਿਆਂ ਦੀਆਂ ਲਿਸਟਾਂ, ਕਿੰਨਿਆਂ ਦੇ ਪਿਤਾ ਨਹੀਂ ਕਿੰਨਿਆਂ ਦੀਆਂ ਮਾਵਾਂ ਨਹੀਂ, ਕਿੰਨੇ ਕੁ ਉਦੋਂ ਯਤੀਮ ਹਨ। ਨਗਰੋਟਾ (ਜੰਮੂ), ਯੋਲ (ਕਾਂਗੜਾ), ਚਕ੍ਰਾਂਤਾ (ਯੂ. ਪੀ.), ਜੈਪੁਰ

---

[28] ਸਰਵਨ ਸਿੰਘ ਸ਼ਕਤੀਮਾਨ, *ਕਸ਼ਮੀਰ ਤੇ ਸਿੱਖ*, ਪੰ. 226.

[29] ਕਰਤਾਰ ਸਿੰਘ ਕੋਮਲ, *ਸਮਾਜ ਸੁਧਾਰ*, ਪੰ. 76.

[30] *ਰੋਜ਼ਾਨਾ ਪ੍ਰਕਾਸ਼*, 18, 20 ਅਤੇ 25 ਮਾਰਚ 1955.

[31] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰ. 330.

(ਰਾਜਸਥਾਨ), ਚਨਾਰਥਲ (ਸੰਗਰੂਰ), ਰਾਮ ਬਾਗ ਸ੍ਰੀ ਅੰਮ੍ਰਿਤਸਰ ਨਗਰ ਆਦਿ ਕੈਂਪਾਂ ਦੀ ਸਮੇਂ-ਸਮੇਂ ਪੁੱਛ-ਭਾਲ ਕਰਦੇ ਅਤੇ ਸਭ ਦੀਆਂ ਲਿਸਟਾਂ ਬਣਾਈਆਂ ਜਿਸ 'ਤੇ ਸਭ ਸਿੱਖ ਪਰਿਵਾਰਾਂ ਦੀ ਯਾਦ ਕਾਇਮ ਕਰ ਸਕਣ।[32]

## 2.4. ਇਸਤਰੀ ਦੀ ਦਸ਼ਾ ਸੁਧਾਰਨ ਹਿਤ ਕਾਰਜ

ਛੋਟੀ ਉਮਰ ਵਿਚ ਵਿਆਹੀਆਂ ਜਾਣ ਵਾਲੀਆਂ ਇਸਤਰੀਆਂ, ਬੁੱਢਿਆਂ ਨਾਲ ਵਿਆਹੀਆਂ ਜਾਣ ਵਾਲੀਆਂ, ਅਤੇ ਹੋਰ ਮੁਸੀਬਤਾਂ ਝੱਲਣ ਵਾਲੀਆਂ ਲਈ ਅਕਾਲੀ ਜੀ ਨੇ ਤੀਖਣਤਾ ਨਾਲ ਸੋਚ-ਵਿਚਾਰ ਕੀਤੀ। ਕਈ ਨਿੱਕੀ ਉਮਰ ਵਿਚ ਹੀ ਰੰਡੇਪਾ ਕਟਦੀਆਂ ਸਨ ਅਤੇ ਪੁਨਰ ਵਿਆਹ ਨਹੀਂ ਕਰਵਾ ਸਕਦੀਆਂ ਸਨ। ਸਾਰੀ ਜ਼ਿੰਦਗੀ ਨਰਕ ਭਰੀ ਹੀ ਕੱਟਦੀਆਂ ਸਨ।

ਅਜਿਹੀਆਂ ਔਕੜਾਂ ਨੂੰ ਰੋਕਣ ਲਈ ਅਕਾਲੀ ਜੀ ਨੇ ਸਮੂਹ ਹਿੰਦੂ ਮੱਤ ਦੇ ਗ੍ਰੰਥਾਂ, ਇਸਲਾਮੀ ਰਵਾਇਤਾਂ ਅਤੇ ਸਿੱਖ ਧਰਮ ਤਥਾ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਸਿੱਖ ਇਤਿਹਾਸ ਦੁਆਰਾ ਖ਼ਾਸ ਤੌਰ ਤੇ ਇਕ ਪੁਸਤਕ 'ਇਸਤ੍ਰੀ ਸੰਕਟ ਮੋਚਨ' ਲਿਖੀ ਜਿਸ ਦਾ ਕਿ ਅਸੀਂ ਪਿੱਛੇ ਵੀ ਜ਼ਿਕਰ ਕੀਤਾ ਹੈ। ਸਰਕਾਰ ਕਸ਼ਮੀਰ ਨੇ ਅਕਾਲੀ ਜੀ ਦੇ ਇਸ ਉੱਦਮ ਸਦਕਾ ਇਕ ਸ਼ਾਦੀ ਕਾਨੂੰਨ ਹੀ ਬਣਾ ਦਿੱਤਾ ਜਿਸ ਤਹਿਤ 14 ਸਾਲ ਦੀ ਲੜਕੀ ਅਤੇ ਘੱਟੋ-ਘੱਟ 18 ਸਾਲ ਦਾ ਮੁੰਡਾ ਹੋਣਾ ਚਾਹੀਦਾ ਹੈ ਤਾਂ ਹੀ ਸ਼ਾਦੀ ਦੇ ਯੋਗ ਹੈ। ਜੋ ਇਸ ਕਾਨੂੰਨ ਨੂੰ ਭੰਗ ਕਰੇਗਾ ਉਸ ਨੂੰ 50 ਰੁਪਏ ਜ਼ੁਰਮਾਨਾ ਤੇ 6 ਮਹੀਨੇ ਦੀ ਕੈਦ ਹੋਵੇਗੀ। ਇਸ ਕਾਨੂੰਨ ਦੀ ਲੋਕਾਂ ਨੇ ਬੜੇ ਪਿਆਰ ਨਾਲ ਪਾਲਣਾ ਕੀਤੀ।

ਰਾਂਚੀ, ਜਗਨਨਾਥ ਪੁਰੀ, ਕਲਕੱਤਾ, ਬੰਗਾਲ, ਸਤਖੇੜਾ, ਕਾਮਾਖਿਆ ਦੇਵੀ ਤੇ ਧੋਬੜੀ ਘਾਟ ਅਦਿਕ ਕਈ ਯਾਦਗਾਰੀ ਗੁਰਦਵਾਰੇ ਸਨ। ਇਸਤਰੀ ਜਾਤੀ ਨੂੰ ਅਜਿਹੇ ਸਥਾਨਾਂ ਦੇ ਸ੍ਰੀ ਹਰਿਮੰਦਰ ਪੂਜਾ ਸਥਾਨਾਂ 'ਤੇ ਜਾਣਾ ਮਨ੍ਹਾਂ ਸੀ। ਜੇਕਰ ਦੇਗ਼ ਲੈਣੀ ਹੋਵੇ ਉਹ ਬਾਹਰ ਹੀ ਦਿੱਤੀ ਜਾਂਦੀ ਸੀ। ਆਸਾਮ ਤੇ ਬਰਮਾ ਵਿਚ ਤਾਂ ਐਸੀ ਛੂਤ-ਛਾਤ ਬਹੁਤ ਵੱਡੇ ਪੱਧਰ 'ਤੇ ਸੀ। ਅਕਾਲੀ ਜੀ ਨੇ ਖੁਲ੍ਹਾ ਸਮਾਂ ਦੇ ਕੇ ਬੜੇ ਪਿਆਰ ਤੇ ਸੁਚੱਜੇ ਢੰਗ ਨਾਲ ਇਨ੍ਹਾਂ ਲੋਕਾਂ ਵਿਚ ਗੁਰਸਿੱਖੀ ਪ੍ਰਚਾਰ ਕੀਤਾ। ਗੁਰੂ ਨਾਨਕ ਸਾਹਿਬ ਦੀ

---

[32] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 155.

ਵਿਚਾਰਧਾਰਾ ਅਨੁਸਾਰ ਅਤੇ ਹਿੰਦੂ ਵੇਦਾਂ-ਸ਼ਾਸਤਰਾਂ, ਸ਼ਰੁਤੀਆਂ, ਸਿਮ੍ਰਤੀਆਂ ਅਤੇ ਹਰ ਮਜ਼ਹਬ ਧਰਮ ਪੁਸਤਕਾਂ ਦੇ ਹਵਾਲੇ ਦੇ ਕੇ ਇਸਤਰੀ ਜਾਤੀ ਨੂੰ ਉੱਚਾ ਚੁੱਕਣ ਲਈ ਯਤਨ ਕੀਤੇ। ਬਰਮਾ, ਆਸਾਮ ਜਾਂ ਬੰਗਾਲ ਲਈ ਹੀ ਨਹੀਂ ਸਗੋਂ ਸਮੁੱਚੇ ਭਾਰਤ ਲਈ ਅਕਾਲੀ ਜੀ ਦੀ ਇਹ ਆਵਾਜ਼ ਲਾਹੇਵੰਦ ਸਿੱਧ ਹੋਈ ਅਤੇ ਇਸਤਰੀ ਜਾਤੀ ਦਾ ਸਿਰ ਉੱਚਾ ਚੁੱਕਿਆ।

ਲੜਕੀਆਂ ਦੇ ਵਿਆਹਾਂ ਸਮੇਂ ਜ਼ਿਆਦਾ ਜਨੇਤ ਲੈ ਕੇ ਜਾਣਾ, ਪੇਸੇ ਦੇ ਲੈਣ-ਦੇਣ ਨਾਲ ਧੀਆਂ ਦੀਆਂ ਸ਼ਾਦੀਆਂ ਕਰਨੀਆਂ, ਅਨੰਦ ਰਸਮ ਦੇ ਨਾਲ-ਨਾਲ ਅਨਮਤੀਆਂ ਅਤੇ ਮਨਮਤੀਆਂ ਕਰਨੀਆਂ, ਵਿਚੋਲੇ ਦੀ ਦਖ਼ਲਅੰਦਾਜ਼ੀ, ਦਾਜ-ਦਹੇਜ ਆਦਿ ਜਿਹੀਆਂ ਸਮਾਜ ਵਿਚਲੀਆਂ ਬੇਲੋੜੀਆਂ ਰਸਮਾਂ ਨੂੰ ਅਕਾਲੀ ਕੌਰ ਸਿੰਘ ਨੇ ਕੱਢਣ ਲਈ ਯਤਨ ਕੀਤੇ।

## 2.5. ਨਸ਼ਿਆਂ ਨੂੰ ਹੋੜਨ ਲਈ ਅਮਲ (ਨਸ਼ੇ) ਪ੍ਰਹਾਰੀ ਤੇ ਅੰਮ੍ਰਿਤ ਪ੍ਰਚਾਰੀ ਜਥਾ

ਮਾਲਵਾ ਖੇਤਰ ਜਿਥੇ ਹੁੱਕਾ, ਨਸਵਾਰ, ਸਿਗਰਟ, ਬੀੜੀ ਤੇ ਤੰਬਾਕੂ ਆਦਿ ਫੈਲ ਚੁੱਕਾ ਸੀ ਉਸ ਨੂੰ ਠੱਲ੍ਹ ਪਾਉਣ ਲਈ ਇਹ ਜੱਥਾ ਅਕਾਲੀ ਕੌਰ ਸਿੰਘ ਦੁਆਰਾ ਕਾਇਮ ਕੀਤਾ ਗਿਆ। ਇਸ ਜੱਥੇ ਨੇ ਇਸ ਇਲਾਕੇ ਵਿਚ ਗੁਰਮਤਿ ਦੇ ਪ੍ਰਚਾਰ ਦੁਆਰਾਂ ਇਨ੍ਹਾਂ ਅਲਾਮਤਾਂ ਦੀ ਰੋਕਥਾਮ ਕੀਤੀ ਅਤੇ ਬਹੁਤ ਸਾਰੇ ਪ੍ਰਾਣੀਆਂ ਨੂੰ ਅੰਮ੍ਰਿਤਧਾਰੀ ਬਣਾਇਆ।

ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਸੁਖ ਨਿਧਾਨ ਦਾ ਜੋ ਭੋਗ ਲਵਾਇਆ ਜਾਂਦਾ ਸੀ। ਅਕਾਲੀ ਜੀ ਸਦਕਾ ਹੀ ਇਹ ਰਸਮ ਪੁਜਾਰੀਆਂ ਨੇ ਛੱਡੀ।[33] ਉਨ੍ਹਾਂ ਨੇ ਗੁਰਦੁਆਰਾ ਸਚਖੰਡ ਸ੍ਰੀ ਹਜ਼ੂਰ ਸਾਹਿਬ ਰਹਿ ਕੇ ਉਥੋਂ ਦੇ ਪ੍ਰਬੰਧ ਵਿਚ ਸੁਧਾਰ ਕੀਤਾ ਅਤੇ ਉਸ ਸਮੇਂ ਸੁੱਖੇ ਦਾ ਭੋਗ ਹਟਾਉਣ ਵਿਚ ਸਫਲਤਾ ਪਾਈ।[34]

---

[33] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 166.

[34] ਡਾ. ਰਾਜਿੰਦਰ ਸਿੰਘ, *ਨਸ਼ਿਆਂ ਦੀ ਦਲਦਲ*, ਪੰ. 108.

## 3. ਰਾਜਨੀਤਿਕ ਯੋਗਦਾਨ

ਅਕਾਲੀ ਕੌਰ ਸਿੰਘ ਇਕ ਸੁਲਝੇ ਹੋਏ ਰਾਜਨੀਤੀਵੇਤਾ ਸਨ। ਗੁਲਾਮੀ ਦੇ ਦੌਰ ਵਿਚ ਸਿੱਖ ਦ੍ਰਿਸ਼ਟੀਕੋਣ ਤੋਂ ਉਨ੍ਹਾਂ ਨੇ ਰਾਜਨੀਤੀ ਦੇ ਖੇਤਰ ਵਿਚ ਅਹਿਮ ਰੋਲ ਅਦਾ ਕੀਤਾ। ਭਾਵੇਂ ਕਿ ਉਨ੍ਹਾਂ ਨੇ ਕਿਸੇ ਵਿਸ਼ੇਸ਼ ਅਹੁਦੇ ਉਪਰ ਰਹਿ ਕੇ ਕੋਈ ਕਾਰਜ ਨਹੀਂ ਕੀਤਾ ਪ੍ਰੰਤੂ ਕਿਸੇ ਨਾ ਕਿਸੇ ਰੂਪ ਵਿਚ ਉਹ ਆਪਣੀਆਂ ਰਾਜਨੀਤਿਕ ਸੇਵਾਵਾਂ ਪ੍ਰਦਾਨ ਕਰਦੇ ਰਹਿੰਦੇ ਸਨ ਜਿਨ੍ਹਾਂ ਦਾ ਵਰਣਨ ਅਸੀਂ ਰਾਜਨੀਤਿਕ ਯੋਗਦਾਨ ਦੇ ਅੰਤਰਗਤ ਕਰ ਰਹੇ ਹਾਂ।

ਅਕਾਲੀ ਕੌਰ ਸਿੰਘ ਵਰਗੇ ਚਿੰਤਕ, ਸਮਾਜ ਸੁਧਾਰਕ ਅਤੇ ਧਰਮ ਪ੍ਰਚਾਰਕ ਆਪਣੇ ਉਦਮ ਨਾਲ ਪਿੰਡਾਂ ਵਿਚ ਵਸਦੀ ਖ਼ਲਕਤ ਨੂੰ ਬੇਦਾਰ (ਜਾਗ੍ਰਿਤ) ਕਰਨ ਹਿਤ ਕੰਮ ਕਰ ਰਹੇ ਸਨ।[35]

## 3.1. ਅੰਗਰੇਜ਼ੀ ਕਾਲ ਦੌਰਾਨ ਸਿੱਖ ਪੁਨਰ-ਜਾਗ੍ਰਿਤੀ ਵਿਚ ਯੋਗਦਾਨ

ਅਕਾਲੀ ਕੌਰ ਸਿੰਘ ਨੇ ਸਮੁੱਚੀ ਮਾਨਵਤਾ ਲਈ ਜਿਥੇ ਉਚ ਪਧਰੀ ਲੇਖਣੀ, ਧਾਰਮਿਕ, ਸਮਾਜਿਕ ਆਦਿਕ ਕਾਰਜਾਂ ਵਿਚ ਆਪਣਾ ਵਡਮੁਲਾ ਯੋਗਦਾਨ ਪਾਇਆ ਉਸ ਦੇ ਨਾਲ-ਨਾਲ ਉਨ੍ਹਾਂ ਨੇ ਬਹੁਤ ਸਾਰੀਆਂ ਰਾਜਨੀਤਿਕ ਅਤੇ ਗਤੀਵਿਧੀਆਂ ਵਿਚ ਵੀ ਰੱਜਵੀਂ ਸ਼ਮੂਲੀਅਤ ਕੀਤੀ। ਉਹ ਇਨ੍ਹਾਂ ਸਰਗਰਮੀਆਂ ਵਿਚ ਸਿਰਫ ਸ਼ਾਮਲ ਹੀ ਨਹੀਂ ਹੋਏ ਸਗੋਂ ਮੋਹਰੀ ਭੂਮਿਕਾ ਨਿਭਾਅ ਕੇ ਸਿਰਕੱਢ ਆਗੂਆਂ ਵਿਚ ਆਪਣਾ ਨਾਮ ਸ਼ੁਮਾਰ ਕੀਤਾ। ਅਕਾਲੀ ਕੌਰ ਸਿੰਘ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਦੇਹ-ਤੋੜ ਸੇਵਾ ਕੀਤੀ ਅਤੇ ਸੁਹਿਰਦ ਭੂਮਿਕਾ ਨਿਭਾਈ। ਉਨ੍ਹਾਂ ਦੁਆਰਾ ਕੀਤੀ ਗਈ ਪੰਥਕ ਅਗਵਾਈ ਬੇਮਿਸਾਲ ਸਾਬਤ ਹੁੰਦੀ ਰਹੀ। ਸਮੇਂ-ਸਮੇਂ ’ਤੇ ਉਨ੍ਹਾਂ ਨੇ ਅਜਿਹੀਆਂ ਜੁਗਤੀਆਂ (strategies) ਤਿਆਰ ਕੀਤੀਆਂ ਜਿਨ੍ਹਾਂ ਰਾਹੀਂ ਪੰਥਕ ਏਕਤਾ ਅਤੇ ਇਕਮੁਠਤਾ ਕਾਇਮ ਕੀਤੀ ਜਾ ਸਕੇ। ਕਿਸੇ ਵੀ ਕੌਮ ਜਾਂ ਲੋਕਾਂ ’ਤੇ ਜਦੋਂ ਕੋਈ ਭੀੜ ਦਾ ਸਮਾਂ ਪੈਦਾ ਹੁੰਦਾ ਹੈ ਉਦੋਂ ਹੀ ਉਸ ਨੂੰ ਏਕਤਾ, ਅਖੰਡਤਾ ਅਤੇ ਸਹੀ ਦਿਸ਼ਾ ਵਲ ਵਧਣ ਦਾ ਮੌਕਾ ਮਿਲਦਾ ਹੈ। ਅਜਿਹਾ ਕੁਝ ਹੀ ਸਿੱਖਾਂ ਨਾਲ ਵਾਪਰਿਆ ਜਦੋਂ ਅੰਗਰੇਜ਼ਾਂ ਦੀਆਂ ਮਨਮਾਨੀਆਂ ਅਤੇ ਬੇਇਨਸਾਫੀਆਂ ਲਗਾਤਾਰ ਵਧ ਗਈਆਂ ਸਨ। ਅੰਗਰੇਜ਼ਾਂ ਦੇ ਸਾਸ਼ਨ ਕਾਲ ਸਮੇਂ ਸਿੱਖਾਂ ਨਾਲ ਅਨੇਕਾਂ ਤਰ੍ਹਾਂ ਦੀਆਂ

---

[35] *ਹੀਮਾਲ,* (ਅਕਾਲੀ ਕੌਰ ਸਿੰਘ ਨਿਹੰਗ ਵਿਸ਼ੇਸ਼ ਅੰਕ), ਪੰ. 5.

ਵਧੀਕੀਆਂ ਅਤੇ ਬੇਇਨਸਾਫੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ ਜਿਹੜੀਆਂ ਕਿ ਸਿੱਖਾਂ ਵਿਚ ਮਹਾਨ ਇਨਕਲਾਬ ਲਿਆਉਣ ਵਿਚ ਸਹਾਈ ਸਾਬਤ ਹੋਈਆਂ। ਇਸ ਸਮੇਂ ਵਿਚ ਅਕਾਲੀ ਕੌਰ ਸਿੰਘ ਦੁਆਰਾ ਨਿਭਾਈ ਭੂਮਿਕਾ ਦਾ ਵਰਣਨ ਅਤੇ ਵਿਸਤ੍ਰਿਤ ਚਰਚਾ ਅਸੀਂ ਇਥੇ ਕਰਾਂਗੇ।

ਵੀਹਵੀਂ ਸਦੀ ਦੇ ਸ਼ੁਰੂਆਤੀ ਸਮੇਂ ਤੋਂ ਹੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਅਤੇ ਸਾਰੀ ਸੰਤ ਮੰਡਲੀ ਲਗਾਤਾਰ ਸਿੱਖੀ ਪ੍ਰਚਾਰ ਅਤੇ ਪ੍ਰਸਾਰ ਲਈ ਚੇਤੰਨ ਅਤੇ ਸਮਰਪਿਤ ਹੋ ਕੇ ਕਾਰਜ ਕਰ ਰਹੇ ਸਨ ਅਤੇ ਸਿੱਖੀ ਤੋਂ ਉੱਕੇ ਹੋਏ ਸਿੱਖਾਂ ਨੂੰ ਵਾਪਸ ਸਿੱਖੀ ਨਾਲ ਜੋੜ ਰਹੇ ਸਨ। ਇਨ੍ਹਾਂ ਦੇ ਸਮਕਾਲੀ ਹੀ ਅਕਾਲੀ ਕੌਰ ਸਿੰਘ ਸਨ ਜਿਨ੍ਹਾਂ ਨੇ ਦਿਨ ਰਾਤ ਇਕ ਕਰ ਕੇ ਸਮੁੱਚੇ ਭਾਰਤ ਵਿਚ ਸਿੱਖੀ ਪ੍ਰਚਾਰ ਕੀਤਾ। ਅਕਾਲੀ ਕੌਰ ਸਿੰਘ ਕਿਸੇ ਵੀ ਤਰ੍ਹਾਂ ਦੀ ਭੁੱਖ-ਤੇਹ ਦੀ ਪਰਵਾਹ ਕੀਤੇ ਬਿਨਾਂ ਥਾਂ-ਥਾਂ ਪੁੱਜਦੇ ਰਹੇ ਅਤੇ ਗੁਰਮਤਿ ਦਾ ਪ੍ਰਚਾਰ ਅਤੇ ਪ੍ਰਸਾਰ ਕਰਦੇ ਰਹੇ। ਉਨ੍ਹਾਂ ਨੇ ਬਿਮਾਰੀ ਦੀ ਅਸਲ ਜੜ੍ਹ ਨੂੰ ਨਜ਼ਦੀਕ ਤੋਂ ਪਰਖਿਆ ਅਤੇ ਸਿੱਖਾਂ ਨੂੰ ਅਨਮਤੀਏ ਬਣਨ ਤੋਂ ਰੋਕਿਆ। ਸਿੱਖਾਂ ਨੂੰ ਗੁਰਮਤਿ ਵਲ ਜੋੜਿਆ ਅਤੇ ਅੰਮ੍ਰਿਤਧਾਰੀ ਬਣਾਇਆ।

1907-08 ਈ. ਵਿਚ ਗੁਰਦਵਾਰਾ ਰਕਾਬ ਗੰਜ ਦਿੱਲੀ ਸੰਬੰਧਤ ਗੜਬੜ ਆਰੰਭ ਹੋਈ। ਵਾਇਸਰਾਏ ਹਿੰਦ ਦੀ ਕੋਠੀ ਮੂਹਰਲੀ ਗੁਰਦਵਾਰੇ ਦੀ ਕੰਧ ਸਰਕਾਰ ਹਿੰਦ ਵਲੋਂ ਐਲਾਨੀਆਂ ਢਾਹੁਣ ਦਾ ਫ਼ੈਸਲਾ ਹੋਇਆ ਜਿਸ ਨੂੰ ਸਰਬ ਸੰਸਾਰ ਦੇ ਸਿੱਖਾਂ ਨੇ ਸੁਣ ਕੇ ਭਾਰੀ ਰੋਸ ਪ੍ਰਗਟਾਇਆ। ਇਸ ਸਮੇਂ ਨੂੰ ਸੁਭ ਸਮਝ 'ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ'[36] ਮੁਤਾਬਕ ਗੁਰੂ ਕੀ ਲਾਡਲੀ ਫੌਜ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ ਗੁਪਤ-ਪ੍ਰਗਟ ਸਰਬਤ ਖ਼ਾਲਸਾ ਜੀ ਨੂੰ ਸਮਾਂ ਛੇਤੀ ਤੋਂ ਛੇਤੀ ਸੰਭਾਲਣ ਦੀ ਥਾਂ ਥਾਂ ਪੁਜ ਰਾਏ ਦਸੀ ਤੇ ਇਸ ਦੇ ਹਾਨ ਭੀ ਦਸੇ ਅਤੇ 1911 ਈ. ਨੂੰ ਸਿੰਘਾਂ ਦਾ ਜਾਗ੍ਰਤੀ ਸਾਲ ਕਹਿ ਕੇ ਪੁਕਾਰਿਆ ਗਿਆ ਕਿਉਂਕਿ ਅਕਾਲੀ ਜੀ ਅਨੁਸਾਰ ਸਿੱਖ ਸੰਗਤ ਨੇ ਮਹੰਤ ਸਾਹਿਬਾਨ ਤੋਂ ਗੁਰਦਵਾਰਾ ਰਕਾਬ ਗੰਜ ਦਾ ਕਬਜ਼ਾ ਲੈ ਕੇ ਗੁਰਦਵਾਰਾ ਸੁਧਾਰ ਲਹਿਰ ਦਾ ਬਾਨਣੂੰ ਬੱਧਾ।[37]

---

[36] *ਸ਼ਬਦਾਰਥ ਦਸਮ ਗ੍ਰੰਥ ਸਾਹਿਬ*, (ਭਾਗ ਪਹਿਲਾ), ਪੰ. 79.

[37] ਗਿ. ਖੇਮ ਸਿੰਘ ਚਕਾਰਵੀ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 98.

ਸਰਦਾਰ ਨਰੈਣ ਸਿੰਘ ਨੇ ਸਿੱਖਾਂ ਅਤੇ ਹਿੰਦੋਸਤਾਨੀਆਂ ਅੰਦਰ ਆਈ ਇਸ ਜਾਗ੍ਰਿਤੀ ਨੂੰ ਇਸ ਤਰੀਕੇ ਨਾਲ ਬਿਆਨਿਆ ਹੈ- ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਵਰਣਨ ਇਹ ਦੱਸੇ ਬਿਨਾਂ ਅਧੂਰਾ ਰਹਿ ਜਾਂਦਾ ਹੈ ਕਿ ਭਾਵੇਂ ਸਿੱਖੀ ਦੇ ਆਦਿ ਕਾਲ ਤੋਂ ਲੈ ਕੇ ਹੀ ਸਿੱਖ ਮਨਾਂ ਅੰਦਰ ਗੁਰਦੁਆਰੇ ਦਾ ਵੱਡਾ ਸਤਿਕਾਰ ਸੀ ਅਤੇ ਸਿੱਖ ਕਿਸੇ ਕੀਮਤ ਤੇ ਭੀ ਗੁਰਦੁਆਰੇ ਸੰਬੰਧੀ ਕਿਸੇ ਤਰ੍ਹਾਂ ਦੀ ਛੇੜ ਛਾੜ ਨੂੰ ਬਰਦਾਸ਼ਤ ਕਰਨ ਨੂੰ ਕਦੀ ਤਿਆਰ ਨਹੀਂ ਹੋਏ ਅਤੇ ਜਿਥੋਂ ਤੋਂ ਗੁਰਦੁਆਰਿਆਂ ਦੀ ਅੰਦਰਲੀ ਮਰਯਾਦਾ ਅਤੇ ਸਿੱਖੀ ਰਹੁ ਰੀਤ ਦਾ ਸੰਬੰਧ ਹੈ, ਸਿੱਖਾਂ ਅੰਦਰ ਚਲੀਆਂ ਜਗਿਆਸੀ, ਅਭਿਆਸੀ, ਕੂਕਾ ਤੇ ਸਿੰਘ ਸਭਾ ਲਹਿਰਾਂ ਨੇ ਭੀ ਇਨ੍ਹਾਂ ਬਾਰੇ ਸਿੱਖਾਂ ਅੰਦਰ ਵੱਡੀ ਜਾਗ੍ਰਤੀ ਲੈ ਆਂਦੀ ਸੀ, ਇਸ ਦੇ ਨਾਲ ਹੀ ਸਿੱਖੀ ਵਿਰੋਧੀ ਆਰੀਆ ਸਮਾਜੀ, ਮਿਰਜ਼ਈ ਅਤੇ ਈਸਾਈ ਮਤ ਦੇ ਪ੍ਰਚਾਰ ਦੀਆਂ ਲਹਿਰਾਂ ਨੇ ਭੀ ਸਿੱਖਾਂ ਦੀ ਅਣਖ ਅਤੇ ਸ੍ਵੈਮਾਣ ਨੂੰ ਬਹੁਤ ਟੁੰਬਿਆ ਸੀ। ਇਸ ਤੋਂ ਇਲਾਵਾ ਸਰਕਾਰ ਵਲੋਂ ਕੈਦੀ ਸਿੱਖਾਂ ਨੂੰ ਕੰਘਾ, ਕੜਾ, ਕ੍ਰਿਪਾਨ ਅਤੇ ਦਸਤਾਰ ਦੇ ਜੇਲ੍ਹ ਅੰਦਰ ਰੱਖਣ ਦੀ ਆਗਿਆ ਨਾ ਦੇਣੀ ਭੀ ਸਿੱਖਾਂ ਨੂੰ ਭੜਕਾਉਣ ਦਾ ਇਕ ਕਾਰਨ ਸੀ ਪਰੰਤੂ ਜੋ ਗੱਲ ਇਨ੍ਹਾਂ ਸਾਰੇ ਖਿਆਲਾਂ ਨੂੰ ਵੱਡੀ ਟੁੰਬ ਦੇਣ ਵਾਲੀ ਸਾਬਤ ਹੋਈ ਉਹ ਇਨ੍ਹਾਂ ਅੰਦਰ ਅੰਗਰੇਜ਼ ਸਰਕਾਰ ਵਿਰੁੱਧ ਸਿਆਸੀ ਤਥਾ ਰਾਜਨੀਤਿਕ ਜਾਗ੍ਰਤੀ ਸੀ ਜੋ ਵਿਸ਼ੇਸ਼ ਕਰਕੇ ਪਰਦੇਸੀਂ ਗਏ ਖਾਸ ਕਰਕੇ ਕੈਨੇਡਾ ਅੰਦਰ ਜਾ ਵਸੇ ਸਿੱਖਾਂ ਤੇ ਪੰਜਾਬੀਆਂ ਅੰਦਰ ਆਈ, ਜਿਸ ਦਾ ਫਲਸਰੂਪ ਕੈਨੇਡਾ ਵਿਚ ਛਪਦਾ ਅਤੇ ਪੰਜਾਬ ਦੇ ਸਿੱਖ ਨੌਜਵਾਨਾਂ ਅੰਦਰ ਚੋਰੀ ਛਪੀ ਵੰਡਿਆ ਜਾਂਦਾ – 'ਗਦਰ' ਨਾਮ ਦਾ ਅਖਬਾਰ ਸੀ।[38]

ਅਜਿਹੇ ਸਮੇਂ ਵਿਚ ਜਦੋਂ ਸਿੱਖਾਂ ਅੰਦਰ ਜਾਗ੍ਰਤੀ ਦੀ ਲਹਿਰ ਪੈਦਾ ਹੋ ਚੁੱਕੀ ਸੀ ਤਾਂ ਅਕਾਲੀ ਕੌਰ ਸਿੰਘ ਨੇ ਆਪਣਾ ਰੋਲ ਬਾਖੂਬੀ ਅਦਾ ਕੀਤਾ। ਉਹ ਹਮੇਸ਼ਾ ਇਹੀ ਚਾਹੁੰਦੇ ਸਨ ਕਿ ਖਾਲਸਾ ਜਥੇਬੰਦ ਹੋਵੇ। ਗਿਆਨੀ ਖੇਮ ਸਿੰਘ ਚਕਾਰਵੀ ਦੇ ਕਥਨ ਅਨੁਸਾਰ- ਭਰਮਤੋੜ ਜੀ ਤੇ ਕਿਰਪਾਨ ਬਹਾਦਰ ਜੀ ਦੇ ਕਥਨ ਮੂਜਬ ਅਕਾਲੀ ਜੀ ਦਿੱਲੀ ਮਾਮਲੇ ਸੰਬੰਧਤ ਜਦੋਂ ਨਾਭੇ ਇਨ੍ਹਾਂ ਨੂੰ ਮਿਲੇ ਉਥੋਂ ਦੇ ਚੰਗੇ ਵਿਦਵਾਨ ਤੇ ਆਗੂ ਜੋ ਸਿੱਖ ਧਰਮ ਦੇ ਪ੍ਰੇਮੀ ਸਨ ਸਭ ਨੂੰ ਇਕਤਰ ਕਰਕੇ ਬਹੁਤਾ ਕੁਝ ਭੂਤ ਕਾਲ, ਵਰਤਮਾਨ ਕਾਲ ਤੇ

[38] ਨਰੈਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (1920-1925)*, ਪੰਨੇ 10-11.

ਭਵਿੱਖ ਕਾਲ ਬਾਰੇ ਵਿਉਂਤਬੰਦੀ ਹੋਈ ਜੇ ਆਖੀਏ ਠੀਕ ਹੋਵੇਗਾ, ਵਾਜਿਆ ਤੌਰ ਤੇ ਦੱਸਿਆ ਕਿ 'ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ' ਮੂਜਬ ਖਾਲਸਾ ਸਾਹਿਬਾਨ ਦੀ ਬਿਨਾਂ ਕਿਸੇ ਪੱਜ ਜਥੇਬੰਦੀ ਨਹੀਂ ਹੋ ਸਕਦੀ। ਅੱਜ ਸਮਾਂ ਹੈ ਇਸ ਨੂੰ ਸੰਭਾਲੋ। ਬਿਖਰੇ ਸਿੰਘਾਂ ਨੂੰ ਗੁਰਦਵਾਰਾ ਸਾਹਿਬ ਰਕਾਬ ਗੰਜ ਦਿੱਲੀ ਦੇ ਬਹਾਨੇ ਜਥੇਬੰਦ ਕਰੋ। ਸ਼ਾਂਤ ਅਸ਼ਾਂਤ ਹਰ ਸਮੇਂ ਤੁਹਾਨੂੰ ਇਹ ਜਥੇਬੰਦੀ ਕੰਮ ਦੇਵੇਗੀ। ਪ੍ਰੰਤੂ ਵੇਲਾ 'ਵਖਤੁ ਵੀਚਾਰੇ ਸੁ ਬੰਦਾ ਹੋਇ'[39] ਨਾ ਖੁੰਝਾਉ ਤੇ ਨਾ ਖੁੰਝੋ ਇਤਿਆਦਿਕ।[40] ਅਕਾਲੀ ਕੌਰ ਸਿੰਘ ਦੀਆਂ ਸੁਝਾਈਆਂ ਇਨ੍ਹਾਂ ਜਥੇਬੰਦੀਆਂ ਦੇ ਫਲਸਰੂਪ ਹੀ ਸਰਬੱਤ ਦਾ ਭਲਾ ਚਾਹੁਣ ਵਾਲੇ ਬਹੁਤ ਸਾਰੇ ਸਿੰਘ ਸਨ ਇਕਤਰ ਹੋਏ ਜੋ ਪੰਥ ਲਈ ਦੁੱਖਾਂ ਤਕਲੀਫਾਂ ਨੂੰ ਝੱਲਣਾ ਖੇਡ ਸਮਝਦੇ ਸਨ ਅਤੇ ਕਿਸੇ ਵੀ ਤਰ੍ਹਾਂ ਦੀ ਪਾਰਟੀ ਬਾਜੀ ਤੋਂ ਉਪਰ ਸਨ।

ਔਖੇ ਅਤੇ ਭੀੜ ਵਾਲੇ ਸਮਿਆਂ ਵਿਚ ਵੀ ਅਕਾਲੀ ਕੌਰ ਸਿੰਘ ਨੇ ਹਮੇਸ਼ਾ ਸਕਾਰਾਤਮਕ ਪਹੁੰਚ ਅਪਣਾਈ ਅਤੇ ਸਹੀ ਸੇਧ ਪ੍ਰਦਾਨ ਕਰਦੇ ਰਹੇ। ਜਦੋਂ 1919 ਵਿਚ ਗਿਆਨੀ ਖੇਮ ਸਿੰਘ ਚਕਾਰਵੀ ਅਕਾਲੀ ਕੌਰ ਸਿੰਘ ਨੂੰ ਫੌਜੀ ਗੁਰਦੁਆਰਾ ਸਾਹਿਬ ਵਿਚ ਮਿਲੇ ਤਾਂ ਅਕਾਲੀ ਕੌਰ ਸਿੰਘ ਨੇ ਗਿਆਨੀ ਜੀ ਨੂੰ ਦੇਸ਼ ਦੀ ਸਾਰੀ ਵੇਖੀ ਵਰਤੀ ਹਾਲਤ ਬਾਰੇ ਦੱਸਿਆ ਅਤੇ ਬਜ ਬਜ ਘਾਟ ਵਾਲੇ ਦਿਨ ਯਾਦ ਕਰਵਾਏ ਜਦੋਂ ਗਿਆਨੀ ਜੀ ਫਾਂਸੀ ਤੋਂ ਬਚ ਗਏ ਸਨ, ਉਨ੍ਹਾਂ ਨੇ ਕਿਹਾ, "ਕੀ ਤੁਸੀਂ ਉਹ ਦਿਨ ਭੁੱਲ ਗਏ ਹੋ? ਯਾਦ ਤਾਜ਼ੀ ਕਰੋ। ਲੋੜ ਹੈ ਤੁਹਾਡੀ ਸੇਵਾ ਦੀ। ਡੇਰੇ ਪੁੱਜੋ। ਪੰਥਕ ਜਥੇਬੰਦੀ ਅਤੇ ਗੁਰਦਵਾਰਾ ਸੇਵਕ ਸੁਧਾਰ ਲਹਿਰ ਦੇ ਹਿੱਸੇਦਾਰ ਬਣੋ ਅਤੇ ਬਿਨਾਂ ਮਤ ਭੇਦ ਮਾਝਾ, ਮਾਲਵਾ ਜਾਂ ਦੁਆਬਾ ਪੰਥ ਦੀ ਚੜ੍ਹਦੀ ਕਲਾ ਵੇਖਣ ਵਾਲੇ ਸਾਬਤ ਹੋਵੋ। ਦੇਸ਼ ਹਾਲਾਤ ਵਰਣਨ ਕਰਦਿਆਂ ਦੱਸਿਆ ਕਿ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਵਾਕਿਆਤ ਜੋ ਜਾਬਰ ਡਾਇਰ ਵਲੋਂ ਢਾਹੇ ਗਏ ਸਨ ਇਹ ਸਿੱਖਾਂ ਲਈ ਮਖਲੂਸ ਚੈਲਿੰਜ ਸੂਚਕ ਸਨ। ਨਿਰੇ ਬਾਗ ਉਤੇ ਨਿਗਾਹ ਨਹੀਂ ਸੀ ਬਲਕਿ ਇਹ ਤਾਂ ਸ੍ਰੀ ਦਰਬਾਰ ਸਾਹਿਬ ਦੇ ਇਕੱਠਾਂ ਦਾ ਖਿੰਡਾਉਣਾ (ਬਖੇਰਨਾ) ਸੀ। ਭਾਵੇਂ ਮਹੰਤਾਂ ਅਤੇ ਸਰਕਾਰ ਖੁਸ਼ਾਮਦੀ ਲੋਕਾਂ ਨੇ ਨਿਰਦੋਸ਼ ਜਨਤਾ ਦਾ ਮਾਰੇ ਜਾਣਾ ਇਕ ਖੁਸ਼ੀ ਤੇ ਬਹਾਦਰੀ ਜਾਤਾ। ਬਜਾਏ ਉਲਾਹਮਾ ਦੇਣ ਦੇ ਉਸ ਨੂੰ ਦਰਬਾਰ ਸਾਹਿਬ ਦੇ ਮਹੰਤਾਂ ਦੀ ਤਰਫ਼ੋਂ ਭੇਟ ਵਜੋਂ ਸਿਰੋਪਾਉ ਦਿੱਤਾ

---

[39] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰ. 84.

[40] ਗਿ. ਖੇਮ ਸਿੰਘ ਚਕਾਰਵੀ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 99.

ਗਿਆ। ਅਕਾਲੀ ਕੌਰ ਸਿੰਘ ਨੇ ਕਿਹਾ ਕਿ ਇਸ ਲਈ ਮੈਂ ਚਾਹੁੰਦਾ ਹਾਂ ਕਿ ਦਲੇਰ, ਮਨਚਲੇ, ਧੜੱਲੇਦਾਰ ਗੁਰਸਿੱਖ ਇਸ ਦੁਰਘਟਨਾ ਤੋਂ ਲਾਭ ਉਠਾਉਣ। ਗੁਰਦਵਾਰਾ ਸੇਵਕ ਸੁਧਾਰ ਲਈ ਜਥੇਬੰਦ ਹੋਣ। 'ਦੇਹਿ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ'[41] 'ਤੇ ਚਲਣ ਵਾਲੇ ਬਣਨ।[42] ਅਜਿਹੇ ਨਾਜ਼ੁਕ ਸਮਿਆਂ ਵਿਚ ਵੀ ਅਕਾਲੀ ਕੌਰ ਸਿੰਘ ਵਲੋਂ ਸਕਾਰਾਤਮਕ ਤਰੰਗਾਂ ਦਾ ਵਹਾਅ ਹੁੰਦਾ ਰਿਹਾ। ਉਨ੍ਹਾਂ ਨੇ ਘਟਨਾਵਾਂ ਦੇ ਪਾਰ ਦੇਖਿਆ ਅਤੇ ਉਸੇ ਅਨੁਸਾਰ ਹੀ ਪੰਥ ਨੂੰ ਸਹੀ ਸੇਧ ਦੇਣ ਦਾ ਕਾਰਜ ਕੀਤਾ।

ਅੰਮ੍ਰਿਤਸਰ ਵਿਚ ਨਵੇਂ ਸਜੇ ਸਿੰਘਾਂ ਦੀ ਦੇਗ ਭੇਟ ਕਰਨ ਵਾਲੀ ਘਟਨਾ ਤੋਂ ਲਗਭਗ ਸਾਰਾ ਸਿੱਖ ਜਗਤ ਹੀ ਜਾਣੂੰ ਹੈ। ਇਸ ਘਟਨਾ ਵਿਚ ਵੀ ਅਕਾਲੀ ਕੌਰ ਸਿੰਘ ਦਾ ਇਕ ਅਗਾਂਹਵਧੂ ਰੋਲ ਰਿਹਾ। ਅੰਮ੍ਰਿਤਸਰ ਵਿਚ 'ਖਾਲਸਾ ਬਰਾਦਰੀ' ਦੇ ਨਾਮ ਦੀ ਉਨ੍ਹਾਂ ਸਿੰਘਾਂ ਦੀ ਇਕ ਸਭਾ ਬਣੀ ਹੋਈ ਸੀ ਜੋ ਰਵਿਦਾਸੀਆਂ ਵਿਚੋਂ ਸਿੰਘ ਸਜੇ ਸਨ। ਮਿਤੀ 10, 11 ਅਤੇ 12 ਅਕਤੂਬਰ 1920 ਨੂੰ ਜਲ੍ਹਿਆਂ ਵਾਲੇ ਬਾਗ ਦੇ ਅਸਥਾਨ 'ਤੇ ਇਨ੍ਹਾਂ ਨੇ ਆਪਣਾ ਸਾਲਾਨਾ ਦੀਵਾਨ ਕੀਤਾ। ਜਿਸ ਵਿਚ ਬਹੁਤ ਸਾਰੇ ਹੋਰ ਰਵਿਦਾਸੀਆਂ ਨੇ ਅੰਮ੍ਰਿਤ ਛਕਿਆ ਅਤੇ 12 ਤਾਰੀਖ ਨੂੰ ਨਵੇਂ ਸਜੇ ਸਿੰਘ *ਭਾਈ ਮਤਾਬ ਸਿੰਘ ਬੀਰ ਦੀ ਅਗਵਾਈ ਹੇਠ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਦਰਬਾਰ ਸਾਹਿਬ ਪੁੱਜੇ। ਖਾਲਸਾ ਕਾਲਜ ਦੇ ਕਈ ਪ੍ਰੋਫ਼ੈਸਰ ਤੇ ਵਿਦਿਆਰਥੀ ਭੀ ਉਨ੍ਹਾਂ ਨਾਲ ਆਏ।[43] ਇਨ੍ਹਾਂ ਨਵੇਂ ਸਜੇ ਸਿੰਘਾਂ ਦੀਆਂ ਦੇਗਾਂ ਪ੍ਰਵਾਨ ਕਰਨ ਲਈ ਕਿਹਾ ਜੋ ਉਸ ਸਮੇਂ ਬਹੁਤ ਹੀ ਕਠਿਨ ਸੀ ਕਿਉਂਕਿ ਉਸ ਸਮੇਂ ਦਰਬਾਰ ਸਾਹਿਬ ਵਿਖੇ ਮਹੰਤਾਂ ਦਾ ਕਬਜ਼ਾ ਅਤੇ ਜ਼ੋਰ ਸੀ। ਸਿੰਘ ਵੀ ਮਹੰਤਾਂ ਦੀਆਂ ਚਾਲਾਂ ਤੋਂ ਪਹਿਲਾਂ ਹੀ ਭਲੀ-ਭਾਂਤ ਵਾਕਿਫ਼ ਸਨ।

---

[41] *ਸ਼ਬਦਾਰਥ ਦਸਮ ਗ੍ਰੰਥ ਸਾਹਿਬ*, (ਭਾਗ ਪਹਿਲਾ), ਪੰ. 127.

[42] ਗਿ. ਖੇਮ ਸਿੰਘ ਚਕਾਰਵੀ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰਨੇ 98-99.

* ਭਾਈ ਮਤਾਬ ਸਿੰਘ ਬੀਰ ਉਸ ਸੰਤ ਲਖਮੀਰ ਸਿੰਘ ਜੀ ਦਾ ਸਪੁੱਤਰ ਸੀ ਜੋ ਕੁਝ ਸਮਾਂ ਪਹਿਲਾਂ ਸੰਤ ਕਾਲਾ ਸਿੰਘ ਜੀ ਦੇ ਪ੍ਰਭਾਵ ਅਧੀਨ ਮਾਸਟਰ ਕਰੀਮ ਬਖਸ਼ ਮੁਸਲਮਾਨ ਤੋਂ ਸਿੰਘ ਸਜਿਆ ਸੀ ਅਤੇ ਗੁਰਸਿੱਖੀ ਜੀਵਨ ਨੇ ਉਸ ਨੂੰ ਏਨੀ ਰੰਗਣ ਚਾੜ੍ਹੀ ਸੀ ਕਿ ਉਹ ਸਿੱਖਾਂ ਅੰਦਰ ਵੱਡੀ ਨਾਮਵਰ ਹਸਤੀ ਹੋਇਆ।

[43] ਨਰੈਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (1920-1925)*, ਪੰ. 13.

ਠੀਕ ਐਸ ਵੇਲੇ ਅਕਾਲੀ ਜੀ ਭੀ ਮੀਟਿੰਗ ਵਿਚ ਸ਼ਾਮਲ ਸਨ। ਪੰਥ ਦੀ ਮਹਾਨ ਹਸਤੀ ਹੋਣ ਕਾਰਨ ਇਨ੍ਹਾਂ ਤੋਂ ਹਰ ਸਮੇਂ ਰਾਏ ਲਈ ਜਾਂਦੀ ਸੀ। ਪ੍ਰਸ਼ਨ ਪੈਦਾ ਹੋਣ ਪੁਰ ਇਨ੍ਹਾਂ ਨੇ ਜੁਗਤੀ ਪੂਰਵਕ ਇਕ ਵੀਚਾਰ ਪੇਸ਼ ਕੀਤੀ- ਅਜ ਠੀਕ ਵਕਤ ਹੈ, ਮਹੰਤਾਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਬਿਸਤਰੇ ਬੋਰੀਏ ਉਠਵਾਉਣ ਅਤੇ ਕਬਜ਼ਾ ਲੈਣ ਦਾ। ਜੇਕਰ ਇਨ੍ਹਾਂ ਨਵੇਂ ਸਜੇ ਸਿੰਘਾਂ ਹੱਥੀਂ ਸ੍ਰੀ ਦਰਬਾਰ ਸਾਹਿਬ ਦੇਗਾਂ ਚੜ੍ਹਾਈਆਂ ਜਾਣ ਤਾਂ ਇਹ ਅਵੱਸ਼ ਹੋ ਸਕਦਾ ਹੈ, ਸਨਾਤਨ ਖਿਆਲੀਏ ਮਹੰਤ ਇਹ ਅਜੋੜ ਤੇ ਅਜੋਗ ਸਮਝ ਕੇ ਕਿਨਾਰਾ ਕਰ ਜਾਣ। ਸੰਭਵ ਹੈ ਜੋ ਸਿੰਘਾਂ ਨੂੰ ਇਵੇਂ ਕਰਨ ਪੁਰ ਗੁਰੂ ਪਾਤਸ਼ਾਹ ਫਤਹ ਬਖਸ਼ ਕੇ ਮਹੰਤਾਂ ਦੇ ਜੂਲਿਉਂ ਸਦਾ ਸਦਾ ਲਈ ਕੱਢ ਦੇਣ ਆਦਿਕ।[44] ਅਕਾਲੀ ਕੌਰ ਸਿੰਘ ਦੀ ਦੱਸੀ ਇਸੇ ਜੁਗਤ ਸਦਕਾ ਧਰਮ ਭ੍ਰਸ਼ਟ ਹੋਣ ਦੇ ਡਰ ਨਾਲ ਮਹੰਤਾਂ ਨੇ ਆਪਣਾ ਕਬਜ਼ਾ ਛੱਡ ਦਿੱਤਾ ਭਾਵੇਂ ਡੀ. ਸੀ. ਉਨ੍ਹਾਂ ਨੂੰ ਰੋਕਦਾ ਰਿਹਾ ਪਰ ਉਨ੍ਹਾਂ ਨੇ ਨਹੀਂ ਮੰਨੀ ਜਿਸ ਦੇ ਫਲਸਰੂਪ 12 ਅਕਤੂਬਰ 1920 ਈ. ਨੂੰ ਸਰਕਾਰੀ ਤੌਰ ’ਤੇ ਸੁਖੈਨ ਹੀ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਪੰਥਕ ਬਾਡੀ ਅਕਾਲੀ ਦਲ ਦੇ ਹਵਾਲੇ, ਰਾਹੀਂ ਡੀ. ਸੀ. ਜ਼ਿਲ੍ਹਾ ਅੰਮ੍ਰਿਤਸਰ ਕਰ ਦਿੱਤੀਆਂ ਗਈਆਂ ਅਤੇ ਮਹੰਤ ਇਸ ਪ੍ਰਬੰਧ ਤੋਂ ਲਾਂਭੇ ਕਰ ਦਿੱਤੇ ਗਏ।

ਅੱਗੇ ਵਾਸਤੇ ਨੌਂ ਕੁ ਪਤਵੰਤਿਆਂ ਦੀ ਇਸ ਦੇ ਪ੍ਰਬੰਧ ਲਈ ਇਕ ਕਮੇਟੀ ਬਣਾਈ । ਸਰਦੂਲ ਸਿੰਘ ਕਵੀਸ਼ਰ ਤੇ ਸ. ਹਰਬੰਸ ਸਿੰਘ ਜੀ ਅਟਾਰੀ ਆਦਿਕ ਜੋ ਅਕਾਲੀ ਜੀ ਦੀ ਰਾਏ ਬਿਨਾਂ ਕੋਈ ਧਾਰਮਿਕ ਵੀਚਾਰ ਨਹੀਂ ਸਨ ਕਰਦੇ ਇਸ ਵਿਚ ਸ਼ਾਮਲ ਹੋਏ ਅਤੇ ਅਗਲਾ ਗੁਰਦਵਾਰਾ ਸੇਵਕ ਸੁਧਾਰ ਲਹਿਰ ਦਾ ਮਸੌਦਾ ਇਨ੍ਹਾਂ ਨੇ ਅਕਾਲੀ ਜੀ ਦੀ ਰਾਏ ਅਨੁਸਾਰ ਤਿਆਰ ਕਰਦਿਆਂ ਹੀ 13 ਨਵੰਬਰ 1920 ਈ. ਨੂੰ ਇਹ ਲਹਿਰ ਚਾਲੂ ਕੀਤੀ ਜਿਸ ਵਿਚ ਅਨੇਕਾਂ ਤਸੀਹੇ ਝੱਲ ਕੇ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ ਪ੍ਰੰਤੂ ਮੰਜ਼ਲੇ ਮਕਸੂਦ ’ਤੇ ਜਾ ਪੁੱਜੇ।[45]

ਸ੍ਰੀ ਅੰਮ੍ਰਿਤਸਰ ਸਾਹਿਬ ਵਾਲਾ ਮਾਮਲਾ ਅਜੇ ਨਿਬੜਿਆ ਹੀ ਸੀ ਉਸੇ ਵੇਲੇ ਗੁਰਦੁਆਰਾ ਪੰਜਾ ਸਾਹਿਬ ਦੇ ਮਹੰਤ ਮਿੱਠਾ ਸਿੰਘ ਜੀ ਦੇ ਅਕਾਲ ਚਲਾਣੇ ਦੀ ਖਬਰ ਪੁੱਜ ਗਈ ਅਤੇ ਇਹ ਵੀ ਪਤਾ ਲੱਗਿਆ ਕਿ ਮਹੰਤ ਦੇ ਚੇਲੇ ਪਰਸਪਰ ਗੱਦੀ ਲਈ ਝਗੜ ਰਹੇ ਹਨ। ਇਸ ਲਈ ਅਕਾਲੀ ਕੌਰ ਸਿੰਘ ਨੇ ਗੁਰੂ

---

[44] ਗਿ. ਖੇਮ ਸਿੰਘ ਚਕਾਰਵੀ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 100.

[45] ਉਹੀ, ਪੰ. 101.

ਸਾਹਿਬ ਦੇ ਅੰਗ ਸੰਘ ਹੋ ਕੇ ਸਹਾਇਤਾ ਕਰਨ ਵਾਲੀ ਗੱਲ ਕਹਿੰਦੇ ਹੋਏ ਟਾਲ-ਮਟੋਲ ਨਾ ਕਰ ਕੇ ਸਮਾਂ ਸੰਭਾਲਣ ਦੀ ਅਤੇ ਪੰਜਾ ਸਾਹਿਬ ਵਲ ਚਾਲੇ ਪਾਉਣ ਦੀ ਪੰਥਕ ਸਲਾਹ ਦਿੱਤੀ। ਫਿਰ ਸ. ਕਰਤਾਰ ਸਿੰਘ ਝੱਬਰ ਅਤੇ ਸ. ਅਮਰ ਸਿੰਘ ਝਬਾਲ ਦੀ ਜੱਥੇਦਾਰੀ ਹੇਠ 25 ਸਿੰਘਾਂ ਦਾ ਜੱਥਾ ਜਾ ਪੁੱਜਿਆ। ਮਹੰਤ ਦੇ ਚੇਲਿਆਂ ਨੇ 18 ਸਤੰਬਰ 1920 ਨੂੰ ਚਾਬੀਆਂ ਅਕਾਲੀ ਜੱਥੇ ਨੂੰ ਸੌਂਪ ਦਿੱਤੀਆਂ ਅਤੇ ਆਪ ਕਿਨਾਰੇ ਹੋ ਬੈਠੇ। ਇਨ੍ਹਾਂ ਪਿੱਛੋਂ ਉਥੋਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਰਾਹੀਂ ਸ਼ੁਰੂ ਹੋ ਗਿਆ।

ਗੁਰਦੁਆਰਾ ਪੰਜਾ ਸਾਹਿਬ ਦੀ (ਹਸਨ ਅਬਦਾਲ) ਦੀ ਸਫ਼ਲਤਾ ਪਿੱਛੋਂ ਉਘੇ ਵਿਦਵਾਨਾਂ , ਸੰਤਾਂ, ਮਹੰਤਾਂ ਅਤੇ ਗੁਰਮੁਖ ਪਿਆਰਿਆਂ ਸਿੰਘਾਂ ਨੇ ਨਵੀਂ ਸ਼੍ਰੋਮਣੀ ਕਮੇਟੀ ਦੇ ਪਤਵੰਤੇ ਮੈਂਬਰਾਂ ਨੂੰ ਸਮੇਂ ਨੂੰ ਸੰਭਾਲਣ ਲਈ ਅਕਾਲੀ ਦਲ ਬਣਾਉਣ ਦਾ ਧਿਆਨ ਦਿਵਾਇਆ। ਦੋਹਾਂ ਦੇ ਨਿਯਮ ਅਲਗ-ਅਲਗ ਨਿਖੜਵੇਂ ਦੱਸੇ। ਇਸ ਵਿਚਾਰ ਸਦਕਾ ਸਤੰਬਰ 1921 ਈ. ਨੂੰ ਉਪਰੋਕਤ ਅਕਾਲੀ ਦਲ ਵਿਚ ਪੰਜ ਹਜ਼ਾਰ ਅਕਾਲੀ ਇਕ ਦਮ ਭਰਤੀ ਹੋ ਕੇ ਇਹ ਦਲ ਕਾਇਮ ਹੋਇਆ। ਇਸ ਵਿਚ ਖਾਲਸਾਈ ਨਿਯਮਾਵਲੀ ਦੇ ਰਾਜ਼ ਜੋ ਗੁੱਝੇ ਪਏ ਸਨ, ਪ੍ਰਤਖ ਦਮਕਣ ਲੱਗੇ। ਅਕਾਲੀ ਜੀ ਤੇ ਸੰਤ ਅਤਰ ਸਿੰਘ ਜੀ ਜੈਸੇ ਮਹਾਂਪੁਰਸ਼ ਗੁਰੂ ਸੰਵਾਰੇ ਗੁਰਮੁਖ ਪਿਆਰੇ ਜਿਥੋਂ ਦਲ ਦੇ ਜ਼ਹੂਰ ਵਿਚ ਆਉਣ ਲਈ ਪ੍ਰਸੰਨ ਹੋਏ ਉਥੇ ਨਿਤ ਸੇਵਾ ਕਰਨ ਵਾਲੇ ਸੇਵਕਾਂ ਨੂੰ ਸਮੇਂ ਸਿਰ ਗੁਪਤ ਪ੍ਰਗਟ ਸੰਭਲਣ ਦੀ ਜੁਗਤੀ ਪ੍ਰਦਾਨ ਕਰਦੇ ਰਹਿੰਦੇ।[46]

ਲਾਹੌਰ ਵਿਚ ਅੰਗਰੇਜ਼ਾਂ ਨਾਲ ਨਾ ਮਿਲਵਰਤਣ ਲਈ ਲੀਗ ਬਣਾਈ ਗਈ ਸੀ। ਸਾਰੇ ਹੀ ਮੋਹਰੀ ਆਗੂ ਇਸ ਦੀ ਜਥੇਦਾਰੀ ਤੋਂ ਭੱਜ ਰਹੇ ਸਨ। ਉਸ ਵੇਲੇ ਅਕਾਲੀ ਕੌਰ ਸਿੰਘ ਨੇ ਇਹ ਵਿਚਾਰ ਪੇਸ਼ ਕੀਤਾ- ਮੇਰੀ ਰਾਏ ਅਨੁਸਾਰ ਕੈਸਾ ਹੀ ਚੰਗਾ ਹੋਵੇ ਜੇ ਸੰਗਤ ਪੰਜ ਪਿਆਰੇ ਚੁਣ ਕੇ ਸ੍ਰੀਮਾਨ ਬਾਬਾ ਖੜਕ ਸਿੰਘ ਜੀ ਪਾਸ ਇਸ ਸੇਵਾ ਦੀ ਪ੍ਰਵਾਨਗੀ ਲਈ ਭੇਜੇ। ਮੈਨੂੰ ਭਰੋਸਾ ਹੈ ਕਿ ਉਹ ਇਸ ਪੰਥਕ ਫੈਸਲੇ ਅਨੁਸਾਰ ਜ਼ਰੂਰੀ ਹੀ ਸਿੱਖ ਲੀਗ ਦੀ ਪ੍ਰਧਾਨਗੀ ਸੇਵਾ ਪ੍ਰਵਾਨ ਕਰਨਗੇ ਆਦਿਕ।[47] ਸੰਗਤ ਨੇ ਅਕਾਲੀ ਜੀ ਦੇ ਸੁਝਾਅ ਅਨੁਸਾਰ ਇਸੇ ਤਰ੍ਹਾਂ ਹੀ ਕੀਤਾ ਅਤੇ ਬਾਬਾ ਖੜਕ ਸਿੰਘ ਜੀ ਨੇ ਪ੍ਰਵਾਨਗੀ ਦੇ ਦਿੱਤੀ।

---

[46] ਗਿ. ਖੇਮ ਸਿੰਘ ਚਕਾਰਵੀ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 101.

[47] ਉਹੀ

11 ਜਨਵਰੀ 1921 ਈ. ਨੂੰ ਗੁਰਦੁਆਰਾ ਤਰਨ ਤਾਰਨ ਸਾਹਿਬ ਵਿਖੇ ਮਹੰਤਾਂ ਨੇ ਕੀਰਤਨੀ ਜਥੇ ਨੂੰ ਕੀਰਤਨ ਕਰਨ ਤੋਂ ਰੋਕਿਆ। ਅਜਿਹਾ ਸਲੂਕ ਸਿੰਘ ਸਭਾ ਲਹਿਰ ਦੇ ਹਿਮਾਇਤੀਆਂ ਅਤੇ ਹੋਰ ਸਿੱਖਾਂ ਨਾਲ ਵੀ ਕੀਤਾ ਗਿਆ ਸੀ ਅਤੇ ਇਹ ਸਾਰਾ ਕੁਝ ਕਾਫੀ ਚਿਰ ਤੋਂ ਵਾਪਰਦਾ ਆ ਰਿਹਾ ਸੀ। ਇਸ ਸਾਰੇ ਮਾਮਲੇ ਦੀ ਖਬਰ ਮਿਸਟਰ ਕਿੰਗ ਨੂੰ ਸੀ। ਕਿੰਗ ਨੇ ਮਹੰਤਾਂ ਨੂੰ ਸ਼ਹਿ ਦਿੱਤੀ ਸੀ ਅਤੇ ਮਹੰਤਾਂ ਮੁਤਾਬਿਕ ਇਕ ਚਿੱਠੀ ਵੀ ਜਾਰੀ ਕੀਤੀ ਸੀ, ਜਿਸ ਵਿਚ ਉਨ੍ਹਾਂ ਦੇ ਹੱਕਾਂ ਦੀ ਹਮਾਇਤ ਕੀਤੀ ਹੋਈ ਸੀ। ਇਸ ਦੌਰਾਨ 3 ਜਨਵਰੀ 1921 ਦੇ ਦਿਨ ਤਰਨ ਤਾਰਨ ਦੇ ਭਾਈ ਮੋਹਨ ਸਿੰਘ ਵੈਦ ਨੇ ਕਿੰਗ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਸੀ ਕਿ ਉਹ ਤਰਨ ਤਾਰਨ 'ਚ ਫੈਲੀ ਹੋਈ ਇਸ ਅਫਵਾਹ ਦੀ ਤਰਦੀਦ ਕਰੇ ਕਿ ਉਸ ਨੇ ਮਹੰਤਾਂ ਨੂੰ ਅਜਿਹੀ ਕੋਈ ਚਿੱਠੀ ਵਿਚ ਜਾਰੀ ਕੀਤੀ ਹੈ। ਭਾਈ ਮੋਹਨ ਸਿੰਘ ਨੇ ਮਿਸਟਰ ਕਿੰਗ ਨੂੰ ਲਿਖੀ ਚਿੱਠੀ ਵਿਚ ਤੌਖਲਾ ਜ਼ਾਹਿਰ ਕੀਤਾ ਸੀ ਕਿ ਕਿਸੇ ਵੇਲੇ ਵੀ ਕੋਈ ਹਾਦਸਾ ਵਾਪਰ ਸਕਦਾ ਹੈ ਪਰ ਕਿੰਗ ਨੇ ਇਸ ਚਿੱਠੀ ਦਾ ਕੋਈ ਜਵਾਬ ਨਾ ਦਿੱਤਾ। ਜਿਸ ਚੀਜ਼ ਦਾ ਤੌਖਲਾ ਭਾਈ ਮੋਹਨ ਸਿੰਘ ਵੈਦ ਨੇ ਜ਼ਾਹਿਰ ਕੀਤਾ ਸੀ, ਉਹ ਵਾਪਰ ਕੇ ਹੀ ਹਟਿਆ।[48] ਮਹੰਤਾਂ ਦੇ ਖਿਲਾਫ 40 ਸਿੰਘਾਂ ਦਾ ਜੱਥਾ ਸ. ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਭੇਜਿਆ ਗਿਆ। ਮਾਫੀ ਮੰਗਣ ਜਾਂ ਸਮਝੌਤਾ ਕਰਨ ਦੀ ਥਾਂ ਮਹੰਤ ਦੇ ਚੇਲਿਆਂ ਨੇ ਸਿੰਘਾਂ ਉਪਰ ਛਵੀਆਂ ਅਤੇ ਗੰਡਾਸਿਆਂ ਨਾਲ ਹਮਲਾ ਕਰ ਦਿੱਤਾ। ਇਹ ਜੱਥਾ 26 ਜਨਵਰੀ 1921 ਨੂੰ ਗਿਆ ਸੀ ਜਿਸ ਵਿਚ ਸ. ਹਜ਼ਾਰਾ ਸਿੰਘ ਅਲੀਦਾਨ ਪੁਰ ਵਾਲੇ ਸ਼ਹੀਦ ਹੋ ਗਏ।

ਅਜਿਹੇ ਨਾਜ਼ੁਕ ਸਮੇਂ ਵਿਚ ਅਕਾਲੀ ਕੌਰ ਸਿੰਘ ਨੇ ਭਰੇ ਦੀਵਾਨ ਵਿਚ ਕੀਰਤਨ ਬੇਹੁਰਮਤੀ ਅਤੇ ਮਾਈ ਦੀ ਹੋਈ ਨਿਰਾਦਰੀ ਬਾਰੇ ਸਿੱਖ ਜੀਵਨ ਦਾ ਪਿਛੋਕੜ ਅਤੇ ਨਿਰਮਾਣ ਅਬਲਾਵਾਂ ਬਾਰੇ ਜਿਥੇ ਪੁਰਾਤਨ ਇਤਿਹਾਸ ਦੁਆਰੇ ਸਿੰਘਾਂ ਦੇ ਫਰਜ਼ ਦੱਸੇ ਉਥੇ ਜੱਥੇ ਦੀ ਰਵਾਨਗੀ ਪੁਰ ਸਿੰਘਾਂ ਨੂੰ ਸਮਝਾਇਆ- "ਤੁਹਾਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੂਰਨਿਆਂ ਉਤੇ ਚਲਦਿਆਂ ਹੋਇਆਂ ਪੂਰੀ ਤਰ੍ਹਾਂ ਸ਼ਾਂਤਮਈ ਦਾ ਸਬੂਤ ਦੇਣਾ ਚਾਹੀਏ। ਤੁਹਾਨੂੰ ਫਤਹ ਗੁਰੂ ਪਾਤਸ਼ਾਹ ਨੇ ਦੇਣੀ ਹੈ। ਹਾਰੋਗੇ ਨਹੀਂ। ਪਰ ਇਹ ਸ਼ਾਂਤ ਪੁੰਜ ਗੁਰੂ

[48] ਡਾਕਟਰ ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?* ਪੰ. 31.

ਦਾ ਅਸਥਾਨ ਹੈ ਕਿਤੇ ਹੱਥ ਚੁੱਕਣ ਦੀ ਲੋੜ ਭਾਸੇ ਤਾਂ ਸੋਚ ਤੋਂ ਕੰਮ ਲੈਣਾ ਆਦਿਕ।" ਸੋ ਜਥੇਦਾਰ ਨੇ ਆਪ ਦੇ ਬਚਨ ਪੂਰਨ ਪਾਲੇ ਤੇ ਇਹ ਲਹਿਰ ਜਗਤ ਵਿਚ ਪ੍ਰਗਟ ਹੋ ਗਈ। 9 ਜੁਲਾਈ 1921 ਨੂੰ ਇਥੋਂ ਦੀਆਂ ਚਾਬੀਆਂ ਵੀ ਦਲ ਦੇ ਹਵਾਲੇ ਹੋ ਗਈਆਂ। ਅਕਾਲੀ ਲਹਿਰ ਜ਼ੋਰ ਪਕੜ ਗਈ। ਫਿਰ ਕੌਣ ਰੋਕਦਾ।[49]

ਬਾਕੀ ਗੁਰਧਾਮਾਂ ਦੀ ਤਰ੍ਹਾਂ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਮਹੰਤਾਂ ਦੀਆਂ ਕਾਲੀਆਂ ਕਰਤੂਤਾਂ ਲਗਾਤਾਰ ਵਧਦੀਆਂ ਜਾ ਰਹੀਆਂ ਸਨ। ਨਨਕਾਣਾ ਸਾਹਿਬ ਵਿਭਚਾਰ ਦਾ ਅੱਡਾ ਬਣ ਗਿਆ ਸੀ। 1918 ਵਿਚ ਸਿੰਧ ਦਾ ਰੀਟਾਇਰਡ (ਈ. ਏ. ਸੀ.) ਅਫਸਰ ਆਪਣੀ ਪੁੱਤਰੀ ਨੂੰ ਨਾਲ ਲੈ ਕੇ ਗੁਰਦੁਆਰੇ ਦੇ ਦਰਸ਼ਨਾਂ ਲਈ ਆਇਆ। ਰਾਤ ਉਸ ਨੂੰ ਗੁਰਦੁਆਰੇ ਵਿਚ ਠਹਿਰਨ ਲਈ ਥਾਂ ਦਿੱਤੀ ਗਈ। ਇਕ ਪਾਸੇ ਰਹਿਰਾਸ ਦਾ ਪਾਠ ਹੋ ਰਿਹਾ ਸੀ, ਦੂਜੇ ਪਾਸੇ ਇਕ ਪੁਜਾਰੀ ਉਸ ਦੀ 13 ਸਾਲਾ ਲੜਕੀ ਦੀ ਪਤ ਲੁੱਟ ਰਿਹਾ ਸੀ। ਮਹੰਤ ਨੂੰ ਕਿਹਾ ਗਿਆ ਕਿ ਪੁਜਾਰੀ ਨੂੰ ਦੰਡ ਦੇਵੇ ਅਤੇ ਉਸ ਨੂੰ ਗੁਰਦੁਆਰੇ ਵਿਚੋਂ ਕੱਢੇ ਪਰ ਮਹੰਤ ਨੇ ਇਸ ਜੁਰਮ ਵਲ ਧਿਆਨ ਹੀ ਨਾ ਦਿੱਤਾ। ਏਸੇ ਸਾਲ ਜੜ੍ਹਾਂਵਾਲਾ (ਲਾਇਲਪੁਰ) ਦੀਆਂ 6 ਬੀਬੀਆਂ ਪੂਰਨਮਾਸ਼ੀ ਵਾਲੇ ਦਿਨ ਚੜ੍ਹਾਵਾ ਚਾੜ੍ਹਨ ਲਈ ਆਈਆਂ ਅਤੇ ਰਾਤ ਜਨਮ ਅਸਥਾਨ ਦੇ ਅੰਦਰ ਹੀ ਰਹੀਆਂ। ਇਹਨਾਂ ਸਾਰੀਆਂ ਦੀ ਬੁਰਛੇ ਪੁਜਾਰੀਆਂ ਨੇ ਰਾਤ ਭਰ ਜ਼ਬਰਦਸਤੀ ਇੱਜ਼ਤ ਲੁੱਟੀ।[50] ਮਹੰਤਾਂ ਦੇ ਇਹ ਕਾਰੇ ਸਰਕਾਰ ਦੀ ਸ਼ਹਿ ਨਾਲ ਹੀ ਸੰਭਵ ਜਾਪਦੇ ਸਨ। ਇਸ ਦੇ ਵਿਰੋਧ ਵਿਚ 20 ਫਰਵਰੀ 1921 ਈ. ਨੂੰ ਭਾਈ ਲਛਮਣ ਸਿੰਘ ਜੀ ਤੇ ਭਾਈ ਦਲੀਪ ਸਿੰਘ ਜੀ ਦੇ ਜਥੇ ਸ੍ਰੀ ਨਨਕਾਣਾ ਸਾਹਿਬ ਅੱਪੜੇ। ਮਹੰਤ ਨੇ ਖ਼ੂਨੀ ਹਮਲਾ ਕਰਵਾ ਕੇ 130 ਦੇ ਕਰੀਬ ਸਿੰਘ ਜਿਥੇ ਸ਼ਹੀਦ ਕੀਤੇ ਉਥੇ ਅਨੇਕਾਂ ਹੀ ਜ਼ਖਮੀ ਹੋਏ।

ਇਸ ਦੁਰਘਟਨਾ ਨੇ ਸੰਸਾਰ ਦੇ ਹਰ ਸਿੱਖ ਮਾਤਰ ਨੂੰ ਹਲੂਣਿਆ। ਉਸੇ ਸਮੇਂ ਅਕਾਲੀ ਜੀ ਮਾਲਵੇ ਦਾ ਚੱਕਰ ਕੱਟਦੇ ਧੂਰੀ ਦੀਵਾਨ ਵਿਚ ਪੁੱਜੇ। ਸਰਬ ਸੰਗਤ ਸਾਹਮਣੇ ਸੇਜਲ ਅੱਖੀਆਂ ਭਰਦਿਆਂ ਦਰਦਨਾਕ ਸਾਕਾ ਵਰਣਨ ਕੀਤਾ। ਬੱਸ ਸਮਾਂ ਸੰਭਾਲੋ ਦੇ ਸ਼ੁਭ ਖਿਆਲ ਪੇਸ਼ ਕੀਤੇ। ਭਰਮਤੋੜ ਨੂੰ ਜੱਥਾ ਲੈ ਕੇ ਨਨਕਾਣਾ ਸਾਹਿਬ ਜਾਣ ਦੀ ਸਕੀਮ ਦੱਸੀ। ਜਿਸ ਪੁਰ ਮਾਲਵਾ ਖਾਲਸਾ ਦੀਵਾਨ ਵੱਲੋਂ ਅਕਾਲੀ ਜੀ ਦੇ

---

[49] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 102.

[50] Teja Singh, *The Gurdwara Reform Movement and the Sikh Awakening*, pp. 220-222.

ਇਸ਼ਾਰੇ ਮੁਜਬ ਤਿੰਨ ਸੌ ਦਾ ਜੱਥਾ ਲੈ ਕੇ ਅਕਾਲੀ ਦਲ ਅੰਮ੍ਰਿਤਸਰ ਰਾਹੀਂ ਬਿਨਾਂ ਢਿੱਲ ਨਨਕਾਣਾ ਸਾਹਿਬ ਜਾ ਪੁੱਜਾ। ਜਿਨ੍ਹਾਂ ਦਾ ਸਵਾਗਤ ਭਾਈ ਕਰਤਾਰ ਸਿੰਘ ਝੱਬਰ ਨੇ ਕਰਕੇ ਬਿਸ਼ਰਾਮ ਅਕਾਲੀ ਦਲ ਦੇ ਕੈਂਪ ਵਿਚ ਦੇ ਕੇ ਸੰਪੂਰਨ ਸੇਵਾ ਸੌਂਪ ਦਿੱਤੀ। ਇਨ੍ਹਾਂ ਨੇ ਨਿੱਜੀ ਯੋਗਤਾ ਸਦਕਾ ਮਲਵਈ ਜੱਥੇ ਦੀਆਂ ਧੁੰਮਾਂ ਪਾ ਦਿੱਤੀਆਂ। ਚੂੰਕਿ ਸਮੇਤ ਐਗਜ਼ੈਕਟਿਵ ਦੇ ਮੈਂਬਰਾਂ ਗਵਰਨਰ ਸਾਹਿਬ ਨੇ 22 ਫਰਵਰੀ ਨੂੰ ਉਥੇ ਪੁਜਣਾ ਸੀ। ਇਸ ਲਈ ਸਭ ਤੋਂ ਪੇਸ਼ਤਰ ਹੀ ਅਕਾਲੀ ਜੀ ਨੇ ਭਰਮਤੋੜ ਤੇ ਹੋਰ ਜ਼ੁੰਮੇਵਾਰ ਸਿੰਘਾਂ ਨੂੰ ਖ਼ਾਸ ਸਮਝੌਤਾ ਇਹ ਦਿੱਤਾ ਜੋ ਸ਼ਾਂਤੀ ਪੂਰਵਕ ਤੁਸੀਂ ਚਾਬੀਆਂ 'ਤੇ ਕਬਜ਼ਾ ਗੁਰਦਵਾਰਾ ਸਾਹਿਬ ਦੀ ਮੰਗ ਜਿਥੇ ਕਰਨੀ ਹੈ ਉਥੇ ਵੱਡੀ ਲੋੜ ਹੈ ਸ਼ਹੀਦਾਂ ਸੰਬੰਧੀ ਤਹਿਕੀਕਾਤ ਕਰਵਾਉਣੀ।[51]

ਜਦੋਂ ਭਾਰਤ ਅੰਦਰ ਵੱਡੇ ਸਾਕੇ ਵਾਪਰ ਰਹੇ ਸਨ ਤਾਂ ਅਕਾਲੀ ਕੌਰ ਸਿੰਘ ਨੇ ਬੜੀ ਸੂਝ-ਬੂਝ ਨਾਲ ਦੇਸ਼ ਦੇ ਵੱਡੇ ਨੇਤਾਵਾਂ ਨਾਲ ਚੰਗੇ ਸੰਬੰਧ ਸਥਾਪਿਤ ਕੀਤੇ ਹੋਏ ਸਨ। ਇਨ੍ਹਾਂ ਸੰਬੰਧਾਂ ਸਦਕਾ ਹੀ ਸਾਕਾ ਨਨਕਾਣਾ ਸਾਹਿਬ ਤੋਂ ਪਿੱਛੋਂ ਮਹਾਤਮਾ ਗਾਂਧੀ ਅਤੇ ਮੌਲਾਨਾ ਸ਼ੌਕਤ ਅਲੀ ਜੋ ਕਿ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਦੇਣ ਪਹੁੰਚੇ ਸਨ, ਨੂੰ ਇਸ ਸਾਕੇ ਦੀ ਪੂਰੀ ਤਸਵੀਰ ਪੇਸ਼ ਕੀਤੀ ਗਈ। ਇਹ ਸੰਬੰਧ ਅਕਾਲੀ ਜੀ ਦੀ ਦੂਰਅੰਦੇਸ਼ੀ ਸਮਝ ਨੂੰ ਪੇਸ਼ ਕਰਨ ਵਾਲੇ ਸਨ। ਨਨਕਾਣਾ ਸਾਹਿਬ ਦੇ ਸਾਕੇ ਵਿਚ ਮਹਾਤਮਾ ਗਾਂਧੀ ਵਰਗੀ ਸ਼ਖ਼ਸੀਅਤ ਦੀ ਸ਼ਮੂਲੀਅਤ ਦਾ ਪ੍ਰਬੰਧ ਕਰਨਾ, ਅਕਾਲੀ ਜੀ ਦੀ ਸਿਆਸੀ ਸੂਝ ਦਾ ਨਤੀਜਾ ਹੀ ਜਾਪਦਾ ਹੈ।[52]

ਬੂਦੋ-ਬਾਸ਼ (ਰੂ-ਪੋਸ਼, ਅੰਡਰ ਗ੍ਰਾਊਂਡ ਲਹਿਰ) ਦੇ ਆਜ਼ਾਦੀ ਪਰਵਾਨਿਆਂ ਨਾਲ ਸਿਧਾ-ਅਸਿਧਾ ਸੰਪਰਕ ਅਕਾਲੀ ਜੀ ਦਾ ਬਣਿਆ ਹੀ ਰਹਿੰਦਾ ਸੀ।[53]

ਅੰਗਰੇਜ਼ੀ ਸਰਕਾਰ ਜੇਲ੍ਹਾਂ ਵਿਚ ਕੈਦ ਸਿੰਘਾਂ ਨਾਲ ਭੈੜਾ ਵਰਤਾਉ ਕਰਦੀ ਸੀ। ਇਸ ਸਭ ਦੀ ਜਾਂਚ-ਪੜਤਾਲ ਅਤੇ ਹਾਲ-ਚਾਲ ਪੁੱਛਣ ਲਈ ਪੰਥਕ ਆਗੂ ਸਮੇਂ-ਸਮੇਂ 'ਤੇ ਜੇਲ੍ਹਾਂ ਦਾ ਦੌਰਾ ਕਰਦੇ ਅਤੇ ਸਿੰਘਾਂ ਨਾਲ ਮੁਲਾਕਾਤਾਂ ਕਰਦੇ ਸਨ। ਅਜਿਹੇ ਪਤਵੰਤਿਆਂ ਵਿਚ ਵਰਣਨ ਅਕਾਲੀ ਕੌਰ ਸਿੰਘ ਸਭ ਤੋਂ

---

[51] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 103.

[52] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 55.

[53] ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ*, ਪੰਨੇ 68-69.

ਪਹਿਲੇ ਹਮਦਰਦ ਸਨ ਜਿਨ੍ਹਾਂ ਨੇ ਸਰ ਸੁੰਦਰ ਸਿੰਘ ਜੀ ਮਜੀਠਾ ਤੇ ਸਰ ਜੋਗਿੰਦਰ ਸਿੰਘ ਜੀ ਜੈਸੇ ਸਰਕਾਰੀ ਜ਼ੁੰਮੇਵਾਰੀ ਰੱਖਣ ਵਾਲਿਆਂ ਨੂੰ ਆਪਣੇ ਨਾਲ ਲਿਜਾ ਕੇ ਜੇਹਲੀਂ ਬੈਠੇ ਸਿੰਘਾਂ ਲਈ ਇਨਸਾਫ ਕਰਵਾਉਣ ਦੀਆਂ ਮੰਗਾਂ ਸਫਲ ਬਣਾਈਆਂ।[54] ਅਕਾਲੀ ਜੀ ਦੀਆਂ ਜੇਲ੍ਹ ਫੇਰੀਆਂ ਸਿੰਘਾਂ ਵਿਚ ਊਣਤਾਈਆਂ ਦੂਰ ਕਰਨ ਵਾਲੀਆਂ ਸਨ। ਉਨ੍ਹਾਂ ਨੇ ਕੈਦੀਆਂ ਨੂੰ ਇਸ ਭੀੜ ਦੇ ਸਮੇਂ ਵਿਚ ਇਹ ਜੁਗਤੀ ਦੱਸੀ ਕਿ ਗੁਰਬਾਣੀ ਮਨ ਚਿਤ ਨਾਲ ਪੜ੍ਹਨੀ ਹੈ ਅਤੇ ਨਾਮ ਦੇ ਰਸੀਏ ਬਣਨਾ ਹੈ। ਰੋਜ਼ਾਨਾ ਨਿਤਨੇਮ, ਆਸਾ ਦੀ ਵਾਰ, ਕੀਰਤਨ, ਸ਼ਾਮ ਵੇਲੇ ਰਹਿਰਾਸ, ਸ਼ਬਦ ਕੀਰਤਨ ਅਤੇ ਕੀਰਤਨ ਸੋਹਿਲਾ ਲਾਜ਼ਮੀ ਪੜ੍ਹਨ ਲਈ ਕਿਹਾ। ਇਸ ਤਰ੍ਹਾਂ ਉਨ੍ਹਾਂ ਨੇ ਸਿੰਘਾਂ ਦਾ ਜੀਵਨ ਪਲਟ ਦਿੱਤਾ।

ਅਕਾਲੀ ਲਹਿਰ ਸਮੇਂ ਹਰ ਇਕ ਸਿੱਖ ਚਾਹੇ ਉਹ ਕਿਸੇ ਵੀ ਉਮਰ ਦਾ ਸੀ, ਮਰਦ ਜਾਂ ਇਸਤਰੀ ਸੀ ਜੇਲ੍ਹ ਕੱਟਣ ਅਤੇ ਅਸਹਿ ਤੇ ਅਕਹਿ ਕਸ਼ਟ ਸਹਾਰਨ ਲਈ ਤਤਪਰ ਸੀ। ਅਜਿਹੇ ਸਮੇਂ ਵਿਚ ਅਕਾਲੀ ਕੌਰ ਸਿੰਘ ਨੇ ਇਸਤਰੀ ਜਾਤੀ ਅਤੇ ਨਾਬਾਲਗ ਬੱਚਿਆਂ ਦੀ ਭਰਤੀ ਵਿਰੁੱਧ ਆਵਾਜ਼ ਉਠਾਈ। ਸੇਵਾਦਾਰਾਂ ਨੂੰ ਦੱਸਿਆ ਕਿ ਜਦੋਂ ਉਮਰ ਰਸੀਦਾ, ਤਜਰਬਾਕਾਰ, ਅਧੇੜ ਤੇ ਨੌਜਵਾਨ ਸਿੰਘਾਂ ਦੀ ਭਰਤੀ ਵੱਧ ਤੋਂ ਵੱਧ ਮਿਲਦੀ ਹੈ ਤਦ ਫਿਰ ਮੁਨਾਸਬ ਇਹ ਹੈ ਜੋ ਮਾਈਆਂ, ਬੀਬੀਆਂ ਤੇ ਬੱਚਿਆਂ ਦੀ ਭਰਤੀ ਅਜੇ ਰੀਜ਼ਰਵ ਰੱਖੀ ਜਾਵੇ। ਇਸ ਦੇ ਵਿਚ ਕੋਈ ਬਦਫੈਲ ਸਰਕਾਰੀ ਕਰਮਚਾਰੀ ਸਜਣਾਂ ਵਲੋਂ ਬਦ ਫੈਲੀਆਂ ਦਾ ਡਰ ਹੈ। ਮੈਂ ਚਾਹੁੰਦਾ ਹਾਂ ਇਹ ਦੇਸ਼ ਕੌਮ ਦੇ ਦੋਨੋਂ ਉਸਾਰੂ ਅੰਗ ਹਨ। ਇਨ੍ਹਾਂ ਦੀ ਜਿਤਨੀ ਹੀ ਵੱਧ ਤੋਂ ਵੱਧ ਰੱਖਿਆ ਰਹਿ ਜਾਵੇ ਉਤਨੀ ਹੀ ਸਾਡੀ ਮਾਨ ਇਜ਼ਤ ਅਰ ਸਫ਼ਲਤਾ ਸਾਡੇ ਪੈਰ ਚੁੰਮੇਗੀ।[55]

## 3.2. 14 ਸਿੱਖ ਰੈਜਮੈਂਟ ਦਾ ਝਗੜਾ ਨਿਬੇੜਨਾ ਅਤੇ ਗ੍ਰੰਥੀ ਦੀ ਪਦਵੀ ਦਾ ਸਨਮਾਨ ਵਧਾਉਣਾ

ਭਾਈ ਬਸਾਖਾ ਸਿੰਘ ਜੀ ਫੌਜ ਵਿਚ ਬਤੌਰ ਹੈਡ ਗ੍ਰੰਥੀ ਰੋਪੜ ਆਏ ਹੋਏ ਸਨ ਜਿਥੇ ਮੇਜਰ ਜੌਹਨ ਸਾਹਿਬ ਨੇ ਆਪਣਾ ਅਰਦਲੀ ਭੇਜ ਕੇ ਭਾਈ ਬਸਾਖਾ ਸਿੰਘ ਨੂੰ ਤਾਬਿਆ ਬੈਠਿਆਂ ਨੂੰ ਸੱਦਿਆ। ਭਾਈ ਸਾਹਿਬ ਨੇ

---

[54] ਹਿੰਮਤ ਸਿੰਘ, ਭਾਗਵੰਤ ਅਤਰ ਸਿੰਘ, *ਭਾਗ ਜੀ,* ਪੰ. 105.

[55] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ'',* ਪੰ. 106.

ਸ਼ਬਦ ਵਿਚਾਰ ਛੱਡ ਕੇ ਆਉਣ ਤੋਂ ਮਨ੍ਹਾਂ ਕਰ ਦਿੱਤਾ। ਇਸੇ ਕਾਰਨ ਭਾਈ ਸਾਹਿਬ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ।

ਮਹਾਰਾਜਾ ਹੀਰਾ ਸਿੰਘ ਨੇ ਇਹ ਕੇਸ ਵਾਇਸਰਾਏ ਤਕ ਭੇਜ ਦਿੱਤਾ। ਅਕਾਲੀ ਕੌਰ ਸਿੰਘ ਤੋਂ ਇਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਵਉਚਤਾ ਨੂੰ ਦਰਸਾਉਂਦਿਆਂ ਹੋਇਆਂ ਭਾਈ ਬਸਾਖਾ ਸਿੰਘ ਨੂੰ ਸਹੀ ਠਹਿਰਾਇਆ। ਭਾਈ ਬਸਾਖਾ ਸਿੰਘ ਨੂੰ ਮੁੜ ਸੇਵਾ ਲਈ ਕਿਹਾ ਗਿਆ ਪਰ ਉਹ ਨਾ ਮੰਨੇ। ਇਕ ਬਹੁਤ ਹੀ ਜ਼ਰੂਰੀ ਨੁਕਤਾ ਜੋ ਇਥੇ ਸਾਂਝਾ ਕਰਨਾ ਅਤਿਅੰਤ ਜ਼ਰੂਰੀ ਹੈ ਕਿ ਉਸ ਦਿਨ ਤੋਂ ਬਾਅਦ ਗ੍ਰੰਥੀ ਸਿੰਘ ਦੀ ਪਦਵੀ ਜੋ ਪਹਿਲਾਂ ਸਿਰਫ ਸਿਪਾਹੀ ਦੇ ਰੈਂਕ ਦੀ ਸੀ ਉਦੋਂ ਤੋਂ 'ਕਮਿਸ਼ਨ ਅਫ਼ਸਰ' ਦੇ ਰੈਂਕ ਬਰਾਬਰੀ 'ਤੇ ਭਰਤੀ ਹੋਣ ਲੱਗਿਆ।[56]

ਉਪਰੋਕਤ ਅਨੁਸਾਰ ਅਸੀਂ ਆਖ ਸਕਦੇ ਹਾਂ ਕਿ ਅਕਾਲੀ ਕੌਰ ਸਿੰਘ ਨੇ ਅੰਗਰੇਜ਼ੀ ਸਾਸ਼ਨ ਦੌਰਾਨ ਇਕ ਦੂਰ-ਅੰਦੇਸ਼ੀ ਅਤੇ ਬੇਦਾਗ਼ ਨੇਤਾ ਦੀ ਭੂਮਿਕਾ ਨਿਭਾਈ। ਇਹ ਉਹ ਸਮਾਂ ਸੀ ਜਦੋਂ ਸਿੱਖ ਕੌਮ ਨੂੰ ਸਹੀ ਸੇਧ ਦੀ ਜ਼ਰੂਰਤ ਸੀ ਜੋ ਕਿ ਅਕਾਲੀ ਕੌਰ ਸਿੰਘ ਦੁਆਰਾ ਪੂਰੀ ਕੀਤੀ ਗਈ। ਅੰਗਰੇਜ਼ੀ ਸਾਸ਼ਨ ਵਾਲੇ ਮੁਸ਼ਕਿਲ ਦੌਰ ਵਿਚ ਉਨ੍ਹਾਂ ਨੇ ਪੰਥ ਨੂੰ ਅਜਿਹੀਆਂ ਜੁਗਤਾਂ ਦੱਸੀਆਂ ਜਿਹੜੀਆਂ ਕਿ ਇਕ ਸੁਲਝਿਆ ਨੇਤਾ ਹੀ ਦੇ ਸਕਦਾ ਹੈ। ਉਨ੍ਹਾਂ ਨੇ ਦੇਸ਼ ਦੇ ਵੱਡੇ-ਵੱਡੇ ਰਾਜਨੀਤਿਕ ਨੇਤਾਵਾਂ ਨਾਲ ਆਪਣੇ ਸੁਖਾਵੇਂ ਸੰਬੰਧ ਕਾਇਮ ਕੀਤੇ ਹੋਏ ਸਨ। ਉਨ੍ਹਾਂ ਨੇ ਜੋ ਵੀ ਆਪਣੀਆਂ ਅਣਮੁੱਲੀਆਂ ਰਾਵਾਂ ਕੌਮ ਅੱਗੇ ਰੱਖੀਆਂ ਉਨ੍ਹਾਂ ਨੂੰ ਹਮੇਸ਼ਾ ਪ੍ਰਵਾਨਗੀ ਮਿਲਦੀ ਰਹੀ। ਅਕਾਲੀ ਕੌਰ ਸਿੰਘ ਨੇ ਇਸ ਜਾਗ੍ਰਤੀ ਦੇ ਸਮੇਂ ਵਿਚ ਵਿਭਿੰਨ ਦ੍ਰਿਸ਼ਟੀਕੋਣਾਂ ਵਾਲੀ ਪਹੁੰਚ ਅਪਣਾ ਕੇ ਰੱਖੀ ਅਤੇ ਉਹ ਕਿਸੇ ਵੀ ਸਮੱਸਿਆ ਨੂੰ ਬਹੁਤ ਹੀ ਦੂਰਦਰਸ਼ੀ ਤਰੀਕੇ ਨਾਲ ਸੋਚਦੇ ਅਤੇ ਸਮਝਦੇ ਸਨ। ਇਨ੍ਹਾਂ ਗੁਣਾਂ ਕਰਕੇ ਹੀ ਅਸੀਂ ਉਨ੍ਹਾਂ ਦਾ ਨਾਮ ਸਿੱਖ ਕੌਮ ਦੇ ਵੱਡੇ ਅਤੇ ਸੱਚੇ-ਸੁੱਚੇ ਨੇਤਾਵਾਂ ਵਿਚ ਸ਼ਾਮਿਲ ਕਰਦੇ ਹਾਂ ਅਤੇ ਉਨ੍ਹਾਂ ਦੁਆਰਾ ਜਾਗ੍ਰਤੀ ਸਮੇਂ ਵਿਚ ਪਾਏ ਯੋਗਦਾਨ ਨੂੰ ਸਿੱਖ ਪੰਥ ਹਮੇਸ਼ਾ ਯਾਦ ਰੱਖੇਗਾ।

---

[56] ਉਦਰਿਤ, ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰਨੇ 21-22.

## 3.3. ਕਸ਼ਮੀਰੀ ਸਿੱਖਾਂ ਵਿਚ ਰਾਜਸੀ ਚੇਤਨਾ/ਜਾਗ੍ਰਿਤੀ ਪੈਦਾ ਕਰਨ ਵਿਚ ਯੋਗਦਾਨ

ਅਕਾਲੀ ਕੌਰ ਸਿੰਘ ਦੇ ਪੰਜਾਬ ਆਉਣ-ਜਾਣ ਕਾਰਨ ਸਿੰਘ ਸਭਾ ਲਹਿਰ ਦੇ ਵਰਕਰਾਂ ਨਾਲ ਮੇਲ-ਮਿਲਾਪ ਕਾਰਨ ਧਰਮ ਪ੍ਰਚਾਰ ਲਈ ਪੰਜਾਬ ਤੋਂ ਬਾਹਰ ਦੀਆਂ ਰਿਆਸਤਾਂ ਵਿਚ ਆਉਣ-ਜਾਣ ਕਰਕੇ ਰਾਜਸੀ ਹਾਲਾਤਾਂ ਤੋਂ ਜਾਣੂੰ ਹੋ ਚੁੱਕੇ ਸਨ, ਜਿਸ ਕਰਕੇ ਉਨ੍ਹਾਂ ਨੇ ਕਸ਼ਮੀਰ ਮੁਜਫਰਾਬਾਦ ਦੇ ਸਿੱਖਾਂ ਵਿਚ ਵੀ ਰਾਜਸੀ ਜਾਗ੍ਰਤੀ ਲਿਆਂਦੀ।[57]

## 4. ਵਿਦਿਅਕ ਯੋਗਦਾਨ

ਸਮੇਂ ਦੇ ਹਾਣੀ ਹੋਣ ਕਾਰਨ ਅਕਾਲੀ ਜੀ ਹਮੇਸ਼ਾਂ ਹੀ ਸਿੱਖਿਆ ਦੇ ਖੇਤਰ ਵਲ ਵਿਸ਼ੇਸ਼ ਤਵੱਜੋ ਦਿੰਦੇ ਸਨ। ਉਨ੍ਹਾਂ ਦਾ ਆਪਣਾ ਵਿਰਸਾ ਵੀ ਵਿਦਿਆ ਦੇ ਪੱਖੋਂ ਜਰਖੇਜ਼ ਸੀ ਜਿਸ ਕਰਕੇ ਇਸ ਪੱਖ ਨੂੰ ਉਹ ਕਿਵੇਂ ਅਣਗੌਲਿਆ ਕਰਦੇ ਸਨ। ਜਿਥੇ ਉਹ ਆਪ ਵਿਦਿਆ ਪੱਖੋਂ ਮਾਹਰ ਸਨ ਉਸ ਦੇ ਨਾਲ-ਨਾਲ ਸਿੱਖਾਂ ਅੰਦਰ ਵੀ ਇਸ ਚਿਣਗ ਨੂੰ ਬਾਲਣਾ ਚਾਹੁੰਦੇ ਸਨ। ਇਸ ਮਨੋਰਥ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਬਹੁਤ ਯਤਨ ਕੀਤੇ ਅਤੇ ਵੱਡੇ ਸੁਪਨੇ ਸਿਰਜੇ ਸਨ। 'ਗੁਰੂ ਨਾਨਕ ਆਸ਼ਰਮ ਚਕਾਰ' ਆਪਣੇ ਆਪ ਵਿਚ ਇਕ ਮਿਸਾਲ ਸੀ ਜਿਸ ਤੋਂ ਅਕਾਲੀ ਜੀ ਦੇ ਯੋਗਦਾਨ ਦਾ ਅੰਦਾਜ਼ਾ ਸੌਖਾ ਹੀ ਲਗਾਇਆ ਜਾ ਸਕਦਾ ਹੈ।

ਗੁਰੂ ਹਰਿਗੋਬਿੰਦ ਖ਼ਾਲਸਾ ਬੋਰਡਿੰਗ ਹਾਊਸ ਵਿਚ ਅਕਾਲੀ ਕੌਰ ਸਿੰਘ ਨੇ ਅਧਿਆਪਨ ਦਾ ਕਾਰਜ ਕੀਤਾ ਜਿਥੇ ਕਸ਼ਮੀਰ ਤੇ ਮੁਜਫਰਾਬਾਦ ਆਦਿ ਇਲਾਕਿਆਂ ਦੇ ਵਿਦਿਆਰਥੀ ਵਿਦਿਆ ਪ੍ਰਾਪਤ ਕਰਦੇ ਸਨ।[58]

## 4.1.ਗੁਰੂ ਨਾਨਕ ਆਸ਼ਰਮ

ਕਸ਼ਮੀਰ ਵਿਚ ਅਕਾਲੀ ਕੌਰ ਸਿੰਘ ਨੇ ਮਹਿਸੂਸ ਕੀਤਾ ਕਿ ਸਿੱਖਾਂ ਅੰਦਰ ਵਿੱਦਿਆ ਦੀ ਘਾਟ ਨੂੰ ਪੂਰਾ ਕਰਨ ਲਈ ਯਤਨ ਕਰਨੇ ਚਾਹੀਦੇ ਹਨ, ਇਸੇ ਲਈ ਓਹਨਾਂ ਚਕਾਰ ਵਿਖੇ ਗੁਰੂ ਨਾਨਕ ਆਸ਼ਰਮ ਦਾ

---

[57] ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਪੰ. 67.

[58] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰ. 263.

ਨਿਰਮਾਣ ਕਰਵਾਇਆ। ਅਕਾਲੀ ਕੌਰ ਸਿੰਘ ਨੇ ਆਪਣੇ ਭਰਾਵਾਂ ਨਾਲੋਂ ਜ਼ਮੀਨ ਦਾ ਹਿੱਸਾ ਲੈ ਕੇ ਆਸ਼ਰਮ ਦੇ ਖਾਤੇ ਵਿਚ ਪਾ ਦਿੱਤੀ।

### 4.1.1. ਗੁਰੂ ਨਾਨਕ ਆਸ਼ਰਮ ਚਕਾਰ ਲਈ ਪ੍ਰੇਰਨਾ

ਬੰਗਾਲ ਵਿਚ ਘੁੰਮਦਿਆਂ ਅਕਾਲੀ ਜੀ ਨੇ ਟੈਗੋਰ ਦਾ ਸ਼ਾਂਤੀ ਨਿਕੇਤਨ ਦੇਖਿਆ ਸੀ।[59] ਜ਼ਿਲ੍ਹਾ ਮੁਜ਼ੱਫਰਾਬਾਦ ਵਿਚ ਅਕਾਲੀ ਜੀ ਨੇ ਚਕਾਰ ਨੂੰ ਕੇਂਦਰੀ ਸਥਾਨ ਜਾਣਦੇ ਹੋਏ ਆਪਣੀ ਇੱਛਾ ਅਨੁਸਾਰ ਇਕ ਆਸ਼ਰਮ ਕਾਇਮ ਕਰਨ ਅਤੇ ਇਸ ਦੇ ਨਾਲ ਸੰਬੰਧਤ ਸਕੂਲ ਸਥਾਪਤ ਕਰਨ ਦੀ ਸਕੀਮ ਨੂੰ ਅਮਲੀ ਸੂਰਤ ਦੇਣ ਦਾ ਉਪਰਾਲਾ ਕੀਤਾ। ਆਪ ਜੀ ਨੂੰ ਵਿਦਿਆ ਪ੍ਰਚਾਰ ਲਈ ਸੰਬਤ 1973 ਬਿ. (1916 ਈ.) ਵਿਚ ਅੰਬਾਲੇ ਵਿਚ ਹੋਈ ਵਿਦਿਅਕ ਕਾਨਫ਼ਰੰਸ ਤੋਂ ਉਤਸ਼ਾਹ ਮਿਲਿਆ। ਆਪ ਨੇ ਆਪਣੇ ਪਛੜੇ ਇਲਾਕੇ ਵਿਚ ਵਿਦਿਆ ਦਾ ਪ੍ਰਚਾਰ ਕਰਨ ਲਈ ਹਰ ਉੱਦਮ ਕਰਨ ਦਾ ਨਿਸ਼ਚਾ ਧਾਰ ਲਿਆ ਸੀ। ਇਸ ਮੰਤਵ ਨੂੰ ਪੂਰਾ ਕਰਨ ਲਈ ਅਕਾਲੀ ਜੀ ਨੇ ਪਹਿਲਾਂ ਆਪਣੇ ਇਲਾਕੇ ਦਾ ਦੌਰਾ ਸ਼ੁਰੂ ਕੀਤਾ। ਏਸ ਆਸ਼ਰਮ ਤੋਂ ਚਕਾਰ ਦੇ ਲਾਗਲੇ ਕਈ ਪਿੰਡਾਂ ਨੂੰ ਲਾਭ ਪੁੱਜਣਾ ਸੀ। ਇਸ ਲਈ ਅਕਾਲੀ ਕੌਰ ਸਿੰਘ ਨੇ ਵਿਦਿਆ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਸਭਨਾਂ ਨੂੰ ਦਸਵੰਧ ਦੇਣ ਦੀ ਪ੍ਰੇਰਨਾ ਕੀਤੀ। ਸਭ ਤੋਂ ਪਹਿਲਾਂ ਖੋਲ੍ਹੇ ਜਾ ਰਹੇ ਆਸ਼ਰਮ ਦੀ ਉਸਾਰੀ ਲਈ ਉਨ੍ਹਾਂ ਦੇ ਸਹਾਇਕ ਭਾਈ ਭਾਨ ਸਿੰਘ ਜੀ (ਅਕਾਲੀ ਕੌਰ ਸਿੰਘ ਦੇ ਛੋਟੇ ਭਰਾ) ਅਤੇ ਸ. ਈਸ਼ਰ ਸਿੰਘ ਤਨੋ-ਮਨੋ ਅਕਾਲੀ ਜੀ ਦਾ ਸਾਥ ਦਿੰਦੇ ਰਹੇ।[60]

### 4.1.2. ਆਸ਼ਰਮ ਦਾ ਨੀਂਹ-ਪੱਥਰ ਅਤੇ ਆਰੰਭਤਾ

ਇਸ ਆਸ਼ਰਮ ਦਾ ਟੱਕ 1 ਹਾੜ੍ਹ 1985 ਬਿ. (1928 ਈ.) ਦੇ ਅੰਮ੍ਰਿਤ ਵੇਲੇ ਪੰਜਾਂ ਪਿਆਰਿਆਂ ਨੇ ਲਾਇਆ ਸੀ। 28 ਹਾੜ੍ਹ ਨੂੰ ਗਵਰਨਰ ਸਾਹਿਬ ਬਹਾਦਰ ਕਸ਼ਮੀਰ ਨੇ ਨੀਂਹ ਰੱਖੀ ਅਤੇ 10 ਸਾਵਣ 1989 (1932 ਈ.) ਵਿਚ ਇਸ ਦੇ ਜਾਰੀ ਕਰਨ ਦੀ ਰਸਮ ਸਰਦਾਰ ਅਤਰ ਸਿੰਘ ਜੀ ਨੇ ਗਵਰਨਰ

---

[59] *ਹੀਮਾਲ,* (ਅਕਾਲੀ ਕੌਰ ਸਿੰਘ ਨਿਹੰਗ ਵਿਸ਼ੇਸ਼ ਅੰਕ), ਪੰ. 31.

[60] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ,* ਪੰ. 324.

ਕਸ਼ਮੀਰ ਦੇ ਰਾਹੀਂ ਅਦਾ ਕੀਤੀ।[61] ਉਹ ਸਭ ਕੁਝ ਪ੍ਰਚਾਰ ਹਿਤ ਹੀ ਕਰ ਰਹੇ ਸੀ ਅਤੇ ਨੀਂਹ ਪੱਥਰ ਰੱਖਣ ਤੋਂ ਪਹਿਲਾਂ ਇਲਾਕੇ ਦੇ ਲੋਕਾਂ ਨੂੰ, ਖਾਸ ਕਰਕੇ ਦੂਜੇ ਭਾਰਤ ਵਾਸੀਆਂ ਨੂੰ ਆਪਣੇ ਨਾਲ ਲੈ ਚੁੱਕੇ ਸਨ। ਉਨ੍ਹਾਂ ਨੇ ਨੀਂਹ ਰੱਖਣ ਤੋਂ ਚਾਰ ਸਾਲ ਬਾਅਦ 10 ਸਾਵਣ 1989 ਬਿ: (1932 ਈ:) ਵਿਚ ਇਕ ਵੱਡਾ ਦੀਵਾਨ ਕੀਤਾ ਜਿਸ ਵਿਚ ਬਾਹਰਲੇ ਤੇ ਸਟੇਟ ਦੇ ਮਸ਼ਹੂਰ ਤੇ ਉਘੇ ਸੰਤ, ਮਹੰਤ, ਬਾਬੇ, ਗਿਆਨੀ, ਰਾਗੀ, ਪ੍ਰਚਾਰਕ ਅਤੇ ਵੱਡੇ-ਵੱਡੇ ਅਫਸਰ ਸ਼ਾਮਲ ਹੋਏ। ਸਿੱਖ ਕੌਮ ਨੇ ਇਸ ਵਿਚ ਵਿਸ਼ੇਸ਼ ਹਿੱਸਾ ਲਿਆ ਅਤੇ ਆਸ਼ਰਮ ਦੇ ਆਰੰਭਕ ਦਿਨਾਂ ਵਿਚ ਪ੍ਰੋ. ਗੰਗਾ ਸਿੰਘ ਜੀ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ ਜੀ, ਸ੍ਰ. ਈਸ਼ਰ ਸਿੰਘ ਜੀ ਮਝੈਲ ਆਦਿ ਮੁੱਖੀ ਸਿੱਖ-ਨੁਮਾਇੰਦੇ ਆਸ਼੍ਰਮ ਵਿਚ ਹਾਜ਼ਰ ਹੋਏ। ਇਹ ਸ਼ਮੂਲੀਅਤ ਜਿਥੇ ਅਕਾਲੀ ਜੀ ਦੀ ਲੋਕ-ਪ੍ਰਿਯਤਾ ਦਾ ਸਬੂਤ ਸੀ ਉਥੇ ਉਨ੍ਹਾਂ ਵਲੋਂ ਪ੍ਰਚਾਰੇ ਜਾ ਰਹੇ ਆਦਰਸ਼ ਦੀ ਸਾਰਥਕਤਾ ਦਾ ਵੀ ਸਬੂਤ ਸੀ।'[62] ਇਹ ਦੀਵਾਨ ਤਿੰਨ ਦਿਨ ਜਾਰੀ ਰਿਹਾ।[63]

ਬਿਕ੍ਰਮੀ 1992 ਦੀਆਂ ਗਰਮੀਆਂ ਵਿਖੇ 'ਚੀਫ ਖਾਲਸਾ ਦੀਵਾਨ' ਦੇ ਇੰਸਪੈਕਟਰ ਸ. ਕਰਤਾਰ ਸਿੰਘ ਜੀ ਨੇ ਮੁਆਇਨਾ ਕਰ ਕੇ ਲਿਖਿਆ ਕਿ- ਹਿੰਦੁਸਤਾਨ ਭਰ ਦੇ ਖਾਲਸਾ ਸਕੂਲਾਂ ਤਥਾ ਆਸ਼ਰਮਾਂ ਵਿਚੋਂ ਜਿਥੋਂ ਉਚ ਕੋਟੀ ਦੇ ਸਿਖਾਰਥੀ ਗੁਰਸਿਖ ਵਿਦਿਆਰਥੀ ਅਤੇ ਮਿਹਨਤੀ ਬੱਚੇ ਇਹ ਆਸ਼ਰਮ ਪੈਦਾ ਕਰ ਸਕਦਾ ਹੈ ਉਥੋਂ ਹੋਰ ਕਿਤਿਉਂ ਇਹ ਆਸ ਨਹੀਂ ਹੋ ਸਕਦੀ।[64] ਗੁਰੂ ਨਾਨਕ ਆਸ਼ਰਮ ਚਕਾਰ ਦੀ ਸ਼ੋਭਾ ਨੂੰ ਗਿਆਨੀ ਖੇਮ ਸਿੰਘ ਨੇ ਇਕ ਕਵਿਤਾ ਵਿਚ ਇਸ ਤਰ੍ਹਾਂ ਦਰਜ ਕੀਤਾ ਹੈ:

ਮੇਹਨਤ ਸਫਲੀ ਹੋਈ ਤਿੰਹ ਦਿਨ ਦਿਨ ਦੂਨੀ ਹੋ।
ਪੜ੍ਹੇ ਪਚੀਸਾਂ ਬਾਲ ਅਰ, ਸੰਗ ਬਾਲੜੀਆਂ ਜੋ।
ਸ੍ਰੀ ਗੁਰੂ ਨਾਨਕ ਆਸ਼ਰਮ, ਸਦਕਾ ਓਸ ਜਹਾਨ।

---

[61] ਗਿਆਨੀ ਬੁਧ ਸਿੰਘ ਪੁਣਛ (ਕਸ਼ਮੀਰ), *ਚੋਣਵੇਂ ਰਤਨ ਅਰਥਾਤ ਪੁਣਛ ਤੇ ਕਸ਼ਮੀਰ ਦਾ ਸਿਖ ਇਤਿਹਾਸ*, ਪੰ. 230.

[62] ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰ. 14.

[63] ਕਰਤਾਰ ਸਿੰਘ ਕੋਮਲ, *ਸਮਾਜ ਸੁਧਾਰ*, ਪੰ. 73.

[64] ਸ੍ਰੀ ਗੁਰੂ ਨਾਨਕ ਆਸ਼ਰਮ ਚਕਾਰ ਦੇ ਲਾਗ ਬੁੱਕ ਰੀਮਾਰਕਸ ਵਿਚੋਂ, ਉਦਰਿਤ, ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 60.

ਪਾਈ ਵਿਦਿਆ ਜਿਨ੍ਹਾਂ ਨੇ, ਕਰਨਾ ਉਨ੍ਹਾਂ ਬਿਆਨ।
ਉਨੀ ਸੌ ਪੈਂਤੀ ਵਿਖੇ, ਪਹਿਲੇ ਵਿਚ ਚਕਾਰ।
ਜਾਰੀ ਹੋਏ ਪ੍ਰਾਇਮਰੀ, ਮਦਰਸਾ ਸਰਕਾਰ।
ਸੰਮਤ ਉੱਨ੍ਹੀ ਸੌ ਅੱਸੀ, ਠੀਕ ਬਿਕ੍ਰਮੀ ਤੀਕ।
ਰਿਹਾ ਇਹ ਪੰਜਵੀਂ ਤੀਕ ਹੀ, ਸੇਵਾ ਕਰਦਾ ਨੀਕ।
ਪੰਜਵੀਂ ਭਾਵੇਂ ਪੜ੍ਹੇ ਬਹੁ, ਪਰ ਨਾ ਵਧੇ ਅਗੇਰ।
ਅਠਵੀਂ ਦਸਵੀਂ ਅਰ ਬੀ. ਏ. ਤਕ ਸਿਖ ਹਿੰਦੂ ਫੇਰ।

........................

ਹਾਏ ਅਫ਼ਸੋਸ ਹੋਣੀ ਵਰਤੀ ਗਏ ਲੁੱਟੇ ਮਾਰੇ,
ਨਹੀਂ ਪਰ ਸਹਿ ਸਕੇ ਸਿੱਖ ਸੰਦੀ ਹਾਨੀ ਏ।
ਖੇਮ ਸਿੰਘ ਰਹੇ ਸਹੇ ਉਹ ਭੀ ਗਏ ਉਜਾੜੇ ਸਭ,
ਇਕੱਠਿਆਂ ਬਸਾਏ ਨਹੀਂ, ਹੋਈ ਵਡੀ ਹਾਨੀ ਏ।[65]

ਬੋਰਡਿੰਗ ਹਾਊਸ ਚਕਾਰ ਵਿਚੋਂ ਪੜ੍ਹੇ ਬੱਚੇ ਐਸੇ ਤਕੜੇ ਤੇ ਇਮਾਨਦਾਰ ਸ਼ਹਿਰੀ ਬਣੇ ਹਨ ਜਿਨ੍ਹਾਂ ਨੇ ਆਪਣੇ ਚੰਗੇ ਕੰਮਾਂ ਰਾਹੀਂ ਸਮਾਜ ਤੋਂ ਪ੍ਰਸ਼ੰਸਾ ਖੱਟੀ ਅਤੇ ਸਮਾਜ ਵਿਚ ਨਵੀਂ ਰੂਹ ਫੂਕਣ ਦਾ ਕਾਰਨ ਵੀ ਬਣੇ।[66] ਬ੍ਰਿਗੇਡੀਅਰ ਰਾਜਿੰਦਰ ਸਿੰਘ ਪਿੰਡ ਚਕਾਰ (ਮੁਜ਼ਫਰਾਬਾਦ) ਦੇ ਜੰਮਪਲ ਸਨ ਜਿਨ੍ਹਾਂ ਨੇ ਅਕਾਲੀ ਕੌਰ ਸਿੰਘ ਦੀ ਸਰਪ੍ਰਸਤੀ ਹੇਠ ਮਿਡਲ ਗੁਰੂ ਨਾਨਕ ਆਸ਼ਰਮ ਚਕਾਰ, ਮੈਟ੍ਰਿਕ ਗੌ. ਹਾਈ ਸਕੂਲ ਮੁਜਫਰਾਬਾਦ ਤੇ ਬੀ. ਏ. ਸ੍ਰੀ ਪ੍ਰਤਾਪ ਕਾਲਜ ਸ੍ਰੀਨਗਰ ਤੋਂ ਕਰਨ ਤੋਂ ਬਾਅਦ 28-2-1943 ਫੌਜ ਵਿਚ ਕਮਿਸ਼ਨ ਪ੍ਰਾਪਤ ਕਰਕੇ ਵਧੀਆ ਸਰਵਿਸ ਕਰਨ ਤੋਂ ਬਾਅਦ ਬ੍ਰਗੇਡੀਅਰ ਦਾ ਅਹੁਦਾ ਪਾ ਕੇ 2-4-1973 ਨੂੰ ਰਿਟਾਇਰ ਹੋਏ।[67]

---

[65] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 66.

[66] *ਹੀਮਾਲ,* (ਅਕਾਲੀ ਕੌਰ ਸਿੰਘ ਨਿਹੰਗ ਵਿਸ਼ੇਸ਼ ਅੰਕ), ਪੰ. 8.

[67] ਸਰਵਨ ਸਿੰਘ ਸ਼ਕਤੀਮਾਨ, *ਕਸ਼ਮੀਰ ਤੇ ਸਿੱਖ,* ਪੰ. 136. (ਤਸਵੀਰ ਸਹਿਤ)

ਆਸ਼ਰਮ ਵਿਚ ਇੰਟਰਮੀਡੀਏਟ ਕਾਲਜ ਦੇ ਨਾਮ ’ਤੇ ਇਕ ਹੋਰ ਇਮਾਰਤ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਸੀ।[68] ਉਨ੍ਹਾਂ ਦਾ ਵਿਚਾਰ ਸੀ ਜੇਕਰ ਉਜਾੜਾ ਹੋ ਵੀ ਜਾਂਦਾ ਹੈ ਤਾਂ ਜੋ ਲੋਕ ਇਥੇ ਰਹਿਣਗੇ ਉਨ੍ਹਾਂ ਨੂੰ ਕਾਲਜ ਲਈ ਨਵੀਂ ਇਮਾਰਤ ਨਹੀਂ ਬਣਾਉਣੀ ਪਵੇਗੀ। ਦੂਰਦ੍ਰਿਸ਼ਟੀ ਕਾਰਨ ਹੀ ਉਨ੍ਹਾਂ ਨੇ ਇਹ ਯੋਜਨਾ ਤਿਆਰ ਕੀਤੀ ਹੋਈ ਸੀ।

ਭਵਿੱਖ ਲਈ ਹਾਈ ਕਲਾਸਾਂ ਅਤੇ ਐਫ. ਏ. ਦੇ ਕਮਰੇ ਤਿਆਰ ਹੋ ਗਏ ਸਨ ਪਰ ‘ਮਨ ਕੀ ਮਨ ਹੀ ਮਾਹਿ ਰਹੀ’[69] ਦਾ ਵਰਤਾਰਾ ਵਰਤਣ ਕਰਕੇ ਸਭ ਸੁਪਨੇ ਚਕਨਾਚੂਰ ਹੋ ਗਏ।

24 ਅਕਤੂਬਰ 1947 ਈ. ਨੂੰ ਹਮਲਾਵਰ ਚਕਾਰ ਵਿਚ ਦਾਖਲ ਹੋਏ। ਉਨ੍ਹਾਂ ਨੇ ਚਕਾਰ ਆਸ਼ਰਮ ’ਤੇ ਹਮਲਾ ਕਰਕੇ ਆਲੀਸ਼ਾਨ ਇਮਾਰਤ ਤੇ ਲਾਇਬ੍ਰੇਰੀ ਨੂੰ ਅੱਗ ਲਗਾ ਦਿੱਤੀ ਅਤੇ ਰੱਜ ਕੇ ਮਾਰਧਾੜ ਕੀਤੀ। ਹਮਲਾਵਰਾਂ ਨੇ ਚਕਾਰ ਆਸ਼ਰਮ ਨੂੰ ਇਕ ਕਿਲ੍ਹਾ ਜਾਣ ਕੇ ਉਸ ਉਪਰ ਜ਼ੋਰਦਾਰ ਹਮਲਾ ਕੀਤਾ ਅਤੇ ਅੱਗ ਲਗਾਈ।[70]

## 4.2. ਪੰਜਾਬੀ ਗਰਲ ਮਿਡਲ ਸਕੂਲ

ਅਕਾਲੀ ਕੌਰ ਸਿੰਘ ਵਿਦਿਆ ਦੇ ਪੱਖ ਨੂੰ ਵਿਸ਼ੇਸ਼ ਅਹਿਮੀਅਤ ਦਿੰਦੇ ਸਨ। ਲੜਕਿਆਂ ਦੀ ਸਿੱਖਿਆ ਵਲ ਤਾਂ ਉਹ ਤਵੱਜੋ ਦਿੰਦੇ ਹੀ ਸਨ ਪਰ ਇਸ ਦੇ ਨਾਲ-ਨਾਲ ਉਨ੍ਹਾਂ ਨੇ ਲੜਕੀਆਂ ਦੀ ਸਿੱਖਿਆ ਵਲ ਵੀ ਵਿਸ਼ੇਸ਼ ਧਿਆਨ ਦਿੱਤਾ। ਜਿਥੇ ਆਪ ਨੇ ਲੜਕਿਆਂ ਲਈ ਵਿਦਿਆ ਦਾ ਯੋਗ ਪ੍ਰਬੰਧ ਕੀਤਾ ਉਥੇ ਆਪ ਨੇ ਲੜਕੀਆਂ ਦੀ ਵਿਦਿਆ ਲਈ ਵੀ ਕੋਈ ਕਸਰ ਨਹੀਂ ਛੱਡੀ। ਆਪ ਦਾ ਇਹ ਬਹੁਤ ਹੀ ਦੀਰਘ ਵਿਚਾਰ ਸੀ ਕਿ ਜੇਕਰ ਇਕੱਲੇ ਲੜਕੇ ਹੀ ਪੜ੍ਹ-ਲਿਖ ਜਾਣਗੇ ਉਥੇ ਅਨਪੜ੍ਹ ਅਤੇ ਵਿਦਿਆ-ਹੀਣ ਲੜਕੀਆਂ ਨਾਲ ਵਿਆਹ-ਸ਼ਾਦੀ ਤੋਂ ਵੀ ਗੁਰੇਜ਼ ਕਰਨਗੇ। ਅਕਾਲੀ ਕੌਰ ਸਿੰਘ ਸੋਚਦੇ ਸਨ ਕਿ ਇਸ ਨਾਲ ਇਲਾਕੇ ਦੀ

---

[68] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 138.

[69] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰ. 631.

[70] ਨਿਜੀ ਮੁਲਾਕਾਤ, ਅਕਾਲੀ ਕੌਰ ਸਿੰਘ ਨਿਹੰਗ ਦੇ ਭਤੀਜੇ ਸ. ਸੁਰਜੀਤ ਸਿੰਘ, 27 ਅਕਤੂਬਰ 2017, 06:03 ਸ਼ਾਮ, (ਤ੍ਰਿਪੜੀ)

ਇਸਤਰੀ ਨੂੰ ਭਾਰੀ ਨੁਕਸਾਨ ਪੁੱਜੇਗਾ। ਇਸ ਘਾਟ ਨੂੰ ਪੂਰਾ ਕਰਨ ਲਈ ਆਪ ਨੇ ਮਿਤੀ ੭ ਭਾਦਰੋਂ ੨੦੦੦ (1943 ਈ.) ਨੂੰ 'ਪੰਜਾਬੀ ਗਰਲ ਮਿਡਲ ਸਕੂਲ' ਸ਼ੁਰੂ ਕਰਵਾ ਦਿਤਾ ਸੀ ਜਿਸ ਵਿਚ ਉਸ ਵਕਤ ਤਾਂ ਇਕ ਦਰਜਨ ਦੇ ਕਰੀਬ ਲੜਕੀਆਂ ਦਾਖਲ ਹੋਈਆਂ। ਆਸ਼੍ਰਮ ਦੀਆਂ ਕਈ ਲੜਕੀਆਂ ਨੇ ਦਸਵੀਂ ਤਕ ਵਿਦਿਆ ਹਾਸਲ ਕਰਕੇ ਗਿਆਨੀ ਆਦਿ ਕੀਤੀ ਫਿਰ ਜੇ.ਬੀ.ਟੀ. ਦੀ ਟਰੇਨਿੰਗ ਕਰਕੇ ਕਈ ਇਸੇ ਆਸ੍ਰਮ ਵਿਚ ਟੀਚਰਜ਼ ਲਗ ਗਈਆਂ। ਕਈ ਗੌਰਮੈਂਟ ਮਹਿਕਮਾ ਤਾਲੀਮ ਵਿਚ ਮੁਲਾਜ਼ਮ ਹੋ ਗਈਆਂ ਸੀ।[71] ਇਸਤਰੀ ਜਾਤੀ ਦੇ ਉਥਾਨ ਲਈ ਅਕਾਲੀ ਕੌਰ ਸਿੰਘ ਦਾ ਇਕ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਦਾ ਅਨੁਮਾਨ ਉਨ੍ਹਾਂ ਦੁਆਰਾ ਇਸਤਰੀ ਵਰਗ ਲਈ ਕੀਤੇ ਗਏ ਬਹੁਪੱਖੀ ਕਾਰਜਾਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਲੜਕੀਆਂ ਲਈ ਉਨ੍ਹਾਂ ਨੇ ਵਿਦਿਆ ਦਾ ਪ੍ਰਬੰਧ ਕਰਕੇ ਵਿਸ਼ੇਸ਼ ਮੌਕਾ ਪ੍ਰਦਾਨ ਕੀਤਾ।

## ੪.3. ਗੌਰਮਿੰਟ ਗਰਲਜ਼ ਮਿਡਲ ਸਕੂਲ ਚਕਾਰ

ਲੜਕੀਆਂ ਦੀ ਸਿੱਖਿਆ ਦਾ ਪ੍ਰਬੰਧ ਅਕਾਲੀ ਕੌਰ ਸਿੰਘ ਤੋਂ ਲੁਕਿਆ ਨਹੀਂ ਰਿਹਾ। ਅਕਾਲੀ ਜੀ ਨੇ ਮੈਰਾ ਮੰਧਰੀ, ਡੰਨਾ ਕਚੀਲੀ ਤੋਂ ਚਕਾਰ ਤਕ ਦੇ ਸਾਰਿਆਂ ਪਿੰਡਾਂ ਦੇ ਨੇੜੇ ਗੌ. ਗ. ਪ੍ਰਾਇਮਰੀ ਸਕੂਲ ਖੁਲ੍ਹਵਾ ਲਏ ਸਨ। ਸਕੂਲਾਂ ਦੀ ਪ੍ਰਾਇਮਰੀ ਪਾਸ ਲੜਕੀਆਂ ਲਈ ਮਿਡਲ ਸਕੂਲ ਚਕਾਰ ਆਸ਼ਰਮ ਸੰਬੰਧਤ ਚਾਲੂ ਕਰਨਾ ਧਿਆਇਆ। ਲਿਖਾ-ਪੜ੍ਹੀ ਚਾਲੂ ਕਰ ਦਿੱਤੀ ਜਿਸ ਦਾ ਪ੍ਰਵਾਨਗੀ ਪੱਤਰ ਅਗਸਤ 1943 ਦਿਨ ਸੋਮਵਾਰ ਨੂੰ ਪੁਜਦੇ ਭਾਈ ਭਾਨ ਸਿੰਘ ਜੀ ਅਸਿਸਟੈਂਟ ਮੈਨੇਜਰ ਸ੍ਰੀ ਗੁਰੂ ਨਾਨਕ ਆਸ਼ਰਮ ਚਕਾਰ ਪਾਸੋਂ ਉਨ੍ਹਾਂ ਦੀ ਦੋ ਮੰਜ਼ਲੀ ਬਿਲਡਿੰਗ 10 ਹਜ਼ਾਰ ਰੁਪਈਏ ਤੋਂ ਕੀਮਤੀ ਲੈ ਕੇ ਉਸ ਵਿਚ ਅਖੰਡ ਪਾਠ ਰੱਖਿਆ। ਭੋਗ ਉਪਰੰਤ ਬੀਬੀ ਮਾਇਆ ਕੌਰ ਮਧਰੀ ਨੇ ਦਾਖ਼ਲੇ ਦੀ ਰਸਮ ਅਦਾ ਕੀਤੀ। ਕਈ ਹਾਜ਼ਰ ਬੀਬੀਆਂ ਛੇਵੀਂ ਸ਼੍ਰੇਣੀ ਵਿਚ ਦਾਖ਼ਲ ਕੀਤੀਆਂ ਗਈਆਂ।[72]

---

[71] ਅਤਰ ਸਿੰਘ, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ*, ਪੰ. ੪੦.

[72] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰਨੇ 53-54.

## 4.4. ਮੁਸਲਿਮ ਬੋਰਡਰਜ਼ ਲਈ ਪ੍ਰਬੰਧ

ਚਕਾਰ ਦੇ ਆਸੇ-ਪਾਸੇ ਤੋਂ ਬਹੁਤ ਸਾਰੇ ਮੁਸਲਿਮ ਬੋਰਡਰਜ਼ ਪ੍ਰਾਇਮਰੀ ਪਾਸ ਕਰ ਕੇ ਆਰਜ਼ੀ ਮੁਸਲਿਮ ਬੋਰਡਿੰਗ ਵਿਚ ਦਾਖ਼ਲ ਹੋਏ ਸਨ ਜਿਹੜੇ ਪੜ੍ਹਾਈ ਆਸ਼ਰਮ ਹਾਈ ਸਕੂਲ ਵਿਚ ਹੀ ਕਰਦੇ ਸਨ ਤੇ ਵਿਸ਼ਰਾਮ ਬੋਰਡਿੰਗ ਵਿਚ ਕਰਦੇ ਸਨ। ਮੁਸਲਿਮ ਬੋਰਡਿੰਗ ਦੇ ਮਾੜੇ ਪ੍ਰਬੰਧ ਦੀ ਜਾਣਕਾਰੀ ਪ੍ਰਤਿ ਅਕਾਲੀ ਜੀ ਕੋਲ ਬੋਰਡਰਜ਼ ਬੇਨਤੀ ਲੈ ਕੇ ਆਏ।

ਅਕਾਲੀ ਕੌਰ ਸਿੰਘ ਨੇ ਇਹ ਸਾਰੀ ਵਿਥਿਆ ਬੋਰਡਿੰਗ ਦੇ ਪ੍ਰਬੰਧਕ ਰਾਜਾ ਅਲੀ ਬਹਾਦਰ ਖਾਨ, ਮੁਨਸ਼ੀ ਅਬਦੁਲ ਅਜ਼ੀਜ਼ ਤੇ ਹਾਜੀ  ਗੁਲਾਮ-ਮੁਹੀ-ਉ-ਦੀਨ ਆਦਿਕਾਂ ਪਾਸ ਦੱਸੀ।[73]

ਪ੍ਰਬੰਧਕਾਂ ਦੇ ਹਲਕੇ ਭਰੋਸੇ ਦਾ ਅੰਦਾਜ਼ਾ ਲਗਾ ਕੇ ਅਕਾਲੀ ਜੀ ਅਸਿਸਟੈਂਟ ਇੰਸਪੈਕਟਰ ਸਕੂਲ ਮੁਜਫਰਾਬਾਦ ਅਤੇ ਇੰਸਪੈਕਟਰ ਕਲਮਰੋ ਕਸ਼ਮੀਰ ਕੋਲ ਸ੍ਰੀਨਗਰ ਪੁੱਜੇ ਅਤੇ ਸਾਰੀ ਹਾਲਤ ਦੱਸੀ। ਇਨ੍ਹਾਂ ਯਤਨਾਂ ਦੇ ਸਦਕਾ ਹੀ ਦੋ ਕਮਰੇ ਹੋਰ ਕਿਰਾਏ 'ਤੇ, ਇਕ ਲਾਂਗਰੀ ਤੇ ਸੁਪਰਡੈਂਟ ਲਈ ਪ੍ਰਵਾਨਗੀ ਦਿੰਦਿਆਂ ਹੀ ਅਸਲ ਆਰਡਰ ਅਕਾਲੀ ਜੀ ਦੇ ਹੱਥ ਸੌਂਪ ਦਿੱਤਾ ਅਤੇ ਨਕਲ ਹੈਡਮਾਸਟਰ ਵਲ ਭੇਜੀ ਗਈ। ਅਕਾਲੀ ਜੀ ਦੇ ਚਕਾਰ ਪੁੱਜਣ 'ਤੇ ਬੋਰਡਰਾਂ ਨੇ ਖੁਸ਼ੀ ਮਨਾਈ।

## 4.5. ਲਾਇਬਰੇਰੀਆਂ ਸਥਾਪਤ ਕਰਨ ਦਾ ਸੁਪਨਾ

ਹਰ ਪੱਧਰ 'ਤੇ ਲਾਇਬਰੇਰੀਆਂ ਸਥਾਪਤ ਕਰਨ ਦਾ ਉਨ੍ਹਾਂ ਦਾ ਸੁਪਨਾ ਸੀ ਜੋ ਉਨ੍ਹਾਂ ਨੇ ਸਿੱਖ ਅਤੇ ਪੰਜਾਬੀ ਸਾਹਿਤ ਦੀ ਅਧੋਗਤੀ ਸਮੇਂ ਮਹਿਸੂਸ ਕੀਤਾ ਸੀ। ਇਸ ਲਈ ਜਦ 1934 ਈ. ਵਿਚ ਲਾਇਬਰੇਰੀ ਕਾਨਫ਼ਰੰਸ ਹੋਈ ਤਾਂ ਅਕਾਲੀ ਜੀ ਨੇ ਇਸ ਵਿਚ ਵਧ-ਚੜ੍ਹ ਕੇ ਸਰਗਰਮ ਭਾਗ ਲਿਆ ਸੀ। ਇਸ ਤੋਂ ਬਹੁਤ ਪਹਿਲਾਂ ਉਹ ਸ੍ਰੀ ਅੰਮ੍ਰਿਤਸਰ ਵਿਖੇ ਇਸ ਦਾ ਸੰਚਾਲਨ ਕਰ ਚੁੱਕੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਸਿੱਖ ਚਿੰਤਨ ਅਤੇ ਉਸ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਹਰ ਗੁਰਦਵਾਰੇ, ਵਿਦਿਅਕ ਸੰਸਥਾ ਨਾਲ ਲਾਇਬਰੇਰੀ ਲਾਜ਼ਮੀ ਹੋਣੀ ਚਾਹੀਦੀ ਹੈ।[74]

---

[73] ਗਿ. ਖੇਮ ਸਿੰਘ, *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਪੰ. 53.

[74] *ਹੀਮਾਲ*, (ਅਕਾਲੀ ਕੌਰ ਸਿੰਘ ਨਿਹੰਗ ਵਿਸ਼ੇਸ਼ ਅੰਕ), ਪੰ. 27.

## 5. ਬਹੁਪੱਖੀ/ਵਿਭਿੰਨ ਖੇਤਰੀ ਯੋਗਦਾਨ

ਉਪਰੋਕਤ ਕਾਰਜਾਂ ਤੋਂ ਇਲਾਵਾ ਅਕਾਲੀ ਜੀ ਨੇ ਹੋਰ ਵੀ ਬਹੁਤ ਸਾਰੇ ਖੇਤਰਾਂ ਵਿਚ ਕਾਰਜ ਕੀਤਾ। ਆਸ਼ਰਮ ਲਈ ਹੀ ਨਹੀਂ ਸਗੋਂ ਆਪਣੇ ਇਲਾਕੇ ਲਈ ਵੀ ਕੋਸ਼ਿਸ਼ਾਂ ਤੋਂ ਬਾਅਦ ਇਕ ਹਸਪਤਾਲ ਕਾਇਮ ਕਰਨ ਵਿਚ ਅਕਾਲੀ ਜੀ ਸਫ਼ਲ ਹੋਏ ਜਿਸ ਵਿਚ ਛੇ ਮਰੀਜ਼ਾਂ ਦੇ ਰਹਿਣ ਦਾ ਪ੍ਰਬੰਧ ਸੀ ਅਤੇ ਜਨਾਨਾ ਮਰੀਜ਼ਾਂ ਲਈ ਦਾਈ (Nurse) ਦੀ ਨਿਯੁਕਤੀ ਵੀ ਕਰਵਾਈ ਗਈ। ਇਸ ਤੋਂ ਛੁੱਟ ਸਰਕਾਰ ਪਾਸੋਂ ਡੰਗਰਾਂ ਲਈ ਹਸਪਤਾਲ ਵੀ ਖੁਲ੍ਹਵਾ ਦਿੱਤਾ। ਇਨ੍ਹਾਂ ਕਾਰਜਾਂ ਤੋਂ ਛੁੱਟ ਡਾਕ-ਘਰ ਤੇ ਤਾਰ-ਘਰ ਵੀ ਖੁਲ੍ਹਵਾਏ ਗਏ। ਅਕਾਲੀ ਕੌਰ ਸਿੰਘ ਦੇ ਯਤਨਾਂ ਸਦਕਾ ਇਸ ਦੂਰ ਦਰਾਜ਼ ਦੇ ਪਛੜੇ ਇਲਾਕੇ ਦੇ ਲੋਕਾਂ ਨੂੰ ਵਿਦਿਆ ਤੋਂ ਛੁੱਟ ਜੀਵਨ ਲਈ ਦੂਜੀਆਂ ਲੋੜਾਂ ਦੀ ਪ੍ਰਾਪਤੀ ਦੀ ਸੁਵਿਧਾ ਪ੍ਰਦਾਨ ਹੋ ਗਈ। [75]

ਅਕਾਲੀ ਕੌਰ ਸਿੰਘ ਨੇ ਆਪਣਾ ਸਮੁੱਚਾ ਜੀਵਨ ਹੀ ਮਾਨਵਤਾ ਲਈ ਗੁਜ਼ਾਰਿਆ ਅਤੇ ਆਖ਼ਰੀ ਸਾਲਾਂ ਤਕ ਵੀ ਸਕ੍ਰਿਯ ਰਹੇ। ਬੜੀ ਸੋਚ-ਵਿਚਾਰ ਅਤੇ ਸਹਿਣਸ਼ੀਲਤਾ ਦੁਆਰਾ ਹਰ ਤਰ੍ਹਾਂ ਦੇ ਸਾਹਮਣੇ ਆਏ ਮਾਮਲੇ ਨੂੰ ਨਜਿੱਠਣਾ, ਪੂਰੀ ਉਮਰ ਬਹੁ-ਭਾਂਤੀ ਅਤੇ ਕਰੜੀ ਮਿਹਨਤ ਭਰੇ ਖੋਜ-ਕਾਰਜ ਕਰਨੇ, ਭਾਰਤ ਦੇ ਹਰ ਕੋਨੇ ਅਤੇ ਵਿਦੇਸ਼ ਦੇ ਸਿੰਘਾਂ ਨਾਲ ਵਰਤਣਾ, ਪੰਥਕ ਲੋੜਾਂ ਸਮੇਂ ਕਿਤੇ ਆਰੀਆ ਸਮਾਜ ਸ਼ਾਸਤ੍ਰਾਰਥ ਵਿਚ ਜਿੱਤ ਕੇ ਉਨ੍ਹਾਂ ਨੂੰ ਹਰਾਉਣ ਦੇ ਉੱਦਮ ਕਰਨੇ, ਕਿਤੇ ਸਿੰਘ ਸਭਾ ਲਹਿਰ, ਕਿਤੇ ਗੁਰਦੁਆਰਾ ਸੇਵਕ ਸੁਧਾਰ ਲਹਿਰ, ਅਕਾਲੀ ਲਹਿਰ ਵਿਚ ਕੁੱਦਣਾ, ਫੌਜੀ ਸਿੰਘਾਂ ਦੇ ਨਿਪਟਾਰੇ, ਸਿੱਖ ਅਤੇ ਹੋਰ ਧਰਮਾਂ ਦੇ ਬੱਚਿਆਂ ਦੀ ਸੰਭਾਲ-ਪੜ੍ਹਾਈ ਲਈ ਅਹੁਦੇਦਾਰਾਂ ਅਤੇ ਪੰਥ ਨੂੰ ਹਲੂਣੇ, ਇਸਤਰੀ ਜਾਤੀ ਦੇ ਸੰਕਟ ਨਵਿਰਤ ਕਰਨ ਲਈ ਦੌੜ-ਭੱਜ ਤੇ ਸਹਾਇਤਾ, ਸਿੱਖ-ਹਿੰਦੂ ਤੇ ਮੁਸਲਿਮ ਨੂੰ ਮੂਲ ਪਛਾਣਨ ਲਈ ਡੰਕੇ ਦੀ ਚੋਟ ਨਾਲ ਸਮਝਾਉਣਾ, ਦੀਨੀ-ਦੁਨਿਆਈ ਝਗੜੇ ਨਿਬੇੜਨੇ, ਵਿਦਿਆ ਨੂੰ ਵਧਾਉਣ ਲਈ ਵਿਚਾਰਵਾਨ ਬਣਨ ਅਤੇ ਉਚਤਾ ਵਲ ਲਿਜਾਣ ਦੇ ਉੱਦਮ, ਗੁਰਬਾਣੀ ਗੁਰ-ਸਿੱਖ ਇਤਿਹਾਸ ਦੀ ਸਾਂਭ-ਸੰਭਾਲ ਤੇ ਵਿਚਾਰ ਦੇ ਵਲਵਲੇ, ਪੁਸਤਕਾਲਿਆਂ, ਸਕੂਲਾਂ ਤੇ ਕਾਲਜ ਵਧਾਉਣ ਤੇ ਭੁਝੰਗੀ ਸਭਾਵਾਂ, ਸਤਿਸੰਗ ਸਭਾਵਾਂ ਥਾਂ-ਥਾਂ ਕਾਇਮ ਕਰਵਾ ਕੇ ਪੰਥ ਵਿਚੋਂ ਉੱਚ ਕੋਟੀ ਦੇ ਵਿਦਵਾਨ ਪੈਦਾ

[75] ਪ੍ਰੋ. ਸੇਵਾ ਸਿੰਘ, *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਪੰਨੇ 326-27.

ਕਰਨ ਦਾ ਚਿੰਤਨ, ਦੂਰ ਪਰਦੇਸ਼ਾਂ ਦੀਆਂ ਪੜ੍ਹਾਈਆਂ ਤੋਂ ਬਚਣ ਲਈ ਯੂਨੀਵਰਸਿਟੀਆਂ ਕਾਇਮ ਕਰਨ ਦੀਆਂ ਅਪੀਲਾਂ, ਯਤੀਮਾਂ-ਅਬਲਾਵਾਂ 1947 ਦੀ ਲਪੇਟ ਵਿਚ ਆਇਆਂ ਦੇ ਬਚ ਨਿਕਲੇ ਪਰਿਵਾਰਾਂ ਨੂੰ ਅੰਮ੍ਰਿਤਧਾਰੀ ਕਰ ਕੇ ਕੈਂਪ ਦੇ ਜ਼ਿੰਮੇਵਾਰਾਂ ਦੀ ਕੈਂਚੀ ਤੋਂ ਬਚਾਉਣ ਦੀ ਚਿੰਤਾ ਆਦਿਕ ਸੇਵਾਵਾਂ ਅਕਾਲੀ ਜੀ ਦੇ ਹਿੱਸੇ ਆਈਆਂ। ਇਨ੍ਹਾਂ ਸੇਵਾਵਾਂ ਨੂੰ ਉਨ੍ਹਾਂ ਨੇ ਪੂਰੀ ਤਨ-ਦੇਹੀ ਅਤੇ ਜ਼ਿੰਮੇਵਾਰੀ ਨਾਲ ਨਿਭਾਇਆ। ਉਨ੍ਹਾਂ ਦੇ ਪਵਿਤਰ ਜੀਵਨ ਅਤੇ ਨਿਸ਼ਕਾਮ ਸੇਵਾਵਾਂ ਕਾਰਨ ਅਕਾਲੀ ਕੌਰ ਸਿੰਘ ਨਮੋਯੋਗ ਹਨ।

## ਸਾਰ ਤੇ ਸਥਾਪਨਾਵਾਂ

ਅਕਾਲੀ ਕੌਰ ਸਿੰਘ ਸਿੱਖ ਧਰਮ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਸਿੱਖ ਪੰਥ ਦੇ ਪ੍ਰਚਾਰ ਪ੍ਰਸਾਰ ਲਈ ਵਡਮੁੱਲਾ ਯੋਗਦਾਨ ਪਾਇਆ। ਸਿੱਖ ਧਰਮ ਵਿਚ ਅਜਿਹਾ ਸਮਾਂ ਵੀ ਸੀ ਜਦੋਂ ਉਨ੍ਹਾਂ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਅਹਿਮ ਪੁਸਤਕ ਜਾਂ ਖਰੜਾ ਪ੍ਰਕਾਸ਼ਿਤ ਨਹੀਂ ਸੀ ਕੀਤਾ ਜਾਂਦਾ। ਇਹ ਉਨ੍ਹਾਂ ਦੀ ਵਿਦਵਤਾ ਦੀ ਸਾਖ ਨੂੰ ਪ੍ਰਸਤੁਤ ਕਰਦਾ ਹੈ। ਉਨ੍ਹਾਂ ਦੁਆਰਾ 13 ਦੇ ਕਰੀਬ ਅਤਿ ਅਹਿਮ ਪੁਸਤਕਾਂ ਦੀ ਰਚਨਾ ਕੀਤੀ ਗਈ। ਜਿਹਨਾਂ ਦੇ ਆਧਾਰ ਤੇ ਇਸ ਖੋਜ ਪ੍ਰਬੰਧ ਨੂੰ ਉਸਾਰਿਆ ਗਿਆ ਹੈ।

**'ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਨੂੰ ਯੋਗਦਾਨ'** ਖੋਜ-ਪ੍ਰਬੰਧ ਦਾ ਮੁੱਖ ਮੰਤਵ ਅਕਾਲੀ ਕੌਰ ਸਿੰਘ ਦੇ ਬਹੁਮੁੱਲੇ ਯੋਗਦਾਨ ਨੂੰ ਇਕ ਜਗ੍ਹਾ ਪ੍ਰਸਤੁਤ ਕਰਨਾ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨ ਅਤੇ ਸ਼ਖ਼ਸੀਅਤ ਨੂੰ ਸਮੇਂ ਅਤੇ ਹਾਲਾਤਾਂ ਰਾਹੀਂ ਸਮਝ ਕੇ ਦ੍ਰਿਸ਼ਟੀਗੋਚਰ ਕਰਨਾ ਵੀ ਹੈ। ਇਸ ਮਨੋਰਥ ਲਈ ਅਸੀਂ ਆਪਣੇ ਖੋਜ-ਪ੍ਰਬੰਧ ਨੂੰ ਚਾਰ ਅਧਿਆਇਆਂ ਵਿਚ ਵੰਡ ਕੇ ਕਾਰਜ ਕੀਤਾ ਹੈ ਜਿਨ੍ਹਾਂ ਬਾਰੇ ਸੰਖਿਪਤ ਜਾਣਕਾਰੀ ਇਸ ਪ੍ਰਕਾਰ ਹੈ:

ਪਹਿਲਾ ਅਧਿਆਇ **'ਅਕਾਲੀ ਕੌਰ ਸਿੰਘ: ਸਮਕਾਲੀ ਪ੍ਰਸਥਿਤੀਆਂ'** ਹੈ। ਇਸ ਵਿਚ ਅਸੀਂ ਉਨ੍ਹਾਂ ਪ੍ਰਸਥਿਤੀਆਂ ਨੂੰ ਸਮਝਣ ਦਾ ਯਤਨ ਕੀਤਾ ਹੈ ਜਿਨ੍ਹਾਂ ਨੇ ਸਿੱਧੇ ਜਾਂ ਅਸਿੱਧੇ (direct or indirect) ਤੌਰ 'ਤੇ ਅਕਾਲੀ ਕੌਰ ਸਿੰਘ ਉਪਰ ਪ੍ਰਭਾਵ ਪਾਇਆ ਹੈ, ਚਾਹੇ ਉਹ ਕਸ਼ਮੀਰ ਰਿਆਸਤ ਦੀਆਂ ਹੋਣ ਜਾਂ ਪੰਜਾਬ ਦੀਆਂ। ਅਕਾਲੀ ਕੌਰ ਸਿੰਘ ਦਾ ਸੰਬੰਧ ਰਿਆਸਤ ਕਸ਼ਮੀਰ ਦੇ ਨਾਲ-ਨਾਲ ਪੰਜਾਬ ਅਤੇ ਪੂਰੇ ਹਿੰਦੁਸਤਾਨ ਨਾਲ ਵੀ ਸੀ ਇਸ ਲਈ ਅਸੀਂ ਹਿੰਦੁਸਤਾਨ ਵਿਚ ਚਲੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਲਹਿਰਾਂ ਜਿਨ੍ਹਾਂ ਦਾ ਸੰਬੰਧ ਅਕਾਲੀ ਕੌਰ ਸਿੰਘ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜਦਾ ਸੀ ਉਨ੍ਹਾਂ ਨੂੰ ਵੀ ਆਪਣੇ ਇਸ ਅਧਿਆਇ ਵਿਚ ਸ਼ਾਮਲ ਕੀਤਾ ਹੈ। ਇਨ੍ਹਾਂ ਲਹਿਰਾਂ ਦੇ ਪ੍ਰਸੰਗ ਵਿਚ ਹੀ ਅਸੀਂ ਅਕਾਲੀ ਕੌਰ ਸਿੰਘ ਦੇ ਜੀਵਨ ਦੇ ਅਹਿਮ ਪੱਖ ਨੂੰ ਸਮਝ ਸਕਦੇ ਹਾਂ। ਇਸ ਅਧਿਆਇ ਦੇ ਅਧਿਐਨ ਦਾ ਘੇਰਾ ਸਿਰਫ ਸਮਕਾਲੀਨ ਪ੍ਰਸਥਿਤੀਆਂ ਹੋਣ ਕਰਕੇ ਸੰਬੰਧਿਤ ਜਾਣਕਾਰੀ ਨੂੰ ਸੂਚਨਾ ਰੂਪ ਵਿਚ ਦਰਸਾ ਕੇ ਹੀ ਸਮੇਟਿਆ ਗਿਆ ਹੈ।

ਦੂਜਾ ਅਧਿਆਇ '**ਅਕਾਲੀ ਕੌਰ ਸਿੰਘ: ਜੀਵਨ ਤੇ ਸ਼ਖ਼ਸੀਅਤ**' ਹੈ। ਇਸ ਅਧਿਆਇ ਵਿਚ ਅਸੀਂ ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਦਾ ਵਰਣਨ ਕੀਤਾ ਹੈ ਜਿਸ ਵਿਚ ਅਸੀਂ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਬਾਰੇ ਵੀ ਜਾਣਿਆ ਹੈ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਕਸ਼ਮੀਰੀ ਬ੍ਰਾਹਮਣਾਂ ਨਾਲ ਜਾ ਜੁੜਦਾ ਹੈ। ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਏ ਮੋਹਰੀ ਪੰਡਤਾਂ ਵਿਚ ਇਕ ਪੰਡਤ ਤ੍ਰਿਲੋਕੀ ਨਾਥ ਰੈਨਾ ਸੀ ਜੋ ਅਕਾਲੀ ਜੀ ਦੇ ਪੂਰਵਜ ਸਨ ਅਤੇ ਗੁਰੂ ਘਰ ਦੇ ਪਹਿਲਾਂ ਤੋਂ ਹੀ ਸ਼ਰਧਾਲੂ ਸਨ। ਇਨ੍ਹਾਂ ਦੇ ਪੁੱਤਰ ਅਮੋਲਕ ਚੰਦ ਰੈਨਾ ਪਰਿਵਾਰ ਸਮੇਤ ਅੰਮ੍ਰਿਤਪਾਨ ਕਰ ਕੇ ਸਿੰਘ ਸਜੇ ਅਤੇ ਅਮੋਲਕ ਸਿੰਘ ਬਣ ਕੇ ਸਿੱਖੀ ਪ੍ਰਚਾਰ ਵਿਚ ਜੁਟ ਗਏ। ਇਸੇ ਕੁਟੰਬ ਵਿਚੋਂ ਹੀ ਅਕਾਲੀ ਕੌਰ ਸਿੰਘ ਸਨ ਜਿਨ੍ਹਾਂ ਨੂੰ ਸਿੱਖੀ, ਧਰਮ ਪ੍ਰਚਾਰ ਦੀ ਲਗਨ ਅਤੇ ਗੁਰੂ ਸ਼ਰਧਾ ਵਿਰਾਸਤ ਵਿਚ ਹੀ ਪ੍ਰਾਪਤ ਹੋਈ ਸੀ।

ਤੀਜਾ ਅਧਿਆਇ '**ਅਕਾਲੀ ਕੌਰ ਸਿੰਘ: ਸਿੱਖ ਸਾਹਿਤ ਦਾ ਸਮੀਖਿਆਤਮਕ ਅਧਿਐਨ**' ਹੈ। ਇਸ ਅਧਿਆਇ ਵਿਚ ਅਸੀਂ ਉਨ੍ਹਾਂ ਦੇ ਸਾਹਿਤ ਦੇ ਖੇਤਰ ਵਿਚ ਪਾਏ ਯੋਗਦਾਨ ਉਪਰ ਹੀ ਕੇਂਦ੍ਰਿਤ ਰਹੇ ਹਾਂ। ਅਕਾਲੀ ਕੌਰ ਸਿੰਘ ਨੇ ਸਾਹਿਤ ਦੀ ਸਿਰਜਣਾ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਹੋਇਆਂ ਕੀਤੀ ਹੈ। ਇਹੀ ਸੁਲਝੇ ਹੋਏ ਚਿੰਤਕ ਦੀ ਨਿਸ਼ਾਨੀ ਹੈ। ਉਨ੍ਹਾਂ ਦੀ ਕਲਮ ਜੀਵਨ ਭਰ ਹੀ ਚਲਦੀ ਰਹੀ ਹੈ। ਇਸ ਦੌਰਾਨ ਉਨ੍ਹਾਂ ਨੇ 13 ਰਚਨਾਵਾਂ ਨੂੰ ਸਿੱਖ ਸਾਹਿਤ ਦੀ ਝੋਲੀ ਪਾਇਆ।

ਚੌਥਾ ਅਧਿਆਇ '**ਅਕਾਲੀ ਕੌਰ ਸਿੰਘ: ਸਮੁੱਚਾ ਯੋਗਦਾਨ**' ਹੈ। ਇਸ ਅਧਿਆਇ ਵਿਚ ਅਸੀਂ ਅਕਾਲੀ ਜੀ ਦੀਆਂ ਸਾਹਿਤਕ ਰਚਨਾਵਾਂ ਤੋਂ ਇਲਾਵਾ ਜੋ ਯੋਗਦਾਨ ਵੱਖ-ਵੱਖ ਖੇਤਰਾਂ ਵਿਚ ਅਤੇ ਵਿਭਿੰਨ ਵਿਧਾਵਾਂ ਨਾਲ ਪਾਇਆ ਗਿਆ ਉਸ ਬਾਰੇ ਚਰਚਾ ਕੀਤੀ ਹੈ। ਇਸ ਅਧਿਆਇ ਨੂੰ ਅਸੀਂ ਮੁੱਖ ਰੂਪ ਵਿਚ ਪੰਜ ਭਾਗਾਂ ਵਿਚ ਵੰਡਿਆ ਹੈ:

1. ਧਾਰਮਿਕ ਯੋਗਦਾਨ
2. ਸਮਾਜਿਕ ਯੋਗਦਾਨ
3. ਰਾਜਨੀਤਿਕ ਯੋਗਦਾਨ

4. ਵਿਦਿਅਕ ਯੋਗਦਾਨ

5. ਫੁਟਕਲ

## ਸਥਾਪਨਾਵਾਂ

- ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਸੰਬੰਧੀ ਸੂਚਨਾਵਾਂ ਨੂੰ ਇਕ ਜਗ੍ਹਾ ਪ੍ਰਸਤੁਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਸਮਕਾਲ ਦੇ ਪਰਿਪੇਖ ਵਿਚ ਦੇਖਿਆ ਗਿਆ ਹੈ।
- ਸਿੱਖ ਅਧਿਐਨ ਅਤੇ ਸਿੱਖ ਸਾਹਿਤ ਨੂੰ ਵਿਗਿਆਨਕ ਲੀਹਾਂ 'ਤੇ ਤੋਰਨ ਵਿਚ ਅਕਾਲੀ ਕੌਰ ਸਿੰਘ ਦੇ ਯੋਗਦਾਨ ਨੂੰ ਪ੍ਰਗਟ ਕੀਤਾ ਗਿਆ ਹੈ।
- ਗੁਰਬਾਣੀ ਵਿਆਖਿਆ ਅਤੇ ਸ਼ੁੱਧਤਾ ਲਈ ਅਕਾਲੀ ਜੀ ਦੇ ਯਤਨਾਂ ਅਤੇ ਸ੍ਰੋਤਾਂ ਨੂੰ ਹਥਲੇ ਖੋਜ-ਕਾਰਜ ਵਿਚ ਦ੍ਰਿਸ਼ਟੀਗੋਚਰ ਕੀਤਾ ਹੈ।
- ਸਿੰਘ ਸਭਾ ਅਤੇ ਹੋਰ ਲਹਿਰਾਂ ਵਿਚ ਸ਼ਮੂਲੀਅਤ ਅਤੇ ਯੋਗਦਾਨ ਨੂੰ ਖੋਜਣ ਅਤੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ।
- ਅਕਾਲੀ ਜੀ ਦੇ ਸਾਹਿਤਕ ਯੋਗਦਾਨ ਤੋਂ ਇਲਾਵਾ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਵਿਦਿਅਕ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਵਿਚਾਰਿਆ ਹੈ।
- ਉਨ੍ਹਾਂ ਦੁਆਰਾ ਰਚਿਤ ਸਾਹਿਤ (ਪ੍ਰਾਪਤ/ ਥਹੁ-ਪਤੇ ਵਾਲੀਆਂ) ਦਾ ਅਧਿਐਨ ਅਤੇ ਜਾਣਕਾਰੀ ਇਕੋ ਜਗ੍ਹਾ 'ਤੇ ਮੁਹੱਈਆ ਕਰਵਾਈ ਗਈ ਹੈ।
- ਅਕਾਲੀ ਕੌਰ ਸਿੰਘ ਦੀਆਂ ਰਚਨਾਵਾਂ ਦਾ ਵਿਵਰਣਾਤਮਕ ਅਤੇ ਸਮੀਖਿਆਤਮਕ ਅਧਿਐਨ ਕੀਤਾ ਗਿਆ ਹੈ।
- ਵਿਸ਼ੇ ਨਾਲ ਸੰਬੰਧਿਤ ਇਤਿਹਾਸਕ, ਸਿਧਾਂਤਕ ਅਤੇ ਵਿਸ਼ਲੇਸ਼ਣਾਤਮਕ ਖੋਜ ਕਰਨ ਦਾ ਯਤਨ ਕੀਤਾ ਗਿਆ ਹੈ।
- ਭਵਿੱਖਤ ਖੋਜ ਲਈ ਨਵਾਂ ਮਸਾਲਾ ਇਕੱਠਾ ਕੀਤਾ ਹੈ।

- ਅਕਾਦਮਿਕ ਪੱਧਰ 'ਤੇ ਅਕਾਲੀ ਕੌਰ ਸਿੰਘ ਦੀਆਂ ਰਚਨਾਵਾਂ ਸੰਬੰਧੀ ਵਿਸ਼ੇਸ਼ ਖੋਜ ਕਰਨ ਲਈ ਰਾਹ ਤਿਆਰ ਕੀਤਾ ਹੈ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਖੋਜ-ਕਾਰਜ ਗੁਰਬਾਣੀ ਸਿਧਾਂਤ, ਕੋਸ਼ਕਾਰੀ, ਇਤਿਹਾਸਕਾਰੀ, ਸਮਾਜ-ਸ਼ਾਸਤਰ ਆਦਿ ਨਾਲ ਜੁੜੇ ਹੋਏ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ ਅਤੇ ਅਕਾਦਮਿਕਤਾ ਵਿਚ ਇਸ ਤੋਂ ਸੇਧ ਲੈ ਕੇ ਅੱਗੇ ਤੁਰਿਆ ਜਾ ਸਕੇਗਾ।

# ਪੁਸਤਕ ਸੂਚੀ


- ਅਜਮੇਰ ਸਿੰਘ, *ਕਿਸ ਬਿਧ ਰੁਲੀ ਪਾਤਸ਼ਾਹੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009.
- ਅਤਰ ਸਿੰਘ ਭਾਗਵੰਤ (ਸੰਪਾ.), ਸੈਨਾਪਤਿ ਕਵਿ (ਲੇਖਕ), *ਗੁਰ ਸ਼ੋਭਾ*, ਪ੍ਰਕਾਸ਼ਕ ਹੀਣ ਅਤੇ ਮਿਤੀ ਹੀਣ.
- _______________, *ਅਕਾਲੀ ਕੌਰ ਸਿੰਘ ਜੀ ਦਾ ਜੀਵਨ ਬਿਰਤਾਂਤ ਅਤੇ ਕਸ਼ਮੀਰ ਦੇ ਰਾਜ ਘਰਾਣਿਆਂ ਦਾ ਪੁਰਾਤਨ ਇਤਿਹਾਸ ਕਲ੍ਹਨ ਦੀ ਲਿਖੀ ਸੰਸਕ੍ਰਤ ਵਿਚ ਰਾਜ-ਤਰੰਗਨੀ ਦਾ ਪੰਜਾਬੀ ਵਿਚ ੳਲਥਾ*, ਮਹਿੰਦਰੂ ਪ੍ਰਿੰਟ 'ਨ' ਗ੍ਰਾਫਿਕਸ, ਚੰਡੀਗੜ੍ਹ, 2005.
- _______________, *ਕੀ ਮਾਸ ਖਾਣ ਨਾਲ ਗੁਰਸਿੱਖ ਪੱਤਿਤ ਹੋ ਜਾਂਦਾ ਹੈ?*, ਮਹਿੰਦਰੂ ਪ੍ਰਿੰਟ 'ਨ' ਗ੍ਰਾਫਿਕਸ, ਚੰਡੀਗੜ੍ਹ, 2004.
- _______________, *ਜੀਵਨ ਬ੍ਰਿਤਾਂਤ ਅਕਾਲੀ ਕੌਰ ਸਿੰਘ ਨਿਹੰਗ*, ਭਾਗਵੰਤ ਕੌਰ, ਚੰਡੀਗੜ੍ਹ, ਮਿਤੀ ਹੀਣ.
- ਅਨੂਪ ਸਿੰਘ, *ਕਸ਼ਮੀਰ ਅਤੇ ਸਿੱਖ ਇਤਿਹਾਸ*, ਸਪੜਾ ਪਬਲੀਕੇਸ਼ਨਜ਼, ਦਿੱਲੀ, 1997.
- ਇੰਦਰਜੀਤ ਸਿੰਘ ਗੋਗੋਆਣੀ (ਡਾ.), *ਗਿਆਨੀ ਦਿੱਤ ਸਿੰਘ: ਜੀਵਨ, ਰਚਨਾ ਤੇ ਸਿੱਖ ਪੰਥ ਨੂੰ ਦੇਣ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2010.
- ਏ. ਸੀ. ਅਰੋੜਾ (ਸੰਪਾ.), *ਪੰਜਾਬ ਦੀਆਂ ਲੋਕ ਲਹਿਰਾਂ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.
- ਸੰਗਤ ਸਿੰਘ, *ਇਤਿਹਾਸ 'ਚ ਸਿੱਖ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2003.
- ਸਤਿੰਦਰ ਕੌਰ, *ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਪ੍ਰਕਾਸ਼ਿਤ ਪੰਜਾਬੀ ਪੱਤਰਾਂ ਵਿਚ ਸੰਮਿਲਤ ਪੰਜਾਬੀ ਸਾਹਿਤ : ਸਰਵੇਖਣ ਅਤੇ ਮੁਲਾਂਕਣ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

- ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਸੈਨਾਪਤਿ ਕਵਿ (ਲੇਖਕ), *ਸ੍ਰੀ ਗੁਰੁ ਸੋਭਾ*, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2016.
- _______________, *ਪੰਜਾਬ ਦੀਆਂ ਲਹਿਰਾਂ*, ਅਸ਼ੋਕ ਪੁਸਤਕਮਾਲਾ, ਪਟਿਆਲਾ, 1974.
- _______________, *ਪੰਜਾਬੀ ਪੱਤਰਕਲਾ*, ਭਾਸ਼ਾ ਵਿਭਾਗ ਪੰਜਾਬ, 1991.
- ਸਰਬਜਿੰਦਰ ਸਿੰਘ (ਡਾ.) (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ* (ਭਾਗ ਤੀਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.
- _________________, *ਵਾਰਾਂ ਭਾਈ ਗੁਰਦਾਸ ਤੁਕ-ਤਤਕਰਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017.
- ਸਰਵਨ ਸਿੰਘ ਸ਼ਕਤੀਮਾਨ, *ਕਸ਼ਮੀਰ ਤੇ ਸਿੱਖ*, ਐਕੁਰੇਸ਼ੀਆ ਪ੍ਰਿੰਟੋਗ੍ਰਾਫਰ, ਪਟਿਆਲਾ, 1995.
- *ਸਿੱਖ ਰਹਿਤ ਮਰਯਾਦਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015.
- ਸੇਵਾ ਸਿੰਘ (ਪ੍ਰੋ.), *ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ ਇਤਿਹਾਸ*, ਰੋਹਿਣੀ ਪ੍ਰਿੰਟਰਜ਼, ਜਲੰਧਰ, 2005.
- _______________, *ਜੰਮੂ ਕਸ਼ਮੀਰ : ਪੰਜਾਬੀ ਸਾਹਿਤ ਦੀਆਂ ਵੰਨਗੀਆਂ*, 25 ਲੱਲ ਦੈਦ ਕਾਲੋਨੀ (ਗੌਰੀ ਪੁਰਾ), ਸ੍ਰੀਨਗਰ, 2001.
- ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ*, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ, ਦਿੱਲੀ, 2000.
- ਹਜ਼ੂਰਾ ਸਿੰਘ ਜੀ ਨਿਹੰਗ, ਅਕਾਲੀ ਟੀਕਾਕਾਰ, *ਲੋਹ ਪ੍ਰਕਾਸ਼/ਖਾਲਸੇ ਦੀ ਉਪਮਾ* (ਗ੍ਰੰਥ ਲੋਹ ਪ੍ਰਕਾਸ਼ ਵਿਚੋਂ), ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, 1925.

- ਹਰਜਿੰਦਰ ਸਿੰਘ ਦਿਲਗੀਰ (ਡਾ.), *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ* ?, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2000.
- ਹਰਨਾਮ ਸਿੰਘ ਸ਼ਾਨ (ਡਾ.), *ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ*, ਭਾਸ਼ਾ ਵਿਭਾਗ, ਪੰਜਾਬ, 1994.
- ਹਰਨਾਮ ਸਿੰਘ ਦੁਖੀਆ, *ਧੁਖਦੀ ਅੱਗ*, ਸਤਿਬੀਰ ਪ੍ਰਕਾਸ਼ਨ, ਜੰਮੂ ਤਵੀ, ਸਤੰਬਰ 1973.
- _______________, *ਪਹਾੜੀ ਲੋਕ ਜੀਵਨ*, ਸਤਿਬੀਰ ਪ੍ਰਕਾਸ਼ਨ, ਜੰਮੂ ਤਵੀ, ਸਤੰਬਰ 1979.
- ਹਿੰਮਤ ਸਿੰਘ, *ਅਕਾਲੀ ਕੌਰ ਸਿੰਘ ਜੀਵਨ, ਵਿਅਕਤਿਤ੍ਵ ਤੇ ਸਾਹਿਤ-ਰਚਨਾ*, ਪੰਜਾਬੀ ਯੂਨਵਿਰਸਿਟੀ, ਪਟਿਆਲਾ, 2000.
- _______________, *ਕਸ਼ਮੀਰ ਲਈ ਕੁਰਬਾਨੀ*, ਹਿੰਦ ਦੀ ਚਾਦਰ ਯਾਦਗਾਰੀ ਅਕਾਲੀ ਕੌਰ ਸਿੰਘ ਟ੍ਰਸਟ, ਪਟਿਆਲਾ, 2004.
- _________________, ਭਾਗਵੰਤ ਅਤਰ ਸਿੰਘ, *ਭਾਗ ਜੀ*, ਹਿੰਦ ਦੀ ਚਾਦਰ ਯਾਦਗਾਰੀ ਅਕਾਲੀ ਕੌਰ ਸਿੰਘ ਟ੍ਰਸਟ ਵਿਦਿਆ ਨਗਰ, ਪਟਿਆਲਾ, 2000.
- ਕਮਲੇਸ਼ ਗਰਗ, *ਕਲਹਨ ਕੀ ਰਾਜਤ੍ਰੰਗਨੀ ਮੇਂ ਰਾਜਨੀਤਿਕ ਪ੍ਰਸਥਿਤੀਆਂ*, ਵਿਦਿਆਨਿਧੀ ਪ੍ਰਕਾਸ਼ਨ, ਦਿੱਲੀ, 2004.
- ਕਰਤਾਰ ਸਿੰਘ ਐਮ. ਏ. (ਪ੍ਰੋ.) *ਸਿੱਖ ਇਤਿਹਾਸ ਭਾਗ-2,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2014.
- ਕਰਤਾਰ ਸਿੰਘ ਸਰਹੱਦੀ, *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ,* ਸਪੈਸ਼ਲ ਪ੍ਰਿੰਟਿੰਗ ਪ੍ਰੈਸ, ਬਜ਼ਾਰ ਧੋਬੀਆਂ, ਅੰਮ੍ਰਿਤਸਰ, 1974.
- ਕਰਤਾਰ ਸਿੰਘ ਕੋਮਲ, *ਸਮਾਜ ਸੁਧਾਰ*, ਕੋਮਲ ਪਬਲੀਕੇਸ਼ਨਜ਼, ਸ੍ਰੀਨਗਰ (ਕਸ਼ਮੀਰ), 1982.

- ਕਰਮ ਸਿੰਘ ਹਿਸਟੋਰੀਅਨ (ਸੰਪਾ.), *ਬਹੁ-ਮੁੱਲੇ ਇਤਿਹਾਸਕ ਲੇਖ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2017.
- ਕਿਰਪਾਲ ਸਿੰਘ ਐਮ. ਏ. (ਪ੍ਰੋ.), (ਸੰਪਾ.), *ਅਕਾਲੀ ਚਕ੍ਰ ਕੌਰ ਸਿੰਘ ਜੀ ਦੇ ਪਾਕਸਤਾਨ ਦੇ ਸਫ਼ਰ*, ਖ਼ਾਲਸਾ ਸਮਾਚਾਰ ਹਾਲ ਬਾਜ਼ਾਰ, ਅੰਮ੍ਰਿਤਸਰ, 1959.
- ਕੌਰ ਸਿੰਘ ਜੀ ਨਿਹੰਗ, ਅਕਾਲੀ, (ਸੰਪਾ.), ਸੈਨਾਪਤਿ ਕਵਿ (ਲੇਖਕ), *ਸ੍ਰੀ ਗੁਰ ਸੋਭਾ ਅਰਥਾਤ ਸ੍ਰੀ ਕਲਗੀਧਰ-ਪੰਥ ਪ੍ਰਕਾਸ਼*, ਅਗਸਤ 1925.
- _______________, ਸੈਨਾਪਤਿ ਕਵਿ (ਲੇਖਕ), *ਸ੍ਰੀ ਗੁਰ ਸੋਭਾ*, ਭਾਈ ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, ਦਸੰਬਰ, 1925.
- _______________, *ਇਸਤ੍ਰੀ ਸੰਕਟ ਮੋਚਨ ਅਰਥਾਤ ਵਿਧਵਾ ਵਿਆਹ*, ਨਾਨਕ ਸਿੰਘ ਕ੍ਰਿਪਾਲ ਸਿੰਘ ਹਜ਼ੂਰੀਆ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ, 1925.
- _______________, *ਹਜ਼ੂਰੀ ਸਾਥੀ*, ਅਕਾਲੀ ਪਤ੍ਰਕਾ ਪ੍ਰੈਸ, 9 ਬ੍ਰਾਂਡਰਥ ਰੋਡ, ਲਾਹੌਰ, 1934.
- _______________, *ਭੋਜਨ ਸੀਂਗਾਰ*, ਪ੍ਰਦੇਸੀ ਮਾਲਵਾ ਪ੍ਰੈਸ, ਅੰਮ੍ਰਿਤਸਰ, ਮਿਤੀ ਹੀਣ.
- ਖਜਿੰਦਰ ਸਿੰਘ ਖੁਰਾਣਾ, *ਕਾਬੁਲ ਦੀ ਸੰਗਤ ਤੇ ਅਫਗਾਨਿਸਤਾਨ ਦਾ ਸੰਖੇਪ ਇਤਿਹਾਸ*, ਸੁੰਦਰ ਪ੍ਰਿੰਟਰਜ਼, ਪਹਾੜ ਗੰਜ, ਨਵੀਂ ਦਿੱਲੀ, 2001.
- ਖੇਮ ਸਿੰਘ ''ਚਕਾਰਵੀ''(ਗਿ.), *ਜੀਵਨਾਵਲੀ ਸਚਖੰਡ ਵਾਸੀ ਸਿੰਘ ਸਾਹਿਬ ਅਕਾਲੀ ਕੌਰ ਸਿੰਘ ਜੀ ''ਨਿਹੰਗ''*, ਗੁਰੂਵੀ ਗਰਾਫਿਕਸ, ਪਟਿਆਲਾ, ਮਿਤੀ ਹੀਣ.
- ਗੰਡਾ ਸਿੰਘ (ਡਾ.) (ਸੰਪਾ.), ਸੈਨਾਪਤਿ ਕਵਿ (ਲੇਖਕ), *ਸ੍ਰੀ ਗੁਰ ਸੋਭਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
- ਗੁਰਸ਼ਰਨ ਕੌਰ ਜੱਗੀ (ਸੰਪਾ.), *ਵਾਰਾਂ ਭਾਈ ਗੁਰਦਾਸ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

- ਗੁਰਚਰਨ ਸਿੰਘ (ਗਿ.), *ਗਿਆਨੀ ਸ਼ੇਰ ਸਿੰਘ ਜੀਵਨ ਅਤੇ ਲਿਖਤਾਂ*, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1988.
- ਗੁਰਚਰਨ ਸਿੰਘ ਸੈਂਹਸਰਾ, *ਗ਼ਦਰ ਪਾਰਟੀ ਦਾ ਇਤਿਹਾਸ,* ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1961.
- ਗੁਰਬਖਸ਼ ਸਿੰਘ ਗੁਲਸ਼ਨ, *ਦਰਪਣ ਸਿੱਖ ਰਹਿਤ ਮਰਿਆਦਾ,* ਖਾਲਸਾ ਪ੍ਰਚਾਰਕ ਜਥਾ, ਯੂ. ਕੇ., 2016.
- ਗੁਰਬਚਨ ਸਿੰਘ ਨਈਅਰ (ਡਾ.), *ਮਹਾਰਾਜਾ ਰਣਜੀਤ ਸਿੰਘ ਕਾਲ: ਕੁਝ ਅਣਗੌਲੇ ਤੱਥ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.
- ਗੁਲਜ਼ਾਰ ਸਿੰਘ ਕੰਗ (ਡਾ.), *ਭਾਈ ਰਣਧੀਰ ਸਿੰਘ : ਜੀਵਨ ਤੇ ਰਚਨਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.
- ਜਸਬੀਰ ਸਿੰਘ ਸਰਨਾ, *ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ*, ਸੰਤ ਸਿੰਘ ਐਂਡ ਪਬਲਿਸ਼ਰਜ਼, ਬਾਰਾਮੂਲਾ ਕਸ਼ਮੀਰ, 1997.
- ਦਿਆਲ ਸਿੰਘ ਮਾਸਟਰ, *ਚੱਕਾਰ,* ਪਬਲਿਸ਼ਰ ਅਤੇ ਮਿਤੀ ਹੀਣ.
- ਨਰੈਣ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (1920-1925)*, ਅਕੈਡਮੀ ਆਫ ਸਿਖ ਰਿਲੀਜਨ ਐਂਡ ਕਲਚਰ, ਢਿਲੋਂ ਮਾਰਗ, ਭੁਪਿੰਦਰ ਨਗਰ, ਪਟਿਆਲਾ 1978.
- ਨਾਹਰ ਸਿੰਘ (ਗਿ.), *ਆਜ਼ਾਦੀ ਦੀਆਂ ਲਹਿਰਾਂ,* ਸਰਦੂਲ ਸਿੰਘ ਸਪੁੱਤਰ ਗਿਆਨੀ ਨਾਹਰ ਸਿੰਘ ਅਤੇ ਭਾਈ ਸਾਹਿਬ ਰਣਧੀਰ ਸਿੰਘ ਟਰੱਸਟ, ਲੁਧਿਆਣਾ, 2010.
- ਨਿਰੰਜਨ ਸਿੰਘ ਸਰਲ, (ਗਿ.), *ਝਟਕਾ ਪ੍ਰਕਾਸ਼,* ਅਕਾਲ ਸਹਾਇ ਚੈਰੀਟੇਬਲ ਟ੍ਰਸਟ, ਚੰਡੀਗੜ੍ਹ, 2008.
- ਪ੍ਰਤਾਪ ਸਿੰਘ (ਗਿ.), *ਸੰਸਾਰ ਦਾ ਧਾਰਮਿਕ ਇਤਿਹਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

- ਪਿਆਰਾ ਸਿੰਘ ਪਦਮ (ਸੰਪਾ.), ਕ੍ਰਿਤ ਭਾਈ ਸ੍ਰਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ*, ਸਿੰਘ ਬ੍ਰਦਰਜ਼, 1991.
- ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 2014.
- _______________, *ਗੋਬਿੰਦ ਸਾਗਰ*, ਕਲਮ ਮੰਦਰ ਲੋਯਰ ਮਾਲ, ਪਟਿਆਲਾ, 2000.
- ਬੁਧ ਸਿੰਘ ਪੁਣਛ (ਗਿ.), (ਕਸ਼ਮੀਰ), *ਚੋਣਵੇਂ ਰਤਨ ਅਰਥਾਤ ਪੁਣਛ ਤੇ ਕਸ਼ਮੀਰ ਦਾ ਸਿਖ ਇਤਿਹਾਸ*, ਕ੍ਰਿਪਾ ਸਾਗਰ ਪ੍ਰੈਸ ਰਾਮਗਲੀ, ਲਾਹੌਰ, 1937.
- ਮਹਿੰਦਰ ਸਿੰਘ (ਡਾ.), *ਅਕਾਲੀ ਲਹਿਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2005.
- ਮੁਨਸ਼ਾ ਸਿੰਘ ਦੁਖੀ, *ਜੀਵਨ ਭਾਈ ਮੋਹਨ ਸਿੰਘ ਜੀ ਵੈਦ,* ਨਵਯੁਗ ਪਬਲਿਸ਼ਰਜ਼, ਦਿੱਲੀ, 1989.
- ਰਣਧੀਰ ਸਿੰਘ, ਭਾਈ ਸਾਹਿਬ ਭਾਈ, *ਜੇਲ੍ਹ ਚਿੱਠੀਆਂ*, ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, ਲੁਧਿਆਣਾ, 1981.
- ਰਾਜਿੰਦਰ ਸਿੰਘ (ਡਾ.), ਨਸ਼ਿਆਂ ਦੀ ਦਲਦਲ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015.
- ਰੂਪ ਸਿੰਘ (ਸੰਪਾ.), *ਸਿੱਖ ਸੰਗਰਾਮ ਦੀ ਦਾਸਤਾਨ*, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2012.
- _______________, *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ*, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਅੰਮ੍ਰਿਤਸਰ, 2005.

**English Books**

- Ganda Singh (Ed.), *The Singh Sabha and other Socio-Religious Movement in the Punjab*, Publication Bureau, Punjabi University, Patiala, 1997.
- Jasbir Singh Sarna, *Sikhs in Kashmir*, National Book Shop, Delhi, 1993.
- Mohammad Yasin (Ed.), *History of the freedom Struggle in Jammu and Kashmir*, Light and Life Publishers New Delhi, Jammu and Trivandrum, 1980.

- Prakash Tandon, *Punjabi Century 1857-1947*, University of California, Press Barkley and Los Angels, 1968.
- Satish Kumar Sharma, *Social Movement and Social Change – A Study of Untouchable in the Punjab*, B. R. publishing, Delhi, 1985.
- Teja Singh, *The Gurdwara Reform Movement and the Sikh Awakening*, The Desh Sewak Book Agency, Jullundur, 1922.

## ਕੋਸ਼

- Harbans Singh (Ed.), *Encyclopaedia of Sikhism*, vol.-1, Publication Bureau, Punjabi University, Patiala, 2002.
- ਓਅੰਕਾਰ ਸਿੰਘ (ਡਾ.) ਅਤੇ ਸਰਬਜਿੰਦਰ (ਡਾ.) (ਸੰਪਾ.), *ਕਬਿੱਤ ਸਵੈਯੇ ਭਾਈ ਗੁਰਦਾਸ ਤੁਕ-ਤਤਕਰਾ, ਪਬਲੀਕੇਸ਼ਨ ਬਿਊਰੋ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017.
- ਅਤਰ ਸਿੰਘ ਭਾਗਵੰਤ (ਸੰਪਾ.), *ਤੱਤਕਰਾ ਵਾਰਾਂ, ਕਬਿੱਤ ਤੇ ਸਵੱਯੇ ਭਾਈ ਗੁਰਦਾਸ ਜੀ*, ਸਾਹਿਬਜ਼ਾਦਾ ਪ੍ਰਿੰਟਰਜ਼, ਮੋਹਾਲੀ, 1993.
- ਅਮਰ ਸਿੰਘ, *ਤੁਕ-ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ*, ਭਾਸ਼ਾ ਵਿਭਾਗ, ਪੰਜਾਬ, 2005.
- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1979.
- *ਸ਼ਬਦਾਰਥ ਦਸਮ ਗ੍ਰੰਥ ਸਾਹਿਬ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਹਰਕੀਰਤ ਸਿੰਘ (ਸੰਪਾ.), *ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
- ਕਰਤਾਰ ਸਿੰਘ, *ਵਾਰਾਂ ਭਾਈ ਗੁਰਦਾਸ ਜੀ ਦਾ ਤੁਕ ਤਤਕਰਾ*, ਜਨਤਾ ਪ੍ਰੈਸ ਟਾਂਡਾ ਰੋਡ, ਜਲੰਧਰ, 1963.
- ਕਾਨ੍ਹ ਸਿੰਘ ਨਾਭਾ, ਭਾਈ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, 2000.

- ਕੌਰ ਸਿੰਘ ਨਿਹੰਗ, ਅਕਾਲੀ, *ਭਾਈ ਗੁਰਦਾਸ ਜੀ ਦੇ ਕਬਿਤ ਸ੍ਵਯੇ ਅਤੇ ਵਾਰਾਂ ਦੀਆਂ ਤੁਕਾਂ ਦਾ ਤਤਕਰਾ*, ਖਾਲਸਾ ਪ੍ਰਦੇਸੀ ਮਾਲਵਾ ਪ੍ਰੈਸ, ਅੰਮ੍ਰਿਤਸਰ, 1929.
- ______________, *ਸ੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼*, ਕੋਰੋਨੇਸ਼ਨ ਪ੍ਰੈਸ, ਪਿਸ਼ਾਵਰ, 1923.
- ਪ੍ਰੀਤਮ ਸਿੰਘ (ਪ੍ਰੋ.), (ਸੰਪਾ.), *ਪੰਜਾਬੀ ਲੇਖਕ ਕੋਸ਼*, ਰੋਹਿਤ ਜੈਨ, ਯੂਨੀਸਟਾਰ ਬੁਕਸ, ਚੰਡੀਗੜ੍ਹ, 2003.
- ਰਤਨ ਸਿੰਘ ਜੱਗੀ, (ਡਾ.), *ਸਿੱਖ ਪੰਥ ਵਿਸ਼ਵਕੋਸ਼*, (ਭਾਗ ਪਹਿਲਾ-ਦੂਜਾ), ਗ੍ਰੇਸ਼ੀਅਸ ਬੁਕਸ ਪਟਿਆਲਾ, 2014.


**ਅਖ਼ਬਾਰ, ਪਤ੍ਰਿਕਾਵਾਂ ਅਤੇ ਮੈਗਜ਼ੀਨ**


- Ganda Singh (Dr.), *The Punjab past and present*, April 1981.
- *ਸੰਤ ਸਿਪਾਹੀ,* ਜੁਲਾਈ 1995.
- ਸਰਬਜਿੰਦਰ ਸਿੰਘ (ਡਾ.), (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਦਸੰਬਰ 2005, 2006.
- *ਸਿੱਖ ਫੁਲਵਾੜੀ*, ਫਰਵਰੀ 2015.
- ਸੁਖਦੇਵ ਸਿੰਘ, (ਡਾ.), (ਸੰਪਾ.), *ਆਲੋਚਨਾ,* (ਜੰਮੂ ਕਸ਼ਮੀਰ ਦਾ ਪੰਜਾਬੀ ਸਾਹਿਤ ਵਿਸ਼ੇਸ਼ ਅੰਕ), ਅੰਕ 224 ਅਕਤੂਬਰ 2010-ਮਾਰਚ 2011.
- *ਹੀਮਾਲ,* ਅਕਾਲੀ ਕੌਰ ਸਿੰਘ ਨਿਹੰਗ ਵਿਸ਼ੇਸ਼ ਅੰਕ, ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ, ਸ੍ਰੀਨਗਰ, ਕਸ਼ਮੀਰ, 1987.
- *ਗੁਰਮਤਿ ਪ੍ਰਕਾਸ਼;* ਅਗਸਤ, 1988, ਨਵੰਬਰ 1992, ਅਪ੍ਰੈਲ 2003, ਮਾਰਚ 2004, ਅਗਸਤ 2018.
- *ਫੁਲਵਾੜੀ* (ਰਸਾਲਾ), 'ਕਸ਼ਮੀਰ ਵਿਚ ਸਿੱਖੀ ਪ੍ਰਚਾਰ' (ਲੇਖ), ਜਨਵਰੀ 1930.
- ਰੂਪ ਸਿੰਘ, (ਡਾ.), *ਅਕਾਲੀ ਕੌਰ ਸਿੰਘ ਨਿਹੰਗ ਇਕ ਸ਼ਰਧਾਂਜਲੀ*, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਮਿਤੀ ਹੀਣ.

## ਨਿਜੀ ਮੁਲਾਕਾਤਾਂ

- ਸਮੀਰ ਸਿੰਘ, (ਅਕਾਲੀ ਜੀ ਦੇ ਰਿਸ਼ਤੇਦਾਰ), 10 ਅਗਸਤ 2017, 1:30 ਦੁਪਹਿਰ, ਚੰਡੀਗੜ੍ਹ।
- ਸੁਰਜੀਤ ਸਿੰਘ (ਅਕਾਲੀ ਕੌਰ ਸਿੰਘ ਨਿਹੰਗ ਦੇ ਭਤੀਜੇ), 27 ਅਕਤੂਬਰ 2017, 06:03 ਸ਼ਾਮ, ਤ੍ਰਿਪੜੀ।
- ਹਿੰਮਤ ਸਿੰਘ (ਪ੍ਰੋ.), 8 ਦਸੰਬਰ 2016, 5:00 ਸ਼ਾਮ, ਵਿਦਿਆ ਨਗਰ, ਪਟਿਆਲਾ।
- _______________, 12 ਜਨਵਰੀ 2017, 4:30 ਸ਼ਾਮ, ਵਿਦਿਆ ਨਗਰ, ਪਟਿਆਲਾ।
- _______________, 16 ਅਕਤੂਬਰ 2017, 10:00 ਸਵੇਰੇ, ਵਿਦਿਆ ਨਗਰ, ਪਟਿਆਲਾ।
- ਜਸਬੀਰ ਸਿੰਘ ਸਰਨਾ (ਡਾ.), 12 ਦਸੰਬਰ 2018, 7:30 ਸ਼ਾਮ, ਜੰਮੂ।

## ਵੈਬਸਾਈਟਾਂ

- https://pa.wikipedia.org/s/4bi
- https://en.m.wikipedia.org,

# ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਨੂੰ ਯੋਗਦਾਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸਮਾਜਿਕ ਵਿਗਿਆਨਾਂ ਦੀ ਫ਼ੈਕਲਟੀ ਅਧੀਨ

ਪੀਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**


**ਨਿਗਰਾਨ**

ਡਾ. ਮਲਕਿੰਦਰ ਕੌਰ

ਪ੍ਰੋਫ਼ੈਸਰ

**ਖੋਜਾਰਥੀ**

ਸਰਬਵੀਰ ਸਿੰਘ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**


2019

## ਸਾਰ ਤੇ ਸਥਾਪਨਾਵਾਂ

ਅਕਾਲੀ ਕੌਰ ਸਿੰਘ ਸਿੱਖ ਧਰਮ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਵਿਚੋਂ ਇਕ ਹਨ ਜਿਨ੍ਹਾਂ ਨੇ ਸਿੱਖ ਪੰਥ ਦੇ ਪ੍ਰਚਾਰ ਪ੍ਰਸਾਰ ਲਈ ਵਡਮੁੱਲਾ ਯੋਗਦਾਨ ਪਾਇਆ। ਸਿੱਖ ਧਰਮ ਵਿਚ ਅਜਿਹਾ ਸਮਾਂ ਵੀ ਸੀ ਜਦੋਂ ਉਨ੍ਹਾਂ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਅਹਿਮ ਪੁਸਤਕ ਜਾਂ ਖਰੜਾ ਪ੍ਰਕਾਸ਼ਿਤ ਨਹੀਂ ਸੀ ਕੀਤਾ ਜਾਂਦਾ। ਇਹ ਉਨ੍ਹਾਂ ਦੀ ਵਿਦਵਤਾ ਦੀ ਸਾਖ ਨੂੰ ਪ੍ਰਸਤੁਤ ਕਰਦਾ ਹੈ। ਉਨ੍ਹਾਂ ਦੁਆਰਾ 13 ਦੇ ਕਰੀਬ ਅਤਿ ਅਹਿਮ ਪੁਸਤਕਾਂ ਦੀ ਰਚਨਾ ਕੀਤੀ ਗਈ। ਜਿਹਨਾਂ ਦੇ ਆਧਾਰ ਤੇ ਇਸ ਖੋਜ ਪ੍ਰਬੰਧ ਨੂੰ ਉਸਾਰਿਆ ਗਿਆ ਹੈ।

**'ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਨੂੰ ਯੋਗਦਾਨ'** ਖੋਜ-ਪ੍ਰਬੰਧ ਦਾ ਮੁੱਖ ਮੰਤਵ ਅਕਾਲੀ ਕੌਰ ਸਿੰਘ ਦੇ ਬਹੁਮੁੱਲੇ ਯੋਗਦਾਨ ਨੂੰ ਇਕ ਜਗ੍ਹਾ ਪ੍ਰਸਤੁਤ ਕਰਨਾ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨ ਅਤੇ ਸ਼ਖ਼ਸੀਅਤ ਨੂੰ ਸਮੇਂ ਅਤੇ ਹਾਲਾਤਾਂ ਰਾਹੀਂ ਸਮਝ ਕੇ ਦ੍ਰਿਸ਼ਟੀਗੋਚਰ ਕਰਨਾ ਵੀ ਹੈ। ਇਸ ਮਨੋਰਥ ਲਈ ਅਸੀਂ ਆਪਣੇ ਖੋਜ-ਪ੍ਰਬੰਧ ਨੂੰ ਚਾਰ ਅਧਿਆਇਆਂ ਵਿਚ ਵੰਡ ਕੇ ਕਾਰਜ ਕੀਤਾ ਹੈ ਜਿਨ੍ਹਾਂ ਬਾਰੇ ਸੰਖਿਪਤ ਜਾਣਕਾਰੀ ਇਸ ਪ੍ਰਕਾਰ ਹੈ:

ਪਹਿਲਾ ਅਧਿਆਇ **'ਅਕਾਲੀ ਕੌਰ ਸਿੰਘ: ਸਮਕਾਲੀ ਪ੍ਰਸਥਿਤੀਆਂ'** ਹੈ। ਇਸ ਵਿਚ ਅਸੀਂ ਉਨ੍ਹਾਂ ਪ੍ਰਸਥਿਤੀਆਂ ਨੂੰ ਸਮਝਣ ਦਾ ਯਤਨ ਕੀਤਾ ਹੈ ਜਿਨ੍ਹਾਂ ਨੇ ਸਿੱਧੇ ਜਾਂ ਅਸਿੱਧੇ (direct or indirect) ਤੌਰ ’ਤੇ ਅਕਾਲੀ ਕੌਰ ਸਿੰਘ ਉਪਰ ਪ੍ਰਭਾਵ ਪਾਇਆ ਹੈ, ਚਾਹੇ ਉਹ ਕਸ਼ਮੀਰ ਰਿਆਸਤ ਦੀਆਂ ਹੋਣ ਜਾਂ ਪੰਜਾਬ ਦੀਆਂ। ਅਕਾਲੀ ਕੌਰ ਸਿੰਘ ਦਾ ਸੰਬੰਧ ਰਿਆਸਤ ਕਸ਼ਮੀਰ ਦੇ ਨਾਲ-ਨਾਲ ਪੰਜਾਬ ਅਤੇ ਪੂਰੇ ਹਿੰਦੁਸਤਾਨ ਨਾਲ ਵੀ ਸੀ ਇਸ ਲਈ ਅਸੀਂ ਹਿੰਦੁਸਤਾਨ ਵਿਚ ਚਲੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਲਹਿਰਾਂ ਜਿਨ੍ਹਾਂ ਦਾ ਸੰਬੰਧ ਅਕਾਲੀ ਕੌਰ ਸਿੰਘ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜਦਾ ਸੀ ਉਨ੍ਹਾਂ ਨੂੰ ਵੀ ਆਪਣੇ ਇਸ ਅਧਿਆਇ ਵਿਚ ਸ਼ਾਮਲ ਕੀਤਾ ਹੈ। ਇਨ੍ਹਾਂ ਲਹਿਰਾਂ ਦੇ ਪ੍ਰਸੰਗ ਵਿਚ ਹੀ ਅਸੀਂ ਅਕਾਲੀ ਕੌਰ ਸਿੰਘ ਦੇ ਜੀਵਨ ਦੇ ਅਹਿਮ ਪੱਖ ਨੂੰ ਸਮਝ ਸਕਦੇ ਹਾਂ। ਇਸ ਅਧਿਆਇ ਦੇ ਅਧਿਐਨ ਦਾ ਘੇਰਾ ਸਿਰਫ ਸਮਕਾਲੀਨ ਪ੍ਰਸਥਿਤੀਆਂ ਹੋਣ ਕਰਕੇ ਸੰਬੰਧਿਤ ਜਾਣਕਾਰੀ ਨੂੰ ਸੂਚਨਾ ਰੂਪ ਵਿਚ ਦਰਸਾ ਕੇ ਹੀ ਸਮੇਟਿਆ ਗਿਆ ਹੈ।

ਦੂਜਾ ਅਧਿਆਇ '**ਅਕਾਲੀ ਕੌਰ ਸਿੰਘ: ਜੀਵਨ ਤੇ ਸ਼ਖ਼ਸੀਅਤ**' ਹੈ। ਇਸ ਅਧਿਆਇ ਵਿਚ ਅਸੀਂ ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਦਾ ਵਰਣਨ ਕੀਤਾ ਹੈ ਜਿਸ ਵਿਚ ਅਸੀਂ ਉਨ੍ਹਾਂ ਦੇ ਪਰਿਵਾਰਕ ਪਿਛੋਕੜ ਬਾਰੇ ਵੀ ਜਾਣਿਆ ਹੈ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਕਸ਼ਮੀਰੀ ਬ੍ਰਾਹਮਣਾਂ ਨਾਲ ਜਾ ਜੁੜਦਾ ਹੈ। ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਏ ਮੋਹਰੀ ਪੰਡਤਾਂ ਵਿਚ ਇਕ ਪੰਡਤ ਤ੍ਰਿਲੋਕੀ ਨਾਥ ਰੈਨਾ ਸੀ ਜੋ ਅਕਾਲੀ ਜੀ ਦੇ ਪੂਰਵਜ ਸਨ ਅਤੇ ਗੁਰੂ ਘਰ ਦੇ ਪਹਿਲਾਂ ਤੋਂ ਹੀ ਸ਼ਰਧਾਲੂ ਸਨ। ਇਨ੍ਹਾਂ ਦੇ ਪੁੱਤਰ ਅਮੋਲਕ ਚੰਦ ਰੈਨਾ ਪਰਿਵਾਰ ਸਮੇਤ ਅੰਮ੍ਰਿਤਪਾਨ ਕਰ ਕੇ ਸਿੰਘ ਸਜੇ ਅਤੇ ਅਮੋਲਕ ਸਿੰਘ ਬਣ ਕੇ ਸਿੱਖੀ ਪ੍ਰਚਾਰ ਵਿਚ ਜੁਟ ਗਏ। ਇਸੇ ਕੁਟੰਬ ਵਿਚੋਂ ਹੀ ਅਕਾਲੀ ਕੌਰ ਸਿੰਘ ਸਨ ਜਿਨ੍ਹਾਂ ਨੂੰ ਸਿੱਖੀ, ਧਰਮ ਪ੍ਰਚਾਰ ਦੀ ਲਗਨ ਅਤੇ ਗੁਰੂ ਸ਼ਰਧਾ ਵਿਰਾਸਤ ਵਿਚ ਹੀ ਪ੍ਰਾਪਤ ਹੋਈ ਸੀ।

ਤੀਜਾ ਅਧਿਆਇ '**ਅਕਾਲੀ ਕੌਰ ਸਿੰਘ: ਸਿੱਖ ਸਾਹਿਤ ਦਾ ਸਮੀਖਿਆਤਮਕ ਅਧਿਐਨ**' ਹੈ। ਇਸ ਅਧਿਆਇ ਵਿਚ ਅਸੀਂ ਉਨ੍ਹਾਂ ਦੇ ਸਾਹਿਤ ਦੇ ਖੇਤਰ ਵਿਚ ਪਾਏ ਯੋਗਦਾਨ ਉਪਰ ਹੀ ਕੇਂਦ੍ਰਿਤ ਰਹੇ ਹਾਂ। ਅਕਾਲੀ ਕੌਰ ਸਿੰਘ ਨੇ ਸਾਹਿਤ ਦੀ ਸਿਰਜਣਾ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਹੋਇਆਂ ਕੀਤੀ ਹੈ। ਇਹੀ ਸੁਲਝੇ ਹੋਏ ਚਿੰਤਕ ਦੀ ਨਿਸ਼ਾਨੀ ਹੈ। ਉਨ੍ਹਾਂ ਦੀ ਕਲਮ ਜੀਵਨ ਭਰ ਹੀ ਚਲਦੀ ਰਹੀ ਹੈ। ਇਸ ਦੌਰਾਨ ਉਨ੍ਹਾਂ ਨੇ 13 ਰਚਨਾਵਾਂ ਨੂੰ ਸਿੱਖ ਸਾਹਿਤ ਦੀ ਝੋਲੀ ਪਾਇਆ।

ਚੌਥਾ ਅਧਿਆਇ '**ਅਕਾਲੀ ਕੌਰ ਸਿੰਘ: ਸਮੁੱਚਾ ਯੋਗਦਾਨ**' ਹੈ। ਇਸ ਅਧਿਆਇ ਵਿਚ ਅਸੀਂ ਅਕਾਲੀ ਜੀ ਦੀਆਂ ਸਾਹਿਤਕ ਰਚਨਾਵਾਂ ਤੋਂ ਇਲਾਵਾ ਜੋ ਯੋਗਦਾਨ ਵੱਖ-ਵੱਖ ਖੇਤਰਾਂ ਵਿਚ ਅਤੇ ਵਿਭਿੰਨ ਵਿਧਾਵਾਂ ਨਾਲ ਪਾਇਆ ਗਿਆ ਉਸ ਬਾਰੇ ਚਰਚਾ ਕੀਤੀ ਹੈ। ਇਸ ਅਧਿਆਇ ਨੂੰ ਅਸੀਂ ਮੁੱਖ ਰੂਪ ਵਿਚ ਪੰਜ ਭਾਗਾਂ ਵਿਚ ਵੰਡਿਆ ਹੈ:

1. ਧਾਰਮਿਕ ਯੋਗਦਾਨ
2. ਸਮਾਜਿਕ ਯੋਗਦਾਨ
3. ਰਾਜਨੀਤਿਕ ਯੋਗਦਾਨ

4. ਵਿਦਿਅਕ ਯੋਗਦਾਨ

5. ਫੁਟਕਲ

## ਸਥਾਪਨਾਵਾਂ

- ਅਕਾਲੀ ਕੌਰ ਸਿੰਘ ਦੇ ਜੀਵਨ ਅਤੇ ਸ਼ਖ਼ਸੀਅਤ ਸੰਬੰਧੀ ਸੂਚਨਾਵਾਂ ਨੂੰ ਇਕ ਜਗ੍ਹਾ ਪ੍ਰਸਤੁਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਸਮਕਾਲ ਦੇ ਪਰਿਪੇਖ ਵਿਚ ਦੇਖਿਆ ਗਿਆ ਹੈ।
- ਸਿੱਖ ਅਧਿਐਨ ਅਤੇ ਸਿੱਖ ਸਾਹਿਤ ਨੂੰ ਵਿਗਿਆਨਕ ਲੀਹਾਂ 'ਤੇ ਤੋਰਨ ਵਿਚ ਅਕਾਲੀ ਕੌਰ ਸਿੰਘ ਦੇ ਯੋਗਦਾਨ ਨੂੰ ਪ੍ਰਗਟ ਕੀਤਾ ਗਿਆ ਹੈ।
- ਗੁਰਬਾਣੀ ਵਿਆਖਿਆ ਅਤੇ ਸ਼ੁੱਧਤਾ ਲਈ ਅਕਾਲੀ ਜੀ ਦੇ ਯਤਨਾਂ ਅਤੇ ਸ੍ਰੋਤਾਂ ਨੂੰ ਹਥਲੇ ਖੋਜ-ਕਾਰਜ ਵਿਚ ਦ੍ਰਿਸ਼ਟੀਗੋਚਰ ਕੀਤਾ ਹੈ।
- ਸਿੰਘ ਸਭਾ ਅਤੇ ਹੋਰ ਲਹਿਰਾਂ ਵਿਚ ਸ਼ਮੂਲੀਅਤ ਅਤੇ ਯੋਗਦਾਨ ਨੂੰ ਖੋਜਣ ਅਤੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ।
- ਅਕਾਲੀ ਜੀ ਦੇ ਸਾਹਿਤਕ ਯੋਗਦਾਨ ਤੋਂ ਇਲਾਵਾ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਵਿਦਿਅਕ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਵਿਚਾਰਿਆ ਹੈ।
- ਉਨ੍ਹਾਂ ਦੁਆਰਾ ਰਚਿਤ ਸਾਹਿਤ (ਪ੍ਰਾਪਤ/ ਥਹੁ-ਪਤੇ ਵਾਲੀਆਂ) ਦਾ ਅਧਿਐਨ ਅਤੇ ਜਾਣਕਾਰੀ ਇਕੋ ਜਗ੍ਹਾ 'ਤੇ ਮੁਹੱਈਆ ਕਰਵਾਈ ਗਈ ਹੈ।
- ਅਕਾਲੀ ਕੌਰ ਸਿੰਘ ਦੀਆਂ ਰਚਨਾਵਾਂ ਦਾ ਵਿਵਰਣਾਤਮਕ ਅਤੇ ਸਮੀਖਿਆਤਮਕ ਅਧਿਐਨ ਕੀਤਾ ਗਿਆ ਹੈ।
- ਵਿਸ਼ੇ ਨਾਲ ਸੰਬੰਧਿਤ ਇਤਿਹਾਸਕ, ਸਿਧਾਂਤਕ ਅਤੇ ਵਿਸ਼ਲੇਸ਼ਣਾਤਮਕ ਖੋਜ ਕਰਨ ਦਾ ਯਤਨ ਕੀਤਾ ਗਿਆ ਹੈ।
- ਭਵਿੱਖਤ ਖੋਜ ਲਈ ਨਵਾਂ ਮਸਾਲਾ ਇਕੱਠਾ ਕੀਤਾ ਹੈ।

- ਅਕਾਦਮਿਕ ਪੱਧਰ 'ਤੇ ਅਕਾਲੀ ਕੌਰ ਸਿੰਘ ਦੀਆਂ ਰਚਨਾਵਾਂ ਸੰਬੰਧੀ ਵਿਸ਼ੇਸ਼ ਖੋਜ ਕਰਨ ਲਈ ਰਾਹ ਤਿਆਰ ਕੀਤਾ ਹੈ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਖੋਜ-ਕਾਰਜ ਗੁਰਬਾਣੀ ਸਿਧਾਂਤ, ਕੋਸ਼ਕਾਰੀ, ਇਤਿਹਾਸਕਾਰੀ, ਸਮਾਜ-ਸ਼ਾਸਤਰ ਆਦਿ ਨਾਲ ਜੁੜੇ ਹੋਏ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ ਅਤੇ ਅਕਾਦਮਿਕਤਾ ਵਿਚ ਇਸ ਤੋਂ ਸੇਧ ਲੈ ਕੇ ਅੱਗੇ ਤੁਰਿਆ ਜਾ ਸਕੇਗਾ।

## ਅਬਸਟ੍ਰੈਕਟ

ਅਕਾਦਮਿਕ ਖੇਤਰ ਵਿਚ ਬਹੁਤ ਸਾਰੀਆਂ ਸ਼ਖ਼ਸੀਅਤਾਂ ਸਮੇਂ-ਸਮੇਂ 'ਤੇ ਵਡਮੁੱਲੇ ਯਤਨਾਂ ਅਤੇ ਵਿਭਿੰਨ ਵਿਧੀਆਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਯੋਗਦਾਨ ਪਾਉਂਦੀਆਂ ਰਹਿੰਦੀਆਂ ਹਨ। 1850-1947 ਦਾ ਸਮਾਂ ਸਿੱਖ ਕੌਮ ਲਈ ਬਹੁਤ ਹੀ ਬਿਖੜੇ ਪੈਂਡੇ ਵਾਲਾ ਰਿਹਾ ਹੈ। ਇਸੇ ਸਮੇਂ ਵਿਚ ਹੀ ਕਸ਼ਮੀਰ ਦੀ ਧਰਤੀ 'ਚਕਾਰ' ਉਪਰ ਅਕਾਲੀ ਕੌਰ ਸਿੰਘ ਦਾ ਜਨਮ 1886 ਈ. ਵਿਚ ਹੋਇਆ ਅਤੇ 1953 ਈ. ਵਿਚ ਪ੍ਰਲੋਕ ਗ਼ਮਨ ਕਰ ਗਏ। ਉਨ੍ਹਾਂ ਨੇ ਅਨਿਕ ਭਾਂਤੀ ਸਾਹਿਤਕ ਕਾਰਜ ਕਰ ਕੇ ਸਿੱਖ ਧਰਮ ਲਈ ਵਡਮੁੱਲਾ ਯੋਗਦਾਨ ਪਾਇਆ। ਸਾਹਿਤ-ਸੰਭਾਲ ਅਤੇ ਰਚਣ ਦੇ ਨਾਲ-ਨਾਲ ਉਨ੍ਹਾਂ ਨੇ ਬਹੁਤ ਸਾਰੇ ਸਮਾਜਿਕ ਕਾਰਜ ਵੀ ਕੀਤੇ। ਉਨ੍ਹਾਂ ਨੇ ਤਾਅ ਉਮਰ ਗੁਰਸਿੱਖੀ ਜੀਵਨ ਬਤੀਤ ਕਰਦਿਆਂ ਹੋਇਆਂ ਪਰਉਪਕਾਰੀ ਕਾਰਜ ਕੀਤੇ।

ਉਨ੍ਹਾਂ ਨਾਲ ਸੰਬੰਧਿਤ ਜੀਵਨੀਆਂ ਅਤੇ ਮੋਨੋਗ੍ਰਾਫ ਤਾਂ ਪ੍ਰਾਪਤ ਸਨ ਪ੍ਰੰਤੂ ਉਨ੍ਹਾਂ ਦੇ ਬਹੁ-ਪ੍ਰਕਾਰੀ ਯੋਗਦਾਨ ਨੂੰ ਹੋਰ ਖੋਜਣ ਤੇ ਉਭਾਰਨ ਦੀ ਲੋੜ ਨੂੰ ਅਸੀਂ ਮਹਿਸੂਸ ਕੀਤਾ। ਇਸ ਲਈ 'ਅਕਾਲੀ ਕੌਰ ਸਿੰਘ ਦਾ ਸਿੱਖ ਸਾਹਿਤ ਨੂੰ ਯੋਗਦਾਨ' ਵਿਸ਼ੇ 'ਤੇ ਕਾਰਜ ਕਰਨ ਦੀ ਵਿਉਂਤ ਬਣਾਈ।

ਬਹੁਤ ਸਾਰੀ ਸਮਗਰੀ ਸਾਨੂੰ ਨਵੀਂ ਪ੍ਰਾਪਤ ਹੋਈ ਜਿਹੜੀ ਕਿ ਉਨ੍ਹਾਂ ਦੀ ਆਪਣੀ ਰਚੀ ਹੋਈ ਸੀ। ਅਕਾਲੀ ਜੀ ਦੇ ਜੀਵਨ ਨਾਲ ਸੰਬੰਧਿਤ ਨਵੇਂ ਤੱਥਾਂ ਦੀ ਨਿਸ਼ਾਨਦੇਹੀ ਕੀਤੀ ਗਈ ਜਿਹੜੀ ਉਨ੍ਹਾਂ ਦੀਆਂ ਲਿਖਤਾਂ ਤੇ ਸੰਬੰਧੀਆਂ ਦੀਆਂ ਮੁਲਾਕਾਤਾਂ ਰਾਹੀਂ ਸਾਹਮਣੇ ਆਈ।

ਖੋਜ-ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਹੈ; ਪਹਿਲਾ ਅਧਿਆਇ 'ਅਕਾਲੀ ਕੌਰ ਸਿੰਘ: ਸਮਕਾਲੀਨ ਪ੍ਰਸਥਿਤੀਆਂ' ਹੈ ਜਿਸ ਵਿਚ ਉਸ ਸਮੇਂ ਦੇ ਹਾਲਾਤਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਦੂਜਾ ਅਧਿਆਇ 'ਅਕਾਲੀ ਕੌਰ ਸਿੰਘ: ਜੀਵਨ ਤੇ ਸ਼ਖ਼ਸੀਅਤ' ਹੈ। ਤੀਜਾ ਅਧਿਆਇ ਅਕਾਲੀ ਕੌਰ ਸਿੰਘ: ਸਿੱਖ ਸਾਹਿਤ ਦਾ ਸਮੀਖਿਆਤਮਕ ਅਧਿਐਨ' ਹੈ ਜਿਸ ਵਿਚ ਉਨ੍ਹਾਂ ਦੇ ਸਾਹਿਤਕ ਯੋਗਦਾਨ ਦਾ ਵਿਵਰਣਾਤਮਕ ਅਤੇ ਸਮੀਖਿਆਤਮਕ ਅਧਿਐਨ ਕੀਤਾ ਗਿਆ ਹੈ। ਚੌਥਾ ਅਤੇ ਆਖ਼ਰੀ ਅਧਿਆਇ 'ਅਕਾਲੀ ਕੌਰ ਸਿੰਘ: ਸਮੁੱਚਾ ਯੋਗਦਾਨ' ਵਿਚ ਧਾਰਮਿਕ, ਸਮਾਜਿਕ ਰਾਜਨੀਤਿਕ ਅਤੇ ਵਿਦਿਅਕ ਯੋਗਦਾਨ ਦੇ ਨਾਲ-ਨਾਲ ਅਸੀਂ ਉਨ੍ਹਾਂ ਦੁਆਰਾ ਕੀਤੇ ਬਹੁਪੱਖੀ ਕਾਰਜਾਂ ਦਾ ਅਧਿਐਨ ਵੀ ਕੀਤਾ ਹੈ।

ਇਸ ਖੋਜ-ਕਾਰਜ ਸਦਕਾ ਕਾਫ਼ੀ ਨਵੇਂ ਸਿੱਟੇ ਨਿਕਲੇ ਹਨ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਇਹ ਖੋਜ-ਕਾਰਜ ਗੁਰਬਾਣੀ-ਸ਼ਾਸਤਰ, ਕੋਸ਼ਕਾਰੀ, ਇਤਿਹਾਸਕਾਰੀ, ਸਮਾਜ-ਸ਼ਾਸਤਰ ਆਦਿ ਨਾਲ ਜੁੜੇ ਹੋਏ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ ਅਤੇ ਅਕਾਦਮਿਕਤਾ ਵਿਚ ਇਸ ਤੋਂ ਸੇਧ ਲੈ ਕੇ ਅੱਗੇ ਤੁਰਿਆ ਜਾ ਸਕੇਗਾ।



**Keywords:** ਅਕਾਦਮਿਕ (Academic), ਵਿਸ਼ਲੇਸ਼ਣ (Analysis), ਵਿਵਰਣਾਤਮਕ (Descriptive), ਯੋਗਦਾਨ (Contribution), ਸਮਕਾਲੀਨ (Contemporary)

**Contribution of Akali Kaur Singh to the Sikh Literature**

Many personalities with their efforts and by using various methods contribute in the academic field time to time. The period from 1850 to 1947 is considered very disturbed for the Sikh community. At the same time, Akali Kaur Singh was born in 1886, on the soil of Chakaar in Kashmir and he died in the year 1953. He contributed a lot to Sikhism with his literary works. He also did a lot of social work along with preserving and writing the literature. He lived a charitable and clean (holy) life.

Biographies and monographs related to him were already available, but we felt that there is a need to find some more about his multifaceted contributions. Therefore, we planned to work on topic of Akali Kaur Singh's contribution to the Sikh literature.

We got new material which was written by Akali Kaur Singh himself. By going through his writings and by visiting his relatives, we received a lot of new material related to Akali Ji.

We have divided this research into four main chapters; The first chapter is 'Akali Kaur Singh: Contemporary Conditions in which efforts have been made to understand the circumstances of that time. The second chapter is 'Akali Kaur Singh: Life and Personality'. The third chapter is related with the Akali Ji's writings which has a descriptive study of his literary contributions. In the fourth and final chapter "Akali Kaur Singh: The entire Contribution", we have also studied his various works along with his religious, social, political and educational contributions and we have also studied the multifaceted work done by him. In this research we have used inter-disciplinary method.

This research has led to many new conclusions and we hope that this research will be inter beneficial for the researchers and students associated with Hermeneutics, lexicography, history, sociology etc. and will provide them guidance in their academics lives.

**Keywords:** Academic, Analysis, Descriptive, Contribution, Contemporary.

## ਪ੍ਰਕਾਸ਼ਨਾਵਾਂ ਦੀ ਸੂਚੀ

- 'ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੇ ਬਹੁਪੱਖੀ ਪਾਸਾਰ', *ਨਾਨਕ ਪ੍ਰਕਾਸ਼ ਪਤ੍ਰਿਕਾ*, ਦਸੰਬਰ 2014, ਸੰਪਾ. ਡਾ. ਸਰਬਜਿੰਦਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- 'ਬਾਬਾ ਬੰਦਾ ਸਿੰਘ ਬਹਾਦਰ: ਇਕ ਸਫ਼ਲ ਯੁੱਧਨੀਤੀਵੇਤਾ', *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ 2016, ਸੰਪਾ. ਡਾ. ਸਰਬਜਿੰਦਰ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
- 'ਡਾ. ਤਾਰਨ ਸਿੰਘ ਦੀ ਬਹੁਪੱਖੀ ਤੇ ਦੂਰਅੰਦੇਸ਼ੀ ਸੂਝ ('ਭਗਤੀ ਅਤੇ ਸ਼ਕਤੀ' ਦੇ ਵਿਸ਼ੇਸ਼ ਹਵਾਲੇ ਨਾਲ)' *ਡਾ. ਤਾਰਨ ਸਿੰਘ ਸਿਮ੍ਰਤੀ ਗ੍ਰੰਥ*, ਸੰਪਾ. ਡਾ. ਮਲਕਿੰਦਰ ਕੌਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
- 'ਅੰਗ੍ਰੇਜ਼ੀ ਕਾਲ ਦੌਰਾਨ ਸਿੱਖ ਜਾਗ੍ਰਤੀ ਵਿਚ ਅਕਾਲੀ ਕੌਰ ਸਿੰਘ ਦੀ ਭੂਮਿਕਾ' *ਚਿੰਤਨ ਰਿਸਰਚ ਜਰਨਲ*, ਸੋਪਾ. ਡਾ. ਸ਼ਿਲਕ ਰਾਮ, ਆਚਾਰਯ ਅਕਾਦਮੀ ਭਾਰਤ, ਜੁਲਾਈ-ਸਤੰਬਰ 2018.